

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication   ਨਿਊਯਾਰਕ ਐਡੀਸ਼ਨ   Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 35; August 31, 2024   20451 N. Plum Grove Rd., Palatine, IL 60074   Ph:847-359-0746, Fax:847-705-9388


## ਕੰਗਨਾ ਕਾਰਨ ਬੁਰੀ ਫਸੀ ਭਾਜਪਾ

### ਕਿਸਾਨੀ ਅੰਦੋਲਨ ਬਾਰੇ ਟਿੱਪਣੀ ਨੇ ਵਿਵਾਦ ਛੇੜਿਆ

**ਚੰਡੀਗੜ੍ਹ:** ਭਾਜਪਾ ਦੀ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਵੱਲੋਂ ਕਿਸਾਨੀ ਅੰਦੋਲਨ ਦੌਰਾਨ ਕਤਲ ਤੇ ਜਬਰ ਜਨਾਹ ਹੋਣ ਸਬੰਧੀ ਦਿੱਤੇ ਬਿਆਨ ਨਾਲ ਸਿਆਸੀ ਪਾਰਾ ਚੜ੍ਹ ਗਿਆ ਹੈ। ਲੋਕ ਰੋਹ ਦੇਖਦਿਆਂ ਭਾਵੇਂ ਭਾਜਪਾ ਨੇ ਕੰਗਨਾ ਦੇ ਬਿਆਨ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ ਪਰ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੰਗਨਾ ਦੀਆਂ ਕਿਸਾਨਾਂ ਬਾਰੇ ਮਾੜੀਆਂ ਟਿੱਪਣੀਆਂ ਭਗਵਾ ਧਿਰ ਲਈ ਵੱਡੀ ਮੁਸੀਬਤ ਬਣ ਸਕਦੀਆਂ ਹਨ।

ਵਿਰੋਧੀ ਧਿਰ ਨੇ ਜਿੱਥੇ ਇਸ ਨੂੰ ਵੱਡਾ ਮੁੱਦਾ ਬਣਾ ਲਿਆ ਹੈ, ਉਥੇ ਕਿਸਾਨ ਜਥੇਬੰਦੀਆਂ ਨੇ ਵੀ ਕੰਗਨਾ ਉਤੇ ਭਾਜਪਾ ਦੀ ਸ਼ਹਿ ਕਾਰਨ ਅਜਿਹੇ ਬਿਆਨ ਦੇਣ ਦਾ ਦੋਸ਼ ਲਾਉਂਦਿਆਂ ਮੁਆਫੀ ਦੀ ਮੰਗ ਕੀਤੀ ਹੈ। ਕਿਸਾਨ ਆਗੂਆਂ ਵੱਲੋਂ ਭਾਜਪਾ ਨੂੰ ਲਗਾਤਾਰ ਘੇਰਿਆ ਜਾ ਰਿਹਾ ਹੈ। ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੀ ਸ਼ੁਰੂਆਤ ਕੰਗਨਾ ਰਣੌਤ ਵੱਲੋਂ ਕਿਸਾਨ ਅੰਦੋਲਨ ਬਾਰੇ ਕਥਿਤ ਟਿੱਪਣੀ ਕਾਰਨ ਪਏ ਰੌਲੇ ਰੱਪੇ ਤੋਂ ਹੋਈ। ਇਸ ਮੌਕੇ ਕੰਗਨਾ ਦੀ ਟਿੱਪਣੀ ਦੀ ਨਿੰਦਾ ਕਰਨ ਵਾਲਾ ਮਤਾ ਪੇਸ਼ ਕੀਤਾ ਗਿਆ।

ਆਮ ਆਦਮੀ ਪਾਰਟੀ ਪੰਜਾਬ ਨੇ ਭਾਜਪਾ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੱਲੋਂ ਕੰਗਨਾ ਰਣੌਤ ਨੂੰ ਫਟਕਾਰ ਲਾਉਣ ਨੂੰ ਮਹਿਜ਼ ਦਿਖਾਵਾ ਅਤੇ ਰਣਨੀਤਕ ਕਦਮ ਦੱਸਿਆ ਹੈ। ਪੰਜਾਬ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਦਾਅਵਾ ਕੀਤਾ ਕਿ ਫਟਕਾਰ ਸਿਰਫ਼ ਦਿਖਾਵਾ ਹੈ, ਰਣੌਤ ਦੇ ਵਿਵਾਦ ਵਾਲੇ ਬਿਆਨ ਤੋਂ ਆਪਣੇ ਆਪ ਨੂੰ ਦੂਰ ਕਰਨ ਦੀ ਭਾਜਪਾ ਦੀ ਕੋਸ਼ਿਸ਼ ਸੰਭਾਵੀ ਤੌਰ 'ਤੇ ਕਈ ਰਾਜਾਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪ੍ਰੇਰਿਤ ਹੈ।



### ਭਾਜਪਾ 'ਤੇ ਫਿਲਮਾਂ ਰਾਹੀਂ ਵੰਡੀਆਂ ਪਾਉਣ ਦੇ ਦੋਸ਼

**ਨਵੀਂ ਦਿੱਲੀ:** ਕੁੱਲ ਹਿੰਦ ਕਾਂਗਰਸ ਕਮੇਟੀ ਦੇ ਬੁਲਾਰੇ ਅਤੇ ਮੁੰਬਈ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਚਰਨਜੀਤ ਸਿੰਘ ਸਪਰਾ ਨੇ ਭਾਜਪਾ 'ਤੇ ਦੋਸ਼ ਲਾਇਆ ਕਿ ਉਹ ਦੇਸ਼ ਦੇ ਲੋਕਾਂ ਨੂੰ ਵੰਡ ਕੇ ਰਾਜਨੀਤੀ ਕਰਨਾ ਚਾਹੁੰਦੀ ਹੈ ਅਤੇ ਇਸ ਲਈ ਫਿਲਮਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਸੰਸਦ ਮੈਂਬਰ ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਬਾਰੇ ਵੀ ਆਖਿਆ ਕਿ ਜੇ ਉਸ ਵਿਚ ਸਿੱਖਾਂ ਬਾਰੇ ਕੁਝ ਇਤਰਾਜ਼ਯੋਗ ਹੈ ਤਾਂ ਉਸ ਨੂੰ ਰੋਕਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਦਾ ਏਜੰਡਾ ਹੈ ਕਿ ਦੇਸ਼ ਦੇ ਲੋਕਾਂ ਨੂੰ ਵੰਡਿਆ ਜਾਵੇ ਅਤੇ ਰਾਜਨੀਤੀ ਕੀਤੀ ਜਾਵੇ, ਇਹੀ ਨੀਤੀ ਅੰਗਰੇਜ਼ਾਂ ਦੀ ਵੀ ਸੀ।

ਚੇਤੇ ਰਹੇ ਕਿ ਕੰਗਨਾ ਨੇ ਇਕ ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿਚ ਕਿਹਾ ਸੀ ਕਿ ਕਿਸਾਨੀ ਅੰਦੋਲਨ ਦੌਰਾਨ ਦਿੱਲੀ ਹੱਦ 'ਤੇ ਜਬਰ ਜਨਾਹ ਅਤੇ ਕਤਲ ਹੋਏ ਸਨ। ਜੇ ਉਸ ਵੇਲੇ ਕੇਂਦਰ ਵਿਚ ਭਾਜਪਾ ਦੀ ਸਰਕਾਰ ਨਾ ਹੁੰਦੀ ਤਾਂ ਹਾਲਾਤ ਬੰਗਲਾਦੇਸ਼ ਵਰਗੇ ਹੋਣੇ ਸਨ। ਕੰਗਨਾ ਨੇ ਅੰਦੋਲਨ ਸਮੇਂ ਵੀ ਕਈ ਵਾਰ ਕਿਸਾਨਾਂ ਬਾਰੇ ਵਿਵਾਦ ਵਾਲੇ ਬਿਆਨ ਦਿੱਤੇ ਸਨ। ਉਸ ਨੇ ਹੁਣ ਮੁੜ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਸਾਨੀ ਸਬੰਧੀ ਬਿਆਨ ਦਿੱਤਾ ਹੈ ਜਿਸ ਨਾਲ ਭਾਜਪਾ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਕਿਸਾਨੀ ਅੰਦੋਲਨ ਸਮੇਂ ਸਮੁੱਚੇ ਦੇਸ਼ ਤੋਂ ਕਿਸਾਨਾਂ ਨੇ ਦਿੱਲੀ ਧਰਨੇ ਵਿਚ ਸ਼ਮੂਲੀਅਤ ਕੀਤੀ ਸੀ ਪਰ ਉਸ ਅੰਦੋਲਨ

***(ਬਾਕੀ ਸਫਾ 6 'ਤੇ)***

## 'ਐਮਰਜੈਂਸੀ' ਦੇ ਨਿਰਮਾਤਾਵਾਂ ਨੂੰ ਕਾਨੂੰਨੀ ਨੋਟਿਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਦੇ ਕਿਰਦਾਰ ਅਤੇ ਇਤਿਹਾਸ ਪੱਖਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਵਾਲੀ ਕੰਗਨਾ ਰਣੌਤ ਦੀ 'ਐਮਰਜੈਂਸੀ' ਫਿਲਮ ਦੇ ਨਿਰਮਾਤਾਵਾਂ ਨੂੰ ਕਾਨੂੰਨੀ ਨੋਟਿਸ ਭੇਜ ਕੇ ਸਿੱਖ ਵਿਰੋਧੀ ਭਾਵਨਾ ਵਾਲੇ ਇਤਰਾਜ਼ਯੋਗ ਦ੍ਰਿਸ਼ ਕੱਟਣ ਲਈ ਕਿਹਾ ਹੈ। ਕਮੇਟੀ ਦੇ ਕਾਨੂੰਨੀ ਸਲਾਹਕਾਰ ਅਮਨਬੀਰ ਸਿੰਘ ਸਿਆਲੀ ਵੱਲੋਂ ਭੇਜੇ ਨੋਟਿਸ ਵਿਚ ਕੰਗਨਾ ਰਣੌਤ ਸਮੇਤ ਫਿਲਮ ਦੇ ਨਿਮਰਾਤਾਵਾਂ ਨੂੰ ਜਾਰੀ ਕੀਤਾ ਗਿਆ ਟ੍ਰੇਲਰ ਵੀ ਜਨਤਕ ਅਤੇ ਸੋਸ਼ਲ ਮੀਡੀਆ ਮੰਚਾਂ ਤੋਂ ਹਟਾ ਕੇ ਸਿੱਖ ਕੌਮ ਪਾਸੋਂ ਲਿਖਤੀ ਮੁਆਫ਼ੀ ਮੰਗਣ ਲਈ ਕਿਹਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਫਿਲਮ ਦਾ ਮਾਮਲਾ ਧਿਆਨ ਵਿਚ ਆਉਂਦਿਆਂ ਹੀ ਸਿੱਖ ਸੰਸਥਾ ਵੱਲੋਂ ਇਸ ਦੇ ਵਿਰੁੱਧ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦੇ ਹੋਏ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ। ਫਿਲਮ ਉਤੇ ਸਭ ਤੋਂ ਪਹਿਲਾਂ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਉਤੇ ਰੋਕ ਲਗਾਉਣ ਲਈ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਸ਼ਵਿਨੀ ਵੈਸ਼ਨਵ ਅਤੇ ਕੇਂਦਰੀ ਫਿਲਮ ਸੈਂਸਰ ਬੋਰਡ ਦੇ ਚੇਅਰਮੈਨ ਪ੍ਰਸੂਨ ਜੋਸ਼ੀ ਨੂੰ ਵੱਖ-ਵੱਖ ਪੱਤਰ ਲਿਖੇ ਗਏ ਸਨ।

ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ ਅਨੁਸਾਰ ਹੁਣ ਕੰਗਨਾ ਰਣੌਤ ਸਮੇਤ ਇਸ ਫ਼ਿਲਮ ਦੇ ਨਿਰਮਾਤਾਵਾਂ ਨੂੰ ਕਾਨੂੰਨੀ ਨਟਿਸ ਭੇਜਿਆ ਗਿਆ ਹੈ। ਫਿਲਮ ਦੇ ਟ੍ਰੇਲਰ ਤੋਂ ਬਾਅਦ ਕਈ ਸਿੱਖ ਵਿਰੋਧੀ ਦ੍ਰਿਸ਼ ਸਾਹਮਣੇ ਆਏ ਸਨ ਜਿਨ੍ਹਾਂ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ



ਗਹਿਰੀ ਸੱਟ ਵੱਜੀ ਹੈ। ਫਿਲਮ ਵਿਚ 1984 ਦੇ ਘੱਲੂਘਾਰੇ ਦੇ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਮੇਤ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ ਅਤੇ ਗਲਤ ਪ੍ਰਾਪੇਗੰਡਾ ਦੇ ਆਧਾਰ 'ਤੇ ਸਿੱਖਾਂ ਨੂੰ ਦਹਿਸ਼ਤਗਰਦ ਅਤੇ ਵੱਖਵਾਦੀਆਂ ਦੇ ਰੂਪ ਵਿਚ ਦਿਖਾਉਣ ਦੀ ਕੋਝੀ ਹਰਕਤ ਕੀਤੀ ਗਈ ਹੈ ਜੋ ਸੱਚਾਈ ਤੋਂ ਕੋਹਾਂ ਦੂਰ ਹੈ।

ਉਨ੍ਹਾਂ ਕਿਹਾ ਕਿ ਫਿਲਮ ਦਾ ਟ੍ਰੇਲਰ ਜਾਰੀ ਹੋਣ ਤੋਂ ਬਾਅਦ ਹੀ ਸਿੱਖ ਸੰਗਤ ਅੰਦਰ ਭਾਰੀ ਰੋਸ ਹੈ ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਜੇ ਕੰਗਨਾ ਰਣੌਤ ਤੇ ਫਿਲਮ ਨਿਰਮਾਤਾਵਾਂ ਵੱਲੋਂ ਸਿੱਖ ਵਿਰੋਧੀ ਦ੍ਰਿਸ਼ ਨਾ ਕੱਟੇ ਗਏ ਤਾਂ ਉਨ੍ਹਾਂ ਖਿਲਾਫ਼ ਹਰ ਪੱਧਰ ਉਤੇ ਕਾਨੂੰਨੀ ਕਾਰਵਾਈ ਅੱਗੇ ਵਧਾਉਣ ਦੇ ਨਾਲ-ਨਾਲ ਸਖ਼ਤ ਵਿਰੋਧ ਕੀਤਾ ਜਾਵੇਗਾ।


ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




Call us at:
+18442272162

Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਪਾਣੀ 'ਚ ਯੂਰੇਨੀਅਮ: ਮਾਝੇ ਤੇ ਦੋਆਬੇ ਦੇ ਪਾਣੀਆਂ ਦੀ ਮੁੜ ਜਾਂਚ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਮਾਝਾ ਤੇ ਦੋਆਬਾ ਖਿੱਤਿਆਂ ਦੇ ਪਾਣੀਆਂ 'ਚ ਯੂਰੇਨੀਅਮ ਜਿਹੇ ਤੱਤ ਮਿਲਣ ਮਗਰੋਂ ਪੰਜਾਬ ਦੇ ਹਰਿਆਣਾ ਹਾਈ ਕੋਰਟ ਨੇ ਇੱਥੋਂ ਦੇ ਪਾਣੀਆਂ ਦੇ ਨਮੂਨਿਆਂ ਦੀ ਮੁੜ ਤੋਂ ਵੱਡੇ ਪੱਧਰ 'ਤੇ ਜਾਂਚ ਕਰਾਏ ਜਾਣ ਦੇ ਹੁਕਮ ਦਿੱਤੇ ਹਨ ਕਿਉਂਕਿ ਪਹਿਲਾਂ ਕੀਤੀ ਗਈ ਜਾਂਚ 'ਚ ਕਮੀਆਂ ਸਾਹਮਣੇ ਆਈਆਂ ਸਨ।

ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਪਾਣੀਆਂ ਦੀ ਜਾਂਚ ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਦੇ ਮੌਜੂਦਾ ਪੈਮਾਨਿਆਂ ਅਨੁਸਾਰ ਹੋਣੀ ਚਾਹੀਦੀ ਹੈ। ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਅਨਿਲ ਕਸ਼ੇਤਰਪਾਲ ਦੇ ਡਿਵੀਜ਼ਨ ਬੈਂਚ ਦਾ ਹੁਕਮ ਇਸ ਲਈ ਵੀ ਅਹਿਮ ਹੈ ਕਿਉਂਕਿ ਦੋਵਾਂ ਖਿੱਤਿਆਂ 'ਚੋਂ ਜਾਂਚ ਲਈ ਲਏ ਗਏ ਪਾਣੀਆਂ ਦੇ ਕੁਝ ਨਮੂਨਿਆਂ 'ਚ ਯੂਰੇਨੀਅਮ ਦੇ ਤੱਤ ਪਾਏ ਗਏ ਸਨ। ਬ੍ਰਿਜੇਂਦਰ ਸਿੰਘ ਲੂੰਬਾ ਵੱਲੋਂ ਸਾਲ 2010 'ਚ ਯੂਨੀਅਨ ਆਫ ਇੰਡੀਆ ਤੇ ਹੋਰਾਂ ਖ਼ਿਲਾਫ਼ ਦਾਇਰ ਕੀਤੀ ਪਟੀਸ਼ਨ 'ਤੇ



ਸੁਣਵਾਈ ਕਰਦਿਆਂ ਬੈਂਚ ਨੇ ਸੀਨੀਅਰ ਵਕੀਲ ਤੇ ਅਦਾਲਤੀ ਮਿੱਤਰ ਰੁਪਿੰਦਰ ਐੱਸ ਖੋਸਲਾ ਨੂੰ ਹਰਿਆਣਾ ਰਾਜ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਨੂੰ ਵੀ ਧਿਰ ਬਣਾਉਣ ਲਈ ਇਕ ਅਰਜ਼ੀ ਦਾਇਰ ਕਰਨ ਲਈ ਕਿਹਾ ਤਾਂ ਜੋ ਇਨ੍ਹਾਂ ਇਲਾਕਿਆਂ ਦੇ ਪਾਣੀਆਂ ਦੇ ਸੈਂਪਲਾਂ ਦੀ ਜਾਂਚ ਵੀ ਹੋ ਸਕੇ।

ਪਟੀਸ਼ਨ 'ਤੇ ਸੁਣਵਾਈ ਦੌਰਾਨ ਬੈਂਚ ਨੇ ਗੁਰੂ ਹਰਿਗੋਬਿੰਦ ਥਰਮਲ ਪਲਾਂਟ ਦੇ ਮੁੱਖ ਇੰਜੀਨੀਅਰ ਵੱਲੋਂ ਦਾਇਰ ਕੀਤੇ ਹਲਫ਼ਨਾਮੇ ਦਾ ਨੋਟਿਸ ਲਿਆ ਜਿਸ ਅਨੁਸਾਰ ਦੋਆਬਾ ਤੇ ਮਾਝਾ ਖਿੱਤੇ ਦੇ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲ੍ਹਿਆਂ 'ਚੋਂ ਭਰੇ ਗਏ ਪਾਣੀ ਦੇ 4406 ਨਮੂਨਿਆਂ ਦੀ ਜਾਂਚ ਦੌਰਾਨ 11 ਨਮੂਨੇ ਪ੍ਰਦੂਸ਼ਿਤ ਨਿਕਲੇ ਸਨ। ਪੰਜਾਬ ਦੇ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਪੇਸ਼ ਇਕ ਹੋਰ ਰਿਪੋਰਟ ਅਨੁਸਾਰ ਦੋਆਬਾ ਤੇ ਮਾਝਾ ਖਿੱਤੇ 'ਚੋਂ ਭਰੇ ਗਏ ਪਾਣੀਆਂ ਦੇ 269 ਨਮੂਨਿਆਂ ਦੀ ਜਾਂਚ ਦੌਰਾਨ ਤਿੰਨ ਨਮੂਨਿਆਂ 'ਚੋਂ ਯੂਰੇਨੀਅਮ ਦੇ ਤੱਤ ਮਿਲੇ ਸਨ। ਇਨ੍ਹਾਂ ਦੋਵਾਂ ਰਿਪੋਰਟਾਂ ਦਾ ਨੋਟਿਸ ਲੈਂਦਿਆਂ ਬੈਂਚ ਨੇ ਕਿਹਾ ਕਿ ਡਬਲਿਊ.ਐਚ.ਓ. ਨੇ ਪਾਣੀ 'ਚ ਯੂਰੇਨੀਅਮ ਦੇ ਤੱਤ ਮਿਲਣ ਦੇ ਪੈਮਾਨੇ ਮੁੜ ਨਿਰਧਾਰਤ ਕੀਤੇ ਹਨ। ਇਸ ਲਈ ਪਾਣੀਆਂ ਦੇ ਨਮੂਨਿਆਂ ਦੀ ਮੁੜ ਜਾਂਚ ਡਬਲਿਊ.ਐਚ.ਓ. ਵੱਲੋਂ ਤੈਅ ਕੀਤੇ ਮੌਜੂਦਾ ਪੈਮਾਨਿਆਂ ਅਨੁਸਾਰ ਕੀਤੀ ਜਾਵੇ।

### ਪੰਜਾਬ ਸਰਕਾਰ ਦੀ ਨਾਲਾਇਕੀ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਮਾਮਲੇ ਨੂੰ ਨਿਆਂਇਕ ਜਾਂਚ ਦੇ ਘੇਰੇ 'ਚ ਲਿਆਏ ਜਾਣ ਦੇ ਨੌਂ ਸਾਲ ਬੀਤਣ ਮਗਰੋਂ ਵੀ ਮਾਲਵਾ ਖੇਤਰ 'ਚ ਯੂਰੇਨੀਅਮ ਮੁਕਤ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਠੋਸ ਕਦਮ ਨਾ ਚੁੱਕਣ 'ਤੇ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕਰਦਿਆਂ ਹਾਈ ਕੋਰਟ ਨੇ ਦਸੰਬਰ 2019 'ਚ ਇੱਕ ਸੰਵਿਧਾਨਕ ਕਮੇਟੀ ਬਣਾਉਣ ਦੇ ਹੁਕਮ ਦਿੱਤੇ ਸੀ। ਭਾਰਤ ਸਰਕਾਰ ਤੇ ਪੰਜਾਬ ਸਰਕਾਰ ਨੂੰ ਪਾਣੀ ਨੂੰ ਯੂਰੇਨੀਅਮ ਮੁਕਤ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ ਦੇ ਨਿਰਦੇਸ਼ ਵੀ ਦਿੱਤੇ ਗਏ ਸਨ।

# ਆਕਸਫੋਰਡ 'ਵਰਸਿਟੀ ਵੱਲੋਂ ਗੁਰੂ ਨਾਨਕ ਫੈਲੋਸ਼ਿਪ ਸਥਾਪਤ ਕਰਨ ਦਾ ਐਲਾਨ



**ਅੰਮ੍ਰਿਤਸਰ:** ਆਕਸਫੋਰਡ ਯੂਨੀਵਰਸਿਟੀ ਵੱਲੋਂ ਪੰਜਾਬ ਅਤੇ ਸਿੱਖਾਂ ਨਾਲ ਸਬੰਧਤ ਵਿਸ਼ਿਆਂ 'ਤੇ ਅਧਿਐਨ ਕਰਨ ਲਈ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ ਹੈ ਜਿਸ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵਧਾਈ ਦਿੱਤੀ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਕੌਮ ਲਈ ਇਹ ਮਾਣਮੱਤਾ ਪਲ ਹੈ ਕਿ ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਵੱਲੋਂ ਵੁਲਫਸਨ ਕਾਲਜ 'ਚ ਸਿੱਖ ਧਰਮ ਅਤੇ ਪੰਜਾਬ ਨਾਲ ਸਬੰਧਤ ਵਿਸ਼ਿਆਂ ਨੂੰ ਮਾਨਤਾ ਦਿੰਦਿਆਂ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਕਸਫੋਰਡ ਯੂਨੀਵਰਸਿਟੀ ਦੀ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ ਅਕਾਦਮਿਕ ਖੇਤਰ ਰਾਹੀਂ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਦਾ ਪ੍ਰਚਾਰ-ਪ੍ਰਸਾਰ ਕਰਨ ਵਿਚ ਅਹਿਮ ਯੋਗਦਾਨ ਪਾਵੇਗੀ।

# ਪੰਜਾਬ ਦੇ ਗੰਧਲੇ ਹੋ ਰਹੇ ਦਰਿਆਵਾਂ ਨੂੰ ਬਚਾਉਣ ਦਾ ਹੋਕਾ

**ਲੁਧਿਆਣਾ:** ਬੁੱਢਾ ਦਰਿਆ ਦੇ ਪ੍ਰਦੂਸ਼ਿਤ ਪਾਣੀ ਕਾਰਨ ਗੰਧਲੇ ਹੋ ਰਹੇ ਸਤਲੁਜ ਦਰਿਆ ਦੇ ਪਾਣੀ ਨੂੰ ਬਚਾਉਣ ਲਈ ਇਥੇ ਫਿਰੋਜ਼ਪੁਰ ਰੋਡ 'ਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਰੋਸ ਮਾਰਚ ਕੀਤਾ ਗਿਆ। ਰੋਸ ਮਾਰਚ ਵਿਚ ਪੰਜਾਬ ਸਣੇ ਰਾਜਸਥਾਨ ਅਤੇ ਹਰਿਆਣਾ ਦੇ ਵੱਡੀ ਗਿਣਤੀ ਕਿਸਾਨਾਂ ਅਤੇ ਵਾਤਾਵਰਨ ਹਿਤੈਸ਼ੀਆਂ ਨੇ ਸ਼ਮੂਲੀਅਤ ਕੀਤੀ।

ਬੁਲਾਰਿਆਂ ਨੇ ਕਿਹਾ ਕਿ ਪੰਜ ਦਰਿਆਵਾਂ ਦੀ ਧਰਤੀ ਦੇ ਜਾਇਆਂ ਨੇ ਕਦੇ ਸੋਚਿਆ ਵੀ ਨਹੀਂ ਸੀ ਹੋਣਾ ਕਿ ਉਨ੍ਹਾਂ ਨੂੰ ਪੰਜਾਬ ਵਿਚ ਕਾਲੇ ਪਾਣੀ ਦਾ ਮੋਰਚਾ ਲਾਉਣ ਲਈ ਮਜਬੂਰ ਹੋਣਾ ਪਵੇਗਾ। ਉਨ੍ਹਾਂ ਬੁੱਢਾ ਅਤੇ ਸਤਲੁਜ ਦਰਿਆ ਵਿਚ ਦਿਨੋ-ਦਿਨ ਵਧ ਰਹੇ ਪ੍ਰਦੂਸ਼ਣ ਲਈ ਸਮੇਂ ਦੀਆਂ ਦੀਆਂ ਸਰਕਾਰਾਂ, ਸਬੰਧਤ ਵਿਭਾਗਾਂ ਅਤੇ ਪ੍ਰਦੂਸ਼ਣ ਫੈਲਾਉਣ ਵਾਲਿਆਂ ਦੀ ਆਪਸੀ ਮਿਲੀਭੁਗਤ ਨੂੰ ਜ਼ਿੰਮੇਵਾਰ ਠਹਿਰਾਇਆ ਹੈ। 'ਕਾਲੇ ਪਾਣੀ ਦਾ ਮੋਰਚਾ' ਦੇ ਸੱਦੇ 'ਤੇ ਵਾਤਾਵਰਨ ਹਿਤੈਸ਼ੀ ਵੇਰਕਾ ਮਿਲਕ ਪਲਾਂਟ ਕੋਲ ਇਕੱਠੇ ਹੋਏ। ਦੁਪਹਿਰ ਤੱਕ ਵੱਡੇ ਇਕੱਠ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ।

ਸੁਖਦੇਵ ਸਿੰਘ ਸਿਰਸਾ ਨੇ ਕਿਹਾ, "ਜੇ



ਸਾਡਾ ਪਾਣੀ ਅਤੇ ਹਵਾ ਹੀ ਪ੍ਰਦੂਸ਼ਣ ਮੁਕਤ ਨਾ ਹੋਏ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਕਿਸ ਤਰ੍ਹਾਂ ਤੰਦਰੁਸਤ ਰਹਿ ਸਕਣਗੀਆਂ।" ਕਿਸਾਨ ਆਗੂਆਂ ਅਤੇ ਹੋਰ ਬੁਲਾਰਿਆਂ ਨੇ ਦਰਿਆਵਾਂ ਵਿਚ ਪ੍ਰਦੂਸ਼ਣ ਫੈਲਾਉਣ ਵਾਲਿਆਂ ਖ਼ਿਲਾਫ਼ ਸਰਕਾਰ ਵੱਲੋਂ ਕੋਈ ਸਖ਼ਤ ਕਾਰਵਾਈ ਨਾ ਕਰਨ ਨੂੰ ਮੰਦਭਾਗਾ ਕਰਾਰ ਦਿੱਤਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਇਸ ਬੁੱਢਾ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਅਤੇ ਇਸ ਦੇ ਗੰਦੇ ਪਾਣੀ ਨੂੰ ਸਤਲੁਜ ਵਿਚ ਡਿੱਗਣ ਤੋਂ ਰੋਕਣ ਅਤੇ ਪ੍ਰਦੂਸ਼ਣ ਫੈਲਾਉਣ ਵਾਲਿਆਂ ਵਿਰੁੱਧ ਠੋਸ ਕਦਮ ਨਾ ਚੁੱਕਿਆ ਗਿਆ ਤਾਂ ਪਹਿਲਾਂ ਦਿੱਤੇ ਪ੍ਰੋਗਰਾਮ ਅਨੁਸਾਰ 15 ਸਤੰਬਰ ਨੂੰ ਬੰਨ੍ਹ ਮਾਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।

# ਕਰਜ਼ੇ ਤੋਂ ਪਰੇਸ਼ਾਨ ਪਰਿਵਾਰ ਦੇ ਤਿੰਨ ਜੀਆਂ ਵੱਲੋਂ ਖ਼ੁਦਕੁਸ਼ੀ

**ਮੰਡੀ ਅਹਿਮਦਗੜ੍ਹ:** ਪਿੰਡ ਘੁੰਗਰਾਣਾ ਦੇ ਇਕ ਛੋਟੇ ਕਿਸਾਨੀ ਪਰਿਵਾਰ ਨਾਲ ਸਬੰਧਤ ਤਿੰਨ ਮੈਂਬਰਾਂ ਨੇ ਖ਼ੁਦਕੁਸ਼ੀ ਕਰ ਲਈ। ਇਸ ਪਰਿਵਾਰ ਦੇ ਪਤੀ, ਪਤਨੀ ਤੇ ਉਨ੍ਹਾਂ ਦੇ ਨੌਂ ਸਾਲਾ ਪੁੱਤਰ ਨੇ ਅਹਿਮਦਗੜ੍ਹ-ਲੁਧਿਆਣਾ ਨੇੜੇ ਰੇਲਗੱਡੀ ਅੱਗੇ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।

ਮ੍ਰਿਤਕਾਂ ਵਿਚ ਪਰਿਵਾਰ ਦਾ ਮੁਖੀ ਸੁਖਪਾਲ ਸਿੰਘ (35), ਉਸ ਦੀ ਪਤਨੀ ਸੁਖਦੀਪ ਕੌਰ (32) ਅਤੇ ਪੁੱਤਰ ਬਲਜੋਤ ਸਿੰਘ (9) ਸ਼ਾਮਲ ਹਨ। ਪਰਿਵਾਰਕ ਸੂਤਰਾਂ ਅਨੁਸਾਰ ਇਸ ਪਰਿਵਾਰ ਕੋਲ ਸਿਰਫ਼ ਦੋ ਏਕੜ ਜ਼ਮੀਨ ਸੀ ਤੇ ਗੁਜ਼ਾਰਾ ਨਾ ਹੋਣ ਤੋਂ ਬਾਅਦ ਇਸ ਪਰਿਵਾਰ ਨੇ ਕਰਜ਼ਾ ਲਿਆ ਸੀ ਪਰ ਕਰਜ਼ਾ ਉਤਾਰਨ ਵਿਚ ਪ੍ਰੇਸ਼ਾਨੀ ਕਾਰਨ ਪਰਿਵਾਰ ਨੇ ਇਹ ਕਦਮ ਚੁੱਕਿਆ। ਜਾਣਕਾਰੀ ਅਨੁਸਾਰ ਕਰਜ਼ੇ ਦੀ ਸਹੀ ਰਕਮ ਦਾ ਹਾਲੇ ਪਤਾ ਨਹੀਂ ਲੱਗਿਆ ਪਰ ਕਰਜ਼ਾ ਦੇਣ ਵਾਲਿਆਂ ਵੱਲੋਂ ਲਗਾਤਾਰ ਪਾਏ ਜਾਂਦੇ ਦਬਾਅ ਕਾਰਨ ਉਨ੍ਹਾਂ ਇਹ ਕਦਮ ਚੁੱਕਿਆ ਹੈ। ਇਹ ਜਾਣਕਾਰੀ ਸੁਖਪਾਲ ਸਿੰਘ ਦੇ ਚਚੇਰੇ ਭਰਾ ਜਤਿੰਦਰਪਾਲ ਸਿੰਘ ਬੱਬੂ ਨੇ ਸਾਂਝੀ ਕੀਤੀ। ਸਬੰਧਤ ਰੇਲਗੱਡੀ ਵਿਚ ਸਫ਼ਰ ਕਰ ਰਹੇ ਇਕ ਯਾਤਰੀ ਰੌਬੀ ਢੰਡ ਨੇ ਦੱਸਿਆ ਕਿ ਡਰਾਈਵਰ ਨੇ ਤੁਰੰਤ ਬਰੇਕ ਲਗਾ ਕੇ ਅਤੇ ਸੀਟੀ ਵਜਾ ਕੇ ਤਿੰਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਰੁਕਦਿਆਂ ਰੁਕਦਿਆਂ ਗੱਡੀ ਉਨ੍ਹਾਂ ਉੱਪਰੋਂ ਲੰਘ ਗਈ।

# ਪੰਜਾਬ ਦਾ ਪਾਣੀ ਖ਼ਤਰਨਾਕ ਹੱਦ ਤੱਕ ਪ੍ਰਦੂਸ਼ਿਤ: ਰਾਜੇਵਾਲ

**ਪਾਇਲ:** ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਇਸਤਰੀ ਵਿੰਗ ਬਣਾਉਣ ਲਈ ਪੰਜਾਬ ਪੱਧਰੀ ਮੀਟਿੰਗ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਕੋਟਾਂ ਵਿਚ ਹੋਈ ਜਿਸ ਵਿਚ ਵੱਡੀ ਗਿਣਤੀ ਬੀਬੀਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਕੌਮੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪੰਜਾਬ ਦਾ ਧਰਤੀ ਹੇਠਲਾ ਸਾਰਾ ਪਾਣੀ ਖ਼ਤਰਨਾਕ ਹੱਦ ਤਕ ਦੂਸ਼ਿਤ ਹੋ ਚੁੱਕਾ ਹੈ, ਜਿਸ ਸਬੰਧੀ ਕੇਂਦਰੀ ਸਿੰਜਾਈ ਮੰਤਰੀ ਨੇ ਸੰਸਦ ਵਿਚ ਪਾਣੀ ਦੇ ਦੂਸ਼ਿਤ ਹੋਣ ਵਾਲੀ ਪੇਸ਼ ਕੀਤੀ ਰਿਪੋਰਟ ਵਿੱਚ ਮੰਨਿਆ



ਹੈ ਕਿ ਧਰਤੀ ਹੇਠਲੇ ਸਾਰੇ ਜ਼ਿਲ੍ਹਿਆਂ ਦਾ ਪਾਣੀ ਕੈਂਸਰ ਅਤੇ ਕਾਲੇ ਪੀਲੀਏ ਵਰਗੀਆਂ ਭਿਆਨਕ ਬਿਮਾਰੀਆਂ ਫੈਲਾ ਰਿਹਾ ਹੈ। ਇਨ੍ਹਾਂ ਬਿਮਾਰੀਆਂ ਵਿਚੋਂ ਪੰਜਾਬ ਦੇਸ਼ ਦਾ ਸਭ ਤੋਂ ਮੋਹਰੀ ਸੂਬਾ ਬਣ ਗਿਆ ਹੈ।

ਸ੍ਰੀ ਰਾਜੇਵਾਲ ਨੇ ਕਿਹਾ ਕਿ ਇਸ ਤੋਂ ਧਰਤੀ ਹੇਠਲੇ ਪਾਣੀ ਦੀ ਅਗਲੀ ਤਹਿ ਲੈਂਡ ਨਾਈਟਰੇਟਸ ਅਤੇ ਬਹੁਤ ਸਾਰੇ ਜ਼ਹਿਰੀਲੇ ਰਸਾਇਣ ਕਾਰਨ ਇੰਨੀ ਦੂਸ਼ਿਤ ਹੋ ਗਈ ਹੈ ਕਿ ਉਸ ਦਾ ਪਾਣੀ ਨਾ ਫ਼ਸਲਾਂ ਨੂੰ ਵਰਤਣ ਯੋਗ ਰਿਹਾ ਅਤੇ ਨਾ ਹੀ ਪੀਣ ਯੋਗ ਰਹੇਗਾ। ਇਸ ਲਈ ਪੰਜਾਬ ਵਾਸੀਆਂ ਨੂੰ ਆਪਣੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਪੰਜਾਬ ਦੇ ਹਰ ਘਰ ਅਤੇ ਖੇਤੀ ਲਈ ਨਹਿਰੀ ਪਾਣੀ ਲੈਣ ਲਈ ਸੰਘਰਸ਼ ਕਰਨਾ ਪਵੇਗਾ।

# ਰਾਵੀ ਬਿਆਸ ਜਲ ਟ੍ਰਿਬਿਊਨਲ ਵੱਲੋਂ ਪਾਣੀਆਂ ਦੀ ਵੰਡ 'ਤੇ ਸੁਣਵਾਈ ਤੇਜ਼

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੁਰਾਣੇ ਅਨਿਆਂ ਨੂੰ ਦੂਰ ਕਰਨ ਵਾਸਤੇ ਰਾਵੀ ਬਿਆਸ ਜਲ ਟ੍ਰਿਬਿਊਨਲ ਨੂੰ ਪਾਣੀਆਂ ਦੀ ਵੰਡ ਨਵੇਂ ਸਿਰਿਓਂ ਕਰਨ ਲਈ ਜ਼ੋਰ ਪਾਇਆ ਹੈ। ਰਾਵੀ ਬਿਆਸ ਜਲ ਟ੍ਰਿਬਿਊਨਲ ਨੇ ਤਿੰਨ ਸੂਬਿਆਂ 'ਚ ਪਾਣੀਆਂ ਦੀ ਵੰਡ ਦੇ ਮਾਮਲੇ 'ਤੇ ਕਾਰਵਾਈ ਤੇਜ਼ ਕਰ ਦਿੱਤੀ ਹੈ।

ਜਲ ਟ੍ਰਿਬਿਊਨਲ ਵੱਲੋਂ ਦਿੱਲੀ 'ਚ ਰੱਖੀ ਦੋ ਦਿਨਾਂ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਆਪਣਾ ਪੱਖ ਮਜ਼ਬੂਤੀ ਨਾਲ ਰੱਖਿਆ ਹੈ। ਜਾਣਕਾਰੀ ਮੁਤਾਬਕ ਸੁਣਵਾਈ ਦੌਰਾਨ ਹਰਿਆਣਾ ਅਤੇ ਰਾਜਸਥਾਨ ਦੇ ਜੂਨੀਅਰ ਅਧਿਕਾਰੀ ਪੇਸ਼ ਹੋਏ। ਪੰਜਾਬ ਸਰਕਾਰ ਤਰਫ਼ੋਂ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਅਤੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਆਪਣੀ ਟੀਮ ਸਮੇਤ ਜਲ ਟ੍ਰਿਬਿਊਨਲ ਅੱਗੇ ਪੇਸ਼ ਹੋਏ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ ਅਪਰੈਲ 2022 ਵਿਚ ਰਾਵੀ ਬਿਆਸ ਟ੍ਰਿਬਿਊਨਲ ਦਾ ਪੁਨਰਗਠਨ ਕੀਤਾ ਸੀ। ਪੰਜਾਬ, ਹਰਿਆਣਾ ਅਤੇ



ਰਾਜਸਥਾਨ ਨੇ ਟ੍ਰਿਬਿਊਨਲ ਕੋਲ ਪੁਰਾਣੀ ਰੀਵਿਊ ਦਰਖ਼ਾਸਤ ਦਿੱਤੀ ਹੋਈ ਸੀ ਜਿਸ ਦੀ ਹੁਣ ਸੁਣਵਾਈ ਤੇਜ਼ ਹੋਈ ਹੈ। ਪੰਜਾਬ ਸਰਕਾਰ ਨੇ ਆਪਣਾ ਸਟੈਂਡ ਦੁਹਰਾਇਆ ਹੈ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਦੋ ਦਿਨਾਂ ਸੁਣਵਾਈ ਦੌਰਾਨ ਰਾਵੀ ਬਿਆਸ ਦੇ ਪਾਣੀਆਂ ਦੀ ਵੰਡ ਨਵੇਂ ਸਿਰਿਓਂ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਕਿਉਂਕਿ ਇਕ ਤਾਂ ਮੌਜੂਦਾ ਸਮੇਂ ਦਰਿਆਵਾਂ ਵਿਚ ਪਾਣੀਆਂ ਦੀ ਉਪਲੱਬਧਤਾ ਘਟ ਰਹਿ ਗਈ ਹੈ ਅਤੇ ਕਿਸਾਨਾਂ ਦੀ ਮੰਗ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ। ਤਰਕ ਦਿੱਤਾ ਗਿਆ ਕਿ 1981 ਵਿਚ ਰਾਵੀ ਬਿਆਸ 'ਚ ਪਾਣੀਆਂ ਦੀ ਉਪਲੱਬਧਤਾ 17.17 ਐਮ.ਏ.ਐਫ. ਸੀ ਜੋ 2021 ਵਿਚ ਘੱਟ ਕੇ 13.0 ਐਮ.ਏ.ਐਫ. ਰਹਿ ਗਈ ਹੈ। ਮੌਜੂਦਾ ਪਾਣੀ ਨੂੰ ਆਧਾਰ ਬਣਾ ਕੇ ਸੂਬਾ ਸਰਕਾਰ ਨੇ ਪਾਣੀਆਂ ਦੀ ਮੁੜ ਵੰਡ ਮੰਗੀ ਹੈ। ਪੰਜਾਬ ਸਰਕਾਰ ਨੇ ਕਿਹਾ ਕਿ ਇਰਾਡੀ ਟ੍ਰਿਬਿਊਨਲ ਨੇ 30 ਜਨਵਰੀ, 1987 ਨੂੰ ਜੋ ਰਿਪੋਰਟ ਦਿੱਤੀ ਸੀ, ਉਸ ਵਿਚ ਸੂਬੇ ਨਾਲ ਅਨਿਆਂ ਹੋਇਆ ਹੈ। ਉਸ ਟ੍ਰਿਬਿਊਨਲ ਨੇ ਕਾਹਲੀ ਵਿਚ ਫ਼ੈਸਲਾ ਦਿੱਤਾ ਸੀ ਅਤੇ ਪੰਜਾਬ ਦਾ ਪੱਖ ਸੁਣਿਆ ਨਹੀਂ ਸੀ। ਇਹ ਵੀ ਕਿਹਾ ਕਿ ਉਦੋਂ ਟ੍ਰਿਬਿਊਨਲ ਨੇ 31 ਦਸੰਬਰ, 1981 ਨੂੰ ਤਿੰਨ ਸੂਬਿਆਂ ਦੇ ਮੁੱਖ ਮੰਤਰੀਆਂ ਦਰਮਿਆਨ ਹੋਏ ਸਮਝੌਤੇ ਨੂੰ ਆਧਾਰ ਬਣਾਇਆ ਸੀ। ਉਸ ਸਮਝੌਤੇ ਮੁਤਾਬਕ ਪੰਜਾਬ ਨੂੰ ਸਿਰਫ਼ 4.22 ਐਮ.ਏ.ਐਫ. ਪਾਣੀ ਮਿਲ ਰਿਹਾ ਹੈ।

### ਜਲ ਸਰੋਤ ਵਿਭਾਗ ਦੀ ਦਲੀਲ...

**ਚੰਡੀਗੜ੍ਹ:** ਜਲ ਸਰੋਤ ਵਿਭਾਗ ਨੇ ਇਹ ਵੀ ਦਲੀਲ ਦਿੱਤੀ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ ਦੂਸਰੇ ਸੂਬੇ ਵਰਤ ਰਹੇ ਹਨ ਜਦੋਂ ਕਿ ਦੂਸਰੇ ਸੂਬੇ ਆਪਣੇ ਦਰਿਆਵਾਂ ਦਾ ਪਾਣੀ ਪੰਜਾਬ ਨੂੰ ਨਹੀਂ ਦੇ ਰਹੇ ਹਨ। ਦੱਸਣਯੋਗ ਹੈ ਕਿ 24 ਜੁਲਾਈ, 1985 ਨੂੰ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ ਸੀ ਜਿਸ ਤਹਿਤ ਰਾਵੀ ਬਿਆਸ ਜਲ ਟ੍ਰਿਬਿਊਨਲ ਦਾ ਗਠਨ ਹੋਇਆ ਸੀ। ਇਹ ਵੀ ਜ਼ਿਕਰਯੋਗ ਹੈ ਕਿ ਹਰਿਆਣਾ ਵਿਚ ਇਸ ਵੇਲੇ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ ਅਤੇ ਇਨ੍ਹਾਂ ਚੋਣਾਂ ਵਿਚ ਪਾਣੀਆਂ ਦਾ ਮੁੱਦਾ ਵੀ ਭਖੇਗਾ। ਸਤਲੁਜ ਯਮੁਨਾ ਲਿੰਕ ਨਹਿਰ ਬਾਰੇ ਸੁਪਰੀਮ ਕੋਰਟ ਵਿਚ ਸੁਣਵਾਈ ਅੱਗੇ ਹੋਣੀ ਹੈ। ਪਿਛਾਂਹ ਦੇਖੀਏ ਤਾਂ ਪੰਜਾਬ ਵਿਧਾਨ ਸਭਾ ਨੇ 12 ਜੁਲਾਈ, 2004 ਨੂੰ 'ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ 2004' ਤਹਿਤ ਪਾਣੀਆਂ ਦੇ ਸਮਝੌਤੇ ਰੱਦ ਕਰ ਦਿੱਤੇ ਸਨ।

ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ * ਜੋੜੇ ਨੂੰ ਪਹਿਲ

**Restaurant Help Wanted**

Immediately hiring Cook, Tandoori Chef, Helper & Server for Indian restaurant in Murfreesboro, TN.
*Good salary, free accommodation & Food.
*Hiring Bonus $1500 * Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ
ਫੋਨ: 629-295-6982
Direct call or What's up call 615-482-5158

34-37



ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635





**UMA TRAVELS**

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**



**SUPER TRAVEL**

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency
Call anytime at
847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746


# Matrimonials

## ਲੜਕੀ ਦੀ ਲੋੜ ਹੈ

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ, ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਇਨੋਸੈਂਟ ਇਸੂਲੈਸ, ਡੀਵੋਰਸੀ ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ 'ਤੇ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ ਆਈ ਡੀ: cjsingh55@gmail.com 'ਤੇ ਭੇਜ ਸਕਦੇ ਹੋ।

35-38

Kamboj Sikh Family looking for suitable girl living in USA/Canda for their 31-year-old 5'11" son, Innocent Divorce (No Kids). He has done MCA & Diploma in Electrical Engineering; he is currently working as Professional Electrical Techician with National Contractor. He is Canadian PR, currently living in Surrey, BC. Drug free, no alcohol, no smoking. Please contact us at +1225 921 0802 or gillh5162@gmail.com

34-37

Jatt sikh family residing in USA looking for a suitable match for their 24 years 5'11 boy. Caste no bar. He has done his graduation in accounting from Canada and now he is in (Indianapolis) Usa with his family on tourist visa. Family has share in gas station and both brothers are working there. For more information call or Whatsapp to +1 (463) 204-9565 or email Singhkulwinderbb@gmail.com.

32-35

Chhina Family seeks a suitable Companion for 68 years old USA Citizen 5'8" Jatt Sikh from USA/Canada. Well settled in Michigan, USA. Please contact with us for further information at 248-982-2036 or email at: msingh279@yahoo.com

32-35

Inviting a suitable match for a Tonk Kashatria Sikh boy, 1993 born, 5'-8", Software Engineer in the USA. Looking for a well-educated girl working/studying in the USA. For more Information Please contact (605) 786-5657.

32-35

Arora family seeks a compatible match for their 32 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com

30-33

## ਲੜਕੇ ਦੀ ਲੋੜ ਹੈ

Goldsmith/Mair Rathore Rajput family seeks a comparable match from a progressive family for their 27-year-old, 5' 2", daughter. She is MS in Bioinformatics from Indiana University. Required highly qualified boy with good family background and must be green card holder or resident of The US. Age gap should not be more than three years. Please contact with details at abhimanyu.kanda@gmail.com

32-35

Jat Sikh family seeks a suitable match in US/Canada for their amritdhari girl, age 25, height 5'4". Associate of arts and ECEA certificate, currently doing dental receptionist course in Canada. Looking for a well educated amritdhari boy from a sikh family. Please contact us at: (559) 369-6129 or email at apaulsingh1999@gmail.com

32-35

Jat Sikh parents are looking for a suitable match (only from Jat Sikh family) for their beautiful daughter, 1st year medical student in USA, born and raised in USA, 24 years old, 5'.6" tall. Looking for a match from medical field, born and raised in USA/Canada. Canada born please contact only if they are willing to move to USA. Please contact at 262-443-9849 or email at caprisingh8@yahoo.com for more information.

32-35

ਅਮਰੀਕਾ ਵਿਚ ਪੱਕੀ (ਸਿਟੀਜ਼ਨਸ਼ਿਪ ਅਪਲਾਈ) ਅੰਮ੍ਰਿਤਧਾਰੀ ਲੜਕੀ, ਉਮਰ 41 ਸਾਲ, 5'3", ਲਈ ਅਮਰੀਕਾ ਵਿਚ ਕੱਚੇ/ਪੱਕੇ, ਬਿਨਾ ਪੇਪਰਜ਼ ਤੋਂ ਰਹਿ ਰਹੇ, ਐੱਚ 1 ਵੀਜ਼ਾ ਹੋਲਡਰ ਉਮਰ ਲਗਭਗ 38-45 ਵਿਚਕਾਰ ਹੋਵੇ, ਅੰਮ੍ਰਿਤਧਾਰੀ ਜਾਂ ਅੰਮ੍ਰਿਤ ਜਲਦੀ ਛਕ ਸਕਦਾ ਹੋਵੇ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: +1 734 968 1195 (ਨਿਊਯਾਰਕ ਟਾਈਮ ਅਨੁਸਾਰ) ਜਾਂ +91 788885 22328 'ਤੇ ਬਾਇਓਡਾਟਾ ਫ਼ੋਟੋ ਸਮੇਤ ਭੇਜਣ। 27-30

# ਐਮਰਜੈਂਸੀ ਵਿਵਾਦ: ਸ਼ਹੀਦਾਂ ਦੀ ਨਕਲ ਬਰਦਾਸ਼ਤ ਨਹੀਂ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਫਿਲਮ 'ਐਮਰਜੈਂਸੀ' ਵਿਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦਾ ਕਿਰਦਾਰ ਗਲਤ ਰੂਪ ਵਿਚ ਦਿਖਾ ਕੇ ਸਿੱਖਾਂ ਦੇ ਅਕਸ ਨੂੰ ਵੱਖਵਾਦੀ ਵਜੋਂ ਪੇਸ਼ ਕਰਨ ਦਾ ਸਖਤ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਆਪਣੇ ਸ਼ਹੀਦਾਂ-ਮੁਰੀਦਾਂ ਦੀ ਫਿਲਮਾਂ ਵਿਚ ਨਕਲ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਤੁਰਤ 'ਐਮਰਜੈਂਸੀ' ਫਿਲਮ ਵਿਚਲੇ ਇਤਰਾਜ਼ਯੋਗ ਅਤੇ ਸਿੱਖਾਂ ਦੇ ਅਕਸ ਤੇ ਇਤਿਹਾਸ ਦੀ ਗਲਤ ਪੇਸ਼ਕਾਰੀ ਕਰਨ ਵਾਲੇ ਦ੍ਰਿਸ਼ਾਂ ਨੂੰ ਨਾ ਹਟਾਇਆ ਤਾਂ ਨਿਕਲਣ ਵਾਲੇ ਸਿੱਟਿਆਂ ਲਈ ਸਿੱਧੇ ਤੌਰ 'ਤੇ ਸਰਕਾਰ ਜ਼ਿੰਮੇਵਾਰ ਹੋਵੇਗੀ।



ਸਾਬਕਾ ਕੇਂਦਰੀ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਮੰਗ ਕੀਤੀ ਹੈ ਕਿ ਫਿਲਮ 'ਐਮਰਜੈਂਸੀ' ਵਿਚ ਸਿੱਖਾਂ ਦਾ ਮਾੜਾ ਅਕਸ ਪੇਸ਼ ਕਰਦੇ ਦ੍ਰਿਸ਼ਾਂ ਕਾਰਨ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਅਤੇ ਸਮਾਜ ਵਿਚ ਬੇਚੈਨੀ ਪੈਦਾ ਹੋਣ ਦੇ ਆਸਾਰ ਹਨ, ਇਸ ਲਈ ਇਨ੍ਹਾਂ ਨੂੰ ਫਿਲਮ ਵਿਚੋਂ ਤੁਰਤ ਹਟਾਇਆ ਜਾਵੇ। ਉਹ ਇੱਥੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਪੁੱਜੇ ਸਨ।

ਇਸ ਤੋਂ ਪਹਿਲਾਂ ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਫਿਲਮ 'ਤੇ ਇਤਰਾਜ਼ ਜ਼ਾਹਿਰ ਕਰ ਚੁੱਕੇ ਹਨ। ਸਰਬਜੀਤ ਸਿੰਘ ਖ਼ਾਲਸਾ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦੇ ਪੁੱਤਰ ਹਨ। ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਨੇ ਇੱਥੇ ਗੱਲਬਾਤ ਕਰਦਿਆਂ ਕਿਹਾ ਕਿ ਜੇ ਦੇਸ਼ ਭਗਤ ਸਿੱਖ ਕੌਮ, ਜਿਸ ਨੇ ਭਾਰਤ ਨੂੰ ਆਜ਼ਾਦੀ ਲੈ ਕੇ ਦਿੱਤੀ ਅਤੇ ਦੇਸ਼ ਦੇ ਅਨਾਜ ਭੰਡਾਰ ਭਰੇ, ਦਾ ਮਾੜਾ ਅਕਸ ਪੇਸ਼ ਕੀਤਾ ਗਿਆ ਤਾਂ ਇਹ ਮੰਨਿਆ ਜਾਵੇਗਾ ਕਿ ਅਜਿਹਾ ਝੂਠਾ ਪ੍ਰਾਪੇਗੰਡਾ ਫੈਲਾਉਣ ਵਿਚ ਕੇਂਦਰ ਸਰਕਾਰ ਦਾ ਵੀ ਹੱਥ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੰਗਨਾ ਰਣੌਤ ਨੇ ਪਹਿਲਾਂ ਵੀ ਕਿਸਾਨੀ ਸੰਘਰਸ਼ ਵਿਚ ਭਾਗ ਲੈਣ ਵਾਲੀਆਂ ਸਿੱਖ ਮਾਵਾਂ ਪ੍ਰਤੀ ਮੰਦੀ ਸ਼ਬਦਾਵਲੀ ਵਰਤੀ ਸੀ। ਉਨ੍ਹਾਂ ਕਿਹਾ ਕਿ ਫਿਲਮ ਐਮਰਜੈਂਸੀ ਵਿਚ ਸਿੱਖਾਂ ਦੇ ਕਈ ਕਿਰਦਾਰ ਪੇਸ਼ ਕੀਤੇ ਗਏ ਹਨ।

ਚੰਗਾ ਹੁੰਦਾ ਕਿ ਫਿਲਮ ਦੇ ਨਿਰਮਾਤਾ ਫਿਲਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿਖਾਉਂਦੇ ਅਤੇ ਸਿੱਖ ਕੌਮ ਦੀ ਸਹਿਮਤੀ ਵੀ ਲੈਂਦੇ। ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦਿਆਂ ਹਰਸਿਮਰਤ ਨੇ ਕਿਹਾ ਕਿ ਲਿਖਤੀ ਨੋਟੀਫਿਕੇਸ਼ਨ ਦੇ ਬਾਵਜੂਦ ਵੀ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਗਿਆ। ਉਨ੍ਹਾਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣ ਦਾ ਵਿਰੋਧ ਕੀਤਾ। ਉਨ੍ਹਾਂ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿਚੋਂ ਨਸ਼ੇ ਖਤਮ ਕਰਨ ਦੇ ਸਮੇਂ ਵਿਚ ਵਾਰ-ਵਾਰ ਤਬਦੀਲੀ ਕਰਨ ਦੀ ਵੀ ਨਿਖੇਧੀ ਕੀਤੀ।

## ਸਿੱਖਾਂ ਦੀ ਕਿਰਦਾਰਕੁਸ਼ੀ ਲਈ ਬਣਾਈ ਫਿਲਮ ਨੂੰ ਬਰਦਾਸ਼ਤ ਨਹੀਂ ਕਰਾਂਗੇ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖਾਂ ਦੇ ਕਿਰਦਾਰ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਵਾਲੀ ਫਿਲਮ 'ਐਮਰਜੈਂਸੀ' ਉੱਤੇ ਤੁਰੰਤ ਰੋਕ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਦਾਕਾਰਾ ਕੰਗਨਾ ਰਣੌਤ ਨੇ ਜਾਣ-ਬੁੱਝ ਕੇ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ਦੇ ਮੰਤਵ ਨਾਲ ਇਹ ਫਿਲਮ ਬਣਾਈ ਹੈ, ਜਿਸ ਨੂੰ ਸਿੱਖ ਕੌਮ ਬਰਦਾਸ਼ਤ ਨਹੀਂ ਕਰ ਸਕਦੀ। ਐਡਵੋਕੇਟ ਧਾਮੀ ਨੇ ਕਿਹਾ ਕਿ 1984 ਦੇ ਸ਼ਹੀਦਾਂ ਬਾਰੇ ਸਿੱਖ ਵਿਰੋਧੀ ਬਿਰਤਾਂਤ ਸਿਰਜ ਕੇ ਕੌਮ ਦਾ ਨਿਰਾਦਰ ਕਰਨ ਦੀ ਇਹ ਘਟੀਆ ਹਰਕਤ ਹੈ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਕੌਮੀ ਸ਼ਹੀਦ ਐਲਾਨਿਆ ਜਾ ਚੁੱਕਿਆ ਹੈ ਜਦਕਿ ਕੰਗਨਾ ਰਣੌਤ ਦੀ ਇਸ ਫਿਲਮ ਰਾਹੀਂ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ ਦੀ ਕੋਝੀ ਹਰਕਤ ਕੀਤੀ ਜਾ ਰਹੀ ਹੈ।

## ਕੰਗਨਾ ਰਣੌਤ ਖਿਲਾਫ ਕੇਸ ਦਰਜ ਹੋਵੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਦਾਕਾਰਾ ਅਤੇ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਖ਼ਿਲਾਫ਼ ਫਿਲਮ 'ਐਮਰਜੈਂਸੀ' ਵਿਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਧਾਰਾ 295-ਏ ਤਹਿਤ ਕੇਸ ਦਰਜ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੰਗਨਾ ਜਾਣ-ਬੁੱਝ ਕੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਭੜਕਾ ਰਹੀ ਹੈ ਤਾਂ ਜੋ ਦੇਸ਼ ਦਾ ਮਾਹੌਲ ਖਰਾਬ ਕੀਤਾ ਜਾ ਸਕੇ।

# ਸਿੱਖ ਧਰਮ ਦੇ ਪ੍ਰਚਾਰ 'ਚ ਸੰਤ ਈਸ਼ਰ ਸਿੰਘ ਦਾ ਅਹਿਮ ਯੋਗਦਾਨ: ਧਾਮੀ

**ਪਾਇਲ:** ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਬਰਸੀ ਮੌਕੇ ਮੌਜੂਦਾ ਮੁਖੀ ਸੰਤ ਬਲਜਿੰਦਰ ਸਿੰਘ ਦੀ ਦੇਖ ਰੇਖ ਹੇਠ ਦੂਜੇ ਦਿਨ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵਿਚ ਸਮਾਗਮ ਹੋਏ ਜਿਸ ਦੌਰਾਨ ਸੰਤ ਮਹਾਪੁਰਸ਼ਾਂ, ਵਿਦਵਾਨਾਂ, ਪ੍ਰਚਾਰਕਾਂ, ਕਥਾਵਾਚਕਾਂ, ਕੀਰਤਨੀ ਜਥਿਆਂ, ਧਾਰਮਿਕ, ਸਮਾਜਿਕ, ਰਾਜਨੀਤਕ ਆਗੂਆਂ ਨੇ ਸ਼ਿਰਕਤ ਕਰ ਕੇ ਸ਼ਰਧਾ ਤੇ ਸਤਿਕਾਰ ਭੇਟ ਕੀਤਾ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਹਾਪੁਰਸ਼ਾਂ ਦੇ ਜੀਵਨ ਨਾਲ ਸਬੰਧਤ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੰਸਾਰ ਦੇ ਹਰੇਕ ਧਰਮ ਦੇ ਪ੍ਰਸਾਰ ਵਿਚ ਉਸ ਦੇ ਪ੍ਰਚਾਰਕਾਂ ਦਾ ਖਾਸ ਰੋਲ ਰਿਹਾ ਹੈ। ਸੰਤ ਈਸ਼ਰ ਸਿੰਘ ਨੇ ਨਿਸ਼ਕਾਮ ਸਿੱਖ ਪ੍ਰਚਾਰਕ ਵਜੋਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਜੀਵਨ ਦੇ ਕੀਮਤੀ ਵਰ੍ਹੇ ਲਾ ਦਿੱਤੇ। ਉਨ੍ਹਾਂ ਸੀਮਤ ਸਾਧਨਾਂ ਨਾਲ ਦੇਸ਼ ਦੇ ਵੱਖ-ਵੱਖ ਖ਼ਿੱਤਿਆਂ ਤੋਂ ਇਲਾਵਾ ਪ੍ਰਦੇਸ਼ਾਂ ਤੱਕ ਪਹੁੰਚ ਕਰਕੇ ਸਿੱਖ ਧਰਮ ਦੇ ਪ੍ਰਚਾਰ ਹਿੱਤ ਆਪਾ ਵਾਰਿਆ ਜੋ ਆਪਣੇ ਆਪ ਵਿਚ ਮਿਸਾਲ ਹੈ।

ਸ੍ਰੀ ਧਾਮੀ ਨੇ ਮੌਜੂਦਾ ਮੁਖੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਇਕ ਹੀ ਐਪ ਵਿਚ ਗੁਰਬਾਣੀ ਅਤੇ ਦਸਮ ਗ੍ਰੰਥ, ਸੂਰਜ ਪ੍ਰਕਾਸ਼, ਗੁਰਦਾਸ ਦੀਆਂ ਵਾਰਾਂ ਆਦਿ ਤੋਂ ਇਲਾਵਾ ਸਿੱਖ ਇਤਿਹਾਸ ਨੂੰ ਈਸ਼ਰ ਮਾਈਕਰੋਮੀਡੀਆ ਵਿਚ ਪਰੋ ਕੇ ਗੁਰਬਾਣੀ ਪ੍ਰਚਾਰ ਪ੍ਰਸਾਰ ਦਾ ਨਿਵੇਕਲਾ ਕਾਰਜ ਕੀਤਾ ਹੈ।

# ਤਖਤ ਸਾਹਿਬਾਨ ਦੇ ਦਰਸ਼ਨਾਂ ਲਈ ਵਿਸ਼ੇਸ਼ ਰੇਲਗੱਡੀ ਸ਼ੁਰੂ

**ਲੁਧਿਆਣਾ:** ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ 'ਪੰਜ ਤਖ਼ਤ ਵਿਸ਼ੇਸ਼ ਤੀਰਥ ਯਾਤਰਾ' ਰੇਲ ਗੱਡੀ ਨੂੰ ਨਾਂਦੇੜ ਰੇਲਵੇ ਸਟੇਸ਼ਨ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਸਿੱਖ ਧਰਮ ਦੇ ਪੰਜ ਤਖ਼ਤ ਸਾਹਿਬਾਨ ਦੇ ਦਰਸ਼ਨਾਂ ਲਈ ਇਹ ਪਹਿਲੀ ਵਿਸ਼ੇਸ਼ ਰੇਲਗੱਡੀ ਭਾਰਤੀ ਰੇਲਵੇ ਦੁਆਰਾ ਲੋਕਾਂ ਨੂੰ ਜੋੜਨ, ਰੂਹਾਨੀਅਤ ਅਤੇ ਰਾਸ਼ਟਰਵਾਦ ਨੂੰ ਵਧਾਉਣ ਲਈ ਸ਼ੁਰੂ ਕੀਤੀ ਗਈ ਹੈ।



ਉਨ੍ਹਾਂ ਕਿਹਾ ਕਿ ਇਹ ਪੰਜ ਤਖ਼ਤ ਸਪੈਸ਼ਲ ਰੇਲ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਇਹ ਰੇਲਗੱਡੀ ਹਜ਼ੂਰ ਸਾਹਿਬ ਰੇਲਵੇ ਸਟੇਸ਼ਨ ਤੋਂ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਆਨੰਦਪੁਰ ਸਾਹਿਬ, ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਸਾਹਿਬ ਲਈ ਚੱਲੇਗੀ। ਕੁੱਲ 12 ਦਿਨਾਂ ਵਿਚ ਇਹ ਆਪਣੀ ਯਾਤਰਾ ਮੁਕੰਮਲ ਕਰੇਗੀ ਅਤੇ ਰੇਲਗੱਡੀ ਵਿਚ ਕੁੱਲ 1300 ਸ਼ਰਧਾਲੂ ਸਫਰ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਰੇਲਗੱਡੀ ਦੇ ਪਹਿਲੇ ਕੋਚ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ। ਇਹ ਵਿਸ਼ੇਸ਼ ਰੇਲਗੱਡੀ 6 ਸਤੰਬਰ ਨੂੰ ਵਾਪਸ ਨਾਂਦੇੜ ਪਹੁੰਚੇਗੀ।

ਇਸ ਦੌਰਾਨ ਰਵਨੀਤ ਸਿੰਘ ਬਿੱਟੂ ਤਖ਼ਤ ਸ੍ਰੀ ਹਜ਼ੂਰ ਅਬਚਲ ਨਗਰ ਨਾਂਦੇੜ ਵਿਖੇ ਨਤਮਸਤਕ ਹੋਏ, ਜਿਥੇ ਕਿ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਵਿਸ਼ੇਸ਼ ਰੇਲਗੱਡੀ ਰਵਾਨਾ ਕਰਨ ਮੌਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ, ਮੀਤ ਜਥੇਦਾਰ ਬਾਬਾ ਜੋਤਇੰਦਰ ਸਿੰਘ ਅਤੇ ਡਿਵੀਜ਼ਨਲ ਰੇਲਵੇ ਮੈਨੇਜਰ, ਨਾਂਦੇੜ ਡਿਵੀਜ਼ਨ ਨੀਤੀ ਸਰਕਾਰ ਸਣੇ ਹੋਰ ਸੀਨੀਅਰ ਰੇਲਵੇ ਅਧਿਕਾਰੀ ਵੀ ਹਾਜ਼ਰ ਸਨ।

# ਐਨ.ਐਸ.ਏ. ਤਹਿਤ ਨਜ਼ਰਬੰਦ ਬੰਦੀਆਂ ਦੀ ਗ੍ਰਿਫ਼ਤਾਰੀ 'ਚ ਬਾਦਲ ਪਰਿਵਾਰ ਦਾ ਹੱਥ: ਵਡਾਲਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਮੀਟਿੰਗ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਹੇਠ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਦਫ਼ਤਰ ਵਿਚ ਹੋਈ। ਇਸ ਦੌਰਾਨ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ 100ਵਾਂ ਜਨਮ ਦਿਨ ਮਨਾਉਣ ਸਬੰਧੀ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ।

ਸ੍ਰੀ ਵਡਾਲਾ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਅਕਾਲੀ ਦਲ ਵਿਚ ਆਈ ਗਿਰਾਵਟ ਨੂੰ ਦੂਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਪੰਜਾਬ ਦੀ ਵੱਡੀ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਪੰਥ ਦੇ ਲੇਖੇ ਲਾ ਦਿੱਤੀ ਤੇ ਦੂਜੇ ਪਾਸੇ ਬਾਦਲ ਪਰਿਵਾਰ ਜਿਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਕਥਿਤ ਪੰਥ ਅਤੇ ਅਕਾਲੀ ਦਲ ਦੇ ਹਿੱਤਾਂ ਦੀ ਪ੍ਰਵਾਹ ਵੀ ਨਹੀਂ ਕੀਤੀ।

ਉਨ੍ਹਾਂ ਕਿਹਾ ਕਿ ਜਿਹੜੇ ਐਨ.ਐਸ.ਏ. ਤਹਿਤ ਬੰਦੀ ਸਿੰਘ ਨਜ਼ਰਬੰਦ ਹਨ, ਉਸ ਵਿਚ ਬਾਦਲ ਪਰਿਵਾਰ ਦਾ ਹੱਥ ਹੈ ਕਿਉਂਕਿ ਜਦੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਸ ਵੇਲੇ ਹਰਸਿਮਰਤ ਕੌਰ ਬਾਦਲ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਅੰਮ੍ਰਿਤਪਾਲ ਸਿੰਘ ਤੇ ਹੋਰਾਂ ਖ਼ਿਲਾਫ਼ ਬਿਆਨਬਾਜ਼ੀ ਕੀਤੀ ਗਈ। ਇਸ ਕਾਰਨ ਪੰਜਾਬ ਸਰਕਾਰ ਨੂੰ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ 'ਤੇ ਐਨ.ਐਸ.ਏ. ਲਾਉਣ ਦਾ ਬਹਾਨਾ ਮਿਲ ਗਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਐਨ.ਐਸ.ਏ. ਲਾਉਣ ਦਾ ਵਿਰੋਧ ਕਰਨਾ ਚਾਹੀਦਾ ਸੀ ਪਰ ਬਾਦਲ ਪਰਿਵਾਰ ਚੁੱਪ ਰਿਹਾ। ਇਸ ਤੋਂ ਇਲਾਵਾ ਸੁਖਬੀਰ ਬਾਦਲ ਵੱਲੋਂ ਬਾਬਾ ਬਕਾਲਾ ਵਿਚ ਇਕ ਸਿੱਖ ਦੀ ਗਲਤ ਪਰਿਭਾਸ਼ਾ ਪੇਸ਼ ਕਰਨਾ ਅਤਿ ਨਿੰਦਣਯੋਗ ਹੈ। ਗੁਰੂ ਸਾਹਿਬ ਨੇ ਸਾਨੂੰ ਜੋ ਸਰੂਪ ਪ੍ਰਦਾਨ ਕੀਤਾ ਹੈ, ਉਸ ਦੇ ਉਲਟ ਕੋਈ ਵੀ ਸਿੱਖ ਆਪਣੀ ਮਨਮਰਜ਼ੀ ਅਨੁਸਾਰ ਆਪਣਾ ਸਰੂਪ ਨਹੀਂ ਧਾਰ ਸਕਦਾ। ਇਸ ਮੌਕੇ ਜਥੇਦਾਰ ਟੌਹੜਾ ਦੇ 100ਵੇਂ ਜਨਮ ਦਿਨ ਲਈ ਕਮੇਟੀਆਂ ਬਣਾ ਕੇ ਡਿਊਟੀਆਂ ਲਾਈਆਂ ਗਈਆਂ ਅਤੇ 24 ਸਤੰਬਰ ਨੂੰ ਪਿੰਡ ਟੌਹੜਾ ਪੁੱਜਣ ਦੀ ਅਪੀਲ ਕੀਤੀ ਗਈ।

# ਅੰਮ੍ਰਿਤਸਰ ਵਿਚ ਦੋ ਦਹਾਕੇ ਬਾਅਦ ਹੋਇਆ ਪਿਓ-ਪੁੱਤ ਦਾ ਮੇਲ

**ਅੰਮ੍ਰਿਤਸਰ:** ਜਪਾਨ ਤੋਂ ਆਪਣੇ ਪਿਤਾ ਨੂੰ ਅੰਮ੍ਰਿਤਸਰ ਲੱਭਣ ਆਏ ਨੌਜਵਾਨ ਰਿਨ ਤਾਕਾਹਾਤਾ ਦਾ ਆਪਣੇ ਪਿਤਾ ਕੋਲ ਪੁੱਜਣ ਵਾਲੀ ਘਟਨਾ ਭਾਵੇਂ ਫਿਲਮੀ ਕਹਾਣੀਆਂ ਵਰਗੀ ਲੱਗਦੀ ਹੈ ਪਰ ਇਹ ਸੱਚੀ ਤੇ ਦਿਲ ਨੂੰ ਛੂਹਣ ਵਾਲੀ ਘਟਨਾ ਹੈ। ਜਦੋਂ ਰਿਨ ਇਕ ਸਾਲ ਦਾ ਸੀ ਤਾਂ ਉਸ ਦਾ ਪਿਤਾ ਉਸ ਨੂੰ ਛੱਡ ਕੇ ਭਾਰਤ ਆ ਗਿਆ ਸੀ ਕਿਉਂਕਿ ਰਿਨ ਦੇ ਮਾਪਿਆਂ ਦੀ ਅਣਬਣ ਹੋ ਗਈ ਸੀ।

ਰਿਨ ਜਦੋਂ ਵੀ ਬੱਚਿਆਂ ਨੂੰ ਆਪਣੇ ਮਾਪਿਆਂ ਨਾਲ ਦੇਖਦਾ ਤਾਂ ਉਹ ਸੋਚਦਾ ਕਾਸ਼ ਉਸ ਦਾ ਪਿਤਾ ਵੀ ਉਸ ਨਾਲ ਹੋਵੇ ਅਤੇ ਹੋਰਾਂ ਬੱਚਿਆਂ ਵਾਂਗ ਆਪਣੇ ਪਿਤਾ ਨਾਲ ਘੁੰਮੇ ਤੇ ਗੱਲਾਂ ਕਰੇ। ਉਸ ਨੂੰ ਉਮੀਦ ਸੀ ਕਿ ਉਹ ਆਪਣੇ ਪਿਤਾ ਨੂੰ ਜ਼ਰੂਰ ਲੱਭ ਲਵੇਗਾ। ਰਿਨ ਦੀ ਮਾਂ ਨੂੰ ਵੀ ਉਸ ਦੇ ਪਤੀ ਦੇ ਥਹੁ ਟਿਕਾਣੇ ਬਾਰੇ ਜਾਣਕਾਰੀ ਨਹੀਂ ਸੀ।



ਰਿਨ ਜਦੋਂ ਵੱਡਾ ਹੁੰਦਾ ਗਿਆ, ਉਸ ਦੀ ਪਿਤਾ ਨੂੰ ਲੱਭਣ ਦੀ ਤਾਂਘ ਵਧਦੀ ਗਈ। ਰਿਨ ਹੁਣ 21 ਵਰ੍ਹਿਆਂ ਦਾ ਹੈ ਅਤੇ ਉਹ ਜਪਾਨ ਦੀ ਓਸਾਕਾ ਯੂਨੀਵਰਸਿਟੀ ਵਿਚ ਆਰਟਸ ਦਾ ਵਿਦਿਆਰਥੀ ਹੈ। ਇਹ ਕੁਦਰਤੀ ਘਟਨਾਕ੍ਰਮ ਹੀ ਬਣਿਆ ਕਿ ਯੂਨੀਵਰਸਿਟੀ ਵਲੋਂ ਉਸ ਨੂੰ ਪੜ੍ਹਾਈ ਦੇ ਵਿਸ਼ਿਆਂ ਅਨੁਸਾਰ ਯੂਨੀਵਰਸਿਟੀ ਵਲੋਂ 'ਫੈਮਿਲੀ ਟ੍ਰੀ' (ਕੁਰਸੀਨਾਮਾ) ਵਿਸ਼ੇ 'ਤੇ ਲਿਖਣ ਲਈ ਅਸਾਈਨਮੈਂਟ ਮਿਲੀ। ਇਸ ਕਾਰਨ ਹੀ ਉਹ ਅੰਮ੍ਰਿਤਸਰ ਪੁੱਜਿਆ ਤੇ ਆਪਣੇ ਪਿਤਾ ਨੂੰ ਲੱਭਣ 'ਚ ਕਾਮਯਾਬ ਹੋ ਗਿਆ।

ਰਿਨ ਦੇ ਪਿਤਾ ਸੁਖਪਾਲ ਸਿੰਘ ਅਨੁਸਾਰ ਉਹ 2021 ਵਿਚ ਥਾਈਲੈਂਡ ਚਲਾ ਗਿਆ ਸੀ। ਇਸ ਦੌਰਾਨ ਉਸ ਦੀ ਮੁਲਾਕਾਤ ਜਪਾਨ ਦੀ ਰਹਿਣ ਵਾਲੀ ਸਚੀ ਤਾਕਾਹਾਤਾ ਨਾਲ ਹੋਈ ਸੀ। ਤਾਕਾਹਾਤਾ ਜਦੋਂ 2002 ਵਿਚ ਜਪਾਨ ਗਈ ਤਾਂ ਉਹ ਵੀ ਉਸ ਨਾਲ ਹੀ ਚਲਾ ਗਿਆ। ਉਥੇ ਵਿਆਹ ਕਰਵਾਉਣ ਮਗਰੋਂ ਉਹ ਜਪਾਨ ਵਿਚ ਵੱਸ ਗਏ ਸਨ। ਰਿਨ ਦਾ ਜਨਮ ਉਥੇ ਹੀ 2003 ਵਿਚ ਹੋਇਆ ਸੀ। ਸੁਖਪਾਲ ਸਿੰਘ ਅਨੁਸਾਰ ਕੁਝ ਸਮੇਂ ਮਗਰੋਂ ਉਹ ਪਤੀ-ਪਤਨੀ ਵੱਖ-ਵੱਖ ਹੋ ਗਏ। ਸੁਖਪਾਲ ਨੇ 2007 ਵਿੱਚ ਭਾਰਤ ਪਰਤ ਕੇ ਗੁਰਵਿੰਦਰਪ੍ਰੀਤ ਕੌਰ ਨਾਲ ਦੂਜਾ ਵਿਆਹ ਕਰਵਾ ਲਿਆ। ਹੁਣ ਉਨ੍ਹਾਂ ਦੀ ਇਕ ਧੀ ਵੀ ਹੈ।

ਰਿਨ ਬੀਤੇ 15 ਦਿਨਾਂ ਤੋਂ ਅੰਮ੍ਰਿਤਸਰ ਵਿਚ ਇਥੋਂ ਦੀ ਫਤਿਹਗੜ੍ਹ ਚੂੜੀਆਂ ਰੋਡ ਦੀਆਂ ਗਲੀਆਂ ਵਿਚ ਆਪਣੇ ਪਿਤਾ ਦੀ ਫੋਟੋ ਦੁਕਾਨਦਾਰਾਂ ਤੇ ਇਥੇ ਵਿਚਰਦੇ ਲੋਕਾਂ ਨੂੰ ਦਿਖਾ ਕੇ ਪਿਤਾ ਦਾ ਪਤਾ ਲੱਭਦਾ ਰਿਹਾ। ਇਕ ਦਿਨ ਸੜਕ ਕਿਨਾਰੇ ਬੈਠੇ ਕੁਝ ਲੋਕਾਂ ਨੇ ਸੁਖਪਾਲ ਸਿੰਘ ਦੀ ਫੋਟੋ ਪਛਾਣ ਲਈ। ਇਹ ਵਿਅਕਤੀ ਉਸ ਨੂੰ ਨਾਲ ਲੈ ਕੇ ਥੋੜ੍ਹੀ ਦੂਰ ਲੁਹਾਰਕਾ ਰੋਡ ਵਿਚਲੇ ਸੁਖਪਾਲ ਦੇ ਘਰ ਲੈ ਗਏ। ਜਦੋਂ ਉਹ ਘਰ ਪੁੱਜਿਆ ਤਾਂ ਉਨ੍ਹਾਂ ਰਿਨ ਨੂੰ ਪਛਾਣਿਆ ਨਹੀਂ ਤਾਂ ਰਿਨ ਨੇ ਆਪਣੀ ਤੇ ਪਿਤਾ ਦੀ ਪੁਰਾਣੀ ਫੋਟੋ ਦਿਖਾਈ ਤਾਂ ਸੁਖਪਾਲ ਨੇ ਪਛਾਣ ਲਿਆ ਅਤੇ ਰਿਨ ਨੂੰ ਕਲਾਵੇ ਵਿਚ ਲੈ ਲਿਆ।

# ਸੁਰਜੀਤ ਹਾਕੀ ਸੁਸਾਇਟੀ ਜਲੰਧਰ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਭਾਪਾ ਗਾਖ਼ਲ ਗਰੁੱਪ ਦੇ ਦਫ਼ਤਰ ਪੁੱਜੇ

## ਗਾਖ਼ਲ ਪਰਿਵਾਰ ਵਲੋਂ ਨਿੱਘਾ ਸਵਾਗਤ; ਖੇਡ ਵਿਚਾਰਾਂ ਕੀਤੀਆਂ

**ਕੈਲੀਫੋਰਨੀਆ:** ਸੰਨ 1984 'ਚ ਹੋਂਦ 'ਚ ਆਈ ਸੁਰਜੀਤ ਹਾਕੀ ਸੁਸਾਇਟੀ ਜਲੰਧਰ ਦੇ ਫਾਊਂਡਰ ਮੈਂਬਰ ਤੇ ਮੌਜੂਦਾ ਜਨਰਲ ਸਕੱਤਰ ਸ. ਸੁਰਿੰਦਰ ਸਿੰਘ ਭਾਪਾ ਆਪਣੀ ਪਤਨੀ ਸਰਦਾਰਨੀ ਹਰਸ਼ਰਨ ਕੌਰ ਨਾਲ ਇਨ੍ਹੀਂ ਦਿਨੀਂ ਅਮਰੀਕਾ ਦੇ ਨਿੱਜੀ ਦੌਰੇ 'ਤੇ ਹਨ। ਇਸ ਦੌਰਾਨ ਉਹ ਗਾਖਲ ਗਰੁੱਪ ਯੂ.ਐੱਸ.ਏ. ਦੇ ਹੈੱਡਕੁਆਰਟਰ ਵਾਟਸਨਵਿੱਲ ਪਹੁੰਚੇ। ਇਸ ਮੌਕੇ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ) ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਸ. ਸੁਰਿੰਦਰ ਸਿੰਘ ਭਾਪਾ ਨੇ ਦੱਸਿਆ ਕਿ ਗਾਖਲ ਗਰੁੱਪ ਯੂ.ਐੱਸ.ਏ. ਅਤੇ ਗਾਖਲ ਪਰਿਵਾਰ ਵਲੋਂ ਲਗਭਗ ਇਕ ਦਹਾਕੇ ਤੋਂ ਸੁਰਜੀਤ ਹਾਕੀ ਸੁਸਾਇਟੀ ਦੇ ਸਾਲਾਨਾ ਟੂਰਨਾਮੈਂਟ ਦਾ ਪਹਿਲਾ 5.50 ਲੱਖ ਰੁਪਏ ਇਨਾਮ ਦਿੱਤਾ ਜਾ ਰਿਹਾ ਹੈ ਜਿਸ ਲਈ ਅਸੀਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਮੋਲਕ ਸਿੰਘ ਗਾਖਲ ਦੀ ਅਗਵਾਈ 'ਚ ਗਾਖਲ ਗਰੁੱਪ ਅੰਤਰਰਾਸ਼ਟਰੀ ਪੱਧਰ 'ਤੇ ਖੇਡਾਂ, ਵਿੱਦਿਆ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਯੋਗਦਾਨ ਪਾ ਰਿਹਾ ਹੈ।



ਸ. ਸੁਰਿੰਦਰ ਸਿੰਘ ਭਾਪਾ ਅਤੇ ਉਨ੍ਹਾਂ ਦੀ ਪਤਨੀ ਹਰਸ਼ਰਨ ਕੌਰ ਦਾ ਸਨਮਾਨ ਕਰਦੇ ਹੋਏ ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਤੇ ਹੋਰ ਅਹੁਦੇਦਾਰ।





ਗਾਖਲ ਗਰੁੱਪ ਨੇ ਕਿਹਾ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਹਮੇਸ਼ਾ ਹੀ ਖੇਡਾਂ ਦੀ ਚੜ੍ਹਦੀ ਕਲਾ ਲਈ ਇਸੇ ਤਰ੍ਹਾਂ ਸੇਵਾ ਕਰਦੇ ਰਹਾਂਗੇ। ਇਸ ਮੌਕੇ ਗਾਖਲ ਗਰੁੱਪ ਵਲੋਂ ਸ. ਸੁਰਿੰਦਰ ਸਿੰਘ ਭਾਪਾ ਅਤੇ ਉਨ੍ਹਾਂ ਦੀ ਪਤਨੀ ਦਾ ਯਾਦਗਾਰੀ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ।

## ਪੰਜਾਬੀ ਨੌਜਵਾਨ ਦੀ ਅਮਰੀਕਾ ਵਿਚ ਮੌਤ

**ਬਟਾਲਾ:** ਪਿੰਡ ਧਾਰੀਵਾਲ ਭੋਜਾ ਦੇ ਨੌਜਵਾਨ ਦੀ ਅਮਰੀਕਾ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਯੁਵਰਾਜ ਸਿੰਘ (20) ਵਜੋਂ ਹੋਈ ਹੈ। ਉਹ ਜੋ ਡੇਢ ਸਾਲ ਪਹਿਲਾਂ ਸੁਨਹਿਰੇ ਭਵਿੱਖ ਲਈ ਅਮਰੀਕਾ ਗਿਆ ਸੀ। ਉਸ ਦੇ ਪਿਤਾ ਨੇ ਦੱਸਿਆ ਕਿ ਯੁਵਰਾਜ ਨੂੰ 70 ਲੱਖ ਰੁਪਏ ਕਰਜ਼ਾ ਲੈ ਕੇ ਅਮਰੀਕਾ ਭੇਜਿਆ ਸੀ। ਪਿਤਾ ਲਖਵਿੰਦਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਮੰਗ ਕੀਤੀ ਕਿ ਯੁਵਰਾਜ ਸਿੰਘ ਦੀ ਦੇਹ ਪਿੰਡ ਲਿਆਉਣ ਲਈ ਸਹਾਇਤਾ ਕੀਤੀ ਜਾਵੇ।

# ਕਤਰ ਮਾਮਲਾ: ਧਾਮੀ ਵੱਲੋਂ ਦੋ ਪਾਵਨ ਸਰੂਪ ਪੁਲਿਸ ਕੋਲ ਹੋਣ ਦਾ ਦਾਅਵਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਾਅਵਾ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦੇ ਦੋਵੇਂ ਪਾਵਨ ਸਰੂਪ ਅਜੇ ਵੀ ਕਤਰ ਦੇ ਦੋਹਾ ਦੀ ਪੁਲਿਸ ਕੋਲ ਹੀ ਮੌਜੂਦ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਪੁਖਤਾ ਜਾਣਕਾਰੀ ਹਾਸਲ ਹੋਈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਦੋਹਾ ਵਿਚ ਦੋ ਧਿਰਾਂ ਪਾਸੋਂ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਪਾਵਨ ਸਰੂਪ ਪੁਲਿਸ ਨੇ ਆਪਣੇ ਕੋਲ ਰੱਖੇ ਸਨ, ਜਿਨ੍ਹਾਂ ਵਿਚੋਂ ਦੋ ਪਾਵਨ ਸਰੂਪ ਅਜੇ ਵੀ ਪੁਲਿਸ ਦੇ ਕੋਲ ਹੀ ਮੌਜੂਦ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਦਾ ਨੁਮਾਇੰਦਾ ਜਿਸ ਪਾਵਨ ਸਰੂਪ ਦੇ ਵਾਪਸ ਹੋਣ ਦੀ ਗੱਲ ਕਰ ਰਿਹਾ ਹੈ, ਉਹ ਤਾਂ ਕਈ ਮਹੀਨੇ ਪਹਿਲਾਂ ਹੀ ਉਥੋਂ ਦੇ ਸਬੰਧਤ ਸਿੱਖਾਂ ਨੇ ਪ੍ਰਾਪਤ ਕਰ ਲਿਆ ਸੀ ਜਦਕਿ ਦੋ ਹੋਰ ਪਾਵਨ ਸਰੂਪ ਅਜੇ ਵੀ ਦੋਹਾ ਪੁਲਿਸ ਕੋਲ ਹੀ ਮੌਜੂਦ ਹਨ। ਉਨ੍ਹਾਂ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਤੇ ਕਤਰ ਵਿਚ



ਭਾਰਤ ਦੇ ਰਾਜਦੂਤ ਨੂੰ ਅਪੀਲ ਕੀਤੀ ਹੈ ਕਿ ਪਾਵਨ ਸਰੂਪਾਂ ਬਾਰੇ ਸਿੱਖ ਜਗਤ ਨੂੰ ਅਸਲ ਸਥਿਤੀ ਸਪਸ਼ਟ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਵੱਲੋਂ ਇਕ ਬਿਆਨ ਰਾਹੀਂ ਦੱਸਿਆ ਸੀ ਕਿ ਦੋਹਾ ਪੁਲਿਸ ਕੋਲੋਂ ਮੌਜੂਦ ਇਕ ਪਾਵਨ ਸਰੂਪ ਵਾਪਸ ਪ੍ਰਾਪਤ ਕਰ ਲਿਆ ਗਿਆ ਹੈ ਜਦਕਿ ਦੂਜਰੇ ਬਾਰੇ ਕਾਰਵਾਈ ਜਾਰੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਸਿੱਖ ਭਾਵਨਾਵਾਂ ਨਾਲ ਮਾਮਲੇ ਬਾਰੇ ਅਸਪਸ਼ਟ ਬਿਆਨਬਾਜ਼ੀ ਨਾ ਕਰੇ ਸਗੋਂ ਸੰਜੀਦਾ ਯਤਨ ਕਰਕੇ ਪਾਵਨ ਸਰੂਪ ਸਤਿਕਾਰ ਸਹਿਤ ਵਾਪਸ ਕਰਵਾਏ।

## ਵਿਦੇਸ਼ ਮੰਤਰਾਲੇ ਨੇ ਮਾਮਲਾ ਕਤਰ ਸਰਕਾਰ ਕੋਲ ਚੁੱਕਿਆ

**ਦੋਹਾ:** ਅਰਬ ਦੇਸ਼ ਕਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਉਥੋਂ ਦੀ ਪੁਲਿਸ ਦੇ ਕਬਜ਼ੇ ਵਿਚ ਹੋਣ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਭਾਰਤ ਸਰਕਾਰ ਨੇ ਭਾਰਤੀ ਦੂਤਾਵਾਸ ਰਾਹੀਂ ਇਹ ਮਾਮਲਾ ਕਤਰ ਸਰਕਾਰ ਕੋਲ ਚੁੱਕਿਆ ਹੈ। ਇਸ ਦਾ ਖੁਲਾਸਾ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਟਵੀਟ ਕਰ ਕੇ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦੇਸ਼ ਮੰਤਰਾਲੇ ਦਾ ਤੇਜ਼ੀ ਨਾਲ ਕੀਤੀ ਗਈ ਕਾਰਵਾਈ ਲਈ ਧੰਨਵਾਦ ਕੀਤਾ।

# ਗੁਰਦੁਆਰਾ ਸੀਸ ਗੰਜ ਦੇ ਨਵੀਨੀਕਰਨ ਦੌਰਾਨ ਬਹਾਲ ਰਹੇਗੀ ਪੁਰਾਤਨ ਦਿੱਖ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੋਂ ਦੇ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਨਵੀਨੀਕਰਨ ਸਬੰਧੀ ਸ਼ੁਰੂ ਕੀਤੀ ਜਾ ਰਹੀ ਸੇਵਾ ਲਈ ਸਿੱਖ ਜਥੇਬੰਦੀਆਂ ਨਾਲ ਸਹਿਮਤੀ ਬਣ ਗਈ ਹੈ। ਜ਼ਿਕਰਯੋਗ ਹੈ ਕਿ ਸਿੱਖ ਜਥੇਬੰਦੀਆਂ ਵੱਲੋਂ ਇਸ ਅਸਥਾਨ ਦੇ ਨਵੀਨੀਕਰਨ ਕਾਰਨ ਪੁਰਾਤਨ ਦਿੱਖ ਦੇ ਪ੍ਰਭਾਵਿਤ ਹੋਣ ਦੇ ਸ਼ੰਕਿਆਂ ਕਰ ਕੇ ਇਸ ਕਾਰ ਸੇਵਾ ਦਾ ਵਿਰੋਧ ਕੀਤਾ ਜਾ ਰਿਹਾ ਸੀ।

ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਸਭਾ ਸੁਸਾਇਟੀਆਂ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪ੍ਰਬੰਧਕਾਂ ਨਾਲ ਹੋਈ ਮੀਟਿੰਗ ਤੋਂ ਬਾਅਦ ਆਪਸੀ ਸਹਿਮਤੀ ਬਣ ਸਕੀ ਹੈ। ਗੁਰਦੁਆਰਾ ਸੀਸ ਗੰਜ ਸਾਹਿਬ ਦੇ ਲੰਗਰ ਹਾਲ ਵਿਚ ਵਿਰੋਧ ਕਰ ਰਹੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਤੇ ਦਲਜੀਤ ਸਿੰਘ ਭਿੰਡਰ, ਤਖ਼ਤ ਸਾਹਿਬ ਦੇ ਪ੍ਰਬੰਧਕ ਮਲਕੀਤ ਸਿੰਘ ਆਦਿ ਵੱਲੋਂ ਮੀਟਿੰਗ ਕੀਤੀ ਗਈ। ਮੀਟਿੰਗ 'ਚ ਸਪੱਸ਼ਟ ਕੀਤਾ ਗਿਆ ਕਿ ਇਸ ਇਮਾਰਤ ਦਾ ਇਮਾਰਤਸਾਜ਼ੀ ਦੇ ਮਾਹਿਰਾਂ ਦੀ ਰਾਏ ਅਨੁਸਾਰ ਪੁਰਾਤਨ ਦਿੱਖ 'ਚ ਹੀ ਨਵੀਨੀਕਰਨ ਕੀਤਾ ਜਾ ਰਿਹਾ ਹੈ।



ਉਨ੍ਹਾਂ ਭਰੋਸਾ ਦਿੱਤਾ ਕਿ ਉਸਾਰੀ ਦੌਰਾਨ ਇਸ ਮਹਾਨ ਅਸਥਾਨ ਦੀ ਦਿੱਖ ਕਿਸੇ ਵੀ ਕੀਮਤ 'ਤੇ ਪ੍ਰਭਾਵਿਤ ਨਹੀਂ ਹੋਣ ਦਿੱਤੀ ਜਾਵੇਗੀ ਤੇ ਨਾ ਹੀ ਇਸ ਅਸਥਾਨ ਦੇ ਅੰਦਰੂਨੀ ਹਿੱਸੇ ਨਾਲ ਕੋਈ ਵੀ ਛੇੜ-ਛਾੜ ਕੀਤੀ ਜਾਵੇਗੀ। ਇਸ ਨਵੀਨੀਕਰਨ ਨੂੰ ਅਗਲੇ ਵਰ੍ਹੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਮਾਗਮ ਤੱਕ ਤਿਆਰ ਕਰ ਲਿਆ ਜਾਵੇਗਾ। ਗੁਰਦੁਆਰਾ ਸਾਹਿਬ ਦੇ ਅੰਦਰੂਨੀ ਹਿੱਸੇ 'ਚ ਮਾਰਬਲ ਅਤੇ ਇਮਾਰਤ 'ਚ ਆਂਸ਼ਕ ਤਬਦੀਲੀ ਲਈ ਜਥੇਬੰਦੀਆਂ ਵੱਲੋਂ ਸਹਿਮਤੀ ਪ੍ਰਗਟਾਈ ਗਈ ਹੈ।

# ਅਟਾਰੀ ਦੇ ਗੁਰਦੁਆਰੇ ਵਿਚ ਪਾਵਨ ਸਰੂਪ ਅਗਨ ਭੇਟ

**ਅਟਾਰੀ:** ਇਥੇ ਪੰਚਾਇਤ ਘਰ 'ਚ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਅਗਨ ਭੇਟ ਹੋ ਗਿਆ ਹੈ। ਘਟਨਾ ਦਾ ਪਤਾ ਲੱਗਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਟੀਮ ਨੇ ਮੌਕੇ 'ਤੇ ਜਾ ਕੇ ਜਾਂਚ-ਪੜਤਾਲ ਕੀਤੀ ਹੈ।

ਗੁਰਦੁਆਰਾ ਸਤਲਾਣੀ ਦੇ ਪੰਜ ਏ.ਸੀ. ਵੀ ਸੜ ਗਏ ਹਨ। ਇਸ ਘਟਨਾ ਬਾਰੇ ਪੁਲਿਸ ਨੂੰ ਸੂਚਿਤ ਕਰ ਦਿੱਤਾ ਹੈ। ਸਿੱਖ ਜਥੇਬੰਦੀਆਂ ਦੇ ਮੈਂਬਰਾਂ ਨੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਅਰਦਾਸ ਕਰ ਕੇ ਅਗਨ ਭੇਟ ਹੋਇਆ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਗੋਇੰਦਵਾਲ ਸਾਹਿਬ ਭੇਜ ਦਿੱਤਾ ਹੈ। ਇਸ ਮੌਕੇ ਸਤਿਕਾਰ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਕਿਹਾ ਕਿ ਇਸ ਮਾਮਲੇ 'ਚ ਜਦੋਂ ਤੱਕ ਕੋਈ ਕਾਨੂੰਨੀ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਜਾਂਦੀ, ਉਦੋਂ ਤੱਕ ਪਾਵਨ ਸਰੂਪ ਦਾ ਸਸਕਾਰ ਨਹੀਂ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਤਲਾਣੀ ਸਾਹਿਬ ਦੇ ਮੈਨੇਜਰ ਅਤੇ ਪ੍ਰਚਾਰਕ ਸਿੰਘਾਂ ਨੂੰ ਮੌਕੇ 'ਤੇ ਭੇਜਿਆ ਗਿਆ ਹੈ ਜੋ ਮਾਮਲੇ ਦੀ ਵਿਸਥਾਰਤ ਰਿਪੋਰਟ ਦੇਣਗੇ। ਉਨ੍ਹਾਂ ਕਿਹਾ ਕਿ ਗੁਰਦੁਆਰੇ ਅੰਦਰ ਅੱਗ ਲੱਗਣ ਦੀਆਂ ਘਟਨਾਵਾਂ ਪ੍ਰਬੰਧਕਾਂ ਦੀ ਅਣਗਹਿਲੀ ਕਾਰਨ ਵਾਪਰਦੀਆਂ ਹਨ।

# ਸੁਪਰੀਮ ਕੋਰਟ ਵੱਲੋਂ ਕੌਮੀ ਇਨਸਾਫ਼ ਮੋਰਚਾ ਜਬਰੀ ਚੁੱਕਣ 'ਤੇ ਰੋਕ

**ਮੁਹਾਲੀ:** ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਸਮੇਤ ਹੋਰ ਸਿੱਖ ਮਸਲਿਆਂ ਨੂੰ ਲੈ ਕੇ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ, ਕੌਮੀ ਇਨਸਾਫ਼ ਮੋਰਚਾ ਅਤੇ ਪੰਥਕ ਕਮੇਟੀ ਸਣੇ ਹੋਰ ਸਿੱਖ ਜਥੇਬੰਦੀਆਂ ਦਾ ਪੱਕਾ ਮੋਰਚਾ ਜਾਰੀ ਹੈ। ਇਨਸਾਫ਼ ਪਸੰਦ ਜਥੇਬੰਦੀਆਂ ਤੇ ਲੋਕ ਪਿਛਲੇ 19 ਮਹੀਨਿਆਂ ਤੋਂ ਲੜੀਵਾਰ ਧਰਨੇ 'ਤੇ ਬੈਠੇ ਹਨ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਇੱਥੋਂ ਧਰਨਾ ਚੁਕਵਾਉਣ ਲਈ ਕਹਿ ਚੁੱਕਾ ਹੈ ਪਰ ਸੁਪਰੀਮ ਕੋਰਟ ਨੇ ਸਿੱਖਾਂ ਦੀ ਬਾਂਹ ਫੜ ਲਈ ਹੈ। ਕੌਮੀ ਇਨਸਾਫ਼ ਮੋਰਚਾ ਦੇ ਕਨਵੀਨਰ ਪਾਲ ਸਿੰਘ ਫਰਾਂਸ ਨੇ ਦੱਸਿਆ ਕਿ ਇਕ ਸੰਸਥਾ ਨੇ ਪੱਕਾ ਮੋਰਚਾ ਚੁਕਵਾਉਣ ਲਈ ਹਾਈ ਕੋਰਟ ਵਿਚ



ਪਟੀਸ਼ਨ ਪਾਈ ਜਿਸ ਤੋਂ ਬਾਅਦ ਇਹ ਮਾਮਲਾ ਸੁਪਰੀਮ ਕੋਰਟ ਪੁੱਜਿਆ ਤੇ ਸੁਪਰੀਮ ਕੋਰਟ ਦੇ ਬੈਂਚ ਨੇ ਕੌਮੀ ਇਨਸਾਫ਼ ਮੋਰਚੇ ਦਾ ਧਰਨਾ ਨਾ ਚੁੱਕਣ ਦੇ ਹੁਕਮ ਜਾਰੀ ਕੀਤੇ ਹਨ, ਜਿਸ ਨਾਲ ਸਿੱਖ ਸੰਗਤ ਵਿਚ ਖੁਸ਼ੀ ਦੀ ਲਹਿਰ ਹੈ।

ਬੰਦੀ ਸਿੰਘਾਂ ਦੀ ਰਿਹਾਈ ਅਤੇ ਹੋਰ ਮਸਲਿਆਂ ਨੂੰ ਲੈ ਕੇ ਲੋਕ ਪਿਛਲੇ ਡੇਢ ਸਾਲ ਤੋਂ ਡਟੇ ਹੋਏ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਨੇ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਸਿੱਖ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

## ਬਾਦਲ ਪਰਿਵਾਰ ਨੇ ਕਦੇ ਸਿੱਖਾਂ ਦੇ ਮਸਲਿਆਂ ਦੇ ਹੱਲ ਲਈ ਆਵਾਜ਼ ਨਹੀਂ ਚੁੱਕੀ: ਪਾਲ ਸਿੰਘ ਫਰਾਂਸ

ਕੌਮੀ ਇਨਸਾਫ਼ ਮੋਰਚੇ ਦੇ ਕਨਵੀਨਰ ਪਾਲ ਸਿੰਘ ਫਰਾਂਸ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਦੇ ਸਿੱਖਾਂ ਦੀ ਗੱਲ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਤੋਂ ਕੋਈ ਉਮੀਦ ਹੈ। ਬਾਦਲ ਪਰਿਵਾਰ ਨੇ ਸਿਆਸੀ ਲਾਹੇ ਲਈ ਸਭ ਤੋਂ ਵੱਧ ਸਿੱਖ ਕੌਮ ਦਾ ਘਾਣ ਕੀਤਾ ਹੈ। ਉਨ੍ਹਾਂ ਸਿੱਖ ਕੌਮ ਅਤੇ ਬੰਦੀ ਸਿੰਘਾਂ ਦੇ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਬਿਆਨਾਂ ਤੋਂ ਗੁੰਮਰਾਹ ਨਾ ਹੋਣ ਕਿਉਂਕਿ ਇਨ੍ਹਾਂ ਵੱਲੋਂ ਕਦੇ ਵੀ ਬੰਦੀ ਸਿੰਘਾਂ ਦੀ ਪੈਰਵੀ ਨਹੀਂ ਕੀਤੀ ਗਈ, ਉਲਟਾ ਅਕਾਲੀ ਸਰਕਾਰ ਸਮੇਂ ਸਿੱਖ ਨੌਜਵਾਨਾਂ ਨੂੰ ਬੰਦੀ ਬਣਾਇਆ ਗਿਆ ਸੀ।

# ਅੰਮ੍ਰਿਤਪਾਲ ਦੇ ਪਿਤਾ ਨੇ ਅਕਾਲ ਤਖ਼ਤ ਤੋਂ ਸੁਖਬੀਰ ਲਈ ਸਖਤ ਸਜ਼ਾ ਮੰਗੀ

**ਅੰਮ੍ਰਿਤਸਰ:** ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚੇ ਅਤੇ ਮੰਗ ਪੱਤਰ ਸੌਂਪਿਆ। ਤਰਸੇਮ ਸਿੰਘ ਨੇ ਦੱਸਿਆ ਕਿ ਉਹ 30 ਅਗਸਤ ਨੂੰ ਪੰਜ ਸਿੰਘ ਸਹਿਬਾਨ ਦੀ ਹੋਣ ਵਾਲੀ ਮੀਟਿੰਗ ਦੇ ਸਬੰਧ ਵਿਚ ਗਏ ਸਨ।

ਤਰਸੇਮ ਸਿੰਘ ਨੇ ਦੱਸਿਆ ਕਿ 30 ਅਗਸਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਤਖ਼ਤਾਂ ਦੇ ਜਥੇਦਾਰਾਂ ਦੀ ਮੀਟਿੰਗ ਹੋ ਰਹੀ ਹੈ। ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਦਲ ਵਿਚ ਕੀਤੀਆਂ ਗਈਆਂ ਗਲਤੀਆਂ ਨੂੰ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਭਾਈਚਾਰੇ ਸਬੰਧੀ ਫੈਸਲੇ ਲੈਣ ਦੀ ਅਪੀਲ ਕੀਤੀ ਗਈ ਹੈ। ਸਿੰਘਾਸਣ ਦੀ ਮਰਿਆਦਾ ਨੂੰ ਮੁੱਖ ਰੱਖ ਕੇ ਅਜਿਹਾ ਫੈਸਲਾ ਲਿਆ ਜਾਵੇ ਜੋ ਕੌਮ ਨੂੰ ਪ੍ਰਵਾਨ ਹੋਵੇ। ਉਨ੍ਹਾਂ ਆਖਿਆ ਕਿ 30 ਅਗਸਤ ਨੂੰ ਅਜਿਹਾ ਫੈਸਲਾ ਲਓ, ਜੋ ਕਿ ਪੰਥ ਲਈ ਮਿਸਾਲ ਬਣ ਜਾਵੇ।

ਤਰਸੇਮ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਨੇ ਇੰਨੀਆਂ ਵੱਡੀਆਂ ਗਲਤੀਆਂ ਕੀਤੀਆਂ ਹਨ ਕਿ ਹੁਣ ਕੌਮ ਨੇ ਸੁਖਬੀਰ ਨੂੰ ਨਕਾਰ ਦਿੱਤਾ ਹੈ। ਹੁਣ ਉਹ ਹੱਥ-ਪੈਰ ਮਾਰ ਰਹੇ ਹਨ, ਗਲਤ ਬਿਆਨਬਾਜ਼ੀ ਕਰ ਰਹੇ ਹਨ। ਜਦੋਂ ਅਕਾਲੀ ਦਲ ਦੀ ਸਰਕਾਰ ਸੀ ਤਾਂ ਉਨ੍ਹਾਂ ਨੇ ਕੁਝ ਨਹੀਂ ਕੀਤਾ। ਹੁਣ ਉਹ ਆਪਣੇ ਗੁਨਾਹਾਂ 'ਤੇ ਪਰਦਾ ਪਾਉਣ ਲਈ ਇਹ ਸਭ ਕਰ ਰਹੇ ਹਨ। ਹੁਣ ਵੀ ਉਹ ਕੇਂਦਰ ਨਾਲ ਲੜਨ ਦੀ ਬਜਾਏ ਅੰਮ੍ਰਿਤਪਾਲ ਸਿੰਘ 'ਤੇ ਬਿਆਨਬਾਜ਼ੀ ਕਰ ਰਹੇ ਹਨ।

## ਬਿੱਟੂ ਰਾਜਸਥਾਨ ਤੋਂ ਬ਼ਗੈਰ ਮੁਕਾਬਲਾ ਰਾਜ ਸਭਾ ਮੈਂਬਰ ਬਣੇ

**ਜੈਪੁਰ:** ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਰਾਜਸਥਾਨ ਤੋਂ ਰਾਜ ਸਭਾ ਦੇ ਮੈਂਬਰ ਚੁਣੇ ਗਏ ਹਨ। ਵਿਧਾਨ ਸਭਾ ਦੇ ਪ੍ਰਮੁੱਖ ਸਕੱਤਰ ਅਤੇ ਰਿਟਰਨਿੰਗ ਅਫਸਰ ਮਹਾਵੀਰ ਪ੍ਰਸਾਦ ਸ਼ਰਮਾ ਨੇ ਭਾਜਪਾ ਦੇ ਉਮੀਦਵਾਰ ਰਵਨੀਤ ਸਿੰਘ ਨੂੰ ਰਾਜਸਥਾਨ ਤੋਂ ਰਾਜ ਸਭਾ ਸੀਟ ਲਈ ਜ਼ਿਮਨੀ ਚੋਣ ਵਿਚ ਬ਼ਗੈਰ ਮੁਕਾਬਲਾ ਚੁਣੇ ਜਾਣ ਦਾ ਐਲਾਨ ਕੀਤਾ।

# ਕਰਤਾਰਪੁਰ ਸਾਹਿਬ ਜਾਣ ਵਾਲੇ ਮੁਲਾਜ਼ਮਾਂ ਨੂੰ ਵਿਦੇਸ਼ ਛੁੱਟੀ ਦੀ ਸ਼੍ਰੇਣੀ ਤੋਂ ਛੋਟ ਮੰਗੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਵਿਦੇਸ਼ ਛੁੱਟੀ ਦੀ ਸ਼੍ਰੇਣੀ ਤੋਂ ਛੋਟ ਦੇਣ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਸਕੱਤਰ ਪ੍ਰਤਾਪ ਸਿੰਘ ਨੇ ਸਰਕਾਰ ਦੇ ਪ੍ਰਸੋਨਲ ਵਿਭਾਗ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਪ੍ਰਸੋਨਲ ਵਿਭਾਗ ਦੇ ਪੱਤਰ ਨੰਬਰ 176 ਮਿਤੀ 8-11-2019 ਰਾਹੀਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਜਾਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵਿਦੇਸ਼ ਛੁੱਟੀ ਤੋਂ ਛੋਟ ਦਿੱਤੀ ਹੋਈ ਸੀ, ਜਿਸ ਨੂੰ ਹੁਣ ਪੰਜਾਬ ਸਰਕਾਰ ਨੇ ਅੱਗੇ ਨਹੀਂ ਵਧਾਇਆ। ਸ਼੍ਰੋਮਣੀ ਕਮੇਟੀ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਸਮੂਹ ਮੁਲਾਜ਼ਮਾਂ ਨੂੰ ਵਿਦੇਸ਼ ਛੁੱਟੀ ਦੀ ਪ੍ਰਕਿਰਿਆ ਤੋਂ ਛੋਟ ਦਿੱਤੀ ਜਾਵੇ।

# ਕਬਾੜੀਆ ਕਰੋੜਪਤੀ ਬਣਿਆ

**ਜਲੰਧਰ:** ਆਦਮਪੁਰ ਦੇ ਗਰੀਬ ਪਰਿਵਾਰ ਦੇ ਪ੍ਰੀਤਮ ਲਾਲ ਜੱਗੀ (ਉਰਫ ਪ੍ਰੀਤਮ ਕਬਾੜੀਆ) ਪੁੱਤਰ ਚਰਨ ਦਾਸ ਜੱਗੀ ਦਾ ਰੱਖੜੀ ਬੰਪਰ ਦਾ ਪਹਿਲਾ ਇਨਾਮ 2.5 ਕਰੋੜ ਰੁਪਏ ਨਿਕਲਿਆ ਹੈ। ਪ੍ਰੀਤਮ ਲਾਲ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਪਿਛਲੇ ਕਈ ਦਹਾਕਿਆਂ ਤੋਂ ਆਦਮਪੁਰ ਵਿਚ ਕਬਾੜੀਏ ਦਾ ਕੰਮ ਕਰਦਾ ਆ ਰਿਹਾ ਹੈ। ਇਸ ਕੰਮ ਤੋਂ ਅੱਜ ਤੱਕ ਉਹ ਆਪਣਾ ਮਕਾਨ ਅਤੇ ਦੁਕਾਨ ਨਹੀਂ ਬਣਾ ਸਕਿਆ ਪਰ ਪਰਿਵਾਰ ਦਾ ਗੁਜ਼ਾਰਾ ਵਧੀਆ ਹੋ ਰਿਹਾ ਹੈ।

ਉਸ ਨੇ ਦੱਸਿਆ ਕਿ ਉਹ ਪਿਛਲੇ 50 ਸਾਲਾਂ ਤੋਂ ਜਦੋਂ ਪੰਜਾਬ ਸਰਕਾਰ ਦੀ ਲਾਟਰੀ ਦੀ ਟਿਕਟ ਇਕ ਰੁਪਏ ਦੀ ਹੁੰਦੀ ਸੀ, ਪਾਉਂਦਾ ਆ ਰਿਹਾ ਹੈ। ਪਿਛਲੇ ਹਫ਼ਤੇ ਜਲੰਧਰ ਤੋਂ ਲਾਟਰੀ ਵੇਚਣ ਆਏ ਸੇਵਕ ਨਾਮ ਦੇ ਏਜੰਟ ਕੋਲੋਂ ਉਸ ਅਤੇ ਉਸ ਦੀ ਪਤਨੀ ਅਨੀਤਾ ਜੱਗੀ (ਉਰਫ ਬਬਲੀ) ਨੇ ਦੋਹਾਂ ਦੇ ਨਾਮ 'ਤੇ ਪੰਜਾਬ ਸਰਕਾਰ ਦਾ ਰੱਖੜੀ ਬੰਪਰ 2024 ਦਾ ਟਿਕਟ ਨੰਬਰ 452749 ਖਰੀਦਿਆ ਜੋ ਲੂਥਰਾ ਲਾਟਰੀ ਏਜੰਸੀ ਜਲੰਧਰ ਵੱਲੋਂ ਵੇਚਿਆ ਗਿਆ ਸੀ। ਐਤਵਾਰ ਸਵੇਰੇ ਅਖ਼ਬਾਰ ਵਿਚ ਲਾਟਰੀ ਦਾ ਨਤੀਜਾ ਦੇਖਿਆ ਤਾਂ ਉਸ ਨੂੰ ਪਤਾ ਲੱਗਿਆ ਕਿ ਪਹਿਲਾ ਇਨਾਮ ਟਿਕਟ ਨੰਬਰ 452749 ਦਾ ਹੈ ਜੋ ਉਸ ਕੋਲ ਸੀ। ਮਗਰੋਂ ਉਸ ਨੂੰ ਜਲੰਧਰ ਤੋਂ ਲਾਟਰੀ ਵਾਲਿਆਂ ਦਾ ਇਸ ਸਬੰਧੀ ਫੋਨ ਆਇਆ। ਉਸ ਨੇ ਕਿਹਾ ਕਿ ਜਦੋਂ ਇਹ ਪੈਸੇ ਮਿਲ ਜਾਣਗੇ ਤਾਂ ਉਹ ਇਸ ਵਿਚੋਂ 25 ਫ਼ੀਸਦ ਸਮਾਜ ਸੇਵਾ ਦੇ ਕੰਮਾਂ ਤੇ ਗਰੀਬਾਂ ਲਈ ਖਰਚ ਕਰੇਗਾ। ਉਸ ਨੂੰ ਭਰੋਸਾ ਹੀ ਨਹੀਂ ਹੋ ਰਿਹਾ ਕਿ ਉਸ ਦੀ ਲਾਟਰੀ ਨਿਕਲ ਆਈ ਹੈ ਅਤੇ ਉਹ ਕਰੋੜਪਤੀ ਬਣ ਗਿਆ ਹੈ।

## ਭਗਵੰਤ ਹੁਣ ਰਾਜਿਆਂ ਵਰਗੀ ਸ਼ਾਹੀ ਜ਼ਿੰਦਗੀ ਦੀ ਰੀਝ ਪੂਰੀ ਕਰਨਗੇ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਲੰਧਰ ਵਿਚ ਪਹਿਲੀ ਆਜ਼ਾਦੀ ਦੀ ਲੜਾਈ ਤੋਂ ਵੀ ਪੁਰਾਣੇ ਮਕਾਨ ਵਿਚ ਰਹਿਣ ਸਬੰਧੀ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਆਮ ਲੋਕਾਂ ਵਰਗੀ ਜ਼ਿੰਦਗੀ ਜਿਉਣ ਦਾ ਦਾਅਵਾ ਕਰਦੇ ਸਨ ਪਰ ਚੋਣਾਂ ਜਿੱਤਣ ਮਗਰੋਂ ਉਨ੍ਹਾਂ ਆਪਣਾ ਅਸਲੀ ਰੰਗ ਦਿਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਮੁੱਖ ਮੰਤਰੀ ਨੇ ਜਲੰਧਰ ਵਿਚ 11 ਏਕੜ ਰਕਬੇ ਵਿਚ 1857 ਦੀ ਪਹਿਲੀ ਆਜ਼ਾਦੀ ਦੀ ਲੜਾਈ ਤੋਂ ਵੀ ਪੁਰਾਣੇ ਬਣੇ ਮਕਾਨ ਵਿਚ ਰਹਿ ਕੇ ਆਲੀਸ਼ਾਨ ਸ਼ਾਹੀ ਜ਼ਿੰਦਗੀ ਜਿਉਣ ਦੇ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਤਿਆਰੀ ਕਰ ਲਈ ਹੈ।

# ਕੰਗਨਾ ਕਾਰਨ ਬੁਰੀ ਫਸੀ ਭਾਜਪਾ

*(ਪਹਿਲੇ ਸਫੇ ਦੀ ਬਾਕੀ)*

ਦੀ ਅਗਵਾਈ ਪੰਜਾਬ ਤੇ ਹਰਿਆਣਾ ਨੇ ਕੀਤੀ ਸੀ। ਇਸ ਕਰ ਕੇ ਹਰਿਆਣਾ ਦੇ ਕਿਸਾਨਾਂ ਵਿਚ ਕੰਗਨਾ ਦੇ ਬਿਆਨ ਨੂੰ ਲੈ ਕੇ ਕਾਫੀ ਨਿਰਾਸ਼ਾ ਹੈ।

ਇਸੇ ਦੌਰਾਨ, ਕਿਸਾਨ ਜਥੇਬੰਦੀਆਂ ਨੇ ਸਾਫ ਆਖ ਦਿੱਤਾ ਹੈ ਕਿ ਜੇ ਪ੍ਰਧਾਨ ਮੰਤਰੀ ਜਾਂ ਭਾਜਪਾ ਵੱਲੋਂ ਇਸ ਬਿਆਨ 'ਤੇ ਕੋਈ ਐਕਸ਼ਨ ਨਾ ਲਿਆ ਗਿਆ ਤਾਂ ਕਿਸਾਨ ਜਥੇਬੰਦੀਆਂ ਵੱਲੋਂ ਕੰਗਨਾ ਰਣੌਤ ਖ਼ਿਲਾਫ਼ ਸੰਘਰਸ਼ ਦਾ ਰਾਹ ਅਖਤਿਆਰ ਕੀਤਾ ਜਾਵੇਗਾ। ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਹਿਲਾਂ ਕਿਸਾਨੀ ਅੰਦੋਲਨ ਦੌਰਾਨ ਕਿਸਾਨ ਪਰਿਵਾਰਾਂ ਦੀਆਂ ਬੀਬੀਆਂ ਲਈ ਕੰਗਨਾ ਵੱਲੋਂ ਮਾੜੀ ਸ਼ਬਦਾਵਲੀ ਵਰਤੀ ਗਈ, ਇਸ ਤੋਂ ਬਾਅਦ ਉਸ ਨੇ ਪੰਜਾਬੀ ਗਾਇਕਾਂ ਬਾਰੇ ਗ਼ਲਤ ਬਿਆਨ ਦਿੱਤੇ। ਇਸ ਉਪਰੰਤ ਹਾਲ ਹੀ ਵਿਚ ਉਸ ਵੱਲੋਂ ਫਿਲਮ 'ਐਮਰਜੈਂਸੀ' ਦੇ ਟ੍ਰੇਲਰ ਵਿਚ ਪੰਜਾਬ, ਪੰਜਾਬੀਅਤ ਤੇ ਸਿੱਖਾਂ ਲਈ ਨਫ਼ਰਤ ਦਾ ਪ੍ਰਗਟਾਵਾ ਕੀਤਾ ਗਿਆ।

ਡਾ. ਚੀਮਾ ਨੇ ਕਿਹਾ ਕਿ ਹੁਣ ਤਾਜ਼ਾ ਇੰਟਰਵਿਊ ਵਿਚ ਕਿਸਾਨੀ ਅੰਦੋਲਨ ਬਾਰੇ ਵਰਤੇ ਘਟੀਆ ਸ਼ਬਦ ਕੰਗਨਾ ਦੀ ਮਾੜੀ ਤੇ ਸੌੜੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੇ ਹਨ। ਕੰਗਨਾ ਦੇ ਨਫ਼ਰਤ ਭਰਪੂਰ ਬਿਆਨ ਪੰਜਾਬ ਦੇ ਮਾਹੌਲ 'ਚ ਅੱਗ ਲਾਉਣ ਦੀ ਕੋਝੀ ਸਾਜ਼ਿਸ਼ ਲੱਗ ਰਹੇ ਹਨ। ਸ਼ੰਭੂ ਬਾਰਡਰ 'ਤੇ ਖੜ੍ਹੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸਰਵਣ ਸਿੰਘ ਪੰਧੇਰ ਨੇ ਕੰਗਨਾ ਰਣੌਤ ਨੂੰ ਖੁਦ ਮੁਆਫੀ ਮੰਗਣ ਲਈ ਕਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਜਪਾ ਨੇ ਰਾਸ਼ਟਰੀ ਪੱਧਰ 'ਤੇ ਕੰਗਨਾ ਰਣੌਤ ਦੇ ਬਿਆਨ ਤੋਂ ਦੂਰੀ ਬਣਾ ਲਈ ਹੈ ਪਰ ਕੰਗਨਾ ਰਣੌਤ ਭਾਜਪਾ ਦੀ ਸੰਸਦ ਹੈ, ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਹੋਣੀ ਚਾਹੀਦੀ ਹੈ। ਜੇ ਭਾਜਪਾ ਦਾ ਮੰਨਣਾ ਹੈ ਕਿ ਇਹ ਬਿਆਨ ਸਹੀ ਨਹੀਂ ਤੇ ਇਹ ਗ਼ਲਤ ਬਿਆਨ ਹੈ ਤਾਂ ਉਸ ਖਿਲਾਫ ਅਨੁਸ਼ਾਸਨੀ ਕਾਰਵਾਈ ਕਰਨੀ ਚਾਹੀਦੀ ਹੈ।

ਸੰਯੁਕਤ ਕਿਸਾਨ ਮੋਰਚਾ ਅਤੇ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨੂੰ ਆਪਣੇ ਸੰਸਦ ਮੈਂਬਰ ਦੇ ਕਿਸਾਨ ਵਿਰੋਧੀ ਬਿਆਨ ਲਈ ਮੁਆਫ਼ੀ ਮੰਗਣੀ ਪਵੇਗੀ। ਜਦੋਂ ਤੱਕ ਕੰਗਨਾ ਰਣੌਤ ਵੀ ਮੁਆਫੀ ਨਹੀਂ ਮੰਗਦੀ, ਉਸ ਦਾ ਦੇਸ਼ ਭਰ ਵਿਚ ਵਿਰੋਧ ਕੀਤਾ ਜਾਵੇਗਾ। ਇਸ ਦੇ ਨਾਲ ਹੀ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕੰਗਨਾ ਰਣੌਤ ਦੀ ਮਾਨਸਿਕ ਸਥਿਤੀ 'ਤੇ ਸਵਾਲ ਖੜ੍ਹੇ ਕੀਤੇ ਹਨ।

ਕਾਂਗਰਸ ਦੇ ਸੰਸਦ ਮੈਂਬਰ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀ ਕੰਗਨਾ ਦੇ ਇਸ ਬਿਆਨ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦਾ ਸਾਰਾ ਮੰਤਰ ਕਿਸਾਨਾਂ ਨੂੰ ਬਦਨਾਮ ਕਰਨ 'ਤੇ ਲੱਗਾ ਹੋਇਆ ਹੈ। ਕਿਸਾਨਾਂ ਨੂੰ ਬਲਾਤਕਾਰੀ ਅਤੇ ਵਿਦੇਸ਼ੀ ਤਾਕਤਾਂ ਦੇ ਨੁਮਾਇੰਦੇ ਕਹਿਣਾ ਸ਼ਰਮਨਾਕ ਹੈ।

# ਹਰਮਨਪ੍ਰੀਤ ਕੌਰ ਮਹਿਲਾ ਟੀ-20 ਵਿਸ਼ਵ ਕੱਪ ਲਈ ਭਾਰਤ ਦੀ ਕਪਤਾਨ

**ਨਵੀਂ ਦਿੱਲੀ:** ਸਟਾਰ ਬੱਲੇਬਾਜ਼ ਹਰਮਨਪ੍ਰੀਤ ਕੌਰ 3 ਅਕਤੂਬਰ ਤੋਂ ਸੰਯੁਕਤ ਅਰਬ ਅਮੀਰਾਤ ਵਿਚ ਹੋਣ ਵਾਲੇ ਮਹਿਲਾ ਟੀ-20 ਵਿਸ਼ਵ ਕੱਪ ਲਈ ਐਲਾਨੀ 15 ਮੈਂਬਰੀ ਭਾਰਤੀ ਟੀਮ ਦੀ ਅਗਵਾਈ ਕਰੇਗੀ। ਟੂਰਨਾਮੈਂਟ ਦੀ ਮੇਜ਼ਬਾਨੀ ਪਹਿਲਾਂ ਬੰਗਲਾਦੇਸ਼ ਨੇ ਕਰਨੀ ਸੀ ਪਰ ਉੱਥੇ ਰਾਜਨੀਤਿਕ ਅਸ਼ਾਂਤੀ ਦੇ ਕਾਰਨ ਇਸ ਨੂੰ ਸੰਯੁਕਤ ਅਰਬ ਅਮੀਰਾਤ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਭਾਰਤ ਨੂੰ ਆਸਟਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ ਅਤੇ ਸ੍ਰੀਲੰਕਾ ਦੇ ਨਾਲ ਗਰੁੱਪ ਏ ਵਿਚ ਰੱਖਿਆ ਗਿਆ ਹੈ। ਭਾਰਤੀ ਟੀਮ ਆਪਣੀ ਪਹਿਲੀ ਟੀ-20 ਵਿਸ਼ਵ ਕੱਪ ਟਰਾਫੀ ਜਿੱਤਣ ਦੇ ਟੀਚੇ ਨਾਲ ਟੂਰਨਾਮੈਂਟ ਵਿਚ ਉਤਰੇਗੀ।

ਮਹਿਲਾ ਟੀ-20 ਵਿਸ਼ਵ ਕੱਪ ਲਈ ਭਾਰਤ ਦੀ ਟੀਮ: ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ (ਉਪ-ਕਪਤਾਨ), ਸ਼ੈਫਾਲੀ ਵਰਮਾ, ਦੀਪਤੀ ਸ਼ਰਮਾ, ਜੇਮਿਮਾ ਰੌਡਰਿਗਜ਼, ਰਿਚਾ ਘੋਸ਼ (ਵਿਕਟਕੀਪਰ), ਯਸਤਿਕਾ ਭਾਟੀਆ (ਵਿਕਟਕੀਪਰ), ਪੂਜਾ ਵਸਤਰਾਕਰ, ਅਰੁੰਧਤੀ ਰੈੱਡੀ, ਰੇਣੁਕਾ ਸਿੰਘ ਠਾਕੁਰ, ਦਿਆਲਨ ਹੇਮਲਤਾ, ਆਸ਼ਾ ਸੋਭਨਾ, ਰਾਧਾ ਯਾਦਵ, ਸ਼੍ਰੇਅੰਕਾ ਪਾਟਿਲ, ਸਜਨਾ ਸਜੀਵਨ।

# ਐਚ.ਐਸ. ਧਾਲੀਵਾਲ ਅੰਡੇਮਾਨ ਤੇ ਨਿਕੋਬਾਰ ਦ ਡੀ.ਜੀ.ਪੀ. ਬਣੇ

**ਚੰਡੀਗੜ੍ਹ:** ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁੱਖ ਜਾਂਚ ਕਰਤਾ ਆਈ.ਪੀ.ਐਸ. ਅਧਿਕਾਰੀ ਹਰਗੋਬਿੰਦਰ ਸਿੰਘ ਧਾਲੀਵਾਲ ਨੂੰ ਅੰਡੇਮਾਨ ਅਤੇ ਨਿਕੋਬਾਰ ਟਾਪੂ ਦੇ ਡੀ.ਜੀ.ਪੀ. ਵਜੋਂ ਤਾਇਨਾਤ ਕੀਤਾ ਗਿਆ ਹੈ।

ਮੋਗਾ ਦੇ ਪਿੰਡ ਜ਼ਫਰਨਾਮਾ ਦੇ ਰਹਿਣ ਵਾਲੇ ਧਾਲੀਵਾਲ ਨੇ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਸਨਸਨੀਖੇਜ਼ ਕਤਲ ਕੇਸ ਦਾ ਵੀ ਪਰਦਾਫਾਸ਼ ਕੀਤਾ ਸੀ। ਉਨ੍ਹਾਂ ਦੀ ਟੀਮ ਨੇ ਖਿਡਾਰੀ ਨੂੰ ਗੋਲੀ ਮਾਰਨ ਵਾਲੇ ਗਰੋਹ ਨੂੰ ਗ੍ਰਿਫਤਾਰ ਕੀਤਾ ਸੀ।

ਧਾਲੀਵਾਲ ਦੀ ਅਗਵਾਈ ਹੇਠ ਦਿੱਲੀ ਦੀਆਂ ਪੁਲਿਸ ਟੀਮਾਂ ਨੇ ਮੂਸੇਵਾਲਾ ਕੇਸ ਦੇ ਛੇ ਸ਼ੂਟਰਾਂ ਵਿਚੋਂ ਤਿੰਨ ਨੂੰ ਗ੍ਰਿਫਤਾਰ ਕੀਤਾ ਸੀ। ਦਿੱਲੀ ਪੁਲਿਸ ਨੇ ਨੇਪਾਲ ਸਰਹੱਦ ਦੇ ਨੇੜੇ ਤੋਂ ਚੌਥੇ ਨਿਸ਼ਾਨੇਬਾਜ਼ ਦੀਪਕ ਮੁੰਡੀ ਨੂੰ ਲੱਭਣ ਵਿਚ ਵੀ ਅਹਿਮ ਭੂਮਿਕਾ ਨਿਭਾਈ ਸੀ। ਉਸ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ। ਧਾਲੀਵਾਲ ਕਿਸੇ ਸਮੇਂ ਚੰਡੀਗੜ੍ਹ ਦੇ ਐੱਸ.ਪੀ. (ਅਪ੍ਰੇਸ਼ਨਜ਼) ਵਜੋਂ ਵੀ ਤਾਇਨਾਤ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 125 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੇਂਦਰੀ ਮੁਲਾਜ਼ਮਾਂ ਨੂੰ ਮਿਲੇਗੀ ਤਨਖਾਹ ਦੀ 50 ਫੀਸਦ ਪੈਨਸ਼ਨ

**ਨਵੀਂ ਦਿੱਲੀ:** ਕੇਂਦਰੀ ਕੈਬਨਿਟ ਨੇ ਨੈਸ਼ਨਲ ਪੈਨਸ਼ਨ ਸਿਸਟਮ (ਐਨ.ਪੀ.ਐਸ) ਤਹਿਤ ਸਰਕਾਰੀ ਨੌਕਰੀਆਂ ਕਰ ਰਹੇ 23 ਲੱਖ ਮੁਲਾਜ਼ਮਾਂ ਨੂੰ ਨਵੀਂ ਯੂਨੀਫਾਈਡ ਪੈਨਸ਼ਨ ਸਕੀਮ (ਯੂ.ਪੀ.ਐਸ) ਤਹਿਤ ਤਨਖ਼ਾਹ ਦਾ 50 ਫ਼ੀਸਦ ਹਿੱਸਾ ਪੈਨਸ਼ਨ ਵਜੋਂ ਦੇਣ ਦਾ ਫ਼ੈਸਲਾ ਕੀਤਾ ਹੈ।

ਨੈਸ਼ਨਲ ਪੈਨਸ਼ਨ ਸਿਸਟਮ 1 ਅਪਰੈਲ 2004 ਤੋਂ ਬਾਅਦ ਸਰਕਾਰੀ ਨੌਕਰੀਆਂ ਵਿਚ ਆਏ ਮੁਲਾਜ਼ਮਾਂ ਲਈ ਹੀ ਲਾਗੂ ਹੈ। ਐਨ.ਪੀ.ਐਸ. ਮੁਲਾਜ਼ਮਾਂ ਲਈ ਲਾਗੂ ਪਰਿਭਾਸ਼ਿਤ ਲਾਭ ਦੀ ਬਜਾਏ ਯੋਗਦਾਨ ਦੇ ਆਧਾਰ 'ਤੇ ਅਧਾਰਿਤ ਸੀ। ਯੂਨੀਫਾਈਡ ਪੈਨਸ਼ਨ ਸਕੀਮ 1 ਅਪਰੈਲ 2025 ਤੋਂ ਲਾਗੂ ਹੋਵੇਗੀ। ਸੇਵਾਮੁਕਤ ਹੋ ਚੁੱਕੇ ਤੇ 31 ਮਾਰਚ 2025 ਤੱਕ ਸੇਵਾਮੁਕਤ ਹੋਣ ਵਾਲੇ ਮੁਲਾਜ਼ਮਾਂ ਨੂੰ ਇਸ ਸਕੀਮ ਦੇ ਲਾਭ ਏਰੀਅਰ ਸਣੇ ਮਿਲਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਯੂਨੀਫਾਈਡ ਪੈਨਸ਼ਨ ਸਕੀਮ ਸਰਕਾਰੀ ਮੁਲਾਜ਼ਮਾਂ ਦੇ ਗੌਰਵ ਤੇ ਵਿੱਤੀ ਸੁਰੱਖਿਆ ਨੂੰ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਮੁਲਾਜ਼ਮਾਂ ਦੀ ਭਲਾਈ ਤੇ ਸੁਰੱਖਿਅਤ ਭਵਿੱਖ ਲਈ ਵਚਨਬੱਧ ਹੈ।



ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕੈਬਨਿਟ ਵੱਲੋਂ ਲਏ ਫ਼ੈਸਲਿਆਂ ਦਾ ਐਲਾਨ ਕਰਦਿਆਂ ਕਿਹਾ ਕਿ ਯੂਨੀਫਾਈਡ ਪੈਨਸ਼ਨ ਸਕੀਮ (ਯੂ.ਪੀ.ਐਸ.) ਤਹਿਤ ਸਰਕਾਰੀ ਮੁਲਾਜ਼ਮ ਹੁਣ ਪਿਛਲੇ ਇਕ ਸਾਲ ਵਿਚ ਲਈ ਔਸਤ ਬੇਸਿਕ ਤਨਖ਼ਾਹ ਦਾ 50 ਫ਼ੀਸਦ ਸੇਵਾਮੁਕਤੀ ਮੌਕੇ ਪੈਨਸ਼ਨ ਵਜੋਂ ਲੈਣ ਦੇ ਹੱਕਦਾਰ ਹੋਣਗੇ। ਉਨ੍ਹਾਂ ਕਿਹਾ ਕਿ ਪੂਰੀ ਪੈਨਸ਼ਨ ਜਾਂ ਤਨਖ਼ਾਹ ਦਾ 50 ਫ਼ੀਸਦ ਪੈਨਸ਼ਨ ਵਜੋਂ ਲੈਣ ਲਈ ਉਹੀ ਮੁਲਾਜ਼ਮ ਯੋਗ ਹੋਵੇਗਾ ਜਿਸ ਨੇ 25 ਸਾਲ ਦੀ ਨੌਕਰੀ ਕੀਤੀ ਹੋਵੇਗੀ। ਉਨ੍ਹਾਂ ਕਿਹਾ ਕਿ ਜਿਸ ਵਿਅਕਤੀ ਨੇ ਘੱਟੋ-ਘੱਟ ਦਸ ਸਾਲ ਦੀ ਸੇਵਾ ਕੀਤੀ ਹੈ, ਉਸ ਨੂੰ ਉਸੇ ਅਨੁਪਾਤ ਨਾਲ ਪੈਨਸ਼ਨ ਮਿਲੇਗੀ। ਕੇਂਦਰੀ ਕੈਬਨਿਟ ਦੇ ਫੈਸਲੇ ਮਗਰੋਂ ਐਨ.ਪੀ.ਐਸ. ਸਬਸਕ੍ਰਾਈਬਰ ਹੁਣ ਯੂਨੀਫਾਈਡ ਪੈਨਸ਼ਨ ਸਕੀਮ (ਯੂ.ਪੀ.ਐਸ) ਬਦਲ ਦੀ ਚੋਣ ਕਰ ਸਕਣਗੇ, ਜੋ ਅਗਲੇ ਵਿੱਤੀ ਸਾਲ ਦੀ ਸ਼ੁਰੂਆਤ ਤੋਂ ਬਣਦੀ ਪੈਨਸ਼ਨ ਦੀ ਪੇਸ਼ਕਸ਼ ਕਰਦੀ ਹੈ। ਵਿੱਤ ਮੰਤਰਾਲੇ ਨੇ ਸਰਕਾਰੀ ਮੁਲਾਜ਼ਮਾਂ ਦੀ ਪੈਨਸ਼ਨ ਸਕੀਮ 'ਤੇ ਨਜ਼ਰਸਾਨੀ ਲਈ ਪਿਛਲੇ ਸਾਲ ਵਿੱਤ ਸਕੱਤਰ ਟੀਵੀ ਸੋਮਨਾਥਨ ਦੀ ਅਗਵਾਈ ਹੇਠ ਕਮੇਟੀ ਬਣਾਈ ਸੀ ਤੇ ਲੋੜ ਪੈਣ 'ਤੇ ਨੈਸ਼ਨਲ ਪੈਨਸ਼ਨ ਸਕੀਮ ਦੇ ਮੌਜੂਦਾ ਚੌਖਟੇ ਤੇ ਬਣਤਰ ਦੀ ਰੌਸ਼ਨੀ ਵਿਚ ਸੁਝਾਅ ਦੇਣ ਲਈ ਕਿਹਾ ਸੀ। ਕਈ ਗੈਰ-ਭਾਜਪਾ ਸ਼ਾਸਿਤ ਰਾਜਾਂ ਨੇ ਡੀਏ ਨਾਲ ਜੁੜੀ ਪੁਰਾਣੀ ਪੈਨਸ਼ਨ ਸਕੀਮ (ਓ.ਪੀ.ਐਸ) ਉਤੇ ਵਾਪਸ ਜਾਣ ਦਾ ਫ਼ੈਸਲਾ ਕੀਤਾ ਸੀ ਤੇ ਕਈ ਹੋਰ ਰਾਜਾਂ ਦੀਆਂ ਮੁਲਾਜ਼ਮ ਜਥੇਬੰਦੀਆਂ ਨੇ ਵੀ ਇਹੀ ਮੰਗ ਕੀਤੀ ਸੀ।

## ਕੇਂਦਰ ਦੀ ਯੂਨੀਫਾਈਡ ਪੈਨਸ਼ਨ ਸਕੀਮ ਕਾਰਪੋਰੇਟ ਪੱਖੀ ਕਰਾਰ

**ਚੰਡੀਗੜ੍ਹ:** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਤਜਵੀਜ਼ਤ ਯੂਨੀਫਾਈਡ ਪੈਨਸ਼ਨ ਸਕੀਮ (ਯੂ.ਪੀ.ਐਸ) ਨੂੰ ਮੁਲਾਜ਼ਮਾਂ ਲਈ ਨੁਕਸਾਨਦੇਹ ਅਤੇ ਕਾਰਪੋਰੇਟ ਜਗਤ ਲਈ ਫਾਇਦੇਮੰਦ ਕਰਾਰ ਦਿੱਤਾ ਹੈ। ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ, ਸਕੱਤਰ ਜਰਨੈਲ ਸਿੰਘ ਪੱਟੀ ਨੇ ਕਿਹਾ ਕਿ ਸਮੁੱਚਾ ਮੁਲਾਜ਼ਮ ਵਰਗ ਸਾਲ-2004 ਵਿਚ ਪੁਰਾਣੀ ਪੈਨਸ਼ਨ ਬੰਦ ਹੋਣ ਮਗਰੋਂ ਲਾਗੂ ਕੀਤੇ ਗਏ ਐਨ.ਪੀ.ਐਸ. ਵਿਰੁੱਧ ਲਗਾਤਾਰ ਸੰਘਰਸ਼ ਕਰਦਾ ਆ ਰਿਹਾ ਹੈ। ਸੰਘਰਸ਼ ਦੇ ਦਬਾਅ ਕਾਰਨ 24 ਅਗਸਤ ਨੂੰ ਕੇਂਦਰ ਸਰਕਾਰ ਨੇ ਐਨ.ਪੀ.ਐਸ. ਬੰਦ ਕਰਕੇ ਯੂ.ਪੀ.ਐਸ. ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ। ਹਾਲਾਂ ਕਿ ਇਸਦਾ ਐਸ.ਓ.ਪੀ. ਅਜੇ ਜਾਰੀ ਨਹੀਂ ਕੀਤਾ ਗਿਆ ਹੈ ਪਰ ਜਿੰਨੀ ਕੁ ਜਾਣਕਾਰੀ ਨਿਕਲ ਕੇ ਸਾਹਮਣੇ ਆਈ ਹੈ, ਉਸ ਮੁਤਾਬਕ ਇਸ ਸਕੀਮ ਦਾ ਸਿੱਧਾ ਫਾਇਦਾ ਕਾਰਪੋਰੇਟ ਜਗਤ ਨੂੰ ਹੁੰਦਾ ਪ੍ਰਤੀਤ ਹੋ ਰਿਹਾ ਹੈ।

## ਫਰਵਰੀ ਤੱਕ ਪੁਲਾੜ 'ਚ ਰਹਿਣਗੇ ਸੁਨੀਤਾ ਵਿਲੀਅਮਜ਼ ਸਣੇ ਦੋ ਯਾਤਰੀ



**ਕੇਪ ਕੇਨਵੇਰਲ:** ਅਮਰੀਕੀ ਪੁਲਾੜ ਖੋਜ ਏਜੰਸੀ ਨਾਸਾ ਨੇ ਆਖਿਆ ਕਿ ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਸਣੇ ਦੋ ਪੁਲਾੜ ਯਾਤਰੀਆਂ ਨੂੰ ਬੋਇੰਗ ਦੇ ਨਵੇਂ ਕੈਪਸੂਲ ਰਾਹੀਂ ਧਰਤੀ 'ਤੇ ਵਾਪਸ ਲਿਆਉਣ 'ਚ ਵੱਡਾ ਜੋਖਮ ਹੋ ਸਕਦਾ ਹੈ ਅਤੇ ਸਪੇਸਐਕਸ ਰਾਹੀਂ ਵਾਪਸੀ ਲਈ ਉਨ੍ਹਾਂ ਨੂੰ ਅਗਲੇ ਵਰ੍ਹੇ ਤੱਕ ਉਡੀਕ ਕਰਨੀ ਪਵੇਗੀ। ਨਾਸਾ ਨੇ ਲੰਘੇ ਦਿਨੀਂ ਫ਼ੈਸਲਾ ਕੀਤਾ ਕਿ ਉਨ੍ਹਾਂ ਨੂੰ ਅਗਲੇ ਸਾਲ 'ਸਪੇਸਐਕਸ' ਦੇ ਪੁਲਾੜ ਵਾਹਨ ਰਾਹੀਂ ਵਾਪਸ ਲਿਆਂਦਾ ਜਾਵੇਗਾ। ਦੋ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਤੇ ਬੁਚ ਵਿਲਮੋਰ ਇਸ ਸਾਲ ਜੂਨ ਮਹੀਨੇ ਦੀ ਸ਼ੁਰੂਆਤ ਤੋਂ ਹੀ ਕੌਮਾਂਤਰੀ ਪੁਲਾੜ ਸਟੇਸ਼ਨ ਉਤੇ ਫਸੇ ਹੋਏ ਹਨ। ਪਰਖ ਉਡਾਣ ਤਹਿਤ ਇਕ ਹਫ਼ਤੇ ਲਈ ਪੁਲਾੜ 'ਚ ਗਏ ਸੁਨੀਤਾ ਤੇ ਵਿਲਮੋਰ ਨੂੰ ਹੁਣ ਅੱਠ ਮਹੀਨ ਤੋਂ ਵੱਧ ਸਮਾਂ ਉਥੇ ਰੁਕਣਾ ਹੋਵੇਗਾ। ਨਵੇਂ ਕੈਪਸੂਲ 'ਚ 'ਥਰਸਟਰ' ਦੇ ਕੰਮ ਨਾ ਕਰਨ ਅਤੇ ਹੀਲੀਅਮ ਲੀਕੇਜ ਕਾਰਨ ਪੁਲਾੜ ਸਟੇਸ਼ਨ ਤੱਕ ਉਨ੍ਹਾਂ ਦੇ ਸਫਰ 'ਚ ਅੜਿੱਕਾ ਪੈਦਾ ਹੋਇਆ ਸੀ, ਜਿਸ ਮਗਰੋਂ ਉਨ੍ਹਾਂ ਨੂੰ ਵਾਪਸ ਲਿਆਉਣ 'ਚ ਮੁਸ਼ਕਲ ਆ ਰਹੀ ਹੈ। ਲਗਭਗ ਤਿੰਨ ਮਹੀਨਿਆਂ ਬਾਅਦ ਆਖ਼ਰ ਨਾਸਾ ਦੇ ਉੱਚ ਅਧਿਕਾਰੀਆਂ ਨੇ ਦੋ ਪੁਲਾੜ ਯਾਤਰੀਆਂ ਦੀ ਵਾਪਸੀ ਫਰਵਰੀ ਤੱਕ ਟਾਲਣ ਦਾ ਫ਼ੈਸਲਾ ਕੀਤਾ। ਪੁਲਾੜ ਏਜੰਸੀ ਨੇ ਕਿਹਾ ਕਿ ਸੁਨੀਤਾ ਵਿਲੀਅਮਜ਼ ਤੇ ਬੁਚ ਵਿਲਮੋਰ ਫਰਵਰੀ ਮਹੀਨੇ 'ਸਪੇਸਐਕਸ' ਦੇ ਪੁਲਾੜ ਵਾਹਨ ਜ਼ਰੀਏ ਧਰਤੀ 'ਤੇ ਵਾਪਸ ਆਉਣਗੇ।

# ਅਮਰੀਕਾ ਨਾਲ ਮਿਲ ਕੇ ਕੰਮ ਕਰਨ ਦਾ ਚਾਹਵਾਨ ਹੈ ਭਾਰਤ: ਰਾਜਨਾਥ

**ਵਾਸ਼ਿੰਗਟਨ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਭਾਰਤ ਤੇ ਅਮਰੀਕਾ ਮਿਲ ਕੇ ਕੰਮ ਕਰਨ ਅਤੇ ਇਕ-ਦੂਜੇ ਦੇ ਤਜਰਬਿਆਂ ਦਾ ਲਾਹਾ ਲੈਣ ਦੇ ਚਾਹਵਾਨ ਹਨ। ਉਨ੍ਹਾਂ ਮੈਰੀਲੈਂਡ 'ਚ ਅਮਰੀਕੀ ਜਲ ਸੈਨਾ ਦੇ ਇਕ ਜੰਗੀ ਸਮੱਗਰੀ ਕੇਂਦਰ ਦਾ ਨਿਰੀਖਣ ਕਰਨ ਮਗਰੋਂ ਇਹ ਟਿੱਪਣੀ ਕੀਤੀ।

ਰਾਜਨਾਥ ਸਿੰਘ ਭਾਰਤ ਤੇ ਅਮਰੀਕਾ ਵਿਚਾਲੇ ਆਲਮੀ ਰਣਨੀਤਕ ਭਾਈਵਾਲੀ ਹੋਰ ਮਜ਼ਬੂਤ ਕਰਨ ਲਈ ਅਮਰੀਕਾ ਦੀ ਚਾਰ-ਰੋਜ਼ਾ ਫੇਰੀ 'ਤੇ ਹਨ। ਰੱਖਿਆ ਮੰਤਰੀ ਨੇ ਐਕਸ 'ਤੇ ਇਕ ਪੋਸਟ 'ਚ ਕਿਹਾ, 'ਕਾਰਡੇਰੌਕ 'ਚ ਨੇਵਲ ਸਰਫੇਸ ਵਾਰਫੇਅਰ ਸੈਂਟਰ ਦਾ ਦੌਰਾ ਕੀਤਾ ਅਤੇ ਇਸ ਕੇਂਦਰ 'ਚ ਕੀਤੇ ਜਾ ਰਹੇ ਅਹਿਮ ਤਜਰਬੇ ਦੇਖੇ।' ਉਨ੍ਹਾਂ ਕਿਹਾ, 'ਭਾਰਤ ਤੇ ਅਮਰੀਕਾ ਮਿਲ ਕੇ ਕੰਮ ਕਰਨ ਅਤੇ ਇਕ-ਦੂਜੇ ਦੇ ਤਜਰਬਿਆਂ ਦਾ ਲਾਹਾ ਲੈਣ ਦੇ ਚਾਹਵਾਨ ਹਨ।' ਇਸ ਤੋਂ ਪਹਿਲਾਂ ਰਾਜਨਾਥ ਨੇ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਤੇ ਰੱਖਿਆ ਮੰਤਰੀ ਲੌਇਡ ਆਸਟਿਨ ਨਾਲ ਮੁਲਾਕਾਤ ਕੀਤੀ।



ਆਸਟਿਨ ਨੇ ਰਾਜਨਾਥ ਸਿੰਘ ਨਾਲ ਮੁਲਾਕਾਤ ਦੌਰਾਨ ਅਮਰੀਕਾ-ਭਾਰਤ ਸਬੰਧਾਂ ਦੀ ਗਤੀ ਦੀ ਸ਼ਲਾਘਾ ਕੀਤੀ। ਉਨ੍ਹਾਂ ਵੱਖ-ਵੱਖ ਰੱਖਿਆ ਮੁੱਦਿਆਂ ਉਤੇ ਦੋਵਾਂ ਦੇਸ਼ਾਂ ਵਿਚਾਲੇ ਵਧਦੇ ਸਹਿਯੋਗ ਦਾ ਜ਼ਿਕਰ ਕੀਤਾ ਜਿਸ 'ਚ ਉਨ੍ਹਾਂ ਦੀਆਂ ਫ਼ੌਜਾਂ ਵਿਚਾਲੇ ਅਹਿਮ ਸਪਲਾਈ ਲੜੀਆਂ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਵੀ ਸ਼ਾਮਲ ਹਨ। ਆਸਟਿਨ ਨੇ ਕਿਹਾ, 'ਅਸੀਂ ਇਕ ਆਜ਼ਾਦ ਤੇ ਮੁਕਤ ਹਿੰਦ-ਪ੍ਰਸ਼ਾਂਤ ਖੇਤਰ ਦਾ ਨਜ਼ਰੀਆ ਸਾਂਝਾ ਕਰਦੇ ਹਾਂ ਅਤੇ ਸਾਡਾ ਰੱਖਿਆ ਸਹਿਯੋਗ ਲਗਾਤਾਰ ਮਜ਼ਬੂਤ ਹੁੰਦਾ ਜਾ ਰਿਹਾ ਹੈ। ਅਸੀਂ ਆਪਣੇ ਰੱਖਿਆ ਸਨਅਤੀ ਸਬੰਧਾਂ ਦਾ ਵਿਸਤਾਰ ਕਰ ਰਹੇ ਹਾਂ ਅਤੇ ਸਮਰੱਥਾਵਾਂ ਦਾ ਸਹਿ-ਉਦਪਾਦਨ ਕਰਨ ਤੇ ਸਪਲਾਈ ਲੜੀਆਂ ਨੂੰ ਮਜ਼ਬੂਤ ਕਰਨ ਦਾ ਕੰਮ ਕਰ ਰਹੇ ਹਾਂ।'

# ਇਜ਼ਰਾਈਲ ਵੱਲੋਂ ਲਿਬਨਾਨ 'ਤੇ ਹਵਾਈ ਹਮਲੇ, ਹਿਜ਼ਬੁੱਲ੍ਹਾ ਵੱਲੋਂ ਮੋੜਵਾਂ ਜਵਾਬ

**ਯੇਰੂਸ਼ਲਮ:** ਇਜ਼ਰਾਈਲ ਨੇ ਦੱਖਣੀ ਲਿਬਨਾਨ ਵਿਚ ਹਵਾਈ ਹਮਲੇ ਕਰਕੇ ਦਹਿਸ਼ਤੀ ਸਮੂਹ ਹਿਜ਼ਬੁੱਲ੍ਹਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਹਾਲਾਂਕਿ ਇਨ੍ਹਾਂ ਹਮਲਿਆਂ ਤੋਂ ਕੁਝ ਦੇਰ ਬਾਅਦ ਹਿਜ਼ਬੁੱਲਾ ਨੇ ਵੀ ਆਪਣੇ ਇਕ ਸਿਖਰਲੇ ਕਮਾਂਡਰ ਫੁਆਦ ਸ਼ੁਕੂਰ ਦੀ ਹੱਤਿਆ ਦਾ ਬਦਲਾ ਲੈਣ ਲਈ ਇਜ਼ਰਾਈਲ 'ਤੇ ਸੈਂਕੜੇ ਰਾਕੇਟਾਂ ਤੇ ਡਰੋਨਾਂ ਨਾਲ ਹਮਲਾ ਕਰ ਦਿੱਤਾ।



ਇਨ੍ਹਾਂ ਹਮਲਿਆਂ ਕਰਕੇ ਜਿੱਥੇ ਖ਼ਿੱਤੇ ਵਿਚ ਅਮਰੀਕਾ, ਇਰਾਨ ਤੇ ਖੇਤਰ ਦੇ ਦਹਿਸ਼ਤੀ ਸਮੂਹਾਂ ਵਿਚਾਲੇ ਵੱਡੀ ਜੰਗ ਲੱਗਣ ਦਾ ਖ਼ਤਰਾ ਵਧ ਗਿਆ ਹੈ, ਉਥੇ ਪਿਛਲੇ ਦਸ ਮਹੀਨਿਆਂ ਤੋਂ ਗਾਜ਼ਾ ਵਿਚ ਜੰਗਬੰਦੀ ਸਮਝੌਤੇ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਸੱਟ ਵੱਜ ਸਕਦੀ ਹੈ। ਇਜ਼ਰਾਇਲੀ ਫੌਜ ਨੇ ਕਿਹਾ ਕਿ ਹਿਜ਼ਬੁੱਲ੍ਹਾ ਵੱਲੋਂ ਇਜ਼ਰਾਈਲ ਵੱਲ ਰਾਕੇਟ ਤੇ ਮਿਜ਼ਾਈਲਾਂ ਨਾਲ ਹਮਲਾ ਕੀਤੇ ਜਾਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਸਨ। ਹਾਲਾਂਕਿ ਕੁਝ ਦੇਰ ਮਗਰੋਂ ਹਿਜ਼ਬੁੱਲ੍ਹਾ ਨੇ ਇਜ਼ਰਾਈਲ ਦੇ ਫੌਜੀ ਟਿਕਾਣਿਆਂ 'ਤੇ ਹਮਲੇ ਦਾ ਐਲਾਨ ਕਰ ਦਿੱਤਾ। ਦੋਵਾਂ ਧਿਰਾਂ ਵੱਲੋਂ ਇਹ ਹਮਲੇ ਅਜਿਹੇ ਮੌਕੇ ਕੀਤੇ ਗਏ ਹਨ ਜਦੋਂ ਇਜ਼ਰਾਈਲ-ਹਮਾਸ ਜੰਗ ਦੇ ਖਾਤਮੇ ਲਈ ਮਿਸਰ ਗੱਲਬਾਤ ਦੇ ਇਕ ਹੋਰ ਗੇੜ ਦੀ ਮੇਜ਼ਬਾਨੀ ਕਰ ਰਿਹਾ ਹੈ। ਹਿਜ਼ਬੁੱਲ੍ਹਾ ਨੇ ਕਿਹਾ ਸੀ ਕਿ ਜੇ ਗਾਜ਼ਾ ਵਿਚ ਜੰਗਬੰਦੀ ਹੁੰਦੀ ਹੈ ਤਾਂ ਉਹ ਜੰਗ ਰੋਕਣ ਲਈ ਤਿਆਰ ਹੈ।

ਉਧਰ, ਇਰਾਨ ਵੱਲੋਂ ਹਮਾਸ ਤੇ ਹਿਜ਼ਬੁੱਲ੍ਹਾ ਦੋਵਾਂ ਜਥੇਬੰਦੀਆਂ ਦੇ ਨਾਲ ਸੀਰੀਆ, ਇਰਾਕ ਤੇ ਯਮਨ ਵਿਚ ਦਹਿਸ਼ਤਗਰਦਾਂ ਦੀ ਹਮਾਇਤ ਕੀਤੀ ਜਾ ਰਹੀ ਹੈ। ਹਿਜ਼ਬੁੱਲ੍ਹਾ ਵੱਲੋਂ ਹਮਲਿਆਂ ਦੇ ਕੀਤੇ ਐਲਾਨ ਮਗਰੋਂ ਪੂਰੇ ਉੱਤਰੀ ਇਜ਼ਰਾਈਲ ਵਿਚ ਸਾਇਰਨ ਵੱਜਦੇ ਰਹੇ ਤੇ ਇਜ਼ਰਾਈਲ ਦੇ ਬੈਨ-ਗੁਰੀਅਨ ਕੌਮਾਂਤਰੀ ਹਵਾਈ ਅੱਡੇ 'ਤੇ ਆਉਣ ਵਾਲੀਆਂ ਉਡਾਣਾਂ ਨੂੰ ਹੋਰ ਪਾਸੇ ਡਾਇਵਰਟ ਕਰਨਾ ਪਿਆ ਤੇ ਕੁਝ ਦੇਰ ਲਈ ਜਹਾਜ਼ਾਂ ਨੂੰ ਉਡਾਣ ਭਰਨ ਤੋਂ ਰੋਕ ਦਿੱਤਾ। ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਕਿਹਾ ਕਿ ਦਰਜਨਾਂ ਜੰਗੀ ਜਹਾਜ਼ਾਂ ਨੇ ਦੱਖਣੀ ਲਿਬਨਾਨ ਵਿਚ ਹਿਜ਼ਬੁੱਲ੍ਹਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਹਵਾਈ ਸੈਨਾ, ਜੰਗੀ ਬੇੜਿਆਂ ਤੇ ਜੰਗੀ ਜਹਾਜ਼ਾਂ ਵੱਲੋਂ ਇਜ਼ਰਾਈਲ ਦੇ ਹਵਾਈ ਖੇਤਰ ਦੀ ਸੁਰੱਖਿਆ ਕੀਤੀ ਜਾ ਰਹੀ ਹੈ। ਉਧਰ, ਹਿਜ਼ਬੁੱਲ੍ਹਾ ਨੇ ਉੱਤਰੀ ਇਜ਼ਰਾਈਲ ਵਿਚ 11 ਫੌਜੀ ਅੱਡਿਆਂ, ਬੈਰਕਾਂ ਤੇ ਹੋਰ ਟਿਕਾਣਿਆਂ ਦੇ ਨਾਲ ਗੋਲਾਨ ਪਹਾੜੀਆਂ ਨੂੰ ਵੀ ਨਿਸ਼ਾਨਾ ਬਣਾਇਆ। ਦਹਿਸ਼ਤੀ ਸਮੂਹ ਨੇ ਹਮਲਿਆਂ ਲਈ 320 ਕਾਤਯੂਸ਼ਾ ਰਾਕੇਟਾਂ ਦੀ ਵਰਤੋਂ ਕੀਤੀ।

# ਭਾਰਤ ਹਕੀਕੀ ਰੂਪ ਵਿਚ ਯੂਕਰੇਨ ਨਾਲ ਖੜ੍ਹੇ: ਜ਼ੇਲੈਂਸਕੀ

**ਨਵੀਂ ਦਿੱਲੀ:** ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੇ ਭਾਰਤ ਨੂੰ ਆਪਣੀ ਕੂਟਨੀਤੀ ਵਿਚ ਬਦਲਾਅ ਦਾ ਸੁਝਾਅ ਦਿੰਦਿਆਂ ਕਿਹਾ ਕਿ ਕੀਵ ਤੇ ਮਾਸਕੋ ਨਾਲ ਆਪਣੇ ਰਿਸ਼ਤਿਆਂ ਵਿਚ 'ਤਵਾਜ਼ਨ' ਬਿਠਾਉਣ ਦੀ ਥਾਂ ਨਵੀਂ ਦਿੱਲੀ ਹਕੀਕੀ ਰੂਪ ਵਿਚ ਯੂਕਰੇਨ ਨਾਲ ਖੜ੍ਹਾ ਨਜ਼ਰ ਆਏ।



ਜ਼ੇਲੈਂਸਕੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਯੂਕਰੇਨੀ ਰਾਜਧਾਨੀ ਵਿਚ ਮੁਲਾਕਾਤ ਮਗਰੋਂ ਭਾਰਤੀ ਪੱਤਰਕਾਰ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਦੇ ਰਹੇ ਸਨ। ਯੂਕਰੇਨੀ ਸਦਰ ਨੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਤੁਹਾਡਾ ਮੁਲਕ (ਭਾਰਤ) ਤਕੜਾ ਹੋ ਕੇ ਸਾਡੇ ਵਾਲੇ ਪਾਸੇ ਖੜ੍ਹੇ ਤੇ ਇਹ ਸਾਡੇ ਤੇ ਰੂਸ ਦਰਮਿਆਨ ਮਹਿਜ਼ ਤਵਾਜ਼ਨ ਬਣਾਉਣ ਤੱਕ ਸੀਮਤ ਨਾ ਹੋਵੇ। ਇਹ ਉਸ 'ਇਤਿਹਾਸਕ ਚੋਣ' ਬਾਰੇ ਨਹੀਂ ਹੈ, ਜੋ ਤੁਹਾਨੂੰ ਕਰਨੀ ਚਾਹੀਦੀ ਹੈ।"

ਕਾਬਿਲੇਗੌਰ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਲੰਘੇ ਦਿਨੀਂ ਕੀਵ ਵਿਚ ਕਿਹਾ ਸੀ ਕਿ ਯੂਕਰੇਨ-ਰੂਸ ਟਕਰਾਅ ਬਾਰੇ ਭਾਰਤ 'ਨਿਊਟਰਲ' ਨਹੀਂ ਹੈ ਤੇ ਨਾ ਹੀ ਇਸ ਮਸਲੇ ਨੂੰ ਮੂਕ ਦਰਸ਼ਕ ਵਜੋਂ ਦੇਖ ਰਿਹਾ ਹੈ। ਉਨ੍ਹਾਂ ਕਿਹਾ ਸੀ ਕਿ ਭਾਰਤ ਹਮੇਸ਼ਾ ਅਮਨ ਵਾਲੇ ਪਾਸੇ ਰਿਹਾ ਹੈ। ਜ਼ੇਲੈਂਸਕੀ ਨੇ ਮਾਸਕੋ ਵੱਲੋਂ ਬੱਚਿਆਂ ਦੇ ਹਸਪਤਾਲ 'ਤੇ ਕੀਤੇ ਮਿਜ਼ਾਈਲ ਹਮਲਿਆਂ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਪਿਛਲੇ ਮਹੀਨੇ ਰੂਸ ਗਏ ਸਨ ਤੇ ਹਸਪਤਾਲ 'ਤੇ ਹਮਲੇ ਦੀ ਘਟਨਾ ਸ੍ਰੀ ਮੋਦੀ ਦੀ ਤਜਵੀਜ਼ਤ ਫੇਰੀ ਤੋਂ ਇਕ ਦਿਨ ਪਹਿਲਾਂ ਦੀ ਹੈ। ਯੂਕਰੇਨੀ ਸਦਰ ਨੇ ਕਿਹਾ ਕਿ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ 'ਭਾਰਤ ਜਾਂ ਉਸ ਦੇ ਆਗੂ ਦਾ ਵੀ ਸਤਿਕਾਰ ਨਹੀਂ ਕੀਤਾ।' ਜ਼ੇਲੈਂਸਕੀ ਨੇ ਕਿਹਾ, "ਜੇ ਤੁਸੀਂ ਪ੍ਰਧਾਨ ਮੰਤਰੀ ਦੀ ਸਰਕਾਰੀ ਫੇਰੀ ਦੌਰਾਨ ਹਸਪਤਾਲ ਵਿਚ ਬੱਚਿਆਂ 'ਤੇ ਹਮਲਾ ਕਰਦੇ ਹੋੜ, ਇਸ ਦਾ ਮਤਲਬ ਹੈ ਕਿ ਉਹ (ਪੂਤਿਨ) ਭਾਰਤੀ ਪ੍ਰਧਾਨ ਮੰਤਰੀ ਦਾ ਸਤਿਕਾਰ ਨਹੀਂ ਕਰਦਾ।" ਯੂਕਰੇਨੀ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਵੱਲੋਂ ਖ਼ਰੀਦੇ ਜਾਂਦੇ ਕੱਚੇ ਤੇਲ ਦੇ ਸਿਰ 'ਤੇ ਮਾਸਕੋ ਦਾ ਅਰਥਚਾਰਾ ਚੱਲ ਰਿਹਾ ਹੈ। ਯੂਕਰੇਨ-ਰੂਸ ਜੰਗ ਰੋਕਣ ਲਈ ਭਾਰਤ ਵੱਲੋਂ ਆਪਣਾ ਅਸਰ ਰਸੂਖ਼ ਵਰਤੇ ਜਾਣ ਸਬੰਧੀ ਸਵਾਲ ਦੇ ਜਵਾਬ ਵਿਚ ਜ਼ੇਲੈਂਸਕੀ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨੂੰ ਸੁਝਾਅ ਦਿੱਤਾ ਹੈ ਕਿ ਭਾਰਤ ਦਾ 'ਆਲਮੀ ਪੱਧਰ 'ਤੇ ਅਸਰ ਰਸੂਖ ਹੈ ਤੇ ਰੂਸੀ ਅਰਥਚਾਰੇ 'ਤੇ ਵੀ ਬਹੁਤ ਵੱਡਾ ਪ੍ਰਭਾਵ ਹੈ।" ਰਾਸ਼ਟਰਪਤੀ ਨੇ ਕਿਹਾ, "ਜੰਗ ਸ਼ੁਰੂ ਹੋਣ ਮਗਰੋਂ ਰੂਸ ਲਈ ਬਹੁਤ ਸਾਰੀਆਂ ਬਰਾਮਦੀ ਸੰਭਾਵਨਾਵਾਂ ਬੰਦ ਹੋ ਗਈਆਂ, ਪਰ ਭਾਰਤ (ਵਪਾਰ ਲਈ) ਖੁੱਲ੍ਹਾ ਹੈ। ਇਸ ਨਾਲ ਅਰਬਾਂ ਡਾਲਰ ਦੀ ਕਮਾਈ ਹੋ ਰਹੀ ਹੈ, ਤੇ ਇਹ ਫੰਡ ਅੱਗੇ ਰੂਸੀ ਫੌਜ ਦੀ ਮਦਦ ਲਈ ਕੰਮ ਆ ਰਹੇ ਹਨੜ ਅਧਿਕਾਰਤ ਤੌਰ 'ਤੇ ਇਹ ਅਰਥਚਾਰੇ ਦੀ ਲੜਾਈ ਹੈ। ਪੂਤਿਨ ਕੋਲ ਵੇਚਣ ਲਈ ਤੇਲ ਤੋਂ ਛੁੱਟ ਹੋਰ ਕੁਝ ਨਹੀਂ ਹੈ।'

## ਭਾਰਤ ਨਾਲ ਕਾਰੋਬਾਰ ਵਧਾਉਣਾ ਚਾਹੁੰਦੇ ਹਾਂ: ਜ਼ੇਲੈਂਸਕੀ

**ਕੀਵ:** ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਉਹ ਭਾਰਤ ਨਾਲ ਆਪਣੇ ਕਾਰੋਬਾਰ 'ਚ ਵਾਧਾ ਕਰਨਾ ਚਾਹੁੰਦੇ ਹਨ। ਉਨ੍ਹਾਂ ਭਾਰਤੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਦਿਲਚਸਪੀ ਕਾਰੋਬਾਰ ਤਿੰਨ ਤੋਂ ਪੰਜ ਗੁਣਾ ਵਧਾਉਣ ਦੀ ਹੈ। ਜ਼ੇਲੈਂਸਕੀ ਨੇ ਕਿਹਾ ਕਿ ਦੂਜਾ ਸ਼ਾਂਤੀ ਸਿਖਰ ਸੰਮੇਲਨ ਕਰਾਉਣ ਲਈ ਉਹ ਸਾਊਦੀ ਅਰਬ, ਕਤਰ, ਤੁਰਕੀ ਤੇ ਸਵਿਟਜ਼ਰਲੈਂਡ ਨਾਲ ਵਿਚਾਰ ਚਰਚਾ ਕਰ ਰਹੇ ਹਨ।

# ਬੱਚਿਆਂ ਨੂੰ ਲਿਪੀ ਨਾਲ ਜੋੜਨਾ ਜ਼ਰੂਰੀ: ਡਾ. ਲਖਵਿੰਦਰ ਜੌਹਲ

## ਪੰਜਾਬ ਟਾਈਮਜ਼ ਦੇ ਦਫਤਰ ਵਿਚ ਡਾ. ਜੌਹਲ ਨਾਲ ਖਾਸ ਮਿਲਣੀ; ਪੰਜਾਬੀ ਪਿਆਰਿਆਂ ਨੇ ਪਾਈ ਵਿਚਾਰਾਂ ਦੀ ਸਾਂਝ















**ਸ਼ਿਕਾਗੋ (ਅੰਮ੍ਰਿਤ ਪਾਲ ਕੌਰ):** ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ, 'ਨਵਾਂ ਜ਼ਮਾਨਾ' ਅਤੇ 'ਅਜੀਤ' ਅਖਬਾਰਾਂ ਦੇ ਮੈਗਜ਼ੀਨ ਸੰਪਾਦਕ, ਦੂਰਦਰਸ਼ਨ ਦੇ ਪ੍ਰੋਗਰਾਮ ਐਗਜ਼ੈਕਟਿਵ ਅਤੇ ਕਲਾ ਪਰਿਸ਼ਦ ਦੇ ਸਕੱਤਰ ਵਜੋਂ ਸੇਵਾਵਾਂ ਨਿਭਾ ਚੁੱਕੇ ਸ. ਲਖਵਿੰਦਰ ਸਿੰਘ ਜੌਹਲ ਨੇ ਆਪਣੇ ਅਮਰੀਕਾ ਦੌਰੇ ਦੌਰਾਨ ਬੀਤੇ ਦਿਨੀਂ ਖਾਸ ਤੌਰ 'ਤੇ 'ਪੰਜਾਬ ਟਾਈਮਜ਼' ਦੇ ਦਫ਼ਤਰ ਵਿਚ ਸ਼ਿਰਕਤ ਕੀਤੀ ਅਤੇ ਪੰਜਾਬ ਟਾਈਮਜ਼ ਸਲਾਹਕਾਰ ਬੋਰਡ ਦੇ ਮੈਂਬਰਾਂ ਅਤੇ ਸੁਹਿਰਦ ਪਾਠਕਾਂ ਨਾਲ ਗੱਲਬਾਤ ਕੀਤੀ।

ਡਾ. ਜੌਹਲ ਲੰਘੀ 10 ਅਗਸਤ ਨੂੰ ਨਿਊਯਾਰਕ ਪੁੱਜੇ ਸਨ ਅਤੇ ਉਥੇ ਆਪਣੇ ਅਜੀਜ਼ ਦੋਸਤ ਅਤੇ ਉੱਘੇ ਲੇਖਕ ਸੁਰਿੰਦਰ ਸੋਹਲ ਦੇ ਗ੍ਰਹਿ ਵਿਖੇ ਰੌਣਕਾਂ ਲਾਈਆਂ ਹੋਈਆਂ ਸਨ। ਉਥੇ ਉਨ੍ਹਾਂ ਆਪਣੇ ਪੁਰਾਣੇ ਦੋਸਤਾਂ ਅਤੇ ਨਾਲ ਕੰਮ ਕਰ ਚੁੱਕੇ ਸਾਥੀਆਂ ਨਾਲ ਵੀ ਮੁਲਾਕਾਤਾਂ ਕੀਤੀਆਂ ਅਤੇ 'ਪੰਜਾਬ ਟਾਈਮਜ਼' ਦੇ ਖਾਸ ਸੱਦੇ 'ਤੇ 16 ਅਗਸਤ ਸ਼ਿਕਾਗੋ ਪੁੱਜੇ। ਸ਼ਿਕਾਗੋ ਵਿਖੇ ਦੇਰ ਰਾਤ ਜਦੋਂ ਉਹ ਸ. ਅਮੋਲਕ ਸਿੰਘ ਜੰਮੂ ਦੇ ਗ੍ਰਹਿ ਵਿਖੇ ਪੁੱਜੇ ਤਾਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

17 ਅਗਸਤ ਨੂੰ ਉਨ੍ਹਾਂ ਨਾਲ ਖਾਸ ਮਿਲਣੀ 'ਪੰਜਾਬ ਟਾਈਮਜ਼' ਦੇ ਦਫਤਰ ਵਿਚ ਰੱਖੀ ਗਈ ਸੀ, ਜਿੱਥੇ ਉਨ੍ਹਾਂ ਸ਼ਿਕਾਗੋਲੈਂਡ ਦੇ ਪੰਜਾਬੀਆਂ ਨਾਲ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਨੇ ਆਪਣੀ ਗੱਲਬਾਤ ਦੌਰਾਨ ਜਿੱਥੇ ਆਪਣੀ ਨਿੱਜੀ ਜ਼ਿੰਦਗੀ, ਸਾਹਿਤਕ ਸਫ਼ਰ, ਦੂਰਦਰਸ਼ਨ ਜਲੰਧਰ ਵਿਚ ਬਿਤਾਏ ਸਮੇਂ ਬਾਰੇ ਗੱਲਬਾਤ ਕੀਤੀ, ਉਥੇ ਹੀ ਪੰਜਾਬੀ ਭਾਸ਼ਾ ਵਲੋਂ ਪੰਜਾਬੀਆਂ ਦੇ ਬੇਮੁਖ ਹੋ ਜਾਣ 'ਤੇ ਚਿੰਤਾ ਵੀ ਪ੍ਰਗਟਾਈ।

ਜ਼ਿਕਰਯੋਗ ਹੈ ਕਿ ਸ. ਜੌਹਲ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਸ਼ਾਨਦਾਰ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਨੇ ਆਪਣੇ ਲੋਕ ਪੱਖੀ ਵਿਚਾਰਾਂ ਅਤੇ ਵੱਕਾਰ ਨੂੰ ਹਮੇਸ਼ਾ ਪਹਿਲ ਦਿੱਤੀ ਹੈ। ਉਹ ਕਵਿਤਾ, ਵਾਰਤਕ, ਅਨੁਵਾਦ ਅਤੇ ਆਲੋਚਨਾ ਦੀਆਂ 12 ਪੁਸਤਕਾਂ ਲਿਖ ਚੁੱਕੇ ਹਨ। ਉਨ੍ਹਾਂ ਦੀ ਪ੍ਰਧਾਨਗੀ ਹੇਠ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਸ਼ਾਨਦਾਰ ਕੰਮ ਕੀਤੇ ਤੇ ਜਿਹੜੀਆਂ ਵੀ ਅਖਬਾਰਾਂ ਨਾਲ ਉਹ ਜੁੜੇ, ਉਨ੍ਹਾਂ ਨੂੰ ਬੁਲੰਦੀਆਂ 'ਤੇ ਪਹੁੰਚਾਇਆ।

ਡਾ. ਜੌਹਲ ਨੇ ਆਪਣੇ ਨਿੱਜੀ ਜੀਵਨ, ਪ੍ਰਾਪਤੀਆਂ ਦੀ ਗੱਲ ਕਰਦਿਆਂ ਦੱਸਿਆ ਕਿ ਹੁਣ ਉਹ 'ਕਾਵਿ-ਲੋਕ' ਮੈਗਜ਼ੀਨ ਦੇ ਸੰਪਾਦਕ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਪੰਜਾਬੀ ਅਖਬਾਰਾਂ 'ਨਵਾਂ ਜ਼ਮਾਨਾ' ਅਤੇ 'ਅਜੀਤ' ਵਿਚ ਕੰਮ ਕੀਤਾ ਪਰ ਵਧੇਰਾ ਸਮਾਂ 29 ਸਾਲ ਚਾਰ ਮਹੀਨੇ ਦੂਰਦਰਸ਼ਨ ਵਿਚ ਨੌਕਰੀ ਕੀਤੀ, ਜਿੱਥੇ ਉਨ੍ਹਾਂ ਬਹੁਤ ਸਾਰਾ ਕੰਮ ਕੀਤਾ, ਜਿਸ ਵਿਚ ਸੋਹਣ ਸਿੰਘ ਸੀਤਲ ਦੇ ਨਾਵਲ 'ਜੁਗ ਬਦਲ ਗਿਆ' 'ਤੇ ਨਾਟਕ ਕਰਨਾ ਵੀ ਸ਼ਾਮਲ ਹੈ, ਜਿਸ ਲਈ ਸਿਨੇਮੈਟੋਗ੍ਰਾਫੀ ਵਿਚ ਉਨ੍ਹਾਂ ਨੈਸ਼ਨਲ ਐਵਾਰਡ ਹਾਸਲ ਕੀਤਾ। ਜਸਵੰਤ ਕੰਵਲ ਦੇ ਨਾਵਲ 'ਰੂਪ ਧਾਰਾ' 'ਤੇ ਵੀ ਉਨ੍ਹਾਂ ਨਾਟਕ ਬਣਾਇਆ। ਉਨ੍ਹਾਂ ਦੀ ਮੁਹਾਰਤ ਡਾਕੂਮੈਂਟਰੀ ਵਿਚ ਹੈ। ਉਨ੍ਹਾਂ ਬਾਬਾ ਸੀਚੇਵਾਲ 'ਤੇ ਅੰਗਰੇਜ਼ੀ ਡਾਕੂਮੈਂਟਰੀ ਤਿਆਰ ਕੀਤੀ ਜਿਸ ਲਈ ਵੀ ਉਨ੍ਹਾਂ ਨੂੰ ਨੈਸ਼ਨਲ ਐਵਾਰਡ ਮਿਲਿਆ। ਉਨ੍ਹਾਂ ਆਪਣੀਆਂ ਬਾਕੀ ਡਾਕੂਮੈਂਟਰੀਜ਼ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਡਾ. ਜੌਹਲ ਨੇ ਦੱਸਿਆ ਕਿ ਦੂਰਦਰਸ਼ਨ ਵਿਚ ਕੰਮ ਕਰਨ ਵਾਲੇ ਉਹ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੂੰ ਤਿੰਨ ਸਾਲ ਦੀ ਐਕਸਟੈਂਸ਼ਨ, ਉਸੇ ਅਹੁਦੇ ਅਤੇ ਤਨਖਾਹ 'ਤੇ ਮਿਲੀ। ਉਨ੍ਹਾਂ ਦੂਰਦਰਸ਼ਨ ਦੇ ਜਲੰਧਰ, ਦਿੱਲੀ ਵਿਚਲੇ ਵੱਡੇ ਕੇਂਦਰਾਂ ਤੋਂ ਇਲਾਵਾ ਗਵਾਲੀਅਰ ਅਤੇ ਪਟਿਆਲਾ ਵਿਚਲੇ ਛੋਟੇ ਸਟੇਸ਼ਨਾਂ 'ਚ ਵੀ ਸੇਵਾ ਨਿਭਾਈ। ਪਰ ਦਿੱਲੀ ਵਿਚਲੇ ਸਾਲ ਸਭ ਤੋਂ ਵਧੀਆ ਰਹੇ, ਕਿਉਂਕਿ ਉਥੇ ਉਨ੍ਹਾਂ ਨੂੰ ਕਈ ਕੁਝ ਨਵਾਂ ਕਰਨ ਤੇ ਸਿੱਖਣ ਦੇ ਮੌਕੇ ਮਿਲੇ। ਉਨ੍ਹਾਂ ਦੱਸਿਆ ਕਿ 1991 ਵਿਚ ਯੂਪੀਐਸਸੀ ਵਲੋਂ ਦੂਰਦਰਸ਼ਨ ਦੀ ਕੀਤੀ ਭਰਤੀ ਤੋਂ ਬਾਅਦ ਅੱਜ ਤਕ ਕੋਈ ਭਰਤੀ ਨਹੀਂ ਹੋਈ। ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ ਦੇ ਹੋ ਰਹੇ ਕੇਂਦਰੀਕਰਨ 'ਤੇ ਚਿੰਤਾ ਜਤਾਈ ਗਈ।

ਸਾਹਿਤ ਵਿਚ ਪਾਏ ਯੋਗਦਾਨ ਬਾਰੇ ਉਨ੍ਹਾਂ ਦੱਸਿਆ ਕਿ ਉਹ ਮੁੱਖ ਤੌਰ 'ਤੇ ਕਵਿਤਾ ਲਿਖਦੇ ਹਨ ਤੇ ਉਨ੍ਹਾਂ ਦੀਆਂ 12 ਪੁਸਤਕਾਂ ਛਪ ਚੁੱਕੀਆਂ ਹਨ। ਉਹ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਵੀ ਜੱਦੋ-ਜਹਿਦ ਕਰਦੇ ਰਹਿੰਦੇ ਹਨ ਤੇ ਜਦੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਬੀ.ਸੀ.ਏ. ਵਿਚੋਂ ਪੰਜਾਬੀ ਹਟਾਉਣ ਦਾ ਐਲਾਨ ਹੋਇਆ ਤਾਂ ਉਨ੍ਹਾਂ ਇਸ ਦਾ ਵਿਰੋਧ ਕੀਤਾ ਜਿਸ 'ਤੇ ਯੂਨੀਵਰਸਿਟੀ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ। ਹਾਇਰ ਐਜੂਕੇਸ਼ਨ ਵਿਚ ਪੰਜਾਬੀ ਦੇ ਮਸਲੇ ਬਾਰੇ ਲਿਖਦੇ ਰਹਿੰਦੇ ਹਨ।

ਉਨ੍ਹਾਂ ਆਪਣੇ ਪਿੰਡ ਜੰਡਿਆਲਾ ਮੰਜਕੀ ਜੋ ਕਿ ਗ਼ਦਰੀ ਬਾਬਿਆਂ ਦਾ ਪਿੰਡ ਹੈ, ਦੀ ਭੂਗੋਲਿਕ ਸਥਿਤੀ, ਇੱਥੋਂ ਦੀਆਂ ਪ੍ਰਮੁੱਖ ਸ਼ਖਸੀਅਤਾਂ, ਰਾਜਨੇਤਾਵਾਂ ਅਤੇ ਕਵੀਆਂ ਬਾਰੇ ਦੱਸਦਿਆਂ ਕਿਹਾ ਕਿ ਸਭ ਨੂੰ ਆਪਣੇ ਪਿੰਡ 'ਤੇ ਮਾਣ ਹੁੰਦਾ ਹੈ ਪਰ ਮੈਨੂੰ ਕੁਝ ਜ਼ਿਆਦਾ ਹੀ ਹੈ।

ਇਸ ਮੌਕੇ ਖਾਸ ਤੌਰ 'ਤੇ ਉਨ੍ਹਾਂ ਨੂੰ ਮਿਲਣ ਲਈ ਪੰਜਾਬ ਟਾਈਮਜ਼ ਸਲਾਹਕਾਰ ਬੋਰਡ ਦੇ ਮੈਂਬਰ ਡਾ. ਹਰ ਗੁਰਮੁਖਪਾਲ ਸਿੰਘ, ਸ. ਭੁਪਿੰਦਰ ਸਿੰਘ ਧਾਲੀਵਾਲ, ਹਰਦਿਆਲ ਸਿੰਘ ਦਿਓਲ, ਨਵਦੀਪ ਕੌਰ ਸੰਧੂ ਤੋਂ ਇਲਾਵਾ ਸ. ਜਸਵੀਰ ਸਿੰਘ ਅਤੇ ਕੁਲਦੀਪ ਸਿੰਘ ਸ. ਅਮਰਦੇਵ ਸਿੰਘ ਬਦੇਸ਼ਾ, ਕਾਰਸੇਵਾ ਦੇ ਕਰਤਾ-ਧਰਤਾ ਸ. ਸਤਨਾਮ ਸਿੰਘ ਔਲਖ ਪਾਲ ਧਾਲੀਵਾਲ, ਗੁਰਬਚਨ ਸਿੰਘ, ਹਰਜੀਤ ਸਿੰਘ ਗਿੱਲ ਤੇ ਉਂਕਾਰ ਸਿੰਘ, ਜਗਦੀਸ਼ ਸਿੰਘ ਸੰਧੂ, ਸੁਰਿੰਦਰ ਸਿੰਘ ਭਾਟੀਆ, ਮਿਲਵਾਕੀ ਤੋਂ ਗੁਰਮੁਖ ਸਿੰਘ, 'ਗਲੋਬਲ ਮਿਲਾਪ' ਦੇ ਠਾਕਰ ਸਿੰਘ ਬਸਾਤੀ ਅਤੇ ਸਾਜਿਦ ਚੌਧਰੀ, ਰਜਿੰਦਰ ਕੌਰ ਬਸਾਤੀ, ਉਘੇ ਕਵੀ ਰਵਿੰਦਰ ਸਹਿਰਾਅ ਅਤੇ ਉਨ੍ਹਾਂ ਦੀ ਪਤਨੀ ਨੀਰੂ ਸਹਿਰਾਅ, ਦੂਰਦਰਸ਼ਨ ਦੇ ਪੁਰਾਣੇ ਸਾਥੀ ਰਾਜੇਸ਼ ਪਵਾਰ, ਪੀਟੀਸੀ ਪੰਜਾਬੀ ਤੋਂ ਗੁਰਲੀਨ ਕੌਰ ਅਤੇ ਉਂਕਾਰ ਸਿੰਘ ਸੰਘਾ, ਅਜੀਤ ਤੋਂ ਕੇਵਲ ਗੁਰਾਇਆ, ਉਨ੍ਹਾਂ ਦੇ ਦੋਸਤ ਇੰਦਰਮੋਹਨ ਛਾਬੜਾ, ਆਦਿ ਪੁੱਜੇ ਹੋਏ ਸਨ, ਜਿਨ੍ਹਾਂ ਨੇ ਡਾ. ਜੌਹਲ ਤੋਂ ਸਵਾਲ ਪੁਛੇ, ਜਿਸ ਦੇ ਉਨ੍ਹਾਂ ਤਸੱਲੀਬਖਸ਼ ਜਵਾਬ ਦਿੱਤੇ।

ਸਾਜਿਦ ਚੌਧਰੀ ਨੇ ਡਾ. ਜੌਹਲ ਨਾਲ ਪੰਜਾਬੀ ਜ਼ਬਾਨ ਬਾਰੇ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਕਿ ਬਾਬਾ ਨਾਨਕ ਸਾਨੂੰ ਪੰਜਾਬੀ ਵਿਚ ਗਿਆਨ ਵੰਡ ਕੇ ਗਏ ਹਨ ਤੇ ਸਾਡਾ ਫਰਜ਼ ਹੈ ਕਿ ਅਸੀਂ ਇਸ ਨੂੰ ਸਾਂਭੀਏ ਤੇ ਸਾਡੇ ਬੱਚਿਆਂ ਨੂੰ ਵੀ ਇਸ ਦਾ ਇਲਮ ਹੋਵੇ। ਇਸ 'ਤੇ ਡਾ. ਜੌਹਲ ਨੇ ਕਿਹਾ ਕਿ ਪਾਕਿਸਤਾਨ ਵਿਚ ਭਾਵੇਂ ਪੰਜਾਬੀ ਬੋਲਣ ਵਾਲੇ ਵਧੇਰੇ ਹਨ ਪਰ ਤਰਾਸਦੀ ਇਹ ਹੈ ਕਿ ਸਕੂਲਾਂ ਵਿਚ ਬੱਚਿਆਂ ਨੂੰ ਪੰਜਾਬੀ ਨਹੀਂ ਪੜ੍ਹਾਈ ਜਾਂਦੀ, ਜਿਸ ਕਰਕੇ ਬੱਚੇ ਇਸ ਬੋਲੀ ਤੋਂ ਵਾਂਝੇ ਰਹਿ ਰਹੇ ਹਨ। ਉਨ੍ਹਾਂ ਪੰਜਾਬੀ ਦੀਆਂ ਦੋ ਲਿਪੀਆਂ ਬਣਨ ਦੇ ਨੁਕਸਾਨ ਦੀ ਗੱਲ ਵੀ ਕੀਤੀ ਤੇ ਪੰਜਾਬੀ ਦੀ ਇਕੋ ਲਿਪੀ ਹੋਣ 'ਤੇ ਜ਼ੋਰ ਦਿੱਤਾ। ਉਨ੍ਹਾਂ ਦੇਵਨਾਗਰੀ ਤੇ ਰੋਮਨ ਵਿਚ ਪੰਜਾਬੀ ਲਿਖੇ ਜਾਣ ਨਾਲ ਹੋ ਰਹੇ ਪੰਜਾਬੀ ਭਾਸ਼ਾ ਦੇ ਨੁਕਸਾਨ ਬਾਰੇ ਵੀ ਚਾਨਣਾ ਪਾਇਆ। ਪੰਜਾਬੀ ਸੰਗੀਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਇਹ ਕਿਹਾ ਜਾਂਦਾ ਹੈ ਕਿ ਪੰਜਾਬੀ ਸੰਗੀਤ ਗਲੋਬਲ ਹੋ ਗਿਆ ਹੈ ਪਰ ਇਸ ਦੇ ਪਿੱਛੇ ਵੀ ਸਾਜ਼ਿਸ਼ ਹੈ ਕਿਉਂਕਿ ਸਥਾਨਕਤਾ ਦੇ ਮੁੱਦੇ ਨੂੰ ਜਿਉਂਦਾ ਰੱਖਣਾ ਵੀ ਜ਼ਰੂਰੀ ਹੈ ਨਹੀਂ ਤਾਂ ਅਸੀਂ ਲਿਖਤ ਸੰਸਕ੍ਰਿਤੀ ਨਾਲੋਂ ਟੁੱਟ ਜਾਵਾਂਗੇ ਤੇ ਸਾਡੇ ਬੱਚਿਆਂ ਨੂੰ ਵੀ ਗੁਰਮੁਖੀ ਭਾਸ਼ਾ ਲਿਖਣੀ ਨਹੀਂ ਆਵੇਗੀ। ਸਾਜਿਦ ਚੌਧਰੀ ਨੇ ਉਨ੍ਹਾਂ ਨੂੰ ਆਪਣੀ ਕਿਤਾਬ 'ਰੰਗੋ ਰੰਗੀ' ਵੀ ਭੇਟ ਕੀਤੀ।

ਡਾ. ਜੌਹਲ ਨੇ ਦੱਸਿਆ ਕਿ ਮਾਤ ਭਾਸ਼ਾ ਦਾ ਕਾਨਸੈਪਟ ਖਤਮ ਹੋ ਰਿਹਾ ਹੈ ਅਤੇ ਸਮਾਜਿਕ ਭਾਸ਼ਾ ਦਾ ਕਾਨਸੈਪਟ ਸ਼ੁਰੂ ਹੋ ਚੁੱਕਿਆ ਹੈ, ਇਸੇ ਕਾਰਨ ਬੱਚੇ ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਨ ਕਿਉਂਕਿ ਉਨ੍ਹਾਂ ਨੂੰ ਸਕੂਲਾਂ ਵਿਚ ਇਨ੍ਹਾਂ ਭਾਸ਼ਾਵਾਂ ਵਿਚ ਹੀ ਪੜ੍ਹਾਇਆ ਜਾ ਰਿਹਾ ਹੈ। ਲਿਪੀ ਨਾਲ ਬੱਚਿਆਂ ਨੂੰ ਜੋੜਨ 'ਤੇ ਜ਼ੋਰ ਦਿੱਤਾ ਗਿਆ।

ਡਾ. ਬਸਾਤੀ ਤੇ ਡਾ. ਹਰ ਗੁਰਮੁਖਪਾਲ ਸਿੰਘ ਨੇ ਜਦੋਂ ਗੁਰਦੁਆਰਿਆਂ ਵਿਚ ਵੀ ਕਈ ਪੰਜਾਬੀ ਲੋਕਾਂ ਵਲੋਂ ਹਿੰਦੀ ਬੋਲੇ ਜਾਣ ਦੀ ਗੱਲ ਆਖੀ ਤਾਂ ਸਾਜਿਦ ਚੌਧਰੀ ਨੇ ਵਿਚਾਰ ਪ੍ਰਗਟਾਇਆ ਕਿ ਗੁਰਦੁਆਰਿਆਂ ਵਿਚ ਹਰ ਬੋਲੀ ਬੋਲੀ ਜਾਣੀ ਚਾਹੀਦੀ ਹੈ ਤੇ ਕਿਸੇ ਵੀ ਭਾਸ਼ਾ ਨੂੰ ਧਰਮ ਨਾਲ ਨਹੀਂ ਜੋੜਨਾ ਚਾਹੀਦਾ। ਸ. ਸਤਨਾਮ ਸਿੰਘ ਔਲਖ

*(ਬਾਕੀ ਅਗਲੇ ਸਫੇ 'ਤੇ)*

# ਸਿੱਖਸ ਆਫ਼ ਅਮੈਰਿਕਾ ਵਲੋਂ ਭਾਰਤੀ ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਨਿੱਘਾ ਸਵਾਗਤ

## ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਰੱਖਿਆ ਮੰਤਰੀ ਨੂੰ ਮਿਲਿਆ ਸਿੱਖਸ ਆਫ ਅਮੈਰਿਕਾ ਦਾ ਵਫ਼ਦ

**ਵਾਸ਼ਿੰਗਟਨ ਡੀ.ਸੀ:** ਭਾਰਤੀ ਰੱਖਿਆ ਮੰਤਰੀ ਰਾਜਨਾਥ ਸਿੰਘ ਇਨ੍ਹੀਂ ਦਿਨੀਂ ਅਮਰੀਕਾ ਦੇ ਸਰਕਾਰੀ ਦੌਰੇ 'ਤੇ ਹਨ। ਉਨ੍ਹਾਂ ਦੀ ਇਸ ਯਾਤਰਾ ਦੌਰਾਨ ਵਾਸ਼ਿੰਗਟਨ ਡੀ.ਸੀ. 'ਚ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸਿੱਖਸ ਆਫ਼ ਅਮੈਰਿਕਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਡੈਲੀਗੇਸ਼ਨ ਵਿਚ ਪ੍ਰਧਾਨ ਕਮਲਜੀਤ ਸਿੰਘ ਸੋਨੀ, ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ, ਡਾਇਰੈਕਟਰ ਗੁਰਵਿੰਦਰ ਸਿੰਘ ਸੇਠੀ, ਸ: ਸੁਖਪਾਲ ਸਿੰਘ ਧਨੋਆ, ਚਤਰ ਸਿੰਘ ਸੈਣੀ ਅਤੇ ਹੋਰ ਮੋਹਤਬਰ ਸੱਜਣ ਸ਼ਾਮਲ ਸਨ।





ਜਸਦੀਪ ਸਿੰਘ ਜੱਸੀ ਨੇ ਦੱਸਿਆ ਕਿ ਰਾਜਨਾਥ ਸਿੰਘ ਕੋਲ ਪੰਜਾਬ ਅਤੇ ਸਿੱਖਾਂ ਦੇ ਮੁੱਦੇ ਵਿਸ਼ੇਸ਼ ਤੌਰ 'ਤੇ ਉਠਾਏ ਗਏ। ਇਸ ਮੌਕੇ ਓ.ਐੱਫ.ਬੀ.ਜੇ.ਪੀ. ਅਮਰੀਕਾ ਦੇ ਪ੍ਰਧਾਨ ਅਡੱਪਾ ਪ੍ਰਸਾਦ ਨੇ ਮੰਗ ਕੀਤੀ ਕਿ ਦਿੱਲੀ ਦੇ ਇੰਟਰਨੈਸ਼ਨਲ ਏਅਰਪੋਰਟ ਦਾ ਨਾਮ ਬਦਲ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਰੱਖਿਆ ਜਾਵੇ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਾਰੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਇਨ੍ਹਾਂ ਨੂੰ ਪੂਰੀਆਂ ਕਰਨ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਵਿਚਾਰ ਵਟਾਂਦਰਾ ਕਰਨ ਦਾ ਵਾਅਦਾ ਕੀਤਾ। ਇਕੱਤਰਤਾ ਦੇ ਅੰਤ ਵਿਚ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਸ਼ਾਲ ਅਤੇ ਪ੍ਰਧਾਨ ਕਮਲਜੀਤ ਸਿੰਘ ਸੋਨੀ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਸ੍ਰੀ ਰਾਜਨਾਥ ਸਿੰਘ ਦਾ ਸਨਮਾਨ ਕੀਤਾ। ਸ੍ਰੀ ਰਾਜਨਾਥ ਸਿੰਘ ਨੇ ਕਿਹਾ ਕਿ ਉਹ ਅਮਰੀਕਾ ਵਿਚ ਵੱਸਦੇ ਪ੍ਰਵਾਸੀਆਂ ਅਤੇ ਖਾਸਕਰ ਸਿੱਖਾਂ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਪਰਾਏ ਮੁਲਕ 'ਚ ਪ੍ਰਾਪਤੀਆਂ ਕਰ ਕੇ ਨਾਮਣਾ ਖੱਟਿਆ ਹੈ ਅਤੇ ਭਾਰਤ ਦਾ ਨਾਮ ਉੱਚਾ ਕੀਤਾ ਹੈ।

*-ਰਾਜ ਗੋਗਨਾ*

# ਜ਼ਬਾਨਾਂ ਦਾ ਜਨਮ ਤੇ ਸਬੰਧ ਧਰਤੀ ਨਾਲ ਹੈ, ਧਰਮਾਂ ਨਾਲ ਨਹੀਂ: ਡਾ. ਨਾਬੀਲਾ ਰਹਿਮਾਨ

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਸਮਾਗ਼ਮ 'ਚ ਪੰਜਾਬੀ ਬੋਲੀ ਬਾਰੇ ਵਿਚਾਰਾਂ; ਕਵੀ-ਦਰਬਾਰ ਵੀ ਹੋਇਆ

**ਬਰੈਂਪਟਨ:** ਲੰਘੀ 18 ਅਗਸਤ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮਹੀਨਾਵਾਰ ਸਮਾਗ਼ਮ ਵਿਚ ਲਾਹੌਰ ਤੋਂ ਡਾ. ਨਾਬੀਲਾ ਰਹਿਮਾਨ ਨਾਲ ਪਾਕਿਸਤਾਨ ਵਿਚ ਪੰਜਾਬੀ ਬੋਲੀ, ਸਾਹਿਤ ਤੇ ਸੱਭਿਆਚਾਰ ਦੀ ਅਜੋਕੀ ਸਥਿਤੀ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਹੋਇਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉਨ੍ਹਾਂ ਦੇ ਨਾਲ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਡਾ. ਸੁਰਿੰਦਰਜੀਤ ਕੌਰ ਸੁਸ਼ੋਭਿਤ ਸਨ। ਸਮਾਗ਼ਮ ਦੇ ਆਰੰਭ 'ਚ ਪਿਛਲੇ ਦਿਨੀਂ ਕਰਨ ਅਜਾਇਬ ਸਿੰਘ ਸੰਘਾ ਦੀ ਧਰਮਪਤਨੀ ਦਵਿੰਦਰ ਕੌਰ ਸੰਘਾ ਦੇ ਅਕਾਲ-ਚਲਾਣੇ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਡਾ. ਜਗਮੋਹਨ ਸੰਘਾ ਵੱਲੋਂ ਸਮਾਗ਼ਮ ਦੇ ਮੁੱਖ-ਮਹਿਮਾਨ ਡਾ. ਨਾਬੀਲਾ ਰਹਿਮਾਨ ਬਾਰੇ ਮੁੱਢਲੀ ਜਾਣ-ਪਛਾਣ ਕਰਵਾਉਣ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਉਨ੍ਹਾਂ ਨੂੰ ਆਪਣੇ ਬਾਰੇ ਤੇ ਪੰਜਾਬੀ ਬੋਲੀ ਬਾਰੇ ਵਿਚਾਰ ਪੇਸ਼ ਕਰਨ ਲਈ ਬੇਨਤੀ ਗਈ। ਡਾ. ਨਾਬੀਲਾ ਨੇ ਦੱਸਿਆ ਕਿ ਉਨ੍ਹਾਂ ਦੀ ਮਾਂ 39 ਸਾਲ ਦੀ ਉਮਰ ਵਿਚ ਹੀ ਅੱਲ੍ਹਾ ਨੂੰ ਪਿਆਰੀ ਹੋ ਗਈ ਅਤੇ ਉਨ੍ਹਾਂ ਦੇ ਬਾਪ ਨੇ ਉਨ੍ਹਾਂ ਨੂੰ ਮਾਂ-ਬਾਪ ਦੋਹਾਂ ਦਾ ਹੀ ਪਿਆਰ ਦਿੱਤਾ। ਉਨ੍ਹਾਂ ਆਪਣੀ ਸ਼ੁਰੂਆਤੀ ਪੜ੍ਹਾਈ ਮੈਡੀਕਲ ਸਾਇੰਸ ਵਿਚ ਕੀਤੀ ਪਰ ਬਾਅਦ ਵਿਚ ਉਨ੍ਹਾਂ ਦੀ ਦਿਲਚਸਪੀ ਪੰਜਾਬੀ ਭਾਸ਼ਾ ਵੱਲ ਬਣ ਗਈ ਅਤੇ ਉਨ੍ਹਾਂ ਇਸ ਵਿਚ ਐੱਮ.ਏ. ਤੇ ਪੀਐੱਚ.ਡੀ. ਕੀਤੀ। ਉਨ੍ਹਾਂ ਬਾਬਾ ਫ਼ਰੀਦ, ਬਾਬਾ ਬੁੱਲ੍ਹੇ ਸ਼ਾਹ ਤੇ ਬਾਬਾ ਨਾਨਕ



ਦੇ ਕਲਾਮ ਪੜ੍ਹਨ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੀ ਅਧਿਐਨ ਕੀਤਾ। ਲਾਹੌਰ ਵਿਚ ਇੰਸਟੀਚਿਊਟ ਆਫ਼ ਪੰਜਾਬੀ ਲੈਂਗੂਏਜ਼, ਲਿਟਰੇਚਰ ਐਂਡ ਕਲਚਰ ਸਥਾਪਿਤ ਕਰਨ ਵਿਚ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨੀ ਪਈ।

ਉਨ੍ਹਾਂ ਕਿਹਾ ਕਿ ਜ਼ਬਾਨਾਂ ਦਾ ਜਨਮ ਤੇ ਇਨ੍ਹਾਂ ਦਾ ਸਬੰਧ ਧਰਤੀ ਨਾਲ ਹੁੰਦਾ ਹੈ ਅਤੇ ਧਰਮਾਂ ਨਾਲ ਇਨ੍ਹਾਂ ਦਾ ਕੋਈ ਲੈਣ-ਦੇਣ ਨਹੀਂ ਹੈ ਪਰ ਬੜੇ ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਬਹੁਤ ਸਾਰੇ ਲੋਕਾਂ ਵੱਲੋਂ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਸਿੱਖਾਂ ਦੀ ਅਤੇ ਅਰਬੀ-ਫ਼ਾਰਸੀ ਬੋਲੀ ਤੇ ਸ਼ਾਹਮੁਖੀ ਲਿਪੀ ਨੂੰ ਮੁਸਲਮਾਨਾਂ ਦੀ ਸਮਝਿਆ ਜਾਂਦਾ ਹੈ। ਲੋਕਾਂ ਦੀ ਇਹ ਧਾਰਨਾ ਬਦਲਣ ਦੀ ਲੋੜ ਹੈ। ਸੂਫ਼ੀ ਸਾਹਿਤ ਅਣਮੁੱਲਾ ਖ਼ਜ਼ਾਨਾ ਹੈ, ਜੋ ਸ਼ਾਹਮੁਖੀ ਵਿਚ ਹੈ ਪਰ ਇਸ ਨੂੰ ਗੁਰਮੁਖੀ, ਅੰਗਰੇਜ਼ੀ ਤੇ ਹੋਰ ਲਿਪੀਆਂ ਵਿਚ ਬਦਲਣ ਦੀ ਜ਼ਰੂਰਤ ਹੈ। ਸ਼ਾਹਮੁਖੀ ਤੇ ਗੁਰਮੁਖੀ ਨੂੰ ਇਕ ਦੂਸਰੀ ਦੇ ਨੇੜੇ ਲਿਆਉਣਾ ਸਮੇਂ ਦੀ ਲੋੜ ਹੈ। ਸਾਨੂੰ ਸਿਰਫ਼ ਚੜ੍ਹਦੇ ਤੇ ਲਹਿੰਦੇ ਪੰਜਾਬ ਬਾਰੇ ਹੀ ਨਹੀਂ ਸੋਚਣਾ ਚਾਹੀਦਾ, ਸਗੋਂ ਵਿਦੇਸ਼ਾਂ ਵਿਚ ਬਣੇ ਨਵੇਂ ਪੰਜਾਬਾਂ ਦੀ ਵੀ ਗੱਲ ਕਰਨੀ ਚਾਹੀਦੀ ਹੈ। ਪੰਜਾਬੀ ਬੋਲੀ ਦੇ ਨਾਲ ਇਸ ਦੀਆਂ 'ਬੋਲੜੀਆਂ' (ਉਪ-ਭਾਸ਼ਾਵਾਂ) ਨੂੰ ਵੀ ਵਿਕਸਿਤ ਕਰਨ ਦੀ ਲੋੜ ਹੈ।

ਬਲਰਾਜ ਚੀਮਾ, ਲਖਬੀਰ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ, ਡਾ. ਜਗਮੋਹਨ ਸੰਘਾ, ਪ੍ਰੋ. ਤਲਵਿੰਦਰ ਸਿੰਘ ਮੰਡ, ਕੁਲ ਦੀਪ, ਰਾਜਕੁਮਾਰ ਓਸ਼ੋਰਾਜ, ਹਰਜਿੰਦਰ ਸਿੰਘ ਭਸੀਨ ਤੇ ਕਈ ਹੋਰਨਾਂ ਨੇ ਉਨ੍ਹਾਂ ਨੂੰ ਪੰਜਾਬੀ ਬੋਲੀ ਬਾਰੇ ਸੁਆਲ ਪੁੱਛੇ ਜਿਨ੍ਹਾਂ ਦੇ ਉਨ੍ਹਾਂ ਨੇ ਤਸੱਲੀਬਖ਼ਸ਼ ਜੁਆਬ ਦਿੱਤੇ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਕਵੀ ਦਰਬਾਰ ਹੋਇਆ। ਲਹਿੰਦੇ ਪੰਜਾਬ ਦੇ ਕਵੀ ਮਕਸੂਦ ਚੌਧਰੀ ਤੋਂ ਇਲਾਵਾ ਇਕਬਾਲ ਬਰਾੜ, ਕਰਨ ਅਜਾਇਬ ਸੰਘਾ, ਰੂਬੀ ਕਰਤਾਰਪੁਰੀ, ਲਖਬੀਰ ਸਿੰਘ ਕਾਹਲੋਂ, ਪ੍ਰੀਤਮ ਧੰਜਲ, ਲਹਿੰਦੇ ਪੰਜਾਬ ਦੇ ਹਜ਼ਰਤ ਸ਼ਾਮ ਸੰਧੂ, ਪ੍ਰੋ. ਆਸ਼ਿਕ ਰਹੀਲ, ਰਾਸ਼ੀਦ ਨਦੀਮ ਤੇ ਬਾਬਰ ਅਬਦੁੱਲਾ ਖ਼ਾਨ ਸਾਹੀ, ਹਰਮੇਸ਼ ਜੀਂਦੋਵਾਲ, ਗਿਆਨ ਸਿੰਘ ਦਰਦੀ, ਸੁਖਚਰਨਜੀਤ ਗਿੱਲ, ਜੱਸੀ ਭੁੱਲਰ ਢਪਾਲੀ, ਰਮਿੰਦਰ ਰੰਮੀ, ਪੰਜਾਬ ਸਿੰਘ ਕਾਹਲੋਂ, ਡਾ. ਜਗਮੋਹਨ ਸੰਘਾ, ਹਰਜਿੰਦਰ ਸਿੰਘ ਭਸੀਨ, ਰਾਜਕੁਮਾਰ ਓਸ਼ੋਰਾਜ, ਕੁਲ ਦੀਪ, ਸੁਰਿੰਦਰਜੀਤ ਕੌਰ, ਡਾ. ਨਬੀਲਾ ਰਹਿਮਾਨ ਅਤੇ ਪਰਮਜੀਤ ਢਿੱਲੋਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਪ੍ਰੋ. ਆਸ਼ਿਕ ਰਹੀਲ, ਸ਼ਾਮ ਸਿੰਘ 'ਅੰਗਸੰਗ', ਸ਼ਾਇਰ ਮਲਵਿੰਦਰ, ਰਾਸ਼ੀਦ ਨਦੀਮ ਤੇ ਮਲੂਕ ਸਿੰਘ ਕਾਹਲੋਂ ਸ਼ਾਮਲ ਸਨ।

ਪ੍ਰਧਾਨਗੀ-ਮੰਡਲ ਵਿਚੋਂ ਸਭਾ ਦੇ ਮੁੱਢਲੇ ਮੈਂਬਰ ਮਲੂਕ ਸਿੰਘ ਕਾਹਲੋਂ ਨੇ ਮੁੱਖ-ਮਹਿਮਾਨ ਡਾ. ਨਾਬੀਲਾ ਰਹਿਮਾਨ, ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਇਸ ਸਮਾਗ਼ਮ ਨੂੰ ਸਫ਼ਲ ਬਣਾਉਣ ਲਈ ਹਾਰਦਿਕ ਧੰਨਵਾਦ ਕੀਤਾ। ਸਮਾਗ਼ਮ ਵਿਚ ਹੋਰਨਾਂ ਤੋਂ ਇਲਾਵਾ ਹਰਦੀਪ ਕੌਰ, ਬਲਦੇਵ ਰਹਿਪਾ, ਪ੍ਰੋ. ਸਿਕੰਦਰ ਸਿੰਘ ਗਿੱਲ, ਸ਼ਮਸ਼ੇਰ ਸਿੰਘ, ਪਰਸ਼ੋਤਮ ਸਿੰਘ, ਅਮਰਜੀਤ ਸਿੰਘ ਬਾਈ, ਸੁਖਜਿੰਦਰ ਸਿੰਘ ਮੱਲ੍ਹੀ, ਮਹਿੰਦਰ ਸਿੰਘ ਟਿਵਾਣਾ, ਗੁਰਵਿੰਦਰ ਸਿੰਘ, ਸੁਰਿੰਦਰਪਾਲ ਸਿੰਘ ਤੇ ਕੁਲਦੀਪ ਕੌਰ ਸ਼ਾਮਲ ਸਨ।

*-ਡਾ. ਝੰਡ*

## ਪੰਚਾਇਤੀ ਚੋਣਾਂ 'ਚ ਧਾਂਦਲੀਆਂ ਦੇ ਦੋਸ਼ ਹੇਠ ਅੱਠ ਖਿਲਾਫ ਕੇਸ ਦਰਜ

**ਮੋਗਾ:** ਬਾਘਾਪੁਰਾਣਾ ਪੁਲਿਸ ਨੇ 2018 ਦੀਆਂ ਪੰਚਾਇਤੀ ਚੋਣਾਂ 'ਚ ਜਾਅਲਸਾਜ਼ੀ ਦੇ ਦੋਸ਼ਾਂ ਹੇਠ ਬਾਘਾਪੁਰਾਣਾ ਦੇ ਤਤਕਾਲੀ ਬੀ.ਡੀ.ਪੀ.ਓ, ਕਾਂਗਰਸੀ ਸਰਪੰਚ, ਦੋ ਨੰਬਰਦਾਰਾਂ ਸਣੇ 8 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਹਰਚਰਨ ਸਿੰਘ ਨੇ ਐਸ.ਐਸ.ਪੀ. ਨੂੰ ਕੀਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਸਾਲ 2018 ਵਿਚ ਉਸ ਦੇ ਵਿਰੋਧੀ ਜਗਸੀਰ ਸਿੰਘ ਨੇ ਉਸ 'ਤੇ ਦੋ ਕਨਾਲ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਵਾਉਣ ਦੇ ਦੋਸ਼ ਲਗਾਉਂਦਿਆਂ ਪੰਚਾਇਤੀ ਚੋਣਾਂ ਦੌਰਾਨ ਉਸ ਦੀ ਨਾਮਜ਼ਦਗੀ ਰੱਦ ਕਰਵਾ ਦਿੱਤੀ ਸੀ। ਜਗਸੀਰ ਸਿੰਘ ਨੂੰ ਬਿਨਾਂ ਮੁਕਾਬਲੇ ਜੇਤੂ ਐਲਾਨ ਦਿੱਤਾ ਗਿਆ ਸੀ। ਉਸ ਨੇ ਚੋਣ ਟ੍ਰਿਬਿਊਨਲ ਕੋਲ ਸਰਪੰਚੀ ਦੀ ਚੋਣ ਨੂੰ ਚੁਣੌਤੀ ਦਿੱਤੀ ਸੀ। ਇਸ ਕੇਸ ਦੀ ਸੁਣਵਾਈ ਦੌਰਾਨ ਉਸ ਖ਼ਿਲਾਫ਼ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਤਿਆਰ ਕੀਤੀ ਗਈ ਰਿਪੋਰਟ 'ਤੇ ਮਾਲ ਪਟਵਾਰੀ ਦੇ ਜਾਅਲੀ ਦਸਤਖ਼ਤ ਕਰਨ ਦੀ ਗੱਲ ਸਾਹਮਣੇ ਆ ਗਈ। ਇਹ ਜਾਅਲੀ ਰਿਪੋਰਟ ਨੰਬਰਦਾਰ ਜਗਰੂਪ ਸਿੰਘ ਅਤੇ ਸੁਖਚੈਨ ਸਿੰਘ ਨੰਬਰਦਾਰ ਵੱਲੋਂ ਤਸਦੀਕ ਕੀਤੀ ਗਈ ਸੀ। ਬੀ.ਡੀ.ਪੀ.ਓ. ਉਤੇ ਦੋਸ਼ ਹਨ ਕਿ ਉਨ੍ਹਾਂ ਆਪਣੇ ਅਧਿਕਾਰਾਂ ਦੀ ਗਲਤ ਵਰਤੋਂ ਕਰਦੇ ਹੋਏ ਨਾਮਜ਼ਦਗੀ ਪੇਪਰ ਸਬੰਧੀ ਗਲਤ ਫ਼ੈਸਲਾ ਲਿਆ ਹੈ। ਥਾਣਾ ਮੁਖੀ ਜਸਵਰਿੰਦਰ ਸਿੰਘ ਨੇ ਕਿਹਾ ਕਿ ਤਤਕਾਲੀ ਬੀ.ਡੀ.ਪੀ.ਓ. ਅਮਿਤ ਕੁਮਾਰ, ਸਰਪੰਚ ਜਗਸੀਰ ਸਿੰਘ, ਉਸ ਦੇ ਪੁੱਤਰ ਸੁਖਪ੍ਰੀਤ ਸਿੰਘ, ਨੰਬਰਦਾਰ ਜਗਰੂਪ ਸਿੰਘ ਅਤੇ ਸੁਖਚੈਨ ਸਿੰਘ ਤੋਂ ਇਲਾਵਾ ਗੁਰਿੰਦਰ ਸਿੰਘ, ਕੁਲਦੀਪ ਸਿੰਘ ਅਤੇ ਸੁਖਦੇਵ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਹੈ।

*(ਪਿਛਲੇ ਸਫੇ ਦੀ ਬਾਕੀ)*

ਨੇ ਪੰਜਾਬੀ ਨੂੰ ਬਚਾਉਣ ਲਈ ਘਰਾਂ ਵਿਚ ਵੀ ਪੰਜਾਬੀ ਬੋਲੇ ਜਾਣ 'ਤੇ ਜ਼ੋਰ ਦਿੱਤਾ। ਉਨ੍ਹਾਂ ਆਪਣੀ ਪੁਸਤਕ 'ਸਿੱਖ ਵਾਰੀਅਰਜ਼ ਇਨ ਵਰਲਡ ਵਾਰਜ਼' ਵੀ ਡਾ. ਜੌਹਲ ਨੂੰ ਭੇਟ ਕੀਤੀ।

ਸ. ਭੁਪਿੰਦਰ ਸਿੰਘ ਧਾਲੀਵਾਲ ਨੇ ਜਦੋਂ ਪੁੱਛਿਆ ਕਿ ਲਿਖਣ ਦੀ ਚੇਟਕ ਕਿਵੇਂ ਲੱਗੀ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਅਧਿਆਪਕ ਸਾਹਿਤਕ ਖੇਤਰ ਨਾਲ ਸਬੰਧਤ ਸਨ, ਜਿਸ ਦਾ ਪ੍ਰਭਾਵ ਹੈ। ਸੰਤ ਸਿੰਘ ਸੇਖੋਂ ਕਾਲਜ ਦੇ ਪ੍ਰਿੰਸੀਪਲ ਸਨ ਤੇ ਕਾਲਜ ਦਾ ਮਾਹੌਲ ਸਾਹਿਤਕ ਸੀ, ਜਿੱਥੇ ਸਾਹਿਤਕ ਸ਼ਖਸੀਅਤਾਂ ਦਾ ਆਉਣਾ-ਜਾਣਾ ਸੀ। ਇਕ ਵਾਰ ਕਾਲਜ ਵਿਚ ਕਵੀ ਦਰਬਾਰ ਹੋਇਆ ਤਾਂ ਸ਼ਿਵ ਕੁਮਾਰ ਬਟਾਲਵੀ, ਪ੍ਰੋ. ਮੋਹਨ ਸਿੰਘ, ਮੋਹਨਜੀਤ, ਹਰਭਜਨ ਹੁੰਦਲ, ਸੁਰਿੰਦਰ ਗਿੱਲ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੂੰ ਉਨ੍ਹਾਂ ਦਰੀਆਂ 'ਤੇ ਬੈਠ ਕੇ ਸੁਣਿਆ, ਜਿਸ ਦਾ ਵੀ ਪ੍ਰਭਾਵ ਪਿਆ ਤੇ ਅਖੀਰ ਇਕ ਦਿਨ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ:

ਕਿਸ ਤਰ੍ਹਾਂ ਦਾ ਹੈ ਤੇਰਾ ਫਲਸਫਾ
ਕਿਸ ਤਰ੍ਹਾਂ ਦਾ ਹੈ ਮੇਰਾ ਫਲਸਫਾ

ਇਹ ਉਨ੍ਹਾਂ ਦੀ ਪਹਿਲੀ ਕਵਿਤਾ ਸੀ ਜੋ ਕਾਲਜ ਮੈਗਜ਼ੀਨ ਵਿਚ ਛਪੀ ਪਰ ਪਹਿਲੀ ਕਿਤਾਬ ਕਈ ਸਾਲਾਂ ਬਾਅਦ 1990 ਵਿਚ ਛਪੀ ਜਦੋਂ ਉਹ ਦੂਰਦਰਸ਼ਨ ਵਿਚ ਕੰਮ ਕਰਦੇ ਸਨ। ਉਨ੍ਹਾਂ ਆਪਣੇ ਸੰਘਰਸ਼ ਦੇ ਦਿਨਾਂ ਨੂੰ ਯਾਦ ਕਰਦਿਆਂ ਦੱਸਿਆ ਕਿ ਆਰਥਿਕ ਤੰਗੀਆਂ ਕਾਰਨ ਬੀਏ ਦੀ ਪੜ੍ਹਾਈ ਵਿਚਾਲੇ ਛੱਡਣੀ ਪਈ, ਜੋ ਉਨ੍ਹਾਂ ਨਵਾਂ ਜ਼ਮਾਨਾ ਵਿਚ ਕੰਮ ਕਰਦਿਆਂ ਪੂਰੀ ਕੀਤੀ ਤੇ ਮਗਰੋਂ ਐਮ.ਏ. ਵੀ ਕੀਤੀ।

ਉਨ੍ਹਾਂ ਦੱਸਿਆ ਕਿ 1984 ਵਿਚ ਨਵਾਂ ਜ਼ਮਾਨਾ ਵਿਚ ਕੰਮ ਕਰਦਿਆਂ ਹੀ ਉਨ੍ਹਾਂ ਨੂੰ ਅਜੀਤ ਦੀ ਨੌਕਰੀ ਮਿਲ ਗਈ, ਤੇ ਜਿਸ ਦਿਨ ਉਨ੍ਹਾਂ ਨਵਾਂ ਜ਼ਮਾਨਾ ਛੱਡਿਆ ਤਾਂ ਅੱਧਾ ਦਿਨ ਨਵਾਂ ਜ਼ਮਾਨਾ ਵਿਚ ਕੰਮ ਕੀਤਾ ਤੇ ਅੱਧਾ ਦਿਨ ਅਜੀਤ ਵਿਚ ਕੰਮ ਕੀਤਾ। ਖੁਸ਼ੀ ਵਾਲੀ ਗੱਲ ਇਹ ਸੀ ਕਿ ਉਨ੍ਹਾਂ ਦੀ ਤਨਖਾਹ ਨਵਾਂ ਜ਼ਮਾਨਾ ਵਿਚ 640 ਰੁਪਏ ਸੀ ਤੇ ਅਜੀਤ ਵਿਚ 1285 ਰੁਪਏ ਤਨਖਾਹ ਲੱਗੀ, ਜਿਸ ਕਰਕੇ ਉਨ੍ਹਾਂ ਨੂੰ ਲੱਗਿਆ ਕਿ ਉਨ੍ਹਾਂ ਦੀ ਤਾਂ ਇੰਗਲੈਂਡ ਲੱਗ ਗਈ। ਮਗਰੋਂ ਉਨ੍ਹਾਂ ਨੂੰ ਦੂਰਦਰਸ਼ਨ ਤੋਂ ਵੀ ਕਾਲ ਆ ਗਈ, ਤੇ ਜਦੋਂ ਬਰਜਿੰਦਰ ਸਿੰਘ ਹਮਦਰਦ ਨੂੰ ਦੱਸਿਆ ਕਿ ਮੈਂ ਜਾਣਾ ਤਾਂ ਉਨ੍ਹਾਂ ਕਿਹਾ, 'ਤੂੰ ਤੇ ਨੀਂ ਜਾਣਾ।'' ਅਖੀਰ ਦੂਰਦਰਸ਼ਨ ਦੇ ਨਾਲ-ਨਾਲ ਅਜੀਤ ਵਿਚ ਵੀ ਕੰਮ ਕਰਨ ਦਾ ਭਰੋਸਾ ਦੇਣ 'ਤੇ ਉਨ੍ਹਾਂ ਜਾਣ ਦਿੱਤਾ ਤੇ ਢਾਈ ਮਹੀਨੇ ਬਾਅਦ ਦੂਸਰਾ ਵਰਕਰ ਲੱਭ ਜਾਣ 'ਤੇ ਅਜੀਤ ਨੂੰ ਛੱਡਣ ਦੀ ਛੁੱਟੀ ਮਿਲੀ।

ਦੂਰਦਰਸ਼ਨ ਦੇ ਘਟ ਰਹੇ ਰੁਝਾਨ ਬਾਰੇ ਉਨ੍ਹਾਂ ਕਿਹਾ ਕਿ ਜੇ ਤੁਸੀਂ ਲੋਕਾਂ ਦੀ ਥਾਂ ਸਰਕਾਰਾਂ ਦੀ ਭਾਸ਼ਾ ਬੋਲੋਗੇ ਤਾਂ ਲੋਕ ਦੂਰ ਹੋਣਗੇ। 'ਅੱਜ ਦਾ ਮਸਲਾ' ਪ੍ਰੋਗਰਾਮ, 'ਖਾਸ ਖਬਰ ਇਕ ਨਜ਼ਰ' ਦੀਆਂ ਯਾਦਾਂ ਵੀ ਤਾਜ਼ਾ ਕੀਤੀਆਂ ਗਈਆਂ।

ਅਮਰੀਕਾ ਵਿਚ ਪੰਜਾਬੀ ਬੋਲੀ ਦੀ ਹਾਲਤ ਅਤੇ ਗੁਰਦੁਆਰਿਆਂ ਵਿਚ ਚੱਲ ਰਹੇ ਗੁਰਮਤਿ ਸਕੂਲਾਂ 'ਤੇ ਵੀ ਚਰਚਾ ਕੀਤੀ ਗਈ, ਜਿੱਥੇ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦੇ ਉਪਰਾਲੇ ਹੋ ਰਹੇ ਹਨ। ਭਾਸ਼ਾ ਨੂੰ ਧਰਮਾਂ ਨਾਲ ਨਾ ਜੋੜਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ।

ਡਾ. ਜੌਹਲ ਨੂੰ ਮਿਲਣ ਲਈ ਪੁੱਜੇ ਉਨ੍ਹਾਂ ਦੇ ਦੂਰਦਰਸ਼ਨ ਦੇ ਪੁਰਾਣੇ ਸਾਥੀ ਰਾਜੇਸ਼ ਪਵਾਰ ਨੇ ਦੱਸਿਆ ਕਿ ਉਨ੍ਹਾਂ ਨੇ ਜੌਹਲ ਹੁਰਾਂ ਨੇ ਲਿਖੇ ਗੀਤ ਵੀ ਗਾਏ ਹਨ ਤੇ ਉਨ੍ਹਾਂ ਦੀ ਨਿਰਦੇਸ਼ਨਾ ਹੇਠ ਕੰਮ ਵੀ ਕੀਤਾ ਹੈ। ਉਨ੍ਹਾਂ ਦਾ ਗੀਤ- 'ਇਹ ਕੇਹੀ ਰੁੱਤ ਆਈ' ਗਾ ਕੇ ਉਨ੍ਹਾਂ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ।

ਡਾ. ਜੌਹਲ ਨੇ ਦੱਸਿਆ ਕਿ ਉਨ੍ਹਾਂ ਨੇ 'ਪੰਜਾਬ ਟਾਈਮਜ਼ ਨਾਈਟ' 'ਤੇ ਆਉਣਾ ਸੀ ਪਰ ਪਾਸਪੋਰਟ ਵਿਚ ਦੇਰੀ ਕਾਰਨ ਉਹ ਆ ਨਾ ਸਕੇ ਪਰ ਹੁਣ ਉਹ ਹਰ ਸਾਲ ਆਉਣ ਦੀ ਕੋਸ਼ਿਸ਼ ਕਰਿਆ ਕਰਨਗੇ। ਉਨ੍ਹਾਂ 'ਪੰਜਾਬ ਟਾਈਮਜ਼' ਦੀ ਸਰਾਹਨਾ ਕਰਦਿਆਂ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਨੂੰ ਇਸ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਣ ਵਿਚ ਬਣਦਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਇਸ ਨੂੰ ਇੱਥੋਂ ਦੇ ਪੰਜਾਬੀਆਂ ਦੀ ਅਵਾਜ਼ ਬਣਾਇਆ ਜਾਵੇ ਤਾਂ ਜੋ ਸ. ਅਮੋਲਕ ਸਿੰਘ ਨੇ ਜੋ ਉਪਰਾਲਾ ਕੀਤਾ ਸੀ, ਉਸ ਨੂੰ ਜੀਉਂਦਾ ਰੱਖਿਆ ਜਾ ਸਕੇ।

ਅੰਤ ਵਿਚ 'ਪੰਜਾਬ ਟਾਈਮਜ਼' ਵਲੋਂ ਡਾ. ਜੌਹਲ ਦਾ ਸਨਮਾਨ ਵੀ ਕੀਤਾ ਗਿਆ। ਡਾ. ਜੌਹਲ ਨੇ ਉਨ੍ਹਾਂ ਨੂੰ ਮਿਲਣ ਪੁਜੀਆਂ ਸਾਰੀਆਂ ਸ਼ਖਸੀਅਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਐਨ.ਆਰ.ਆਈ. ਗੋਲੀ ਕਾਂਡ: ਪੰਜਾਬ ਵਿਚ ਲਾਕਾਨੂੰਨੀ 'ਤੇ ਘਿਰੀ ਸਰਕਾਰ

**ਅੰਮ੍ਰਿਤਸਰ:** ਇੱਥੋਂ ਦੇ ਦਬੁਰਜੀ ਇਲਾਕੇ ਵਿਚ ਅਣਪਛਾਤੇ ਹਥਿਆਰਬੰਦ ਹਮਲਾਵਰਾਂ ਵੱਲੋਂ ਪਰਵਾਸੀ ਭਾਰਤੀ ਸੁਖਚੈਨ ਸਿੰਘ ਨੂੰ ਉਸ ਦੇ ਘਰ ਵਿਚ ਦਾਖ਼ਲ ਹੋ ਕੇ ਪਰਿਵਾਰਕ ਮੈਂਬਰਾਂ ਸਾਹਮਣੇ ਗੋਲੀਆਂ ਮਾਰਨ ਦੇ ਮਾਮਲੇ ਉਤੇ ਵਿਰੋਧੀ ਧਿਰਾਂ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਘੇਰਿਆ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੋਕ ਸਭਾ ਹਲਕਾ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੰਮ੍ਰਿਤਸਰ ਵਿਚ ਵਾਪਰੀ ਘਟਨਾ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਕ ਪਾਸੇ ਪਰਵਾਸੀ ਭਾਰਤੀਆਂ ਨੂੰ ਪੰਜਾਬ ਵਿਚ ਸੱਦਿਆ ਜਾ ਰਿਹਾ ਹੈ, ਦੂਜੇ ਪਾਸੇ ਉਨ੍ਹਾਂ ਦੀ ਸੁਰੱਖਿਆ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਸੂਬੇ ਨੂੰ ਖਤਰੇ ਵਿਚ ਪਾ ਦਿੱਤਾ ਹੈ।

ਅੰਮ੍ਰਿਤਸਰ ਵਿਚ ਘਰ 'ਚ ਦਾਖ਼ਲ ਹੋ ਕੇ ਐਨ.ਆਰ.ਆਈ. ਨੂੰ ਗੋਲੀਆਂ ਮਾਰਨ ਦੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਨੂੰ ਘੇਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਨੈਤਿਕਤਾ ਦੇ ਆਧਾਰ 'ਤੇ ਅਸਤੀਫ਼ਾ ਮੰਗਿਆ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਬਿਲਕੁਲ ਵਿਗੜ ਚੁੱਕੀ ਹੈ। ਉਨ੍ਹਾਂ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਪੀੜਤ ਸੁਖਚੈਨ ਦੀ



ਤੰਦਰੁਸਤੀ ਲਈ ਅਰਦਾਸ ਕੀਤੀ।

ਇਧਰ, ਦੋ ਹਥਿਆਰਬੰਦ ਹਮਲਾਵਰਾਂ ਵੱਲੋਂ ਅਮਰੀਕਾ ਵਾਸੀ ਪਰਵਾਸੀ ਪੰਜਾਬੀ (ਐਨ.ਆਰ.ਆਈ.) ਨੂੰ ਗੋਲੀ ਮਾਰਨ ਦੇ ਮਾਮਲੇ ਵਿਚ ਅੰਮ੍ਰਿਤਸਰ ਸਿਟੀ ਪੁਲਿਸ ਕਮਿਸ਼ਨਰੇਟ ਨੇ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਜ਼ਖ਼ਮੀ ਐਨ.ਆਰ.ਆਈ. ਦਾ ਸਹੁਰਾ ਸਰਵਣ ਸਿੰਘ ਵਾਸੀ ਟਾਂਡਾ, ਹੁਸ਼ਿਆਰਪੁਰ ਵੀ ਸ਼ਾਮਲ ਹੈ, ਜੋ ਦੋ ਸਾਲ ਪਹਿਲਾਂ ਖ਼ੁਦਕੁਸ਼ੀ ਕਰ ਚੁੱਕੀ ਐਨ.ਆਰ.ਆਈ. ਦੀ ਪਹਿਲੀ ਪਤਨੀ ਦਾ ਪਿਤਾ ਹੈ।

ਗੋਲੀਬਾਰੀ ਕਰਨ ਵਾਲਿਆਂ ਦੀ ਪਛਾਣ ਕਪੂਰਥਲਾ ਦੇ ਸੁਖਵਿੰਦਰ ਸਿੰਘ ਉਰਫ ਸੁੱਖਾ ਗ੍ਰਨੇਡ ਅਤੇ ਜਲੰਧਰ ਦੇ ਗੁਰਕੀਰਤ ਸਿੰਘ ਵਜੋਂ ਹੋਈ ਹੈ। ਸਰਵਣ ਸਿੰਘ ਤੋਂ ਇਲਾਵਾ ਪੁਲਿਸ ਨੇ ਤਰਨ ਤਾਰਨ ਦੇ ਪਿੰਡ ਠੱਠ ਦੇ ਰਹਿਣ ਵਾਲੇ ਜਗਜੀਤ ਸਿੰਘ ਅਤੇ ਚਮਕੌਰ ਸਿੰਘ, ਹੋਟਲ ਮਾਲਕ ਦਿਗੰਬਰ ਅੱਤਰੀ ਅਤੇ ਉਸ ਦੇ ਮੈਨੇਜਰ ਅਭਿਲਾਸ਼ ਭਾਸਕਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਨੂੰ ਮੁਲਜ਼ਮਾਂ ਨੂੰ ਲੌਜਿਸਟਿਕ ਮਦਦ ਅਤੇ ਪਨਾਹ ਦੇਣ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ।

ਦੱਸ ਦਈਏ ਕਿ ਅਣਪਛਾਤੇ ਹਥਿਆਰਬੰਦ ਹਮਲਾਵਰਾਂ ਨੇ ਪਰਵਾਸੀ ਭਾਰਤੀ ਸੁਖਚੈਨ ਸਿੰਘ ਨੂੰ ਉਸ ਦੇ ਘਰ ਵਿਚ ਦਾਖ਼ਲ ਹੋ ਕੇ ਉਸ ਪਰਿਵਾਰਕ ਮੈਂਬਰਾਂ ਸਾਹਮਣੇ ਗੋਲੀਆਂ ਮਾਰ ਦਿੱਤੀਆਂ। ਪੀੜਤ ਹਾਲ ਹੀ ਵਿਚ ਅਮਰੀਕਾ ਤੋਂ ਪਰਤਿਆ ਸੀ। ਜਾਣਕਾਰੀ ਅਨੁਸਾਰ ਵਾਰਦਾਤ ਵਿਚ ਸੁਖਚੈਨ ਦੇ ਦੋ ਗੋਲੀਆਂ ਲੱਗੀਆਂ ਅਤੇ ਉਹ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਪੁਲਿਸ ਨੇ ਮੌਕੇ ਤੋਂ ਗੋਲੀਆਂ ਦੇ ਤਿੰਨ ਖੋਲ ਵੀ ਬਰਾਮਦ ਕੀਤੇ ਹਨ। ਪੁਲਿਸ ਅਨੁਸਾਰ ਗੋਲੀਬਾਰੀ ਦੌਰਾਨ ਹਮਲਾਵਰਾਂ ਦਾ ਪਿਸਤੌਲ ਫਸਣ ਕਾਰਨ ਉਹ ਹੋਰ ਗੋਲੀ ਨਾ ਚਲਾ ਸਕੇ ਅਤੇ ਉਥੋਂ ਫ਼ਰਾਰ ਹੋ ਗਏ। ਸੀ.ਸੀ.ਟੀ.ਵੀ. ਫੁਟੇਜ ਵਿਚ ਪੀੜਤ ਦੀ ਮਾਂ ਅਤੇ ਪੁੱਤਰ ਸੁਖਚੈਨ ਸਿੰਘ ਹਮਲਾਵਰਾਂ ਅੱਗੇ ਹੱਥ ਜੋੜਦੇ ਦੇਖੇ ਗਏ। ਜਦੋਂ ਸੁਖਚੈਨ ਦੰਦਾਂ ਨੂੰ ਬਰੱਸ਼ ਕਰ ਰਿਹਾ ਸੀ ਤਾਂ ਦੋਵੇਂ ਮੁਲਜ਼ਮ ਘਰ ਵਿਚ ਦਾਖਲ ਹੋਏ ਅਤੇ ਉਸ ਕੋਲੋਂ ਨਵੀਂ ਖਰੀਦੀ ਮਰਸਿਡੀਜ਼ ਕਾਰ ਦੇ ਕਾਗਜ਼ਾਂ ਬਾਰੇ ਪੁੱਛਿਆ। ਇਸ ਮਗਰੋਂ ਸੁਖਚੈਨ ਨੂੰ ਮੁਲਜ਼ਮਾਂ 'ਤੇ ਸ਼ੱਕ ਹੋਇਆ ਅਤੇ ਉਨ੍ਹਾਂ ਵਿਚਾਲੇ ਝਗੜਾ ਹੋ ਗਿਆ। ਦੋਵੇਂ ਹਮਲਾਵਰ ਪਿਸਤੌਲ ਕੱਢ ਕੇ ਉਸ ਨੂੰ ਲਾਬੀ ਦੇ ਅੰਦਰ ਲੈ ਗਏ ਅਤੇ ਬਹਿਸ ਦੌਰਾਨ ਉਨ੍ਹਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ। ਵਧੀਕ ਡਿਪਟੀ ਕਮਿਸ਼ਨਰ ਪੁਲਿਸ ਨੇ ਦੱਸਿਆ ਕਿ ਸੁਖਚੈਨ ਦੀ ਪਹਿਲੀ ਪਤਨੀ ਨੇ 2022 ਵਿਚ ਖੁਦਕੁਸ਼ੀ ਕਰ ਲਈ ਸੀ ਅਤੇ ਉਸ ਦੇ ਪਰਿਵਾਰ ਦੀ ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਸੁਖਚੈਨ, ਉਸ ਦੇ ਭਰਾ, ਭੈਣ ਅਤੇ ਮਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਸੀ। ਉਨ੍ਹਾਂ ਕਿਹਾ ਕਿ ਸੁਖਚੈਨ ਅਤੇ ਉਸ ਦੇ ਭਰਾ ਤੇ ਭੈਣ, ਜੋ ਅਮਰੀਕਾ ਵਿਚ ਸਨ, ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ, ਜਦੋਂ ਕਿ ਉਨ੍ਹਾਂ ਦੀ ਮਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਪਹਿਲੀ ਪਤਨੀ ਦੇ ਪਰਿਵਾਰ ਨਾਲ ਝਗੜਾ ਅਜੇ ਵੀ ਚੱਲ ਰਿਹਾ ਹੈ।

### ਹਮਲਾਵਰਾਂ ਖ਼ਿਲਾਫ਼ ਸਖਤ ਕਾਰਵਾਈ ਕਰਾਂਗੇ: ਧਾਲੀਵਾਲ

**ਚੰਡੀਗੜ੍ਹ:** ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਨ.ਆਰ.ਆਈ. ਪਰਿਵਾਰਾਂ 'ਤੇ ਹੋ ਰਹੇ ਹਮਲਿਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਹਮਲਾਵਰਾਂ ਦੀ ਪਛਾਣ ਕਰ ਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਨ੍ਹਾਂ ਦੀ ਸੁਰੱਖਿਆ ਲਈ ਹਮੇਸ਼ਾ ਯਤਨਸ਼ੀਲ ਹੈ ਅਤੇ ਪਰਿਵਾਸੀ ਪਰਿਵਾਰਾਂ ਨੂੰ ਕੋਈ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

## ਭੂਤ ਕੱਢਣ ਲਈ ਕੁੱਟਮਾਰ ਕਾਰਨ ਨੌਜਵਾਨ ਦੀ ਮੌਤ

**ਧਾਰੀਵਾਲ:** ਥਾਣਾ ਧਾਰੀਵਾਲ ਅਧੀਨ ਪਿੰਡ ਸਿੰਘਪੁਰਾ ਵਿਚ ਬਿਮਾਰ ਨੌਜਵਾਨ ਲਈ ਦੁਆ ਕਰਨ ਆਏ ਦੋ ਵਿਅਕਤੀਆਂ ਅਤੇ ਸਾਥੀਆਂ ਵੱਲੋਂ ਭੂਤ ਕੱਢਣ ਦੇ ਨਾਮ 'ਤੇ ਕਾਫੀ ਮਾਰ-ਕੁੱਟ ਕਰਕੇ ਨੌਜਵਾਨ ਨੂੰ ਮਾਰ ਦਿੱਤਾ। ਮ੍ਰਿਤਕ ਦੀ ਪਛਾਣ ਸੈਮੂਅਲ ਮਸੀਹ (30) ਪੁੱਤਰ ਮੰਗਾ ਮਸੀਹ ਵਜੋਂ ਹੋਈ ਹੈ।

ਮ੍ਰਿਤਕ ਦੇ ਪਰਿਵਾਰ ਵਿਚ ਪਤਨੀ ਅਤੇ ਦੋ ਛੋਟੇ ਬੱਚੇ ਹਨ। ਪਰਿਵਾਰਕ ਮੈਂਬਰਾਂ ਨੇ ਲਾਸ਼ ਨੂੰ ਪਿੰਡ ਦੇ ਕਬਰਸਤਾਨ ਵਿਚ ਦਫ਼ਨਾ ਦਿੱਤਾ। ਇਸ ਬਾਰੇ ਇਤਲਾਹ ਮਿਲਣ 'ਤੇ ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਬਲਜੀਤ ਕੌਰ ਨੇ ਪੁਲਿਸ ਪਾਰਟੀ ਸਮੇਤ ਪਿੰਡ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਤਾਂ ਮ੍ਰਿਤਕ ਦੀ ਮਾਤਾ ਨੇ ਦੱਸਿਆ ਉਸ ਦਾ ਲੜਕਾ ਸੈਮੂਅਲ ਮਸੀਹ ਬਿਮਾਰ ਸੀ।

ਪਰਿਵਾਰ ਵੱਲੋਂ ਦੁਆ ਕਰਨ ਵਾਸਤੇ ਬੁਲਾਉਣ 'ਤੇ ਜੈਕਬ ਮਸੀਹ ਉਰਫ ਜੱਕੀ ਵਾਸੀ ਸੰਘਰ ਕਲੋਨੀ ਅਤੇ ਬਲਜੀਤ ਸਿੰਘ ਉਰਫ ਸੋਨੂੰ ਵਾਸੀ ਸੁਚੈਨੀਆਂ ਉਨ੍ਹਾਂ ਦੇ ਘਰ 21 ਅਗਸਤ ਨੂੰ ਰਾਤ ਕਰੀਬ 10 ਵਜੇ ਆਏ ਅਤੇ ਬਾਅਦ ਵਿਚ ਉਨ੍ਹਾਂ ਨੇ 7-8 ਹੋਰ ਵਿਅਕਤੀਆਂ ਨੂੰ ਬੁਲਾ ਲਿਆ, ਜਿਨ੍ਹਾਂ ਨੇ ਸੈਮੂਅਲ ਮਸੀਹ ਦੀ ਭੂਤ ਕੱਢਣ ਦੇ ਨਾਮ 'ਤੇ ਕਾਫੀ ਮਾਰ ਕੁਟਾਈ ਕੀਤੀ ਅਤੇ ਉਸ ਨੂੰ ਮੰਜੇ 'ਤੇ ਪਾ ਕੇ ਚਲੇ ਗਏ। ਪਰਿਵਾਰਕ ਮੈਂਬਰਾਂ ਜਦੋਂ ਦੇਖਿਆ ਤਾਂ ਉਸ ਦੀ ਮੌਤ ਚੁੱਕੀ ਸੀ। ਪਰਿਵਾਰਕ ਮੈਂਬਰਾਂ ਨੇ 22 ਅਗਸਤ ਨੂੰ ਉਸ ਦੀ ਲਾਸ਼ ਪਿੰਡ ਦੇ ਕਬਰਸਤਾਨ ਵਿਚ ਦਫਨਾ ਦਿੱਤੀ। ਪੁਲਿਸ ਨੇ ਮ੍ਰਿਤਕ ਦੀ ਮਾਤਾ ਦੇ ਬਿਆਨ ਅਨੁਸਾਰ ਜੈਕਬ ਮੀਸਹ, ਬਲਜੀਤ ਸਿੰਘ ਅਤੇ 7-8 ਹੋਰ ਨਾਮਲੂਮ ਵਿਅਕਤੀਆਂ ਵਿਰੁੱਧ ਧਾਰਾ 105, 190, 191(3) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰ ਲਿਆ ਹੈ।

## ਕਿਸਾਨਾਂ ਦੀ ਹਰਿਆਣਾ ਤੇ ਪੰਜਾਬ ਨਾਲ ਦੂਜੇ ਗੇੜ ਦੀ ਮੀਟਿੰਗ ਵੀ ਬੇਸਿੱਟਾ

**ਪਟਿਆਲਾ:** ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਪਟਿਆਲਾ ਦੀ ਪੁਲਿਸ ਲਾਈਨ ਵਿਚ ਹਰਿਆਣਾ ਤੇ ਪੰਜਾਬ ਪ੍ਰਸ਼ਾਸਨ ਨਾਲ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਬੈਠੇ ਕਿਸਾਨਾਂ ਦੇ ਦੋਵੇਂ ਧੜਿਆਂ ਦੀ ਦੂਜੇ ਗੇੜ ਦੀ ਮੀਟਿੰਗ ਵੀ ਬੇਸਿੱਟਾ ਰਹੀ।

ਹਰਿਆਣਾ ਪ੍ਰਸ਼ਾਸਨ ਨੇ ਕਿਹਾ ਕਿ ਕਿਸਾਨ ਬੇਸ਼ੱਕ ਦਿੱਲੀ ਬਾਰਡਰ ਉਤੇ ਚਲੇ ਜਾਣ ਪਰ ਉਹ ਟਰੈਕਟਰ ਤੇ ਟਰਾਲੀਆਂ ਪੰਜਾਬ ਵਿਚ ਹੀ ਛੱਡ ਦੇਣ ਪਰ ਕਿਸਾਨਾਂ ਦਾ ਇਕ-ਨੁਕਾਤੀ ਪ੍ਰੋਗਰਾਮ ਸੀ ਕਿ ਕਿਸਾਨ ਕਿਸੇ ਵੀ ਹਾਲਤ ਵਿਚ ਟਰੈਕਟਰ-ਟਰਾਲੀਆਂ ਤੋਂ ਬਿਨਾਂ ਦਿੱਲੀ ਨਹੀਂ ਜਾਣਗੇ। ਇਹ ਮੀਟਿੰਗ ਸਿਰਫ਼ 40 ਮਿੰਟ ਹੀ ਚੱਲੀ ਤੇ ਉਸ ਵਿਚ ਹਰਿਆਣਾ ਪ੍ਰਸ਼ਾਸਨ ਨੇ ਕਿਹਾ ਕਿ ਕਿਸਾਨ ਧਰਨਾ ਚੁੱਕ ਲੈਣ ਤੇ ਰਸਤਾ ਸਾਫ਼ ਕਰ ਦੇਣ। ਹਰਿਆਣਾ ਪ੍ਰਸ਼ਾਸਨ ਨੇ ਕਿਹਾ ਕਿ ਜੇ ਕਿਸਾਨ ਧਰਨਾ ਜਾਰੀ ਰੱਖਣਾ ਚਾਹੁੰਦੇ ਹਨ ਅਤੇ ਦਿੱਲੀ ਜਾਣਾ ਚਾਹੁੰਦੇ ਹਨ ਤਾਂ ਉਹ



ਟਰੈਕਟਰਾਂ ਤੋਂ ਬਗ਼ੈਰ ਜਾਣ।

ਕਿਸਾਨ ਆਗੂਆਂ ਨੇ ਟਰੈਕਟਰ ਤੇ ਟਰਾਲੀਆਂ ਤੋਂ ਬਿਨਾਂ ਦਿੱਲੀ ਜਾਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਮੀਟਿੰਗ ਕਰ ਕੇ ਵਿਚਾਰ ਕਰਨਗੇ। ਮੀਟਿੰਗ ਬੇਸਿੱਟਾ ਰਹਿਣ ਤੋਂ ਬਾਅਦ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਹਰਿਆਣਾ ਸਰਕਾਰ ਕਿਸਾਨ ਵਿਰੋਧੀ ਹੈ, ਜਦੋਂ ਹਰਿਆਣਾ ਵਿਚ ਚੋਣਾਂ ਹੋ ਰਹੀਆਂ ਹਨ ਤਾਂ ਭਾਜਪਾ ਅਦਾਲਤ ਦਾ ਸਹਾਰਾ ਲੈ ਕੇ ਕਿਸਾਨਾਂ ਦਾ ਧਰਨਾ ਚੁਕਾਉਣਾ ਚਾਹੁੰਦੀ ਹੈ। ਇਸੇ ਕਰ ਕੇ ਉਹ ਕਿਸਾਨਾਂ ਦੇ ਹੱਕ ਵਿਚ ਇਕ ਛੋਟਾ ਜਿਹਾ ਵੀ ਫ਼ੈਸਲਾ ਨਹੀਂ ਕਰਨਾ ਚਾਹੁੰਦੀ ਤੇ ਨਾ ਹੀ ਉਹ ਬਾਰਡਰ ਖੋਲ੍ਹਣ ਲਈ ਤਿਆਰ ਹੈ।

### ਸੰਘਰਸ਼ 'ਚੋਂ ਟਰੈਕਟਰ-ਟਰਾਲੀਆਂ ਲਾਂਭੇ ਕਰਨ ਕਿਸਾਨ: ਹਰਿਆਣਾ

**ਚੰਡੀਗੜ੍ਹ:** ਹਰਿਆਣੇ ਦਾ ਪ੍ਰਸ਼ਾਸਨ ਇਸ ਗੱਲ 'ਤੇ ਬੇਜ਼ਿੱਦ ਸੀ ਕਿ ਕਿਸਾਨ ਆਪਣੇ ਪ੍ਰਦਰਸ਼ਨਾਂ ਤੇ ਧਰਨੇ-ਮੁਜ਼ਾਹਰਿਆਂ ਵਿਚੋਂ ਟਰੈਕਟਰ-ਟਰਾਲੀਆਂ ਲਾਂਭੇ ਕਰ ਦੇਣ ਤਾਂ ਫਿਰ ਉਹ ਦਿੱਲੀ ਦੇ ਬਾਰਡਰ 'ਤੇ ਜਾ ਕੇ ਧਰਨਾ ਪ੍ਰਦਰਸ਼ਨ ਕਰ ਸਕਦੇ ਹਨ ਪਰ ਕਿਸਾਨ ਇਸ ਗੱਲ 'ਤੇ ਅੜੇ ਹੋਏ ਸਨ ਕਿ ਉਹ ਰਸਤਾ ਖੋਲ੍ਹਣ ਲਈ ਤਿਆਰ ਹਨ ਪਰ ਸਰਕਾਰ ਉਨ੍ਹਾਂ ਦੇ ਟਰੈਕਟਰ ਤੇ ਟਰਾਲੀਆਂ ਦਿੱਲੀ ਜਾਣ ਤੋਂ ਨਾ ਰੋਕੇ।

## ਤਾਮਿਲਨਾਡੂ ਜਾ ਰਹੇ ਕਿਸਾਨ ਆਗੂਆਂ ਨੂੰ ਜਹਾਜ਼ ਚੜ੍ਹਨ ਤੋਂ ਰੋਕਿਆ

**ਖਨੌਰੀ:** ਐਮ.ਐਸ.ਪੀ. ਗਾਰੰਟੀ ਕਾਨੂੰਨ ਦੇ ਮੁੱਦੇ ਉਤੇ ਤਿਰੂਚੁਰਾਪੱਲੀ ਅਤੇ ਪੁਡੀਚੇਰੀ 'ਚ ਹੋ ਰਹੀ ਮਹਾਂਪੰਚਾਇਤ ਵਿਚ ਸ਼ਾਮਲ ਹੋਣ ਜਾ ਰਹੇ ਕਿਸਾਨ ਆਗੂਆਂ ਨੂੰ ਦਿੱਲੀ ਹਵਾਈ ਅੱਡੇ ਉਤੇ ਜਹਾਜ਼ ਵਿਚ ਨਹੀਂ ਚੜ੍ਹਨ ਦਿੱਤਾ ਗਿਆ। ਇਸ ਸਬੰਧੀ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਇੰਝ ਜਾਪ ਰਿਹਾ ਹੈ ਜਿਵੇਂ ਦੇਸ਼ ਵਿਚ ਐਮਰਜੰਸੀ ਲੱਗੀ ਹੋਵੇ।

ਭਾਜਪਾ ਸਰਕਾਰ ਇੰਨੀ ਡਰੀ ਹੋਈ ਕਿਉਂ ਹੈ, ਕੀ ਭਾਜਪਾ ਸਰਕਾਰ ਕਿਸਾਨ ਖ਼ਾਸ ਕਰਕੇ ਪੰਜਾਬੀ ਕਿਸਾਨਾਂ ਨੂੰ ਦੇਸ਼ ਦਾ ਨਾਗਰਿਕ ਹੀ ਨਹੀਂ ਸਮਝਦੀ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਥੀ ਕਿਸਾਨ ਆਗੂਆਂ ਦੇ ਨਾਲ ਐਮ.ਐਸ.ਪੀ. ਦੇ ਮੁੱਦੇ 'ਤੇ ਮੀਟਿੰਗ ਵਿਚ ਸ਼ਾਮਲ ਹੋਣ ਜਾ ਰਹੇ ਸਨ। ਕੀ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਸੁਰੱਖਿਆ ਕਰਮੀਆਂ ਵੱਲੋਂ ਗਾਤਰੇ ਪਾਏ ਹੋਣ ਕਾਰਨ ਰੋਕਿਆ ਗਿਆ, ਜਦਕਿ ਪਹਿਲਾਂ ਵੀ ਕਈ ਵਾਰ ਕਿਸਾਨ ਕਿਸਾਨ ਨੇਤਾ ਗਾਤਰੇ ਨਾਲ ਹਵਾਈ ਸਫ਼ਰ ਕਰ ਚੁੱਕੇ ਹਨ।

ਕਿਸਾਨ ਆਗੂ ਸੁਖਦੇਵ ਸਿੰਘ ਭੋਜਰਾਜ ਕੋਲ ਗਾਤਰਾ ਨਹੀਂ ਸੀ ਪਰ ਉਨ੍ਹਾਂ ਨੂੰ ਵੀ ਜਹਾਜ 'ਤੇ ਚੜ੍ਹਨ ਨਹੀਂ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇ ਮੁੱਦੇ ਉਤੇ 13 ਫਰਵਰੀ ਤੋਂ ਦੱਖਣੀ ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੇ ਅੱਗੇ ਫੈਲਣ ਤੋਂ ਘਬਰਾ ਰਹੀ ਹੈ। ਹਾਲ ਹੀ ਵਿਚ 15 ਅਗਸਤ ਨੂੰ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ ਉਤੇ ਤਾਮਿਲਨਾਡੂ ਦੇ 17 ਜ਼ਿਲ੍ਹਿਆਂ ਅਤੇ ਕਰਨਾਟਕ ਦੇ 15 ਜ਼ਿਲ੍ਹਿਆਂ ਵਿਚ ਟਰੈਕਟਰ ਮਾਰਚ ਕੱਢਿਆ ਗਿਆ ਅਤੇ ਵੱਡੀਆਂ ਮਹਾਂਪੰਚਾਇਤਾਂ ਵੀ ਲਗਾਤਾਰ ਕਰਵਾਈਆਂ ਜਾ ਰਹੀਆਂ ਹਨ। ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਦੇ ਮੁੱਦੇ ਉਤੇ ਸੜਕਾਂ ਤੋਂ ਲੈ ਕੇ ਸੰਸਦ ਤੱਕ ਉਠਾਈ ਜਾ ਰਹੀ ਆਵਾਜ਼ ਕਾਰਨ ਭਾਜਪਾ ਸਰਕਾਰ 'ਚ ਦਹਿਸ਼ਤ ਦਾ ਮਾਹੌਲ ਹੈ ਅਤੇ ਘਬਰਾਹਟ 'ਚ ਸਰਕਾਰ ਵੱਲੋਂ ਕਿਸਾਨ ਅੰਦੋਲਨ ਦੇ ਪਸਾਰ ਨੂੰ ਰੋਕਣ ਲਈ ਅਜਿਹੇ ਹੱਥਕੰਡੇ ਅਪਣਾਏ ਜਾ ਰਹੇ ਹਨ।

## ਜੇਲ੍ਹ ਕਾਂਡ: ਮੁੱਖ ਸਾਜ਼ਿਸ਼ਘਾੜੇ ਰੋਮੀ ਦਾ ਜੁਡੀਸ਼ਲ ਰਿਮਾਂਡ

**ਚੰਡੀਗੜ੍ਹ:** ਨਾਭਾ ਜੇਲ੍ਹ ਬ੍ਰੇਕ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਰਮਨਜੀਤ ਸਿੰਘ ਉਰਫ ਰੋਮੀ ਨੂੰ ਭਾਰੀ ਸੁਰੱਖਿਆ ਹੇਠ ਨਾਭਾ ਲਿਆਂਦਾ ਗਿਆ ਅਤੇ ਪੁਲਿਸ ਦੀ ਸਖ਼ਤ ਸੁਰੱਖਿਆ ਵਿਚ ਨਾਭਾ ਦੇ ਡਿਊਟੀ ਮੈਜਿਸਟਰੇਟ ਕੋਲ ਪੇਸ਼ ਕੀਤਾ ਗਿਆ। ਜੱਜ ਵਲੋਂ ਰਮਨਜੀਤ ਉਰਫ ਰੋਮੀ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਦੱਸ ਦਈਏ ਕਿ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ) ਟੀਮ ਵੱਲੋਂ ਸਾਲ 2016 ਦੇ ਨਾਭਾ ਜੇਲ੍ਹ ਬਰੇਕ ਕਾਂਡ ਦੇ ਮਾਸਟਰਮਾਈਂਡ ਰਮਨਜੀਤ ਸਿੰਘ ਉਰਫ਼ ਰੋਮੀ ਨੂੰ ਹਾਂਗਕਾਂਗ ਤੋਂ ਵਾਪਸ ਭਾਰਤ ਲਿਆਂਦਾ ਗਿਆ ਹੈ। ਚੇਤੇ ਰਹੇ ਕਿ 27 ਨਵੰਬਰ 2016 ਨੂੰ



ਸਵੇਰੇ 9 ਵਜੇ ਦੇ ਕਰੀਬ ਜ਼ਿਲ੍ਹਾ ਪਟਿਆਲਾ ਦੇ ਨਾਭਾ ਸ਼ਹਿਰ ਵਿਚ ਜੇਲ੍ਹ ਬਰੇਕ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਸੀ। ਪੁਲਿਸ ਵਰਦੀ ਵਿਚ ਆਏ ਗੈਂਗਸਟਰ ਉੱਚ ਸੁਰੱਖਿਆ ਵਾਲੀ ਜੇਲ੍ਹ ਵਿਚ ਘੁਸਪੈਠ ਕਰਕੇ 6 ਖ਼ਤਰਨਾਕ ਕੈਦੀਆਂ ਤੇ ਗੈਂਗਸਟਰਾਂ ਨੂੰ ਫ਼ਰਾਰ ਕਰਵਾਉਣ ਵਿਚ ਸਫ਼ਲ ਰਹੇ ਸਨ।

ਇਨ੍ਹਾਂ ਗੈਂਗਸਟਰਾਂ ਵਿਚ ਹਰਮਿੰਦਰ ਸਿੰਘ ਉਰਫ ਮਿੰਟੂ, ਗੁਰਪ੍ਰੀਤ ਸਿੰਘ ਸੇਖੋਂ, ਅਮਨਦੀਪ ਸਿੰਘ ਢੋਟੀਆਂ, ਕੁਲਪ੍ਰੀਤ ਸਿੰਘ ਉਰਫ ਨੀਟਾ ਦਿਓਲ, ਕਸ਼ਮੀਰ ਸਿੰਘ ਉਰਫ ਗਲਵੱਡੀ ਅਤੇ ਗੈਂਗਸਟਰ ਹਰਜਿੰਦਰ ਸਿੰਘ ਉਰਫ ਵਿੱਕੀ ਗੌਂਡਰ ਸ਼ਾਮਲ ਸਨ। ਇਸ ਜੇਲ੍ਹ ਬਰੇਕ ਨੂੰ ਅੰਜਾਮ ਦੇਣ ਵਿਚ ਰਮਨਜੀਤ ਸਿੰਘ ਉਰਫ਼ ਰੋਮੀ ਨੇ ਮੁੱਖ ਭੂਮਿਕਾ ਨਿਭਾਈ ਸੀ। ਜੇਲ੍ਹ ਬਰੇਕ ਦੌਰਾਨ ਫ਼ਰਾਰ ਹੋਏ ਕੈਦੀਆਂ ਵਿਚੋਂ ਵਿੱਕੀ ਗੌਂਡਰ ਨੂੰ ਪੰਜਾਬ ਪੁਲਿਸ ਨੇ 26 ਜਨਵਰੀ 2018 ਨੂੰ ਰਾਜਸਥਾਨ 'ਚ ਮੁਕਾਬਲੇ ਦੌਰਾਨ ਮਾਰ ਮੁਕਾਇਆ ਸੀ, ਜਦਕਿ ਹੋਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।


## ਜ਼ਿਮਨੀ ਚੋਣਾਂ: ਆਮ ਆਦਮੀ ਪਾਰਟੀ ਵੱਲੋਂ ਬੁਲਾਰਿਆਂ ਦੇ ਨਾਵਾਂ ਦਾ ਐਲਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ 4 ਵਿਧਾਨ ਸਭਾ ਹਲਕਿਆਂ ਦੀਆਂ ਆਗਾਮੀ ਜ਼ਿਮਨੀ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। 'ਆਪ' ਨੇ ਸੂਬਾ ਸਰਕਾਰ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪੰਜਾਬ ਵਿਚ ਚਾਰ ਸੀਨੀਅਰ ਆਗੂਆਂ ਸਣੇ 25 ਜਣਿਆਂ ਨੂੰ ਬੁਲਾਰੇ ਨਿਯੁਕਤ ਹੈ। ਇਹ ਐਲਾਨ ਪਾਰਟੀ ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ, 'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਸਿੰਘ ਮਾਨ ਅਤੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਵੱਲੋਂ ਕੀਤਾ ਗਿਆ ਹੈ। ਪਾਰਟੀ ਨੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ, ਸੀਨੀਅਰ ਆਗੂ ਨੀਲ ਗਰਗ ਅਤੇ ਪਵਨ ਕੁਮਾਰ ਟੀਨੂੰ ਨੂੰ ਸੀਨੀਅਰ ਬੁਲਾਰੇ ਬਣਾਇਆ ਗਿਆ ਹੈ। ਇਸੇ ਤਰ੍ਹਾਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਜੀਵਨ ਜੋਤ ਕੌਰ, ਅੰਮ੍ਰਿਤਪਾਲ ਸਿੰਘ ਸੁਖਾਨੰਦ, ਗੈਰੀ ਵੜਿੰਗ, ਮਨਜਿੰਦਰ ਸਿੰਘ ਲਾਲਪੁਰਾ, ਅਜੀਤਪਾਲ ਸਿੰਘ ਕੋਹਲੀ, ਦਿਨੇਸ਼ ਚੱਢਾ, ਨਰਿੰਦਰ ਕੌਰ ਭਾਰਜ, ਦਲਜੀਤ ਸਿੰਘ ਭੋਲਾ ਗਰੇਵਾਲ, ਅਮਨਦੀਪ ਕੌਰ, ਜਗਤਾਰ ਸਿੰਘ ਸੰਘੇੜਾ, ਸੰਨੀ ਆਹਲੂਵਾਲੀਆ, ਸ਼ਮਿੰਦਰ ਸਿੰਘ ਖਿੰਡਾ, ਰਣਜੋਧ ਸਿੰਘ ਹਡਾਨਾ, ਗੋਵਿੰਦਰ ਮਿੱਤਲ, ਹਰਸਿਮਰਨ ਸਿੰਘ ਭੁਲੱਥ, ਸਾਕਿਬ ਅਲੀ ਰਾਜਾ, ਸ਼ਸ਼ੀ ਵੀਰ ਸ਼ਰਮਾ, ਹਰਜੀ ਮਾਨ, ਵਿਕਰਮਜੀਤ ਪਾਸੀ ਅਤੇ ਹਰਸੁਖਇੰਦਰ ਸਿੰਘ ਬੱਬੀ ਬਾਦਲ ਨੂੰ ਬੁਲਾਰਾ ਨਿਯੁਕਤ ਕੀਤਾ ਗਿਆ ਹੈ।

# ਪੰਜਾਬ ਵਿਚ ਨਸ਼ਿਆਂ ਦੇ ਮਸਲੇ 'ਤੇ ਹਾਈ ਕੋਰਟ ਸਖਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਨਸ਼ਿਆਂ ਸਬੰਧੀ ਕੇਸਾਂ 'ਚ ਪ੍ਰਗਤੀ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਘਾਟ ਖ਼ਿਲਾਫ਼ ਸਖ਼ਤ ਰੁਖ਼ ਅਪਣਾਉਂਦਿਆਂ ਪੰਜਾਬ ਦੇ ਡੀ.ਜੀ.ਪੀ. ਨੂੰ ਅਜਿਹੇ ਮਾਮਲਿਆਂ 'ਚ ਜਾਂਚ ਦੀ ਪ੍ਰਗਤੀ ਦੀ ਨਿਗਰਾਨੀ ਸਬੰਧੀ ਸਾਰੇ ਜ਼ਿਲ੍ਹਾ ਪੁਲਿਸ ਕਪਤਾਨਾਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਹਦਾਇਤ ਕੀਤੀ ਹੈ।

ਅਦਾਲਤ ਨੇ ਨਸ਼ਿਆਂ ਸਬੰਧੀ ਦਰਜ ਉਨ੍ਹਾਂ ਕੇਸਾਂ ਦੇ ਵੇਰਵੇ ਵੀ ਮੰਗੇ ਹਨ ਜਿਨ੍ਹਾਂ 'ਚ ਛੇ ਮਹੀਨਿਆਂ ਦੀ ਮਿਆਦ ਤੋਂ ਵੱਧ ਸਮੇਂ 'ਚ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਅਦਾਲਤ ਨੇ ਇਹ ਨਿਰਦੇਸ਼ ਨਸ਼ਿਆਂ ਸਬੰਧੀ ਦਰਜ ਇਕ ਮਾਮਲੇ 'ਚ 11 ਮਹੀਨਿਆਂ ਤੋਂ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਮੁਲਜ਼ਮ ਦੀ ਅਗਾਊਂ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਦੌਰਾਨ ਦਿੱਤੇ।




ਜਸਟਿਸ ਐਨ.ਐਸ. ਸ਼ੇਖਾਵਤ ਨੇ ਇਹ ਵੀ ਹੁਕਮ ਦਿੱਤੇ ਕਿ ਜਿਹੜੇ ਮੁਲਜ਼ਮ ਢੁਕਵੇਂ ਸਮੇਂ ਦੌਰਾਨ ਨਹੀਂ ਫੜੇ ਗਏ, ਉਨ੍ਹਾਂ ਨੂੰ ਤੁਰਤ ਭਗੌੜਾ ਐਲਾਨਿਆ ਜਾਵੇ ਤੇ ਜਾਇਦਾਦ ਜ਼ਬਤ ਕੀਤੀ ਜਾਵੇ। ਇਹ ਨਿਰਦੇਸ਼ ਇਸ ਕਰਕੇ ਅਹਿਮ ਹਨ ਕਿਉਂਕਿ ਇਕੱਲੇ ਬਠਿੰਡਾ ਜ਼ਿਲ੍ਹੇ 'ਚ ਹੀ ਐਨ.ਡੀ.ਪੀ.ਐਸ. ਕਾਨੂੰਨ ਹੇਠ ਦਰਜ 83 ਅਪਰਾਧਿਕ ਕੇਸਾਂ 'ਚ 97 ਮੁਲਜ਼ਮਾਂ ਨੂੰ ਛੇ ਮਹੀਨਿਆਂ ਤੋਂ ਵੱਧ ਸਮੇਂ ਤੋਂ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਜਸਟਿਸ ਸ਼ੇਖਾਵਤ ਨੇ ਆਖਿਆ, "ਪੰਜਾਬ ਦੇ ਡੀ.ਜੀ.ਪੀ. ਨੂੰ ਸੂਬੇ ਦੇ ਸਾਰੇ ਥਾਣਿਆਂ 'ਚ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਦਰਜ ਕੇਸਾਂ ਬਾਰੇ ਹਲਫ਼ਨਾਮਾ ਦਾਖਲ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ, ਜਿਨ੍ਹਾਂ 'ਚ ਮੁਲਜ਼ਮਾਂ ਨੂੰ ਛੇ ਮਹੀਨੇ ਤੋਂ ਵੱਧ ਸਮਾਂ ਬੀਤਣ 'ਤੇ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਉਹ ਇਸ ਤੱਥ ਦਾ ਵੀ ਜ਼ਿਕਰ ਕਰਨਗੇ ਕਿ ਕੀ ਅਜਿਹੇ ਮੁਲਜ਼ਮਾਂ ਨੂੰ ਭਗੌੜਾ ਐਲਾਨਿਆ ਗਿਆ ਹੈ ਜਾਂ ਨਹੀਂ।"

### ਦੋ ਨਸ਼ਾ ਤਸਕਰਾਂ ਦੀ 1.37 ਕਰੋੜ ਦੀ ਜਾਇਦਾਦ ਜ਼ਬਤ

**ਲੁਧਿਆਣਾ:** ਪੁਲਿਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਰਾਹੀਂ ਕਰੋੜਾਂ ਰੁਪਏ ਦੀ ਜਾਇਦਾਦ ਬਣਾਉਣ ਵਾਲਿਆਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਪੁਲਿਸ ਨੇ ਦੋ ਮਾਮਲਿਆਂ ਵਿਚ ਦੋ ਨਸ਼ਾ ਤਸਕਰਾਂ ਦੀ ਕਰੀਬ 1 ਕਰੋੜ 37 ਲੱਖ ਰੁਪਏ ਦੀ ਜਾਇਦਾਦ ਜ਼ਬਤ ਕਰ ਲਈ ਹੈ। ਮੁਲਜ਼ਮਾਂ ਦੇ ਘਰਾਂ ਦੇ ਬਾਹਰ ਨੋਟਿਸ ਚਿਪਕਾ ਦਿੱਤੇ ਗਏ ਹਨ। ਏ.ਸੀ.ਪੀ. ਗੁਰਇਕਬਾਲ ਸਿੰਘ ਨੇ ਦੱਸਿਆ ਕਿ ਜਨਵਰੀ 2023 ਵਿਚ ਥਾਣਾ ਸਾਹਨੇਵਾਲ ਦੀ ਪੁਲਿਸ ਨੇ ਨਵਦੀਪ ਸਿੰਘ ਵਾਸੀ ਪਿੰਡ ਨਾਨਕਪੁਰ ਜਗੇੜਾ ਨੂੰ ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕੀਤਾ ਸੀ। ਜਾਂਚ 'ਚ ਖੁਲਾਸਾ ਹੋਇਆ ਸੀ ਕਿ ਮੁਲਜ਼ਮ ਨੇ ਨਸ਼ੇ ਦਾ ਕਾਰੋਬਾਰ ਕਰ ਕੇ ਕਰੋੜਾਂ ਰੁਪਏ ਦੀ ਜਾਇਦਾਦ ਬਣਾਈ।

## ਪੰਜਾਬਣ ਕੈਨੇਡਾ ਪੁਲਿਸ 'ਚ ਅਫਸਰ ਬਣੀ

**ਨਥਾਣਾ:** ਸਟੱਡੀ ਵੀਜ਼ੇ 'ਤੇ ਕੈਨੇਡਾ ਗਈ ਇਕ ਪੰਜਾਬਣ ਨੇ ਉਥੇ ਪੁਲਿਸ 'ਚ ਭਰਤੀ ਹੋ ਕੇ ਆਪਣੀ ਸਫਲਤਾ ਦਾ ਝੰਡਾ ਗੱਡਿਆ ਹੈ। ਚੰਡੀਗੜ੍ਹ ਨੇੜਲੇ ਕਸਬੇ ਜ਼ੀਰਕਪੁਰ ਦੇ ਧਰਮਿੰਦਰ ਸਿੰਘ ਅਤੇ ਸੁਰਿੰਦਰ ਕੌਰ ਦੇ ਘਰ ਜਨਮੀ ਚਰਨਜੀਤ ਕੌਰ ਨੇ ਇਸ ਸਫਲਤਾ ਨਾਲ ਪੰਜਾਬ ਦਾ ਨਾਮ ਚਮਕਾਇਆ ਹੈ।

ਜਾਣਕਾਰੀ ਅਨੁਸਾਰ ਚਰਨਜੀਤ ਕੌਰ ਬੀ.ਏ. ਕਰਨ ਮਗਰੋਂ ਆਇਲਜ਼ ਕਰ ਕੇ ਸਾਲ 2019 ਵਿਚ ਮਾਸਟਰ ਡਿਗਰੀ ਕਰਨ ਲਈ ਕੈਨੇਡਾ ਗਈ ਸੀ। ਇਹ ਮੁਟਿਆਰ ਕੈਨੇਡਾ ਦੇ ਸਸਕੈਚਵਨ ਸੂਬੇ ਦੇ ਸ਼ਹਿਰ ਸੈਸਕਾਟੂਨ ਵਿਚ ਰਹਿ ਰਹੀ ਹੈ। ਪਿਛਲੇ ਸਾਲ 16 ਫਰਵਰੀ ਨੂੰ ਚਰਨਜੀਤ ਕੌਰ ਦਾ ਵਿਆਹ ਨਥਾਣਾ ਦੇ ਪ੍ਰਦੀਪ ਕੁਮਾਰ ਸ਼ਰਮਾ ਪੁੱਤਰ ਰਮੇਸ਼ ਕੁਮਾਰ ਨਾਲ ਹੋ ਗਿਆ। ਵਿਆਹ ਦੇ ਕੁਝ ਮਹੀਨੇ ਬਾਅਦ ਹੀ ਉਹ ਆਪਣੇ ਪਤੀ ਸਮੇਤ ਮੁੜ ਕੈਨੇਡਾ ਪਰਤ ਗਈ। ਇੰਟਰਨੈਸ਼ਨਲ ਬਿਜ਼ਨਸ ਮੈਨੇਜਮੈਂਟ ਦੀ ਪੜ੍ਹਾਈ ਮੁਕੰਮਲ ਕਰਨ ਮਗਰੋਂ ਚਰਨਜੀਤ ਕੌਰ ਇਸੇ ਮਹੀਨੇ ਕੈਨੇਡਾ ਪੁਲਿਸ 'ਚ ਭਰਤੀ ਹੋ ਗਈ ਅਤੇ ਉਹ 16 ਅਗਸਤ ਤੋਂ ਆਪਣੀ ਡਿਊਟੀ 'ਤੇ ਹਾਜ਼ਰ ਹੈ। ਪੁਲਿਸ ਦੀ ਵਰਦੀ ਉੱਪਰ ਲੱਗੀ ਨੇਮ ਪਲੇਟ 'ਤੇ ਚਰਨਜੀਤ ਕੌਰ ਲਿਖਿਆ ਦੇਖ ਕੇ ਉਹ ਤੇ ਉਸ ਦਾ ਪਰਿਵਾਰ ਬਹੁਤ ਖੁਸ਼ ਹੈ। ਕੈਨੇਡਾ ਪੁਲਿਸ ਵਿਚ ਉਸ ਦਾ ਰੈਂਕ ਕੁਰੈਕਸ਼ਨਲ ਪੀਸ ਆਫਿਸਰ (ਇੰਸਪੈਕਟਰ ਰੈਂਕ) ਦੱਸਿਆ ਗਿਆ ਹੈ। ਚਰਨਜੀਤ ਕੌਰ ਦੀ ਸਫਲਤਾ ਤੋਂ ਉਸ ਦੇ ਪੇਕੇ ਅਤੇ ਸਹੁਰੇ ਪਰਿਵਾਰ ਵਿਚ ਖੁਸ਼ੀ ਦਾ ਮਾਹੌਲ ਹੈ।

## ਫੌਜ ਦੇ ਨਾਇਬ ਸੂਬੇਦਾਰ ਕੋਲੋਂ ਰਿਸ਼ਵਤ ਲੈਂਦੇ ਦੋ ਆਡਿਟਰ ਕਾਬੂ

**ਫ਼ਿਰੋਜ਼ਪੁਰ:** ਵਿਜੀਲੈਂਸ ਬਿਊਰੋ ਦੀ ਸਥਾਨਕ ਟੀਮ ਨੇ ਫੌਜ ਦੇ ਇਕ ਨਾਇਬ ਸੂਬੇਦਾਰ ਕੋਲੋਂ ਸਰਕਾਰੀ ਕੰਮ ਲਈ ਇਕ ਲੱਖ ਤੀਹ ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਪੰਜਾਬ ਸਰਕਾਰ ਦੇ ਦੋ ਆਡੀਟਰਾਂ ਨੂੰ ਰੰਗੇ ਹੱਥੀਂ ਕਾਬੂ ਕੀਤਾ ਹੈ। ਦੋਵਾਂ ਮੁਲਜ਼ਮਾਂ ਖ਼ਿਲਾਫ਼ ਥਾਣਾ ਵਿਜੀਲੈਂਸ ਬਿਊਰੋ ਫ਼ਿਰੋਜ਼ਪੁਰ ਵਿਚ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਐਸ.ਐਸ.ਪੀ. ਵਿਜੀਲੈਂਸ ਗੁਰਮੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਦੋ ਆਡੀਟਰਾਂ ਦੀ ਗ੍ਰਿਫ਼ਤਾਰੀ ਸਥਾਨਕ 17ਵੀਂ ਰਾਜਪੂਤ ਰੈਜੀਮੈਂਟ ਵਿਚ ਤਾਇਨਾਤ ਫੌਜ ਦੇ ਨਾਇਬ ਸੂਬੇਦਾਰ ਸਤਿਆ ਪ੍ਰਕਾਸ਼ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ। ਸਤਿਆ ਪ੍ਰਕਾਸ਼ ਨੇ ਆਪਣੀ ਸ਼ਿਕਾਇਤ ਵਿਚ ਦੱਸਿਆ ਸੀ ਕਿ ਆਡਿਟਰ ਜਗਜੀਤ ਸਿੰਘ ਅਤੇ ਅਮਿਤ ਨੂੰ ਉਨ੍ਹਾਂ ਦੇ ਵਿਭਾਗ ਵੱਲੋਂ ਸਾਲ 2023-24 ਲਈ ਉਸ ਦੀ ਯੂਨਿਟ ਦੇ ਰਿਕਾਰਡ ਦਾ ਆਡਿਟ ਕਰਨ ਦੀ ਡਿਊਟੀ ਸੌਂਪੀ ਗਈ ਸੀ ਪਰ ਉਨ੍ਹਾਂ ਨੇ ਪਿਛਲੇ ਸਾਲ ਦੇ ਆਡਿਟ ਇਤਰਾਜ਼ਾਂ ਨੂੰ ਠੀਕ ਕਰਨ ਅਤੇ ਇਸ ਸਾਲ ਦੇ ਆਡਿਟ ਦੀ ਮਨਜ਼ੂਰੀ ਦੇਣ ਲਈ ਡੇਢ ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ।

ਸੱਤਿਆ ਪ੍ਰਕਾਸ਼ ਮੁਤਾਬਕ ਆਡੀਟਰ ਜਗਜੀਤ ਸਿੰਘ ਨੇ ਕੁਝ ਦਿਨ ਪਹਿਲਾਂ ਉਸ ਨੂੰ ਆਪਣੇ ਦਫ਼ਤਰ ਬੁਲਾ ਕੇ ਉਸ ਦੇ ਸਾਥੀ ਧਰਮਰਾਜ ਦੀ ਮੌਜੂਦਗੀ ਵਿਚ ਰਿਸ਼ਵਤ ਦੀ ਰਕਮ ਅਦਾ ਕਰਨ ਦੀ ਮੰਗ ਦੁਹਰਾਈ ਅਤੇ ਉਸ ਨੇ ਇਸ ਗੱਲਬਾਤ ਨੂੰ ਆਪਣੇ ਮੋਬਾਈਲ ਫ਼ੋਨ 'ਚ ਰਿਕਾਰਡ ਕਰ ਲਿਆ। ਐਸ.ਐਸ.ਪੀ. ਗੁਰਮੀਤ ਸਿੰਘ ਨੇ ਦੱਸਿਆ ਕਿ ਇਸ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਫ਼ਿਰੋਜ਼ਪੁਰ ਰੇਂਜ ਦੀ ਟੀਮ ਨੇ ਜਾਲ ਵਿਛਾ ਕੇ ਦੋਵੇਂ ਆਡਿਟਰਾਂ ਨੂੰ ਸ਼ਿਕਾਇਤਕਰਤਾ ਕੋਲੋਂ ਇਕ ਲੱਖ ਤੀਹ ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿਚ ਗ੍ਰਿਫ਼ਤਾਰ ਕਰ ਲਿਆ।

## ਪੁਲਿਸ ਵੱਲੋਂ ਲਾਊਡ ਸਪੀਕਰ ਰਾਹੀਂ ਨਸ਼ਾ ਤਸਕਰਾਂ ਨੂੰ ਚਿਤਾਵਨੀ



**ਮੋਗਾ:** ਫ਼ਿਰੋਜ਼ਪੁਰ ਪੁਲਿਸ ਗਲੀਆਂ 'ਚ ਲਾਊਡ ਸਪੀਕਰ ਰਾਹੀਂ ਨਸ਼ਾ ਤਸਕਰਾਂ ਨੂੰ ਕਾਰਵਾਈ ਦੀ ਚਿਤਾਵਨੀ ਦੇ ਰਹੀ ਹੈ, ਜਿਸ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਵੀ ਇਸ ਮੁਹਿੰਮ ਦੀ ਜਾਣਕਾਰੀ ਐਕਸ 'ਤੇ ਸਾਂਝੀ ਕੀਤੀ ਹੈ। ਇਸ ਬਾਰੇ ਫ਼ਿਰੋਜ਼ਪੁਰ ਥਾਣਾ ਸਿਟੀ ਦੇ ਮੁਖੀ ਇੰਸਪੈਕਟਰ ਹਰਮੇਲ ਸਿੰਘ ਚਮੇਲੀ ਨੇ ਦੱਸਿਆ ਕਿ ਉਹ ਜਿੱਥੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਸਮਝਾ ਰਹੇ ਹਨ, ਉਥੇ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੰਦੇ ਹਨ ਕਿ ਉਹ ਜਾਂ ਤਾਂ ਧੰਦਾ ਬੰਦ ਕਰ ਦੇਣ ਜਾਂ ਉਹ ਇਲਾਕਾ ਛੱਡ ਜਾਣ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉਹ ਆਪਣੇ ਖੇਤਰ ਵਿਚ ਨਸ਼ੇ ਦਾ ਧੰਦਾ ਨਹੀਂ ਚੱਲਣ ਦੇਣਗੇ। ਜੇ ਕੋਈ ਪੀੜਤ ਨੌਜਵਾਨ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਉਹ ਉਸ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਆਪਣਾ ਮੋਬਾਈਲ ਨੰਬਰ ਜਾਰੀ ਕਰ ਕੇ ਆਖਿਆ ਕਿ ਕੋਈ ਵੀ ਵਿਅਕਤੀ ਨਸ਼ਾ ਤਸਕਰੀ ਬਾਰੇ ਜਾਣਕਾਰੀ ਦੇਣ ਲਈ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ ਅਤੇ ਉਸ ਦੀ ਪਛਾਣ ਗੁਪਤ ਰੱਖੀ ਜਾਵੇਗੀ। ਇਸ ਦੇ ਨਾਲ ਸਰਕਾਰ ਕੋਲੋਂ ਪ੍ਰਸ਼ੰਸਾ ਪੱਤਰ ਅਤੇ ਵਾਜਬ ਇਨਾਮ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਥਾਣਾ ਮੁਖੀ ਨੇ ਦੱਸਿਆ ਕਿ ਉਨ੍ਹਾਂ ਹੱਥ ਵਿਚ ਲਾਊਡ ਸਪੀਕਰ ਲੈ ਕੇ ਪੁਲਿਸ ਦੀ ਸਰਕਾਰੀ ਗੱਡੀ ਵਿਚ ਨਸ਼ਿਆਂ ਲਈ ਬਦਨਾਮ ਬਸਤੀ ਸੇਖਾਂ ਵਾਲੀ ਇਲਾਕੇ 'ਚੋਂ ਲੰਘਦੇ ਹੋਏ ਨਸ਼ਾ ਵੇਚਣ ਵਾਲਿਆਂ ਨੂੰ ਚਿਤਾਵਨੀ ਦਿੱਤੀ ਅਤੇ ਅਤੇ ਲੋਕਾਂ ਨੂੰ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦੇਣ ਦੀ ਅਪੀਲ ਕੀਤੀ। ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਲੋਕ ਉਸ ਦੀ ਵੀਡੀਓ ਬਣਾ ਰਹੇ ਹਨ ਪਰ ਹੁਣ ਜਦੋਂ ਇਹ ਵੀਡੀਓ ਵਾਇਰਲ ਹੋਈ ਤਾਂ ਉਸ ਨੂੰ ਲੋਕਾਂ ਵੱਲੋਂ ਸੂਚਨਾ ਦੇਣ ਲਈ ਫੋਨ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਹੀ ਬਤੌਰ ਥਾਣਾ ਸਿਟੀ ਫ਼ਿਰੋਜ਼ਪੁਰ ਮੁਖੀ ਅਹੁਦਾ ਸੰਭਾਲਿਆ ਹੈ।

## ਗਰੀਨ ਟ੍ਰਿਬਿਊਨਲ ਨੇ ਪੰਜਾਬ ਸਰਕਾਰ ਨੂੰ 1026 ਕਰੋੜ ਦਾ ਜੁਰਮਾਨਾ

**ਚੰਡੀਗੜ੍ਹ:** ਕੌਮੀ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਸੌਲਿਡ ਵੇਸਟ ਤੇ ਸੀਵਰੇਜ ਪ੍ਰਦੂਸ਼ਣ ਦੇ ਪ੍ਰਬੰਧਨ 'ਚ ਨਾਕਾਮ ਰਹਿਣ ਕਰ ਕੇ ਪੰਜਾਬ ਸਰਕਾਰ ਨੂੰ 1026 ਕਰੋੜ ਦਾ ਜੁਰਮਾਨਾ ਲਾਇਆ ਹੈ। ਕੌਮੀ ਟ੍ਰਿਬਿਊਨਲ ਨੇ ਨੋਟਿਸ ਜਾਰੀ ਕਰ ਕੇ ਕਿਹਾ ਹੈ ਕਿਉਂ ਨਾ ਵਾਤਾਵਰਨ ਨੇਮਾਂ ਦੀ ਪਾਲਣਾ 'ਚ ਨਾਕਾਮ ਰਹਿਣ ਕਰਕੇ ਉੱਚ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਕੌਮੀ ਟ੍ਰਿਬਿਊਨਲ ਨੇ ਪੰਜਾਬ ਸਰਕਾਰ ਨੂੰ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਕੋਲ ਇਕ ਮਹੀਨੇ ਦੇ ਅੰਦਰ 1026 ਕਰੋੜ ਰੁਪਏ ਜਮ੍ਹਾਂ ਕਰਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਲਈ ਟ੍ਰਿਬਿਊਨਲ ਦਾ ਇਹ ਫੈਸਲਾ ਝਟਕੇ ਵਾਂਗ ਹੈ ਕਿਉਂਕਿ ਸੂਬਾ ਤਾਂ ਪਹਿਲਾਂ ਹੀ ਵਿੱਤੀ ਤੰਗੀ ਵਿਚੋਂ ਲੰਘ ਰਿਹਾ ਹੈ। ਕੌਮੀ ਟ੍ਰਿਬਿਊਨਲ ਨੇ ਕਿਹਾ ਹੈ ਕਿ 22 ਸਤੰਬਰ, 2022 ਨੂੰ ਦਿੱਤੇ ਹੁਕਮਾਂ ਦੀ ਪਾਲਣਾ ਕਰਨ ਵਿਚ ਪੰਜਾਬ ਦੇ ਮੁੱਖ ਸਕੱਤਰ ਫੇਲ੍ਹ ਰਹੇ ਹਨ। ਟ੍ਰਿਬਿਊਨਲ ਨੇ ਮੁੱਖ ਸਕੱਤਰ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ। ਪਤਾ ਲੱਗਾ ਹੈ ਕਿ ਕੌਮੀ ਟ੍ਰਿਬਿਊਨਲ ਦੇ ਹੁਕਮਾਂ ਤੋਂ ਬਾਅਦ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕਰਕੇ ਖਿਚਾਈ ਕੀਤੀ ਹੈ। ਪਤਾ ਲੱਗਾ ਹੈ ਕਿ ਸੂਬਾ ਸਰਕਾਰ ਕੌਮੀ ਟ੍ਰਿਬਿਊਨਲ ਦੇ ਇਨ੍ਹਾਂ ਹੁਕਮਾਂ ਖ਼ਿਲਾਫ਼ ਅਪੀਲ ਦਾਇਰ ਕਰਨ ਦੀ ਤਿਆਰੀ ਕਰ ਰਹੀ ਹੈ। ਅਧਿਕਾਰੀਆਂ ਵੱਲੋਂ ਇਸ ਮਾਮਲੇ ਨੂੰ ਵਿੱਤ ਵਿਭਾਗ ਕੋਲ ਵੀ ਉਠਾਇਆ ਜਾ ਰਿਹਾ ਹੈ।

### ਜੁਰਮਾਨਾ 'ਆਪ' ਨੂੰ ਲੱਗੇ: ਬਾਦਲ

**ਚੰਡੀਗੜ੍ਹ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੌਮੀ ਗ੍ਰੀਨ ਟ੍ਰਿਬਿਊਨਲ ਨੂੰ ਅਪੀਲ ਕੀਤੀ ਹੈ ਕਿ ਉਹ ਹਦਾਇਤ ਕਰੇ ਕਿ ਵਾਤਾਵਰਨ ਕਾਨੂੰਨਾਂ ਦੀ ਪਾਲਣਾ ਨਾ ਕਰਨ 'ਤੇ ਪੰਜਾਬ ਸਰਕਾਰ ਨੂੰ ਲਗਾਇਆ 3108 ਕਰੋੜ ਰੁਪਏ ਦਾ ਜੁਰਮਾਨਾ ਆਮ ਆਦਮੀ ਪਾਰਟੀ (ਆਪ) ਆਪ ਭਰੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਗ੍ਰੀਨ ਕਾਨੂੰਨਾਂ ਦੀ ਪਾਲਣਾ ਨਾ ਕਰਨ 'ਤੇ ਪੰਜਾਬੀਆਂ ਨੂੰ ਜੁਰਮਾਨਾ ਨਹੀਂ ਲਗਾਇਆ ਜਾਣਾ ਚਾਹੀਦਾ।

## ਬੀ.ਐਸ.ਐਫ. ਨੇ ਪੰਜਾਬ ਸਰਹੱਦ ਲਈ ਇਕ ਹੋਰ ਬਟਾਲੀਅਨ ਮੰਗੀ



**ਜਲੰਧਰ:** ਸਰਹੱਦੀ ਸੁਰੱਖਿਆ ਬਲ (ਬੀਐਸ.ਐਫ.) ਨੇ ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਪੰਜਾਬ ਦੇ ਇਲਾਕੇ ਵਿਚ ਸਰਹੱਦ ਪਾਰੋਂ ਡਰੋਨਾਂ ਜ਼ਰੀਏ ਹੁੰਦੀ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਤੇ ਘੁਸਪੈਠ ਨੂੰ ਨੱਥ ਪਾਉਣ ਲਈ ਵਧੀਕ ਬਟਾਲੀਅਨਾਂ ਦੀ ਤਾਇਨਾਤੀ ਮੰਗੀ ਗਈ ਹੈ।

ਬੀ.ਐਸ.ਐਫ. ਕੋਲ 500 ਕਿਲੋਮੀਟਰ ਲੰਮੀ ਸਰਹੱਦ ਦੀ ਰਾਖੀ ਲਈ ਇਸ ਵੇਲੇ ਕਰੀਬ 20 ਬਟਾਲੀਅਨਾਂ ਹਨ। ਇਨ੍ਹਾਂ ਵਿਚੋਂ 18 ਬਟਾਲੀਅਨਾਂ ਸਰਹੱਦ 'ਤੇ ਸਰਗਰਮੀ ਨਾਲ ਤਾਇਨਾਤ ਹਨ ਜਦੋਂਕਿ ਬਾਕੀ ਬਚਦੀਆਂ ਦੋ ਬਟਾਲੀਅਨਾਂ ਅੰਮ੍ਰਿਤਸਰ ਵਿਚ ਅਟਾਰੀ ਇੰਟੈਗਰੇਟਿਡ ਚੈੱਕ ਪੋਸਟ ਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਲਾਂਘੇ 'ਤੇ ਲੋੜ ਮੁਤਾਬਕ ਤਾਇਨਾਤ ਹਨ। ਡਰੋਨਾਂ ਜ਼ਰੀਏ ਹਥਿਆਰਾਂ ਤੇ ਨਸ਼ਿਆਂ ਦੀ ਤਸਕਰੀ 2019-20 ਵਿਚ ਮੁੱਖ ਤੌਰ 'ਤੇ ਕੌਮਾਂਤਰੀ ਸਰਹੱਦ ਨਾਲ ਲੱਗਦੇ ਅੰਮ੍ਰਿਤਸਰ ਤੇ ਤਰਨ ਤਾਰਨ ਸਰਹੱਦੀ ਜ਼ਿਲ੍ਹਿਆਂ ਤੋਂ ਸ਼ੁਰੂ ਹੋਈ ਸੀ। ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਦੀ ਸਰਹੱਦ ਨੂੰ ਬਿਹਤਰ ਤਰੀਕੇ ਨਾਲ ਸੁਰੱਖਿਅਤ ਬਣਾਉਣ ਲਈ ਬੀ.ਐਸ.ਐਫ. ਦੀ ਇਕ ਹੋਰ ਬਟਾਲੀਅਨ ਮੰਗੀ ਗਈ ਹੈ। ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੀਤੀ ਗਈ ਗੁਜ਼ਾਰਿਸ਼ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਸਰਗਰਮੀ ਨਾਲ ਵਿਚਾਰ ਅਧੀਨ ਹੈ। ਬੀ.ਐਸ.ਐਫ. ਦੇ ਪੰਜਾਬ ਫਰੰਟੀਅਰ ਦੇ ਇੰਸਪੈਕਟਰ ਜਨਰਲ ਅਤੁਲ ਫੁਲਜ਼ੇਲੇ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਪਾਕਿਸਤਾਨ ਸਰਹੱਦ ਵਾਲੇ ਪਾਸਿਓਂ ਪੰਜਾਬ ਵਿਚ ਆਉਂਦਾ ਨਸ਼ਾ ਹੁਣ ਜ਼ਮੀਨੀ ਰੂਟ ਦੀ ਥਾਂ ਡਰੋਨਾਂ ਜ਼ਰੀਏ ਆਉਂਦਾ ਹੈ। ਅਧਿਕਾਰਤ ਅੰਕੜਿਆਂ ਮੁਤਾਬਕ ਸੁਰੱਖਿਆ ਏਜੰਸੀਆਂ ਨੇ ਇਸ ਸਾਲ ਹੁਣ ਤੱਕ 120 ਤੋਂ ਵੱਧ ਡਰੋਨ ਬਰਾਮਦ ਕੀਤੇ ਹਨ ਜਦੋਂਕਿ ਪਿਛਲੇ ਸਾਲ ਇਹ ਅੰਕੜਾ 107 ਸੀ।

## ਭਗਵੰਤ ਮਾਨ ਨੇ ਕਾਲਜਾਂ ਦੀ ਖੁਦਮੁਖਤਾਰੀ ਦਾ ਫੈਸਲਾ ਰੱਦ ਕੀਤਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਖਿਚਾਈ ਮਗਰੋਂ ਉਚੇਰੀ ਸਿੱਖਿਆ ਵਿਭਾਗ ਨੇ ਅੱਠ ਵਿਰਾਸਤੀ ਕਾਲਜਾਂ ਨੂੰ ਖ਼ੁਦਮੁਖ਼ਤਾਰ ਬਣਾਉਣ ਦਾ ਫ਼ੈਸਲਾ ਵਾਪਸ ਲੈ ਲਿਆ ਹੈ। ਮੁੱਖ ਮੰਤਰੀ ਨੇ ਉਚੇਰੀ ਸਿੱਖਿਆ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਵਿਭਾਗ ਦੇ ਸਕੱਤਰ ਕੇ.ਕੇ. ਯਾਦਵ ਨੂੰ ਤਲਬ ਕੀਤਾ ਤੇ ਉਨ੍ਹਾਂ ਦੀ ਇਸ ਮਾਮਲੇ 'ਤੇ ਖਿਚਾਈ ਕੀਤੇ ਜਾਣ ਦਾ ਪਤਾ ਲੱਗਿਆ ਹੈ।

ਜਾਣਕਾਰੀ ਮਿਲੀ ਹੈ ਕਿ ਇਕ ਦਫ਼ਾ ਤਾਂ ਉਚੇਰੀ ਸਿੱਖਿਆ ਵਿਭਾਗ ਕੋਈ ਪੱਤਰ ਜਾਰੀ ਕੀਤੇ ਜਾਣ ਤੋਂ ਮੁੱਕਰ ਹੀ ਗਿਆ ਸੀ। ਮੁੱਖ ਮੰਤਰੀ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ ਜਿਸ ਮਗਰੋਂ ਉਚੇਰੀ ਸਿੱਖਿਆ ਵਿਭਾਗ ਨੇ ਪੰਜਾਬ ਦੇ ਅੱਠ ਕਾਲਜਾਂ ਨੂੰ ਪੱਤਰ ਜਾਰੀ ਕਰਕੇ ਕਿਹਾ ਹੈ ਕਿ 22 ਜੁਲਾਈ ਨੂੰ ਜਾਰੀ ਕੀਤਾ ਪੱਤਰ ਤੁਰਤ ਪ੍ਰਭਾਵ ਤੋਂ ਵਾਪਸ ਲਿਆ ਜਾਂਦਾ ਹੈ ਅਤੇ ਇਸ 'ਤੇ ਕੋਈ ਕਾਰਵਾਈ ਨਾ ਕੀਤੀ ਜਾਵੇ।

ਨਵੀਂ ਸਿੱਖਿਆ ਨੀਤੀ ਤਹਿਤ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ 3 ਅਪਰੈਲ 2023 ਨੂੰ ਨੋਟੀਫ਼ਿਕੇਸ਼ਨ ਜਾਰੀ ਕੀਤਾ ਸੀ ਜਿਸ ਤਹਿਤ ਹਰ ਸੂਬੇ ਵਿਚ ਕਾਲਜਾਂ ਨੂੰ ਖ਼ੁਦਮੁਖ਼ਤਾਰ ਬਣਾਇਆ ਜਾਣਾ ਹੈ। ਇਸੇ ਦੌਰਾਨ ਉਚੇਰੀ ਸਿੱਖਿਆ ਵਿਭਾਗ ਵੱਲੋਂ ਵਿਰਾਸਤੀ ਕਾਲਜਾਂ ਨੂੰ ਖ਼ੁਦਮੁਖ਼ਤਾਰ ਬਣਾਏ ਜਾਣ ਬਾਰੇ ਕੀਤੇ ਫ਼ੈਸਲੇ ਦੀ ਮੁੱਖ ਮੰਤਰੀ ਦਫ਼ਤਰ ਛਾਣਬੀਣ ਕਰਨ ਲੱਗਿਆ ਹੈ। ਵਿਭਾਗ ਨੇ ਮੁੱਖ ਮੰਤਰੀ ਦਫ਼ਤਰ ਨੂੰ ਇਸ ਫ਼ੈਸਲੇ ਬਾਰੇ ਓਹਲੇ ਵਿਚ ਰੱਖਿਆ ਤੇ ਮੁੱਖ ਸਕੱਤਰ ਨੂੰ ਵੀ ਭਿਣਕ ਨਹੀਂ ਪੈਣ ਦਿੱਤੀ। ਮੁੱਖ ਮੰਤਰੀ ਇਸ ਫ਼ੈਸਲੇ ਨੂੰ ਇਸ ਕਰ ਕੇ ਵੀ ਸੰਜੀਦਗੀ ਨਾਲ ਲੈ ਰਹੇ ਹਨ ਕਿ ਕਾਲਜਾਂ ਨੂੰ 22 ਜੁਲਾਈ ਨੂੰ ਜਾਰੀ ਹੋਇਆ ਪੱਤਰ ਡਿਪਟੀ ਡਾਇਰੈਕਟਰ ਅਸ਼ਵਨੀ ਕੁਮਾਰ ਵੱਲੋਂ ਜਾਰੀ ਕੀਤਾ ਗਿਆ ਸੀ ਜਿਹੜੇ ਵਿਭਾਗੀ ਉੱਚ ਅਫ਼ਸਰਾਂ ਨਾਲ ਘਿਓ-ਖਿਚੜੀ ਸਨ।

### 'ਗਰੀਬ ਬੱਚਿਆਂ ਖਿਲਾਫ ਭੁਗਤਦੇ ਫੈਸਲੇ ਲਾਗੂ ਨਹੀਂ ਹੋਣਗੇ'

**ਚੰਡੀਗੜ੍ਹ:** ਮੁੱਖ ਮੰਤਰੀ ਦਫ਼ਤਰ ਨੇ ਕਿਹਾ ਕਿ ਸਰਕਾਰ ਵਿਰਾਸਤੀ ਕਾਲਜਾਂ ਨੂੰ ਅੱਗੇ ਲਿਜਾਣ ਦੇ ਸਮਰੱਥ ਹੈ ਅਤੇ ਕੇਂਦਰ ਦੇ ਅਜਿਹੇ ਕਿਸੇ ਫ਼ੈਸਲੇ ਨੂੰ ਲਾਗੂ ਨਹੀਂ ਕੀਤਾ ਜਾਵੇਗਾ ਜੋ ਗ਼ਰੀਬ ਬੱਚਿਆਂ ਖ਼ਿਲਾਫ਼ ਭੁਗਤਦਾ ਹੋਵੇ। ਸੂਬੇ ਵਿਚ ਵਿਰੋਧੀ ਧਿਰਾਂ ਨੇ ਇਸ ਮੁੱਦੇ 'ਤੇ ਸਿਆਸਤ ਭਖਾਈ ਹੋਈ ਸੀ।

ਪੰਜਾਬ ਟਾਈਮਜ਼

ਸ਼ਨਿਚਰਵਾਰ, 31 ਅਗਸਤ, 2024

## ਦੋ ਧਾਰੀ ਸਿਆਸਤ

ਇਸ ਵੇਲੇ ਚੱਲ ਰਹੀਆਂ ਦੋ ਜੰਗਾਂ (ਰੂਸ-ਯੂਕਰੇਨ ਤੇ ਇਜ਼ਰਾਈਲ-ਹਮਾਸ) ਨੇ ਸੰਸਾਰ ਸਿਆਸਤ ਦੇ ਮੁੱਖ ਖਿਡਾਰੀਆਂ ਦਾ ਦੋਗਲਾਪਣ ਜ਼ਾਹਿਰ ਕਰ ਦਿੱਤਾ ਹੈ। ਦੇਖਿਆ ਜਾਵੇ ਤਾਂ ਰੂਸ-ਯੂਕਰੇਨ ਜੰਗ ਦਾ ਮੁੱਖ ਕਾਰਕ ਅਮਰੀਕਾ ਅਤੇ ਯੂਰਪੀ ਦੇਸ਼ ਹਨ। ਅਸਲ ਵਿਚ ਅਮਰੀਕਾ ਅਤੇ ਇਹ ਯੂਰਪੀ ਦੇਸ਼ ਯੂਕਰੇਨ ਨੂੰ 'ਨਾਟੋ' ਵਿਚ ਸ਼ਾਮਿਲ ਕਰ ਕੇ ਰੂਸ ਦੇ ਦਰਾਂ 'ਤੇ ਪੁੱਜਣਾ ਲੋਚਦੇ ਸਨ। 'ਨਾਟੋ' ਇਨ੍ਹਾਂ ਦੇਸ਼ਾਂ ਦਾ ਫੌਜੀ ਸੰਗਠਨ ਹੈ ਜਿਹੜਾ ਅਮਰੀਕਾ ਅਤੇ ਸੋਵੀਅਤ ਰੂਸ ਵਿਚ ਤਣਾਅ ਦੌਰਾਨ ਬਣਿਆ ਸੀ। 1991 ਵਿਚ ਸੋਵੀਅਤ ਰੂਸ ਦੇ ਵਹਿ-ਢੇਰੀ ਹੋਣ ਤੋਂ ਬਾਅਦ ਰੂਸ ਬਹੁਤ ਪਿੱਛੇ ਰਹਿ ਗਿਆ ਅਤੇ ਅਮਰੀਕਾ ਸੰਸਾਰ ਦਾ ਇਕੋ-ਇਕ ਸਰਦਾਰ ਬਣ ਬੈਠਾ। ਇਸ ਤੋਂ ਬਾਅਦ ਇਸ ਨੇ ਸੰਸਾਰ ਸਿਆਸਤ ਵਿਚ ਚੰਮ ਦੀਆਂ ਚਲਾਈਆਂ। ਸਮਾਂ ਪਾ ਕੇ ਰੂਸ ਇਕ ਵਾਰ ਫਿਰ ਉਠ ਖਲੋਤਾ। ਵਲਾਦੀਮੀਰ ਪੂਤਿਨ ਉਂਝ ਤਾਂ ਭਾਵੇਂ ਤਾਨਾਸ਼ਾਹ ਹੀ ਸਾਬਿਤ ਹੋਇਆ ਪਰ ਉਸ ਦੀ ਅਗਵਾਈ ਹੇਠ ਰੂਸ ਨੇ ਸੰਸਾਰ ਸਿਆਸਤ ਵਿਚ ਆਪਣੀ ਦਾਅਵੇਦਾਰੀ ਪੇਸ਼ ਕਰ ਦਿੱਤੀ। ਪਿਛਲੇ ਕੁਝ ਸਾਲਾਂ ਤੋਂ ਸੰਸਾਰ ਦੇ ਕਈ ਖਾਸ ਦੇਸ਼ਾਂ ਵਿਚ ਸੱਜੇ ਪੱਖੀ ਅਤੇ ਕੱਟੜ ਪਾਰਟੀ ਸੱਤਾ ਵਿਚ ਆਈਆਂ ਹਨ। ਅਮਰੀਕਾ ਵਿਚ ਜੋਅ ਬਾਇਡਨ ਤੋਂ ਪਹਿਲਾਂ ਜਦੋਂ ਉਘਾ ਕਾਰੋਬਾਰੀ ਡੋਨਲਡ ਟਰੰਪ ਜਿੱਤਿਆ ਤਾਂ ਉਸ ਦੀ ਸਿਆਸਤ ਨੇ ਅਮਰੀਕੀ ਅਵਾਮ ਨੂੰ ਦੋ ਖਾਨਿਆਂ ਵਿਚ ਹੀ ਨਹੀਂ ਵੰਡਿਆ ਸਗੋਂ ਉਸ ਨੇ ਪਿਛਾਖੜੀ ਸਿਆਸਤ ਲਈ ਰਾਹ ਵੀ ਖੋਲ੍ਹ ਦਿੱਤੇ। ਅਨੇਕ ਰੁਕਾਵਟਾਂ ਦੇ ਬਾਵਜੂਦ ਉਹ ਇਕ ਵਾਰ ਫਿਰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਹੈ। ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਉਸ ਦੀ ਜਿੱਤ ਦੀ ਸੂਰਤ ਵਿਚ ਰੂਸ-ਯੂਕਰੇਨ ਜੰਗ ਖਤਮ ਹੋਣ ਦੀਆਂ ਪੂਰੀਆਂ ਸੰਭਾਵਨਾਵਾਂ ਹਨ; ਦੂਜੇ ਪਾਸੇ ਡੈਮੋਕਰੇਟਿਕ ਉਮੀਦਵਾਰ ਕਮਲਾ ਹੈਰਿਸ ਨੇ ਇਜ਼ਰਾਈਲ-ਹਮਾਸ ਜੰਗ ਬਾਰੇ ਜੋ ਬਿਆਨ ਦਿੱਤਾ ਹੈ, ਉਹ ਇਜ਼ਰਾਈਲ ਦੀ ਸ਼ਰੇਆਮ ਹਮਾਇਤ ਕਰਨ ਵਾਲਾ ਹੈ; ਭਾਵ ਇਜ਼ਰਾਈਲ ਦੀਆਂ ਵਧੀਕੀਆਂ ਨੂੰ ਕਮਲਾ ਹੈਰਿਸ ਨੇ ਗੌਲਿਆ ਤੱਕ ਨਹੀਂ ਹੈ। ਪਿਛਲੇ ਹਫਤੇ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਵਿਚ ਪ੍ਰਵਾਨਗੀ ਭਾਸ਼ਣ ਦਿੰਦਿਆਂ ਕਮਲਾ ਹੈਰਿਸ ਨੇ ਇਜ਼ਰਾਈਲ ਦੇ ਸਵੈ-ਰੱਖਿਆ ਦੇ ਅਧਿਕਾਰ ਨਾਲ ਹਮੇਸ਼ਾ ਖੜ੍ਹੇ ਰਹਿਣ ਦਾ ਅਹਿਦ ਲਿਆ ਸੀ ਜਦਕਿ ਤੱਥ ਇਹ ਹਨ ਕਿ ਇਜ਼ਰਾਈਲ ਨੇ ਆਪਣੇ ਇਸ ਅਧਿਕਾਰ ਦੀ ਵਾਰ-ਵਾਰ ਦੁਰਵਰਤੋਂ ਕੀਤੀ ਹੈ ਜਿਸ ਕਰ ਕੇ ਮੱਧ ਏਸ਼ੀਆ ਖੇਤਰੀ ਜੰਗ ਦੇ ਕੰਢੇ 'ਤੇ ਪਹੁੰਚ ਗਿਆ ਹੈ।

ਕੁਝ ਇਸੇ ਤਰ੍ਹਾਂ ਦਾ ਵਿਹਾਰ ਭਾਰਤ ਦਾ ਆਪਣੇ ਗੁਆਂਢੀ ਦੇਸ਼ਾਂ ਨਾਲ ਹੈ। ਬੰਗਲਾਦੇਸ਼ ਵਿਚ ਹਾਲ ਹੀ ਵਿਚ ਤਖਤਾ ਪਲਟਿਆ ਹੈ। ਭਾਰਤ ਦੀਆਂ ਸਾਰੀਆਂ ਹਮਦਰਦੀਆਂ ਤਖਤ ਤੋਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨਾਲ ਸਨ। ਇਥੇ ਹਾਲਾਤ ਦੀ ਵਿਡੰਬਨਾ ਇਹ ਹੈ ਕਿ ਉਥੇ ਵਿਰੋਧੀ ਧਿਰ ਦੀ ਆਵਾਜ਼ ਉਕਾ ਹੀ ਬੰਦ ਕਰ ਦਿੱਤੀ ਗਈ। ਪਿਛਲੀਆਂ ਚੋਣਾਂ ਵਿਚ ਵਿਰੋਧੀ ਧਿਰ ਨੇ ਚੋਣਾਂ ਦਾ ਮੁਕੰਮਲ ਬਾਈਕਾਟ ਕਰ ਦਿੱਤਾ ਸੀ। ਇਉਂ ਕੱਟੜਪੰਥੀਆਂ ਖ਼ਿਲਾਫ ਲੜਦੀ-ਲੜਦੀ ਸ਼ੇਖ ਹਸੀਨਾ ਤਾਨਾਸ਼ਾਹ ਹੋ ਨਿੱਬੜੀ। ਹੁਣ ਤਖਤਾ ਪਲਟ ਤੋਂ ਬਾਅਦ ਜਦੋਂ ਕੱਟੜਪੰਥੀਆਂ ਵੱਲੋਂ ਘੱਟ ਗਿਣਤੀਆਂ 'ਤੇ ਹਮਲੇ ਦੀਆਂ ਖਬਰਾਂ ਆਈਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬਿਆਨ ਸਭ ਤੋਂ ਪਹਿਲਾਂ ਆਇਆ ਕਿ ਘੱਟ ਗਿਣਤੀਆਂ ਦੀ ਸੁਰੱਖਿਆ ਹਰ ਹਾਲ ਹੋਣੀ ਚਾਹੀਦੀ ਹੈ। ਬਿਲਕੁਲ, ਘੱਟ ਗਿਣਤੀਆਂ ਦੀ ਸੁਰੱਖਿਆ ਹਰ ਹਾਲ ਹੋਣੀ ਚਾਹੀਦੀ ਹੈ ਪਰ ਘੱਟ ਗਿਣਤੀਆਂ ਦਾ ਜੋ ਹਾਲ ਭਾਰਤ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਜਥੇਬੰਦੀ ਭਾਰਤੀ ਜਨਤਾ ਪਾਰਟੀ ਨੇ ਕੀਤਾ ਹੈ, ਉਸ ਬਾਰੇ ਗੱਲ ਫਿਰ ਕੌਣ ਕਰੇਗਾ? ਕੁਝ ਮਹੀਨੇ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਵਿਚ ਘੱਟ ਗਿਣਤੀਆਂ ਖ਼ਿਲਾਫ ਜ਼ਹਿਰ ਉਗਲਣ ਵਾਲਿਆਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਅਤੇ ਉਸ ਦੀ ਪਾਰਟੀ ਦੇ ਮੁੱਖ ਆਗੂ ਸਭ ਤੋਂ ਮੋਹਰੀ ਸਨ। ਇਨ੍ਹਾਂ ਆਗੂਆਂ ਨੂੰ ਬੰਗਲਾਦੇਸ਼ ਵਿਚ ਘੱਟ ਗਿਣਤੀਆਂ ਉਤੇ ਹੋ ਰਹੀਆਂ ਵਧੀਕੀਆਂ ਦਾ ਤਾਂ ਫਿਕਰ ਹੈ ਪਰ ਪਿਛਲੇ ਦਸ ਸਾਲਾਂ ਵਿਚ ਭਾਰਤ ਵਿਚ ਘੱਟ ਗਿਣਤੀਆਂ ਨੂੰ ਸ਼ਰੇਆਮ ਮਾਰਿਆ ਜਾ ਰਿਹਾ ਹੈ, ਉਨ੍ਹਾਂ ਖ਼ਿਲਾਫ ਨਫਰਤ ਫੈਲਾਈ ਜਾ ਰਹੀ ਹੈ, ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵਰਗੇ ਲੀਡਰ ਇਕ ਫਿਰਕੇ ਨੂੰ ਦੂਜੇ ਖ਼ਿਲਾਫ ਭੜਕਾ ਹੀ ਨਹੀਂ ਸਗੋਂ ਸਮੁੱਚੇ ਪ੍ਰਸ਼ਾਸਨ ਨੂੰ ਇਸ ਭੜਕਾਹਟ ਲਈ ਵਰਤਿਆ ਜਾ ਰਿਹਾ ਹੈ, ਉਸ ਵਕਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜ਼ਬਾਨ ਇਕ ਵਾਰ ਵੀ ਨਹੀਂ ਖੁੱਲ੍ਹੀ। ਮਨੀਪੁਰ ਵਿਚ ਇਕ ਫਿਰਕੇ ਦਾ ਮਿਥ ਕੇ ਘਾਣ ਕੀਤਾ ਗਿਆ ਪਰ ਨਰਿੰਦਰ ਮੋਦੀ ਇਸ ਮਸਲੇ ਬਾਰੇ ਅੱਜ ਤੱਕ ਖਾਮੋਸ਼ ਹਨ, ਉਸ ਨੇ ਉਥੇ ਜਾ ਕੇ ਲੋਕਾਂ ਦੀ ਖਬਰਸਾਰ ਤਾਂ ਕੀ ਲੈਣੀ ਸੀ!

ਜ਼ਾਹਿਰ ਹੈ ਕਿ ਸਿਆਸਤ ਦੇ ਅਜਿਹੇ ਦੋਹਰੇ ਮਿਆਰ ਸਦਾ ਆਮ ਆਦਮੀ ਦੇ ਖ਼ਿਲਾਫ ਭੁਗਤਦੇ ਹਨ। ਅਜਿਹੇ ਕਰੂਰ ਵੇਲਿਆਂ ਅਤੇ ਜੰਗਾਂ ਦੌਰਾਨ ਸਭ ਤੋਂ ਵੱਧ ਘਾਣ ਔਰਤਾਂ ਅਤੇ ਬੱਚਿਆਂ ਦਾ ਹੁੰਦਾ ਹੈ। ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਭਾਰਤੀ ਜਨਤਾ ਪਾਰਟੀ ਘੱਟ ਗਿਣਤੀਆਂ ਦਾ ਘਾਣ ਕਰ ਰਹੀ ਹੈ, ਅਮਰੀਕਾ ਆਪਣੇ ਸੌੜੇ ਹਿਤਾਂ ਲਈ ਉਹੀ ਕੁਝ ਯੂਕਰੇਨ ਅਤੇ ਫਲਸਤੀਨ ਵਿਚ ਕਰ ਰਿਹਾ ਹੈ। ਅਮਰੀਕਾ ਚਾਹਵੇ ਤਾਂ ਇਹ ਦੋਵੇਂ ਜੰਗਾਂ ਮਿੰਟਾਂ-ਸਕਿੰਟਾਂ ਵਿਚ ਮੁੱਕ ਸਕਦੀਆਂ ਹਨ ਪਰ ਆਪਣੇ ਹਿਤਾਂ ਦੀ ਪੂਰਤੀ ਖਾਤਰ ਇਹ ਯੂਕਰੇਨ ਅਤੇ ਇਜ਼ਰਾਈਲ ਨੂੰ ਲਗਾਤਾਰ ਹਥਿਆਰ ਅਤੇ ਅੰਨ੍ਹੀ ਹਮਾਇਤ ਦੇ ਰਿਹਾ ਹੈ। ਇਥੇ ਹੀ ਬੱਸ ਨਹੀਂ, ਇਸ ਵਕਤ ਕੁਦਰਤੀ ਸਰੋਤਾਂ ਦੀ ਸਭ ਤੋਂ ਵੱਧ ਲੁੱਟ ਅਤੇ ਦੁਰਵਰਤੋਂ ਅਮਰੀਕਾ ਅਤੇ ਇਸ ਦੇ ਹਮਾਇਤੀ ਦੇਸ਼ ਹੀ ਕਰ ਰਹੇ ਹਨ। ਕੁਦਰਤ ਨੂੰ ਜਿੰਨੇ ਵੱਡੇ ਪੱਧਰ 'ਤੇ ਅੱਜ ਮਾਰ ਪੈ ਰਹੀ ਹੈ, ਉਸ ਤੋਂ ਵਿਗਿਆਨੀਆਂ ਨੇ ਸਿੱਟਾ ਕੱਢਿਆ ਹੈ ਕਿ ਹੁਣ ਕੁਦਰਤ ਪੱਖੀ ਵਿਕਾਸ ਮਾਡਲ ਵਿਕਸਤ ਕਰਨ ਦੀ ਲੋੜ ਹੈ ਪਰ ਦੋ ਧਾਰੀ ਸਿਆਸਤ ਇਹ ਰਾਹ ਮੱਲੀ ਬੈਠੀ ਹੈ ਅਤੇ ਕਾਰਪੋਰੇਟ ਜਗਤ ਵੱਧ ਤੋਂ ਵੱਧ ਮੁਨਾਫੇ ਲਈ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਦੋ ਜਥੇਦਾਰਾਂ ਦੀ ਚੁੱਪੀ?

ਕੋਟ ਕਪੂਰੇ ਬਰਗਾੜੀ ਜੋ ਜ਼ੁਲਮ ਹੋਏ ਤੱਥ ਅੰਦਰਲੇ ਬਾਹਰ ਹੁਣ ਆ ਰਹੇ ਐ।
ਨਾਂ ਜਿਨ੍ਹਾਂ ਦੇ 'ਕਾਂਡ' ਵਿਚ ਬੋਲਦੇ ਰਹੇ ਅੱਖੀਂ ਦੇਖੇ ਕਈ 'ਕਾਰੇ' ਸੁਣਾ ਰਹੇ ਐ।
ਕਰੀਆਂ ਮੀਟਿੰਗਾਂ ਬਾਬੇ ਦੇ ਨਾਲ਼ ਕਿੱਦਾਂ 'ਇੰਸਾਂ' ਖੁਦ ਹੁਣ 'ਕਿੱਸੇ' ਬਤਾ ਰਹੇ ਐ।
ਕਈ ਪੁਲਸੀਏ 'ਬਾਗੀ' ਅਕਾਲੀਏ ਵੀ ਗਹਿਰੇ ਦੋਸ਼ ਸੁਖਬੀਰ 'ਤੇ ਲਾ ਰਹੇ ਐ।
'ਸਭ ਕੁੱਝ' ਜਾਣਦੇ ਬੈਠੇ ਨੇ ਢੀਠ ਬਣ ਕੇ ਹੁਣ ਪਛਤਾਵੇ ਹਿਤ ਵੀ ਭੋਰਾ ਭੁਸਕਦੇ ਨੀ।
ਹੁਕਮਨਾਮੇ ਫਿਰ ਮੁਆਫੀਆਂ ਦੇਣ ਵਾਲ਼ੇ ਗੁਰਮੁਖ ਸਿੰਘ ਗੁਰਬਚਨ ਸਿੰਘ ਕੁਸਕਦੇ ਨੀ!

# ਬੁੱਢੇ ਦਰਿਆ ਦੀ ਸਫਾਈ ਅਤੇ ਨੀਂਹ ਪੱਥਰਾਂ ਦੀ ਸਿਆਸਤ

**ਪੰਜਾਬ ਅਤੇ ਰਾਜਸਥਾਨ ਦੇ ਕਈ ਪਿੰਡਾਂ ਵਿਚ ਬੁੱਢੇ ਦਰਿਆ ਦਾ ਦੂਸ਼ਿਤ ਪਾਣੀ ਪੀਣ ਕਾਰਨ ਇਹ ਦਰਿਆ ਭਿਆਨਕ ਬਿਮਾਰੀਆਂ ਦਾ ਵੱਡਾ ਸਰੋਤ ਬਣ ਗਿਆ ਹੈ। ਲੋਕਾਂ ਦੀ ਮੰਗ 'ਤੇ ਇਸ ਦਾ ਪਾਣੀ ਸੋਧਣ ਲਈ ਸਮੇਂ-ਸਮੇਂ ਸਰਕਾਰਾਂ ਨੇ 'ਟਰੀਟਮੈਂਟ ਪਲਾਂਟ' ਵੀ ਲਗਾਏ ਅਤੇ ਅਪਗ੍ਰੇਡ ਵੀ ਕੀਤੇ, ਸਾਫ਼-ਸਫ਼ਾਈ ਲਈ ਵੱਡੇ-ਵੱਡੇ ਪ੍ਰੋਜੈਕਟ ਲਿਆਂਦੇ, ਕਈ ਵਾਰ ਨੀਂਹ ਪੱਥਰ ਰੱਖੇ ਪਰ ਅੱਜ ਤੱਕ ਸਾਰੀਆਂ ਸਰਕਾਰਾਂ ਦੇ ਦਾਅਵੇ ਕਾਗਜ਼ਾਂ ਤੱਕ ਹੀ ਸੀਮਤ ਰਹੇ। ਭਗਵੰਤ ਮਾਨ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਵੀ ਬੁੱਢੇ ਨਾਲੇ ਦੀ ਸਫਾਈ ਲਈ ਸੈਂਕੜੇ ਕਰੋੜ ਦਾ ਪ੍ਰੋਜੈਕਟ ਲਿਆਂਦਾ ਸੀ।**

ਅੱਜ ਕੱਲ੍ਹ ਲੁਧਿਆਣੇ ਵਿਚੋਂ ਲੰਘਦਾ ਬੁੱਢਾ ਦਰਿਆ ਚਰਚਾ ਦਾ ਵਿਸ਼ਾ ਹੈ। ਲੁਧਿਆਣਾ ਸ਼ਹਿਰ ਅਤੇ ਸ਼ਹਿਰ ਨੇੜਲੇ ਕਸਬਿਆਂ ਦੀ ਗੰਦਗੀ ਲੈ ਕੇ ਵਹਿਣ ਵਾਲੇ ਇਸ ਦਰਿਆ/ਨਾਲੇ ਦੀ ਸਫਾਈ ਕਈ ਸਾਲਾਂ ਤੋਂ ਲੋਕਾਂ ਦੀ ਅਹਿਮ ਮੰਗ ਰਹੀ ਹੈ ਪਰ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਇਸ ਦੀ ਸਫਾਈ ਵੱਲ ਬਣਦਾ ਧਿਆਨ ਨਹੀਂ ਦਿੱਤਾ। ਬਦਲਾਅ ਦਾ ਹੋਕਾ ਦੇ ਸੱਤਾ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ (ਆਪ) ਨੇ ਪੰਜਾਬੀਆਂ, ਖਾਸਕਰ ਲੁਧਿਆਣਾ ਵਾਸੀਆਂ ਨਾਲ ਬੁੱਢੇ ਨਾਲੇ ਦੀ ਸਫਾਈ ਕਰਨ ਦਾ ਵਾਅਦਾ ਕੀਤਾ ਸੀ। ਇਸ ਸਬੰਧੀ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੋ ਸਾਲ ਪਹਿਲਾਂ



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਬਾਕਾਇਦਾ ਨੀਂਹ ਪੱਥਰ ਵੀ ਰੱਖਿਆ ਸੀ ਲੇਕਿਨ ਇਨ੍ਹਾਂ ਦੋ ਸਾਲਾਂ ਦਰਮਿਆਨ ਬੁੱਢੇ ਦਰਿਆ ਦੀ ਸਫ਼ਾਈ ਨਾ ਹੋਣ ਕਾਰਨ 'ਆਪ' ਦੇ ਹਲਕਾ ਪੱਛਮੀ ਤੋਂ ਵਿਧਾਇਕ ਗੁਰਪ੍ਰੀਤ ਗੋਗੀ ਨੇ ਖੁਦ ਦੇ ਨਾਮ ਵਾਲਾ ਮੁੱਖ ਮੰਤਰੀ ਭਗਵੰਤ ਮਾਨ ਦਾ ਰੱਖਿਆ ਨੀਂਹ ਪੱਥਰ ਤੋੜ ਦਿੱਤਾ ਹੈ।

ਸ਼ਾਇਦ ਇਹ ਪਹਿਲੀ ਵਾਰ ਹੋਇਆ ਹੈ ਕਿ ਸੱਤਾ ਧਿਰ ਦੇ ਵਿਧਾਇਕ ਨੇ ਆਪਣੀ ਹੀ ਸਰਕਾਰ ਦਾ ਰੱਖਿਆ ਨੀਂਹ ਪੱਥਰ ਤੋੜਿਆ ਹੈ। ਵਿਧਾਇਕ ਦੀ ਕਾਰਵਾਈ ਬੇਸ਼ੱਕ, ਲੋਕਾਂ ਦੇ ਦਬਾਅ ਦਾ ਨਤੀਜਾ ਹੈ ਪਰ ਇਸ ਦੇ ਬਾਵਜੂਦ ਨੀਂਹ ਪੱਥਰ ਤੋੜਨ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਵਿਧਾਇਕ ਗੋਗੀ ਉਪਰ ਇਹ ਸਵਾਲ ਜ਼ਰੂਰ ਹੈ ਕਿ ਉਸ ਨੇ ਮੀਡੀਆ ਵਿਚ ਆਪਣੀ ਸਰਕਾਰ ਖਿਲਾਫ ਸਿੱਧਾ ਬੋਲਣ ਦੀ ਬਜਾਇ ਸਾਰਾ ਭਾਂਡਾ ਅਫਸਰਸ਼ਾਹੀ ਉਪਰ ਭੰਨ ਦਿੱਤਾ ਹਾਲਾਂਕਿ ਇਹ ਕਿਸੇ ਤੋਂ ਲੁਕਿਆ ਨਹੀਂ ਕਿ ਜੇ ਬੁੱਢੇ ਦਰਿਆ ਦੇ ਸਫਾਈ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਦੀ ਸਰਕਾਰ ਦੀ ਇੱਛਾ ਹੁੰਦੀ ਤਾਂ ਅਫਸਰਸ਼ਾਹੀ ਦੀ ਕੋਈ ਜੁਰਅਤ ਨਹੀਂ ਸੀ ਕਿ ਰਸਤੇ ਵਿਚ ਰੋੜਾ ਬਣ ਸਕਦੀ। ਵਿਧਾਇਕ ਨੇ ਮੁੱਖ ਮੰਤਰੀ ਜਾਂ ਬਾਕੀ ਮੰਤਰੀਆਂ ਨੂੰ ਸਵਾਲ ਪੁੱਛਣ ਦੀ ਬਜਾਇ ਸੀਵਰੇਜ ਬੋਰਡ ਦੇ ਅਧਿਕਾਰੀਆਂ 'ਤੇ ਦੋਸ਼ ਲਗਾਏ ਹਨ ਕਿ ਅਧਿਕਾਰੀ ਉਨ੍ਹਾਂ ਦੀ ਗੱਲ ਨਹੀਂ ਸੁਣਦੇ ਅਤੇ ਸਰਕਾਰ ਨੂੰ ਗਲਤ ਰਿਪੋਰਟਾਂ ਭੇਜ ਰਹੇ ਹਨ। ਉਨ੍ਹਾਂ ਕਿਹਾ ਕਿ ਬੁੱਢੇ ਦਰਿਆ ਦੀ ਸਫ਼ਾਈ ਲਈ ਸਰਕਾਰ ਨੇ 588 ਕਰੋੜ ਭੇਜੇ ਪਰ ਅੱਜ ਤੱਕ ਬੁੱਢੇ ਦਰਿਆ ਦੀ ਸਫ਼ਾਈ ਨਹੀਂ ਹੋਈ। ਵਿਧਾਇਕ ਦਾ ਇਹ ਖੁਲਾਸਾ ਹੈਰਾਨੀਜਨਕ ਹੈ ਕਿ ਜਿਸ ਕੰਪਨੀ ਨੇ ਅਜੇ ਤੱਕ ਸਫਾਈ ਨਹੀਂ ਕੀਤੀ, ਉਸ ਨੂੰ ਇੰਨੀ ਵੱਡੀ ਰਕਮ ਕਿਉਂ ਤੇ ਕਿਵੇਂ ਦੇ ਦਿੱਤੀ ਗਈ? ਵਿਧਾਇਕ ਦਾ ਇਹ ਦਾਅਵਾ ਸਹੀ ਹੋ ਸਕਦਾ ਹੈ ਕਿ ਨਗਰ ਨਿਗਮ ਅਤੇ ਸੀਵਰੇਜ ਬੋਰਡ ਦੇ ਅਧਿਕਾਰੀ ਜ਼ਮੀਨੀ ਪੱਧਰ 'ਤੇ ਬਿਲਕੁਲ ਵੀ ਕੰਮ ਨਹੀਂ ਕਰ ਰਹੇ ਪਰ ਵਿਧਾਇਕ ਜੀ ਇਹ ਕਹਿੰਦਿਆਂ ਇਸ ਸਭ ਪਿੱਛੇ ਸੂਬਾ ਸਰਕਾਰ ਦੀ ਅਸਫਲਤਾ ਨੂੰ ਲੁਕੋ ਰਹੇ ਹਨ ਕਿ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਖਿਲਾਫ ਸਰਕਾਰ ਨੇ ਕਾਰਵਾਈ ਕਿਉਂ ਨਹੀਂ ਕੀਤੀ।

ਭਾਰਤ ਵਿਚ ਨੀਂਹ ਪੱਥਰਾਂ ਦੀ ਸਿਆਸਤ ਦਹਾਕਿਆਂ ਤੋਂ ਭਾਰੂ ਹੈ। ਦੇਸ਼ ਦੀਆਂ ਰਵਾਇਤੀ ਪਾਰਟੀਆਂ ਦੇ ਆਗੂ ਲੋਕਾਂ ਨੂੰ ਖੁਸ਼ ਕਰਨ ਲਈ ਇਕ ਵਾਰ ਨੀਂਹ ਪੱਥਰ ਤਾਂ ਰੱਖ ਦਿੰਦੇ ਹਨ ਪਰ ਨੀਂਹ ਪੱਥਰਾਂ ਵਿਚੋਂ ਜ਼ਿਆਦਾਤਰ ਚਿੱਟਾ ਹਾਥੀ ਹੀ ਸਾਬਤ ਹੋਏ ਹਨ; ਭਾਵ ਨੀਂਹ ਪੱਥਰਾਂ ਅਨੁਸਾਰ ਕੰਮ ਸ਼ੁਰੂ ਨਹੀਂ ਹੋਏ। ਸੂਬੇ ਵਿਚ ਅਕਾਲੀ-ਭਾਜਪਾ ਜਾਂ ਕਾਂਗਰਸ ਸਰਕਾਰਾਂ ਦੇ ਰੱਖੇ ਹਸਪਤਾਲਾਂ, ਕਾਲਜਾਂ ਜਾਂ ਹੋਰ ਪ੍ਰੋਜੈਕਟਾਂ ਦੇ ਅਨੇਕਾਂ ਨੀਂਹ ਪੱਥਰ ਅਜਿਹੇ ਹਨ ਜਿਨ੍ਹਾਂ ਉਪਰ ਅਜੇ ਤੱਕ ਕੰਮ ਸ਼ੁਰੂ ਨਹੀਂ ਹੋਇਆ ਹੈ। ਕਈ ਉਦਾਹਰਨਾਂ ਤਾਂ ਅਜਿਹੀਆਂ ਵੀ ਹਨ ਜਦ ਇਕੋ ਕੰਮ ਦੇ ਕਈ-ਕਈ ਵਾਰ ਨੀਂਹ ਪੱਥਰ ਰੱਖੇ ਗਏ ਲੇਕਿਨ ਕੰਮ ਫਿਰ ਵੀ ਸ਼ੁਰੂ ਨਹੀਂ ਹੋਇਆ। ਸੱਤਾ ਵਿਚ ਆਉਣ ਤੋਂ



ਪਹਿਲਾਂ ਭਗਵੰਤ ਮਾਨ ਸਮੇਤ ਆਮ ਆਦਮੀ ਪਾਰਟੀ ਦੇ ਆਗੂ ਰਵਾਇਤੀ ਪਾਰਟੀਆਂ ਦੇ ਰੱਖੇ ਨੀਂਹ ਪੱਥਰਾਂ ਉਪਰ ਟੋਟਕੇ ਸੁਣਾ ਕੇ ਇਹ ਕਹਿੰਦੇ ਰਹੇ ਹਨ ਕਿ ਫੋਕੇ ਨੀਂਹ ਪੱਥਰ ਨਹੀਂ ਰੱਖਣੇ ਚਾਹੀਦੇ; 'ਆਪ' ਵਾਲੇ ਤਾਂ ਵੀ.ਆਈ.ਪੀ. ਰੀਤ ਖਤਮ ਕਰ ਕੇ ਨੀਂਹ ਪੱਥਰਾਂ ਦੀ ਥਾਂ ਉਦਘਾਟਨ ਕਰਨ ਸਮੇਂ ਮਜ਼ਦੂਰਾਂ ਦੇ ਨਾਮ ਲਿਖਣ ਦੀਆਂ ਗੱਲਾਂ ਵੀ ਕਰਦੇ ਰਹੇ ਹਨ ਪਰ ਹੁਣ 'ਆਪ' ਆਗੂ ਖੁਦ ਉਸੇ ਸਿਆਸਤ ਵਿਚ ਗ੍ਰਸੇ ਨਜ਼ਰ ਆ ਰਹੇ ਹਨ।

ਜਾਣਕਾਰੀ ਮਿਲੀ ਹੈ ਕਿ ਬੁੱਢੇ ਦਰਿਆ ਦੀ ਸਫ਼ਾਈ ਦੇ ਪ੍ਰੋਜੈਕਟ ਲਈ ਕਰੋਨਾ ਸਮੇਂ ਟੈਂਡਰ ਮੰਗੇ ਗਏ ਸਨ ਅਤੇ ਇਸ ਦੀ ਸਫ਼ਾਈ ਦਾ ਠੇਕਾ ਰਸੂਖਵਾਨ ਕੰਪਨੀ ਨੂੰ ਦਿੱਤਾ ਗਿਆ। ਨੀਂਹ ਪੱਥਰ ਤੋੜਨ ਵਾਲੇ ਵਿਧਾਇਕ ਅਨੁਸਾਰ ਦਰਿਆ ਦੀ ਸਫ਼ਾਈ ਦਾ ਠੇਕਾ ਲੈਣ ਵਾਲੀ ਕੰਪਨੀ ਪਹਿਲਾਂ ਹੀ 588 ਕਰੋੜ ਰੁਪਏ ਲੈ ਚੁੱਕੀ ਹੈ ਪਰ ਉਹਨਾਂ ਕੰਪਨੀ ਦਾ ਨਾਮ ਨਸ਼ਰ ਨਹੀਂ ਕੀਤਾ।

ਜਿਸ ਸੂਬੇ ਦਾ ਨਾਮ ਪਾਣੀਆਂ ਦੇ ਨਾਮ ਉਪਰ (ਪੰਜ+ਆਬ - ਪੰਜਾਬ) ਬਣਿਆ ਹੋਵੇ, ਉਸ ਧਰਤੀ ਦੇ ਦਰਿਆਈ ਪਾਣੀ ਇਸ ਕਦਰ ਪਲੀਤ ਹੋ ਜਾਣ ਕਿ ਉਹਨਾਂ ਵਿਚੋਂ ਬਦਬੂ ਆਵੇ, ਇਸ ਤੋਂ ਮਾੜਾ ਕੁਝ ਨਹੀਂ ਹੋ ਸਕਦਾ। ਸਾਡੇ ਪੁਰਖਿਆਂ ਨੇ ਕਦੇ ਸੁਫਨੇ ਵਿਚ ਵੀ ਨਹੀਂ ਸੋਚਿਆ ਹੋਵੇਗਾ ਕਿ ਇਸ ਧਰਤੀ ਉਪਰ ਗੰਧਲਾ ਹੋਇਆ ਦਰਿਆਈ ਪਾਣੀ ਕੈਂਸਰ, ਕਾਲਾ ਪੀਲੀਆ, ਚਮੜੀ ਰੋਗ ਵਰਗੀਆਂ ਭਿਆਨਕ ਬਿਮਾਰੀਆਂ ਦਾ ਸਬਬ ਬਣੇਗਾ।

ਇਹ ਤੱਥ ਹੈ ਕਿ ਬੁੱਢਾ ਦਰਿਆ ਹੁਣ ਬੇਸ਼ੱਕ ਪਲੀਤ ਪਾਣੀਆਂ ਵਜੋਂ 'ਬਦਨਾਮ' ਹੈ ਪਰ ਕਿਸੇ ਸਮੇਂ ਸਾਫ ਪਾਣੀ ਲੈ ਕੇ ਵਗਦਾ ਇਹੋ ਬੁੱਢਾ ਦਰਿਆ ਲੁਧਿਆਣਾ ਜ਼ਿਲ੍ਹੇ ਦੇ ਢਾਹੇ ਅਤੇ ਬੇਟ ਇਲਾਕਿਆਂ ਲਈ ਸਹੂਲਤਾਂ ਦਾ ਸਬਬ ਸੀ। ਅਸਲ ਵਿਚ, ਪੰਜਾਬ ਵਿਚ ਦਰਿਆਵਾਂ ਦੇ ਪੁਰਾਣੇ ਜਾਂ ਸਹਾਇਕ ਵਹਿਣਾਂ ਨੂੰ ਬੁੱਢਾ ਜਾਂ ਬੁੱਢੀ ਕਹਿਣ ਦੀ ਪ੍ਰੰਪਰਾ ਸੀ। ਇਸੇ ਕਾਰਨ ਚਮਕੌਰ ਸਾਹਿਬ ਤੇ ਮਾਛੀਵਾੜਾ ਨੇੜੇ ਸਤਲੁਜ ਦਰਿਆ ਦੁਆਰਾ ਛੱਡੇ ਪਾਣੀ ਦੇ ਵਹਿਣ ਨੂੰ ਬੁੱਢਾ ਦਰਿਆ/ਨਾਲਾ ਕਿਹਾ ਜਾਂਦਾ ਹੈ। ਇਹ ਦਰਿਆ ਚਮਕੌਰ ਸਾਹਿਬ ਨੇੜਿਓਂ ਸ਼ੁਰੂ ਹੁੰਦਾ ਹੈ ਅਤੇ ਮਾਛੀਵਾੜਾ, ਕੂੰਮ ਕਲਾਂ, ਲੁਧਿਆਣਾ ਸ਼ਹਿਰ ਵਿਚੋਂ ਲੰਘਦਾ ਹੋਇਆ ਹੰਬੜਾਂ, ਭੂੰਦੜੀ ਰਾਹੀਂ ਵਲੀਪੁਰ ਨੇੜੇ ਸਤਲੁਜ ਵਿਚ ਮਿਲ ਜਾਂਦਾ ਹੈ। ਸਤਲੁਜ ਦਰਿਆ ਦੇ ਅੰਦਰ ਜਾ ਕੇ ਮਿਲਿਆ ਇਸ ਬੁੱਢੇ ਦਰਿਆ ਦਾ ਪਲੀਤ ਪਾਣੀ ਹਰੀਕੇ ਪੱਤਣ ਰਾਹੀਂ ਹੁੰਦਾ ਹੋਇਆ ਰਾਜਸਥਾਨ ਤੱਕ ਪਹੁੰਚਦਾ ਹੈ ਤੇ ਨਹਿਰਾਂ ਰਾਹੀਂ ਪੰਜਾਬ ਦੇ ਮਾਲਵਾ ਖੇਤਰ ਵਿਚ ਜਾਂਦਾ ਹੈ।

ਪੰਜਾਬ ਅਤੇ ਰਾਜਸਥਾਨ ਦੇ ਕਈ ਪਿੰਡਾਂ ਵਿਚ ਬੁੱਢੇ ਦਰਿਆ ਦਾ ਦੂਸ਼ਿਤ ਪਾਣੀ ਪੀਣ ਕਾਰਨ ਇਹ ਦਰਿਆ ਭਿਆਨਕ ਬਿਮਾਰੀਆਂ ਦਾ ਵੱਡਾ ਸਰੋਤ ਬਣ ਗਿਆ ਹੈ। ਲੋਕਾਂ ਦੀ ਮੰਗ 'ਤੇ ਇਸ ਦਾ ਪਾਣੀ ਸੋਧਣ ਲਈ (ਟਰੀਟ ਕਰਨ) ਸਮੇਂ-ਸਮੇਂ ਸਰਕਾਰਾਂ ਨੇ ਕਥਿਤ ਟਰੀਟਮੈਂਟ ਪਲਾਂਟ ਵੀ ਲਗਾਏ ਅਤੇ ਅਪਗ੍ਰੇਡ ਵੀ ਕੀਤੇ, ਸਾਫ਼-ਸਫ਼ਾਈ ਲਈ ਵੱਡੇ-ਵੱਡੇ ਪ੍ਰੋਜੈਕਟ ਲਿਆਂਦੇ, ਕਈ ਵਾਰ ਨੀਂਹ ਪੱਥਰ ਰੱਖੇ ਪਰ ਅੱਜ ਤੱਕ ਸਾਰੀਆਂ ਸਰਕਾਰਾਂ ਦੇ ਦਾਅਵੇ ਕਾਗਜ਼ਾਂ ਤੱਕ ਹੀ ਸੀਮਤ ਰਹੇ। ਭਗਵੰਤ ਮਾਨ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਵੀ ਬੁੱਢੇ ਨਾਲੇ ਦੀ ਸਫਾਈ ਲਈ ਸੈਂਕੜੇ ਕਰੋੜ ਦਾ ਪ੍ਰੋਜੈਕਟ ਲਿਆਂਦਾ ਸੀ ਪਰ ਅਜੇ ਤੱਕ ਇਹ ਮਸਲਾ ਹੱਲ ਨਹੀਂ ਕੀਤਾ ਜਾ ਸਕਿਆ।

ਅਸਲੀਅਤ ਇਹ ਹੈ ਕਿ ਬੁੱਢੇ ਨਾਲੇ ਵਿਚ ਸਿਰਫ ਲੁਧਿਆਣਾ ਸ਼ਹਿਰ ਦੇ ਸੀਵਰੇਜ ਦਾ ਨਿਕਾਸੀ ਪਾਣੀ ਹੀ ਨਹੀਂ ਪੈਂਦਾ ਬਲਕਿ ਕਈ ਛੋਟੀਆਂ ਫੈਕਟਰੀਆਂ, ਰੰਗਾਈ (ਡਾਇੰਗ) ਯੂਨਿਟਾਂ ਦਾ ਜ਼ਹਿਰੀਲਾ ਰਸਾਇਣੀ ਪਾਣੀ ਪੈਂਦਾ ਹੈ। ਇਸ ਜ਼ਹਿਰੀਲੇ ਪਾਣੀ ਨੂੰ ਸੋਧਣਾ ਸੌਖਾ ਕੰਮ ਨਹੀਂ। ਇਸ ਦਾ ਸੌਖਾ ਹੱਲ ਇਹੋ ਹੈ ਕਿ ਫੈਕਟਰੀਆਂ, ਰੰਗਾਈ ਯੂਨਿਟ ਰਿਹਾਇਸ਼ੀ ਖੇਤਰ ਤੋਂ ਬਾਹਰ ਕੱਢੀਆਂ ਜਾਣ। ਇਸ ਪਾਸੇ ਕਿਸੇ ਵੀ ਸਰਕਾਰ ਨੇ ਧਿਆਨ ਨਹੀਂ ਦਿੱਤਾ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਪੰਜਾਬ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਦੀ ਨਾਲਾਇਕੀ ਕਾਰਨ ਪੰਜਾਬ ਸਭ ਤੋਂ ਵੱਡੇ ਸਨਅਤੀ ਸ਼ਹਿਰ ਦਾ ਗੰਦ ਬੁੱਢਾ ਦਰਿਆ ਰਾਜਸਥਾਨ ਤੱਕ ਪਰੋਸ ਰਿਹਾ ਹੈ।

ਬੁੱਢੇ ਦਰਿਆ ਦੇ ਪ੍ਰਦੂਸ਼ਿਤ ਪਾਣੀ ਕਾਰਨ ਗੰਧਲੇ ਹੋ ਰਹੇ ਸਤਲੁਜ ਦੇ ਪਾਣੀ ਨੂੰ ਬਚਾਉਣ ਲਈ 24 ਅਗਸਤ ਨੂੰ ਇਕੱਤਰ ਹੋਏ ਕਿਸਾਨ ਆਗੂਆਂ, ਵਾਤਾਵਰਨ ਪ੍ਰੇਮੀਆਂ, ਜਮਹੂਰੀ ਕਾਰਕੁਨਾਂ ਨੇ ਵੇਰਕਾ ਮਿਲਕ ਪਲਾਂਟ ਤੋਂ ਭਾਈ ਵਾਲਾ ਚੌਕ 'ਤੇ ਲੱਗੇ ਸ਼ਹੀਦ ਕਰਤਾਰ ਸਿੰਘ ਦੇ ਬੁੱਤ ਤੱਕ ਰੋਸ ਮਾਰਚ ਕੀਤਾ। ਇਸ ਰੋਸ ਮਾਰਚ ਵਿਚ ਪੰਜਾਬ ਤੋਂ ਇਲਾਵਾ ਰਾਜਸਥਾਨ ਅਤੇ ਹਰਿਆਣਾ ਦੇ ਵਾਤਾਵਰਨ ਹਿਤੈਸ਼ੀਆਂ ਨੇ ਵੀ ਸ਼ਮੂਲੀਅਤ ਕੀਤੀ। ਉਨ੍ਹਾਂ ਬੁੱਢੇ ਅਤੇ ਸਤਲੁਜ ਦਰਿਆ ਵਿਚ ਦਿਨੋ-ਦਿਨ ਵਧ ਰਹੇ ਪ੍ਰਦੂਸ਼ਣ ਲਈ ਸਮੇਂ ਦੀਆਂ ਸਰਕਾਰਾਂ, ਸਬੰਧਿਤ ਵਿਭਾਗਾਂ ਅਤੇ ਪ੍ਰਦੂਸ਼ਣ ਫੈਲਾਉਣ ਵਾਲਿਆਂ ਦੀ ਆਪਸੀ ਮਿਲੀਭੁਗਤ ਨੂੰ ਜ਼ਿੰਮੇਵਾਰ ਠਹਿਰਾਇਆ; ਨਾਲ ਹੀ ਐਲਾਨ ਕੀਤਾ ਹੈ ਕਿ ਜੇ ਸਰਕਾਰ ਨੇ ਬੁੱਢਾ ਦਰਿਆ ਦੇ ਦੂਸ਼ਿਤ ਪਾਣੀ ਦਾ ਕੋਈ ਹੱਲ ਨਾ ਕੀਤਾ ਤਾਂ 15 ਸਤੰਬਰ ਨੂੰ ਬੰਨ੍ਹ ਲਾ ਕੇ ਬੁੱਢੇ ਦਰਿਆ ਦਾ ਪਾਣੀ ਸਤਲੁਜ ਵਿਚ ਪੈਣ ਤੋਂ ਰੋਕਿਆ ਜਾਵੇਗਾ।

ਸਾਨੂੰ ਪਤਾ ਹੈ ਕਿ ਕੇਂਦਰੀ ਤੇ ਸੂਬਾਈ ਸੱਤਾ ਉਪਰ ਕਾਬਜ਼ ਹਾਕਮ ਜਮਾਤ ਪਾਰਟੀਆਂ ਲਈ ਲੋਕਾਂ ਦੀ ਸਿਹਤ ਤੇ ਵਾਤਾਵਰਨ ਕੋਈ ਮੁੱਦਾ ਨਹੀਂ ਪਰ ਸਮਾਜ ਲਈ ਸਾਫ ਪਾਣੀ ਤੇ ਹਵਾ ਅਤੇ ਉਪਜਾਊ ਧਰਤੀ ਬਹੁਤ ਜ਼ਰੂਰੀ ਹਨ। ਜੇ ਪਾਣੀ, ਹਵਾ ਤੇ ਧਰਤੀ ਹੀ ਪ੍ਰਦੂਸ਼ਣ ਮੁਕਤ ਨਾ ਹੋਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਖਤਮ ਹੋ ਜਾਣਗੀਆਂ। ਇਸ ਲਈ ਲੋਕ ਪੱਖੀ ਜਥੇਬੰਦੀਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਲੁਧਿਆਣਾ ਦੇ ਰਿਹਾਇਸ਼ੀ ਖੇਤਰ ਵਿਚੋਂ ਛੋਟੀ-ਵੱਡੀ ਇੰਡਸਟਰੀ ਬਾਹਰ ਕੱਢੀ ਜਾਵੇ ਅਤੇ ਬੁੱਢੇ ਦਰਿਆ ਦਾ ਜ਼ਹਿਰੀਲਾ ਪਾਣੀ ਸਾਫ ਕਰਨ ਲਈ ਟਰੀਟਮੈਂਟ ਪਲਾਂਟ ਲਾਏ ਜਾਣ। ਬੁੱਢੇ ਦਰਿਆ ਦਾ ਪਾਣੀ ਸਤਲੁਜ ਵਿਚ ਪਾਉਣ ਦੀ ਬਜਾਇ ਕਿਸੇ ਨਿਕਾਸੀ ਡਰੇਨ ਵਿਚ ਪਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

**ਕੋਲਕਾਤਾ ਦੇ ਸਰਕਾਰੀ ਮੈਡੀਕਲ ਕਾਲਜ ਵਿਚ ਡਾਕਟਰ ਨਾਲ ਬਲਾਤਕਾਰ ਅਤੇ ਉਸ ਦੇ ਕਤਲ ਨੇ 12 ਸਾਲ ਪਹਿਲਾਂ ਦਿੱਲੀ 'ਚ ਹੋਏ ਹੌਲਨਾਕ ਨਿਰਭੈ ਕਾਂਡ ਵਾਂਗ ਔਰਤਾਂ ਦੀ ਸੁਰੱਖਿਆ ਦਾ ਮੁੱਦਾ ਭਖਾ ਦਿੱਤਾ ਹੈ। ਹਜ਼ਾਰਾਂ ਲੋਕ ਥਾਂ-ਥਾਂ ਰੋਸ ਪ੍ਰਦਰਸ਼ਨ ਕਰ ਰਹੇ ਹਨ ਪਰ ਹੁਕਮਰਾਨ ਧੜੇ ਇਕ ਵਾਰ ਫਿਰ ਇਸ ਮੁੱਦੇ ਉਪਰ ਘਿਨਾਉਣੀ ਸਿਆਸਤ ਕਰਨ ਲਈ ਮੈਦਾਨ 'ਚ ਉਤਰ ਆਏ ਹਨ। ਔਰਤਾਂ ਵਿਰੁੱਧ ਜਿਨਸੀ ਹਿੰਸਾ 'ਚ ਮੋਹਰੀ ਸੰਘ ਬ੍ਰਿਗੇਡ ਇਸ ਕਾਂਡ ਦੇ ਬਹਾਨੇ ਮਮਤਾ ਬੈਨਰਜੀ ਸਰਕਾਰ ਦੀ ਰਾਜਨੀਤਕ ਘੇਰਾਬੰਦੀ 'ਚ ਜੁਟਿਆ ਹੋਇਆ ਹੈ। ਮਮਤਾ ਬੈਨਰਜੀ ਜਿਸ ਨੇ ਅਸਲ ਦੋਸ਼ੀਆਂ ਨੂੰ ਬਚਾਉਣ ਲਈ ਪੂਰੀ ਤਾਕਤ ਲਗਾਈ ਹੋਈ ਹੈ, ਵਿਆਪਕ ਜਨਤਕ ਦਬਾਅ ਹੇਠ ਨੂੰ ਕੰਮਕਾਜੀ ਔਰਤਾਂ ਦੀ ਸੁਰੱਖਿਆ ਲਈ ਤਜਵੀਜ਼ ਪੇਸ਼ ਕਰਨੀ ਪਈ ਹੈ ਪਰ ਇਸ ਵਿਚ ਸੁਰੱਖਿਆ ਪੇਸ਼ਕਦਮੀਆਂ ਦੇ ਨਜ਼ਰੀਏ ਤੋਂ ਠੋਸ ਕੁਝ ਵੀ ਨਹੀਂ। ਇਸ ਕਾਂਡ 'ਚ ਨਿਆਂ ਅਤੇ ਔਰਤਾਂ ਦੇ ਸਰੋਕਾਰਾਂ ਨੂੰ ਮੁਖ਼ਾਤਬ 'ਰੀਕਲੇਮ ਦਿ ਨਾਈਟ' ਮੁਹਿੰਮ ਦੀਆਂ ਜਾਗਰੂਕ ਔਰਤਾਂ ਨੇ ਸਰਕਾਰੀ ਤਜਵੀਜ਼ ਉਪਰ ਵਾਜਬ ਸਵਾਲ ਉਠਾਉਂਦਿਆਂ ਔਰਤਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕਣ ਦੀ ਲੋੜ ਉਭਾਰੀ ਹੈ। ਇਸ ਅਹਿਮ ਸਵਾਲ ਦੇ ਮਹੱਤਵ ਦੇ ਮੱਦੇਨਜ਼ਰ 'ਰੀਕਲੇਮ ਦਿ ਨਾਈਟ' ਮੁਹਿੰਮ ਦੇ ਪ੍ਰਤੀਕਰਮ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।**

# ਨਿਗਰਾਨੀ ਨਹੀਂ, ਆਜ਼ਾਦੀ ਚਾਹੀਦੀ !

'ਰੀਕਲੇਮ ਦ ਨਾਈਟ' ਆਰ.ਜੀ. ਕਰ ਮੈਡੀਕਲ ਕਾਲਜ ਤੇ ਹਸਪਤਾਲ ਬਲਾਤਕਾਰ ਅਤੇ ਕਤਲ ਕਾਂਡ ਲਈ ਨਿਆਂ ਦੀ ਮੰਗ ਕਰਨ ਵਾਲਾ ਲੋਕ ਅੰਦੋਲਨ ਹੈ। ਇਸ ਨੇ ਪੂਰੇ ਪੱਛਮੀ ਬੰਗਾਲ ਵਿਚ ਹੀ ਨਹੀਂ, ਪੂਰੇ ਦੇਸ਼ ਵਿਚ, ਇੱਥੋਂ ਤੱਕ ਕਿ ਭਾਰਤ ਤੋਂ ਬਾਹਰ ਵੀ ਕਈ ਥਾਵਾਂ 'ਤੇ ਬਹੁਤ ਸਾਰੇ ਲੋਕਾਂ ਨੂੰ ਇਕਜੁੱਟ ਕੀਤਾ ਹੈ। ਇਸ ਨੇ ਲੋਕਾਂ ਨੂੰ ਸੜਕਾਂ 'ਤੇ ਲਿਆਂਦਾ ਹੈ, ਉਨ੍ਹਾਂ ਦੇ ਰੋਹ ਨੂੰ ਇਕਜੁੱਟ ਕੀਤਾ ਹੈ, ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ 'ਇਤਿਹਾਸ' ਨਹੀਂ ਬਲਕਿ ਉਸ ਦੀ/ਕੁਈਅਰ ਲੋਕਾਂ/ਟਰਾਂਸਜੈਂਡਰ ਦੀ ਦਾਸਤਾਨ ਬਣਾ ਰਿਹਾ ਹੈ। ਇਸ ਅੰਦੋਲਨ ਨੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ, ਕਾਲ ਸੈਂਟਰਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ, ਨਰਸਾਂ, ਡਾਕਟਰਾਂ ਤੇ ਸਿਹਤ ਕਰਮਚਾਰੀਆਂ ਅਤੇ ਕਈ ਹੋਰ ਖੇਤਰਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਵਿਰੋਧ ਕਰਨ ਲਈ ਸੜਕਾਂ 'ਤੇ ਲੈ ਆਂਦਾ ਹੈ। ਕਈ ਪਿੰਡਾਂ ਤੇ ਪੇਂਡੂ ਖੇਤਰਾਂ ਦੀਆਂ ਔਰਤਾਂ ਨੇ ਇਸ ਅੰਦੋਲਨ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਰਾਤ ਨੂੰ, ਸਾਰੀ-ਸਾਰੀ ਰਾਤ, ਸਵੇਰ ਤੱਕ ਸੜਕਾਂ 'ਤੇ ਡਟੇ ਰਹੇ ਹਨ। ਕਈ ਖੇਤਰਾਂ ਵਿਚ ਮੁਸਲਿਮ ਔਰਤਾਂ ਸੜਕਾਂ ਮੁੜ ਹਾਸਲ ਕਰਨ ਲਈ ਘਰਾਂ ਤੋਂ ਬਾਹਰ ਆਈਆਂ ਹਨ ਅਤੇ ਟਰਾਂਸ-ਕੁਈਅਰ ਲੋਕਾਂ ਨੇ ਇਨ੍ਹਾਂ ਵਿਚ ਭਾਗ ਲਿਆ ਹੈ ਤੇ ਆਪਣੀਆਂ ਮੰਗਾਂ ਰੱਖੀਆਂ ਹਨ। ਸਾਰਿਆਂ ਦੀ ਸ਼ਮੂਲੀਅਤ ਨੇ ਸੱਚਮੁੱਚ 'ਰੀਕਲੇਮ ਦ ਨਾਈਟ' ਨੂੰ ਵੱਖਰੀ ਬੁਲੰਦੀ 'ਤੇ ਪਹੁੰਚਾ ਦਿੱਤਾ ਹੈ।

ਸਾਡਾ ਮੁੱਖ ਉਦੇਸ਼ ਆਰ.ਜੀ. ਕਰ ਕਾਂਡ ਸਮੇਤ ਜਿਨਸੀ ਹਿੰਸਾ ਦੇ ਸਾਰੇ ਅਣਸੁਲਝੇ ਮਾਮਲਿਆਂ 'ਚ ਨਿਆਂ ਯਕੀਨੀ ਬਣਾਉਣਾ ਅਤੇ ਔਰਤਾਂ ਤੇ ਹਾਸ਼ੀਏ ਉਤੇ ਧੱਕੇ ਲਿੰਗਕ ਭਾਈਚਾਰਿਆਂ/ਸੈਕਸੂਐਲਿਟੀ ਦੇ ਲਈ ਹਰ ਜਗ੍ਹਾ ਅਤੇ ਹਰ ਸਮੇਂ ਸੁਰੱਖਿਆ ਤੇ ਆਜ਼ਾਦੀ ਯਕੀਨੀ ਬਣਾਉਣਾ ਹੈ। ਅਸੀਂ ਉਨ੍ਹਾਂ ਸਾਰਿਆਂ ਨਾਲ ਇਕਮੁੱਠਤਾ ਪ੍ਰਗਟਾਉਂਦੇ ਹਾਂ ਜੋ ਇਹ ਟੀਚਾ ਹਾਸਲ ਕਰਨ ਲਈ ਕੰਮ ਕਰ ਰਹੇ ਹਨ।

ਜਿੱਥੋਂ ਅੰਦੋਲਨ ਦੀ ਸਾਂਝੀ ਆਵਾਜ਼ ਬੁਲੰਦ ਹੋਈ, ਉਸੇ ਨੁਕਤਾ-ਏ-ਨਜ਼ਰ ਤੋਂ ਅਸੀਂ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਮੁੱਖ ਪ੍ਰਸ਼ਾਸਨਕ ਸਲਾਹਕਾਰ ਅਲਾਪਾਨ ਬੰਦੋਪਾਧਿਆਏ ਦੇ ਜਾਰੀ ਬਿਆਨ ਬਾਰੇ ਆਪਣਾ ਰੁਖ ਸਪਸ਼ਟ ਕਰਨਾ ਚਾਹੁੰਦੇ ਹਾਂ।

ਪਹਿਲੀ ਗੱਲ: ਸੁਝਾਏ ਗਏ 17 ਸੂਤਰੀ 'ਇਲਾਜ' ਦੀ ਤੱਤ-ਸਮੱਗਰੀ ਅੱਜ ਤੱਕ ਸਰਕਾਰੀ ਆਦੇਸ਼ ਨਹੀਂ ਹੈ ਭਾਵੇਂ ਇਸ ਨੂੰ ਅਖ਼ਬਾਰਾਂ ਅਤੇ ਨਿਊਜ਼ ਚੈਨਲਾਂ ਵਿਚ ਵਿਆਪਕ ਤੌਰ 'ਤੇ ਪ੍ਰਸਾਰਿਤ ਕੀਤਾ ਗਿਆ ਹੈ। ਇਸ 17 ਨੁਕਾਤੀ ਬਿਆਨ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ। ਸਾਡੀ ਸੋਚ ਇਹ ਨਹੀਂ ਕਿ ਇਸ ਦੀ ਕੋਈ ਮਹੱਤਤਾ ਨਹੀਂ ਸਗੋਂ ਅਸੀਂ ਤਾਂ ਇਸ ਨੂੰ ਮੁੱਖ ਮੰਤਰੀ ਵੱਲੋਂ ਅੰਦੋਲਨ ਦੀ ਆਵਾਜ਼ ਦਬਾਉਣ ਦੀ ਕਾਹਲ ਵਾਲੀ ਯੁੱਧਨੀਤੀ ਵਜੋਂ ਦੇਖਦੇ ਹਾਂ। 'ਹੋਣਾ ਚਾਹੀਦਾ ਹੈ…', 'ਅਸੀਂ ਬੇਨਤੀ ਕਰਦੇ ਹਾਂ…' ਵਰਗੇ ਵਾਕੰਸ਼ ਵਰਤੇ ਗਏ ਹਨ ਜਿਨ੍ਹਾਂ ਨੇ ਬਿਆਨ ਦੀ ਅਸਪਸ਼ਟਤਾ ਹੋਰ ਵਧਾ ਦਿੱਤੀ ਹੈ।

ਦੂਜੀ ਗੱਲ: ਇਨ੍ਹਾਂ ਤਜਵੀਜ਼ਸ਼ੁਦਾ ਕਦਮਾਂ ਦੀ ਭਾਸ਼ਾ ਭਾਵੇਂ ਇਹ ਔਰਤਾਂ ਦੇ ਕੰਮ ਕਰਨ ਦੇ ਅਧਿਕਾਰ ਨਾਲ ਸਬੰਧਿਤ ਹੋਵੇ ਜਾਂ ਮਾਣ-ਸਨਮਾਨ ਨਾਲ ਸਮਾਜ ਵਿਚ ਰਹਿਣ ਦੇ ਸਵਾਲ ਨਾਲ, ਇਸ਼ਾਰਾ ਕਰਦੀ ਹੈ ਕਿ ਇਰਾਦਾ ਔਰਤਾਂ ਅਤੇ ਹਾਸ਼ੀਏ 'ਤੇ ਧੱਕੇ ਲਿੰਗ/ਸੈਕਸੂਐਲਿਟੀ ਭਾਈਚਾਰਿਆਂ ਉਪਰ ਰਾਜ ਦੀ ਨਿਗਰਾਨੀ ਅਤੇ ਰਾਜ ਦਾ ਕੰਟਰੋਲ ਸਥਾਪਤ ਕਰਨਾ ਹੈ। ਇਸ ਲਈ ਅਸੀਂ ਇਨ੍ਹਾਂ ਕਦਮਾਂ ਦੀ ਨਿੰਦਾ ਕਰਦੇ ਹਾਂ।

## 'ਰੀਕਲੇਮ ਦਿ ਨਾਈਟ' ਮੁਹਿੰਮ ਕੋਲਕਾਤਾ ਦਾ ਪੱਛਮੀ ਬੰਗਾਲ ਸਰਕਾਰ ਦੁਆਰਾ ਸੁਝਾਏ ਉਪਾਵਾਂ ਬਾਰੇ ਪ੍ਰਤੀਕਰਮ



17 ਨੁਕਾਤੀ ਏਜੰਡੇ ਦੇ ਸਾਰ-ਤੱਤ ਬਾਰੇ ਸਾਡੀਆਂ ਦਲੀਲਾਂ ਹੇਠ ਲਿਖੀਆਂ ਹਨ:

ਔਰਤ ਡਾਕਟਰਾਂ ਲਈ ਰਾਤ ਦੀ ਡਿਊਟੀ ਦੇ ਸ਼ਡਿਊਲ ਨੂੰ ਘਟਾਉਣ ਦਾ ਸੁਝਾਅ ਦਿੱਤਾ ਗਿਆ ਹੈ ਜੋ ਅੰਦੋਲਨ ਦੀਆਂ ਮੰਗਾਂ ਦੇ ਬਿਲਕੁਲ 180 ਦਰਜੇ ਉਲਟ ਹੈ! ਕੀ ਔਰਤਾਂ, 'ਰੀਕਲੇਮ 'ਦਿ ਨਾਈਟ' ਅੰਦੋਲਨ ਦੇ ਹਿੱਸੇ ਵਜੋਂ, ਰਾਤ ਨੂੰ ਸੁਰੱਖਿਆ ਦੀ ਮੰਗ ਨਹੀਂ ਕਰ ਰਹੀਆਂ ਸਨ? ਜਿਨ੍ਹਾਂ ਔਰਤ ਮਰੀਜ਼ਾਂ ਨੂੰ ਰਾਤ ਨੂੰ ਔਰਤ ਡਾਕਟਰਾਂ ਦੀ ਮਦਦ ਦੀ ਜ਼ਰੂਰਤ ਪਵੇਗੀ, ਕੀ ਉਨ੍ਹਾਂ ਨੂੰ ਤੁਰੰਤ ਇਲਾਜ ਤੋਂ ਵਾਂਝੀਆਂ ਕਰ ਦਿੱਤਾ ਜਾਵੇਗਾ? ਨਰਸਾਂ ਬਾਰੇ ਕੀ ਕਹਿਣਾ ਹੈ? ਆਇਆ, ਹਾਊਸਕੀਪਿੰਗ ਸਟਾਫ, ਅਪਰੇਸ਼ਨ ਥੀਏਟਰਾਂ ਵਿਚ ਕੰਮ ਕਰਨ ਵਾਲਾ ਔਰਤ ਸਟਾਫ - ਉਨ੍ਹਾਂ ਬਾਰੇ ਕੀ ਹੋਵੇਗਾ? ਆਸ਼ਾ ਵਰਕਰ ਜਿਨ੍ਹਾਂ ਨੂੰ ਰਾਤ ਨੂੰ ਜਣੇਪੇ ਵਾਲੀਆਂ ਔਰਤਾਂ ਦੀ ਦੇਖਭਾਲ ਕਰਨੀ ਪੈਂਦੀ ਹੈ, ਉਨ੍ਹਾਂ ਬਾਰੇ ਕੀ ਕਹਿਣਾ ਹੈ? ਕੀ ਇਨ੍ਹਾਂ ਸਾਰੀਆਂ ਕੰਮਕਾਜੀ ਔਰਤਾਂ ਨੂੰ ਸੁਰੱਖਿਆ ਦੀ ਲੋੜ ਨਹੀਂ ਹੈ? ਨੁਕਤਾ 3 ਅਤੇ 11 ਵਿਚ ਉਹ ਔਰਤ ਵਾਲੰਟੀਅਰ (ਜਿਨ੍ਹਾਂ ਨੂੰ ਰਾਤ ਨੂੰ ਔਰਤਾਂ ਨੂੰ ਸੁਰੱਖਿਆ ਦੇਣ ਲਈ ਭਰਤੀ ਕੀਤਾ ਜਾਵੇਗਾ) ਅਤੇ ਔਰਤ ਸੁਰੱਖਿਆ ਗਾਰਡ ਜਿਨ੍ਹਾਂ ਦੀਆਂ ਡਿਊਟੀਆਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਕੋਲ ਰਾਤ ਦੀਆਂ ਡਿਊਟੀਆਂ ਹੋਣਗੀਆਂ, ਹੈ ਨਾ? ਉਨ੍ਹਾਂ ਦੀ ਸੁਰੱਖਿਆ ਲਈ ਕੀ ਕਦਮ ਚੁੱਕੇ ਜਾਣਗੇ?

ਅਸੀਂ ਜਾਣਦੇ ਹਾਂ ਕਿ ਕਿਵੇਂ ਇਸੇ ਤਰਕ ਨਾਲ ਉਤਰ ਪ੍ਰਦੇਸ਼ ਵਿਚ ਔਰਤਾਂ ਲਈ ਸ਼ਾਮ ਦੇ ਸਕੂਲ ਬੰਦ ਕਰ ਦਿੱਤੇ ਗਏ ਅਤੇ ਅਫ਼ਗਾਨਿਸਤਾਨ ਦੇ ਤਾਲਿਬਾਨ ਰਾਜ ਵਿਚ ਔਰਤਾਂ ਦਾ ਸਿੱਖਿਆ ਦਾ ਅਧਿਕਾਰ ਖੋਹ ਲਿਆ ਗਿਆ। ਜਿਸ ਤਰ੍ਹਾਂ ਅਸੀਂ ਮਨੂਵਾਦੀ ਭਾਜਪਾ ਦੇ ਪਿਤਰ ਸੱਤਾਵਾਦੀ ਅਮਲਾਂ ਦਾ ਸਖ਼ਤ ਵਿਰੋਧ ਕਰਦੇ ਹਾਂ, ਉਸੇ ਤਰ੍ਹਾਂ ਅਸੀਂ ਪੱਛਮੀ ਬੰਗਾਲ ਸਰਕਾਰ ਦੀ ਵੱਖ-ਵੱਖ ਥਾਵਾਂ 'ਤੇ ਔਰਤਾਂ ਦੀ ਮੌਜੂਦਗੀ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਦਾ ਪੁਰਜ਼ੋਰ ਵਿਰੋਧ ਕਰਦੇ ਹਾਂ।

ਨੁਕਤਾ 2 ਵਿਚ ਉਨ੍ਹਾਂ ਨੇ ਕਿਹਾ- 'ਉਥੇ ਆਰਾਮ ਕਰਨ ਲਈ ਕਮਰੇ ਹੋਣੇ ਚਾਹੀਦੇ ਹਨ…', ਅਸੀਂ ਪੁੱਛਦੇ ਹਾਂ ਕਿ ਇਹ ਆਰਾਮ ਕਮਰੇ ਕੌਣ ਬਣਾਏਗਾ? ਕੁਝ ਵੀ ਸਪਸ਼ਟ ਨਹੀਂ। ਕੀ ਰਾਤ ਦੀ ਡਿਊਟੀ 'ਤੇ ਕੰਮ ਕਰਨ ਵਾਲੇ ਵਰਕਰਾਂ ਲਈ ਸਾਰੇ ਕੰਮ ਸਥਾਨਾਂ 'ਤੇ ਆਰਾਮ ਕਮਰੇ ਬਣਾਏ ਜਾਣਗੇ? ਪ੍ਰਾਈਵੇਟ ਹਸਪਤਾਲਾਂ ਵਿਚ ਔਰਤ ਡਾਕਟਰਾਂ, ਨਰਸਾਂ, ਹਾਊਸਕੀਪਿੰਗ ਸਟਾਫ ਅਤੇ ਸਿਹਤ ਕਰਮਚਾਰੀਆਂ, ਭਾਵ ਰਾਤ ਨੂੰ ਕੰਮ ਕਰਨ ਵਾਲੀਆਂ ਸਾਰੀਆਂ ਔਰਤਾਂ ਲਈ ਅਟੈਚਡ ਟਾਇਲਟਾਂ ਵਾਲੇ ਆਰਾਮ ਕਮਰਿਆਂ ਦੀ ਮੌਜੂਦਗੀ, ਮੁਫ਼ਤ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਪਹੁੰਚਯੋਗ ਜਨਤਕ ਆਵਾਜਾਈ, ਸੌਖੀ ਪਹੁੰਚ ਵਾਲੀਆਂ ਟਾਇਲੈਟ, ਕਰੈਚ ਬਹੁਤ ਮਹੱਤਵਪੂਰਨ ਹਨ। ਸੜਕਾਂ 'ਤੇ ਹਰ ਕਿਲੋਮੀਟਰ ਦੇ ਅੰਦਰ ਇਹ ਸਹੂਲਤਾਂ ਸੌਖੀ ਪਹੁੰਚ 'ਚ ਹੋਣੀਆਂ ਚਾਹੀਦੀਆਂ ਹਨ, 24 ਘੰਟੇ ਖੁੱਲ੍ਹੀਆਂ ਰਹਿਣ ਵਾਲੀਆਂ ਵਰਤੋਂ ਯੋਗ ਹਾਲਤ 'ਚ ਟਾਇਲੈਟ ਯਕੀਨੀਂ ਮੁਹੱਈਆ ਕਰਵਾਈਆਂ ਜਾਣ। ਪੰਚਾਇਤ ਜਾਂ ਮਿਊਂਸਪੈਲਿਟੀ ਖੇਤਰਾਂ ਵਿਚ, ਸਰਕਾਰ ਦੁਆਰਾ ਸੌਖੀ ਪਹੁੰਚ ਵਾਲੇ ਕਰੈਚਾਂ ਦਾ ਨਿਰਮਾਣ ਅਤੇ ਸੰਚਾਲਨ ਕੀਤਾ ਜਾਣਾ ਚਾਹੀਦਾ ਹੈ। ਇਸ ਸਭ ਦੇ ਲਈ ਬਜਟ ਰੱਖਿਆ ਜਾਣਾ ਚਾਹੀਦਾ ਹੈ ਅਤੇ ਸਰਕਾਰੀ ਆਦੇਸ਼ਾਂ ਦੀ ਥਾਂ ਮਹਿਜ਼ ਜ਼ਬਾਨੀ ਭਰੋਸਾ ਹੀ ਕਾਫ਼ੀ ਨਹੀਂ ਹੈ!

ਅਸਲ ਵਿਚ, ਸਥਾਨਕ ਅਨੁਭਵਾਂ ਦੇ ਆਧਾਰ 'ਤੇ ਵੱਖ-ਵੱਖ ਖੇਤਰਾਂ, ਆਂਢ-ਗੁਆਂਢ ਅਤੇ ਕੰਮ ਥਾਵਾਂ ਦੀਆਂ ਔਰਤਾਂ ਦੁਆਰਾ ਸੁਰੱਖਿਆ ਦੀਆਂ ਵੱਖ-ਵੱਖ ਮੰਗਾਂ ਉਠਾਈਆਂ ਹਨ। ਜੇ ਲੋੜ ਹੋਵੇ ਤਾਂ ਹਰ ਖੇਤਰ ਵਿਚ ਔਰਤਾਂ ਦੀਆਂ ਸੁਤੰਤਰ ਟੀਮਾਂ ਬਣਾਉਣੀਆਂ ਹੋਣਗੀਆਂ ਤਾਂ ਜੋ ਉਹ ਆਪਣੀਆਂ ਵਿਸ਼ੇਸ਼ ਸਮੱਸਿਆਵਾਂ ਬਾਰੇ ਗੱਲ ਕਰ ਸਕਣ। ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਸਿਆਸੀ ਪਾਰਟੀਆਂ ਜਾਂ ਸੱਤਾਧਾਰੀ ਪਾਰਟੀ ਦੇ ਸੰਚਾਲਨ ਤੋਂ ਬਾਹਰ ਹੋਵੇ ਤਾਂ ਜੋ ਉਹ ਸੁਰੱਖਿਆ ਲਈ ਆਪਣੀਆਂ ਮੰਗਾਂ ਰੱਖ ਸਕਣ ਅਤੇ ਉਨ੍ਹਾਂ ਨੂੰ ਹੱਲ ਕਰ ਸਕਣ। ਇਸ ਨੂੰ ਯਕੀਨੀ ਬਣਾਉਣ ਲਈ ਕਾਨੂੰਨੀ ਢਾਂਚਾ (ਸਥਾਨਕ ਸ਼ਿਕਾਇਤ ਕਮੇਟੀ ਜਾਂ ਅਜਿਹੀ ਵਿਵਸਥਾ, ਸੱਤਾਧਾਰੀ ਸਰਕਾਰ ਦੇ ਕੰਟਰੋਲ ਤੋਂ ਮੁਕਤ) ਬਣਾਉਣਾ ਚਾਹੀਦਾ ਹੈ। ਸਮੇਂ ਨਾਲ ਵੱਖ-ਵੱਖ ਖੇਤਰਾਂ/ਇਲਾਕਿਆਂ/ਕੰਮ ਦੀਆਂ ਥਾਵਾਂ ਤੋਂ ਵੱਖ-ਵੱਖ ਸੁਭਾਅ ਵਾਲੀਆਂ ਹੋਰ ਮੰਗਾਂ ਸਾਹਮਣੇ ਆਉਣਗੀਆਂ ਅਤੇ ਇਸ ਲਈ ਸਾਨੂੰ ਪਰੋਸੀਆਂ ਜਾ ਰਹੀਆਂ ਅਜਿਹੀਆਂ ਖੋਖਲੀਆਂ, ਗੈਰ-ਜ਼ਿੰਮੇਵਾਰਾਨਾ ਪੇਸ਼ਕਸ਼ਾਂ ਕਦੇ ਵੀ ਹੱਲ ਨਹੀਂ ਹੋ ਸਕਦੀਆਂ। ਵੱਖ-ਵੱਖ ਖੇਤਰਾਂ ਅਤੇ ਕੰਮ ਦੀਆਂ ਥਾਵਾਂ ਵਿਚ ਸੱਤਾਧਾਰੀ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਏਜੰਟ ਸਿੱਧੇ ਜਾਂ ਅਸਿੱਧੇ ਤੌਰ 'ਤੇ ਜਿਨਸੀ ਜ਼ੁਲਮ ਤੇ ਹਮਲੇ ਨਾਲ ਜੁੜੇ ਹੁੰਦੇ ਹਨ; ਇੱਥੋਂ ਤੱਕ ਕਿ ਪਿਛਲੇ ਸ਼ਾਸਨ ਵਿਚ ਵੀ ਅਸੀਂ ਸਰਕਾਰ ਨੂੰ ਬਲਾਤਕਾਰੀਆਂ ਦੇ ਹੱਕ ਵਿਚ ਬਹਾਨੇ ਬਣਾਉਂਦੇ ਅਤੇ ਤਾਕਤਵਰ ਲੋਕਾਂ ਨੂੰ ਸਜ਼ਾ ਤੋਂ ਬਚਾਉਂਦੇ ਦੇਖਿਆ ਹੈ। ਇਹ ਰੁਝਾਨ ਜੜ੍ਹੋਂ ਖ਼ਤਮ ਹੋਣਾ ਚਾਹੀਦਾ ਹੈ ਅਤੇ ਅਜਿਹਾ ਕਰਨ ਲਈ ਅੰਦੋਲਨ 'ਚ ਹਿੱਸਾ ਲੈਣ ਵਾਲੇ ਹਰ ਸ਼ਖ਼ਸ ਨੂੰ ਇਸ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਦੀ ਜ਼ਰੂਰਤ ਹੈ।

> **14 ਅਗਸਤ 2024 ਦੀ ਰਾਤ ਨੂੰ ਆਰ.ਜੀ. ਕਰ ਵਿਚ ਵਾਪਰੇ ਕਾਂਡ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੁਲਿਸ ਸੁਰੱਖਿਆ ਮੁਹੱਈਆ ਕਰਨ ਵਿਚ ਅਸਫਲ ਰਹੀ ਹੈ ਅਤੇ ਇਸ ਤੋਂ ਬਾਅਦ ਉਹ ਨਿਆਂ ਦੀ ਮੰਗ ਕਰਨ ਵਾਲੇ ਲੋਕ ਅੰਦੋਲਨਾਂ ਨੂੰ ਦਬਾਉਣ ਵਿਚ ਸਰਗਰਮ ਰਹੀ ਹੈ। ਪੁਲਿਸ ਨੂੰ ਹੋਰ ਤਾਕਤਵਰ ਬਣਾਉਣ ਅਤੇ ਪੁਲਿਸ ਦੀ ਮੌਜੂਦਗੀ ਵਧਾਉਣ ਦੀ ਇਹ ਕੋਸ਼ਿਸ਼ ਦਰਅਸਲ ਕੰਮ ਦੀਆਂ ਥਾਵਾਂ ਦੇ ਲੋਕਤੰਤਰੀ ਮਾਹੌਲ ਨੂੰ ਤਬਾਹ ਕਰਦੀ ਹੈ ਅਤੇ ਸੁਰੱਖਿਆ ਵਿਚ ਵਾਧਾ ਨਹੀਂ ਕਰਦੀ।**

ਸਾਨੂੰ ਦੱਸਿਆ ਗਿਆ ਹੈ ਰਾਤਰੀ ਸਾਥੀ ਐਪ ਬਣਾਈ ਜਾਵੇਗੀ ਜਿਸ ਵਿਚ ਸਥਾਨਕ ਥਾਣੇ, ਵਿਸ਼ੇਸ਼ ਔਰਤ ਵਲੰਟੀਅਰਾਂ ਆਦਿ ਦੁਆਰਾ ਸੁਰੱਖਿਆ ਮੁਹੱਈਆ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਨੂੰ 100/112 ਪੁਲਿਸ ਡਾਇਲ ਨੰਬਰਾਂ ਦੀ ਵਿਆਪਕ ਵਰਤੋਂ ਚੇਤੇ ਕਰਾਈ ਜਾ ਰਹੀ ਹੈ। ਅਸੀਂ ਪੁੱਛਦੇ ਹਾਂ, ਮੌਜੂਦਾ ਸਥਿਤੀ ਵਿਚ ਜਿੱਥੇ 100 ਨੰਬਰ ਡਾਇਲ ਕਰਨਾ, ਔਰਤ ਥਾਣੇ, ਔਰਤ ਕਮਿਸ਼ਨ, ਫਾਸਟ ਟਰੈਕ ਅਦਾਲਤਾਂ - ਸਭ ਕੁਝ ਨਕਾਰਾ ਹੈ - ਉਥੇ ਇਹ ਤਕਨੀਕੀ ਵਾਧਾ ਕਿਹੜਾ ਨਵਾਂ ਹੱਲ ਲੈ ਆਵੇਗਾ? ਤੇ ਜੇ ਇਹ ਕੰਮ ਨਹੀਂ ਕਰਦਾ ਤਾਂ ਕੀ ਮੁੱਖ ਸਕੱਤਰ ਨੂੰ ਇਸ ਲਈ ਜਵਾਬਦੇਹ ਬਣਾਇਆ ਜਾਵੇਗਾ? ਅਸੀਂ ਪੁੱਛਦੇ ਹਾਂ ਕਿ ਰਾਜ ਇਹ ਕਿਵੇਂ ਯਕੀਨੀ ਬਣਾਏਗਾ ਕਿ ਸਥਾਨਕ ਥਾਣੇ, ਸਟੇਟ ਔਰਤ ਕਮਿਸ਼ਨ ਅਤੇ ਨਿਆਂਇਕ ਪ੍ਰਕਿਰਿਆਵਾਂ ਸੱਤਾਧਾਰੀ ਹਾਕਮਾਂ ਦੇ ਪ੍ਰਭਾਵ ਅਤੇ ਕੰਟਰੋਲ ਤੋਂ ਮੁਕਤ ਰਹਿਣ? ਸਰਕਾਰ ਨੂੰ ਸਾਨੂੰ ਸਾਫ਼-ਸਾਫ਼ ਦੱਸਦਾ ਚਾਹੀਦਾ ਹੈ।

ਸੀ.ਸੀ.ਟੀ.ਵੀ. ਨਾਲ ਲੈਸ ਕਮਰਿਆਂ ਦਾ ਨਾਮ ਬਦਲ ਕੇ 'ਸੁਰੱਖਿਅਤ ਕਮਰੇ' ਕਰ ਦਿੱਤਾ ਗਿਆ ਹੈ; ਅਸੀਂ ਜਾਣਦੇ ਹਾਂ ਕਿ ਇਸ ਮਾਮਲੇ ਵਿਚ ਆਰ.ਜੀ. ਕਾਰ ਵਿਖੇ ਵਹਿਸ਼ੀ ਕਾਂਡ ਨੂੰ ਅੰਜਾਮ ਅਖਾਉਤੀ 'ਸੁਰੱਖਿਅਤ' ਕਮਰੇ ਵਿਚ ਹੀ ਦਿੱਤਾ ਗਿਆ ਸੀ!

ਸੁਰੱਖਿਆ ਦੇ ਨਾਂ 'ਤੇ ਕੋਲਕਾਤਾ ਅਤੇ ਇਸ ਦੇ ਨਾਲ ਹੀ ਜ਼ਿਲ੍ਹਿਆਂ ਵਿਚ ਵੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਵਿਚ ਲੋਕਾਂ ਦੀ ਸੁਤੰਤਰ ਆਵਾਜਾਈ ਬਾਰੇ ਕਈ ਰੋਕਾਂ ਦਾ ਸੁਝਾਅ ਦਿੱਤਾ ਗਿਆ ਹੈ। ਸੁਰੱਖਿਆ ਜਾਂਚ, ਪਛਾਣ ਪੱਤਰ ਜਾਂਚ, ਪੁਲਿਸ ਗਸ਼ਤ ਆਦਿ ਦੀ ਗੱਲ ਕੀਤੀ ਗਈ ਹੈ। ਸਾਡਾ ਨਜ਼ਰੀਆ ਸਪੱਸ਼ਟ ਹੈ - ਔਰਤਾਂ ਦੀ ਸੁਰੱਖਿਆ ਦਾ ਸਵਾਲ ਸੁਰੱਖਿਆਵਾਦ, ਪੁਲਿਸ/ਸੁਰੱਖਿਆ ਗਾਰਡਾਂ/ਸੀ.ਸੀ.ਟੀ.ਵੀ. ਦੁਆਰਾ ਨਿਗਰਾਨੀ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਅਜਿਹੇ ਉਪਾਅ ਜੇ ਹਸਪਤਾਲਾਂ, ਵਿਦਿਅਕ ਸੰਸਥਾਵਾਂ ਅਤੇ ਹੋਰ ਕੰਮ ਥਾਵਾਂ 'ਤੇ ਲਾਗੂ ਕੀਤੇ ਜਾਂਦੇ ਹਨ ਤਾਂ ਇਹ ਸਿਰਫ਼ ਲੋਕਾਂ ਦੀ ਸੁਤੰਤਰ ਆਵਾਜਾਈ ਉਪਰ ਹੀ ਰੋਕਾਂ ਲਾਉਂਦੇ ਹਨ, ਇਨ੍ਹਾਂ ਸੰਸਥਾਵਾਂ ਵਿਚ ਆਪਸੀ ਸਬੰਧਾਂ (ਜਿਵੇਂ ਮਰੀਜ਼ਾਂ ਅਤੇ ਡਾਕਟਰਾਂ ਅਤੇ ਨਰਸਾਂ ਵਿਚਕਾਰ ਭਰੋਸੇ) ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਉਨ੍ਹਾਂ ਦੇ ਲੋਕਤੰਤਰੀ ਮਾਹੌਲ ਅਤੇ ਭਾਵਨਾ ਨੂੰ ਨਸ਼ਟ ਕਰਦੇ ਹਨ।

ਅਜਿਹੀਆਂ ਸਥਿਤੀਆਂ ਵਿਚ ਜਿੱਥੇ ਸੱਤਾਧਾਰੀ ਧਿਰ ਦੁਆਰਾ ਪਾਲੇ ਉਚ ਅਧਿਕਾਰੀ, ਸ਼ਖ਼ਸ ਅਤੇ ਸਮੂਹ ਹਮਲੇ ਦੀਆਂ ਘਟਨਾਵਾਂ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ - ਮੁੱਖ ਸਕੱਤਰ ਦਾ ਨੁਕਤਾਨਜ਼ਰ ਕੀ ਹੋਵੇਗਾ - ਇਹ ਸਾਫ਼-ਸਾਫ਼ ਦੱਸਿਆ ਜਾਣਾ ਚਾਹੀਦਾ ਹੈ। ਆਰ.ਜੀ. ਕਰ ਕਾਂਡ ਕਾਫ਼ੀ ਹੱਦ ਤੱਕ ਇਸੇ ਤਰ੍ਹਾਂ ਦਾ ਹੀ ਹੈ।

17 ਨੁਕਾਤੀ ਏਜੰਡੇ ਵਿਚ ਵਿਸ਼ਾਖਾ ਕਮੇਟੀ ਅਤੇ ਜੈਂਡਰ ਸੰਵੇਦਨਸ਼ੀਲਤਾ ਵਰਕਸ਼ਾਪਾਂ ਦਾ ਜ਼ਿਕਰ ਹੈ। ਅਸਲ ਵਿਚ, ਵਿਸ਼ਾਖਾ ਕਮੇਟੀ ਜਾਂ ਜੀ.ਐੱਸ.ਸੀ.ਏ.ਐੱਸ.ਐੱਚ. ਕੀ ਹੈ ਜਾਂ ਸਰਕਾਰੀ/ਗੈਰ-ਸਰਕਾਰੀ ਸੰਸਥਾਵਾਂ ਵਿਚ ਉਨ੍ਹਾਂ ਉਪਰ ਅਮਲ ਕਿਵੇਂ ਅਤੇ ਕਿਉਂ ਅਸਫ਼ਲ ਰਿਹਾ ਹੈ - ਇਸ ਬਾਰੇ ਮੁੱਖ ਸਕੱਤਰ ਜਾਂ ਸਰਕਾਰ ਦੀ ਸਮਝ ਅਸਥਿਰ ਅਤੇ ਸ਼ੱਕੀ ਜਾਪਦੀ ਹੈ। ਇਸ ਨੂੰ ਤੁਰੰਤ ਹੱਲ ਵਜੋਂ ਨਿਰਧਾਰਤ ਕਰਨਾ ਸ਼ੱਕੀ ਜਾਪਦਾ ਹੈ, ਖ਼ਾਸ ਕਰ ਕੇ ਜਦੋਂ ਆਰ.ਜੀ. ਕਰ ਸੰਸਥਾ ਵਿਚ ਮਰਦ ਪ੍ਰਿੰਸੀਪਲ ਗ਼ੈਰ-ਕਾਨੂੰਨੀ ਢੰਗ ਨਾਲ ਗ਼ੈਰ-ਸਰਗਰਮ ਆਈ.ਸੀ.ਸੀ. (ਕੰਮ ਦੀਆਂ ਥਾਵਾਂ ਉਪਰ ਔਰਤਾਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਤੋਂ ਰੋਕਣ ਲਈ ਅੰਦਰੂਨੀ ਸ਼ਿਕਾਇਤ ਕਮੇਟੀ) ਦੀ ਪ੍ਰਧਾਨਗੀ ਕਰਦਾ ਹੈ। ਕੀ ਕਿਸੇ ਵੀ ਆਈ.ਸੀ.ਸੀ. ਦੀ ਪ੍ਰਧਾਨਗੀ ਔਰਤ ਨੇ ਨਹੀਂ ਕਰਨੀ ਹੁੰਦੀ? ਪੂਰੇ ਰਾਜ ਵਿਚ ਵੱਖ-ਵੱਖ ਸਰਕਾਰੀ/ਗ਼ੈਰ-ਸਰਕਾਰੀ ਸੰਸਥਾਵਾਂ ਵਿਚ 'ਕੰਮ ਵਾਲੀ ਥਾਂ 'ਤੇ ਜਿਨਸੀ ਸ਼ੋਸ਼ਣ ਰੋਕੂ' ਕਾਨੂੰਨ ਨੂੰ ਲਾਗੂ ਕਰਨ ਦੀ ਸਥਿਤੀ ਕੀ ਹੈ? ਅਸੀਂ ਰਾਜ ਦੀਆਂ ਨਾਕਾਮੀਆਂ ਦੀ ਪਛਾਣ ਕਰਨ ਦੇ ਨਾਲ-ਨਾਲ ਇਸ ਦੀ ਪੂਰੀ ਸਮੀਖਿਆ ਦੀ ਮੰਗ ਕਰਦੇ ਹਾਂ। ਇਸ ਦੀ ਜਾਂਚ ਲਈ ਵਿਸ਼ੇਸ਼ ਕਮਿਸ਼ਨ ਬਣਾਉਣਾ ਚਾਹੀਦਾ ਹੈ। ਲਾਜ਼ਮੀ ਤੌਰ 'ਤੇ ਕਾਨੂੰਨ ਵਿਚ ਸੋਧ ਕੀਤੀ ਜਾਣੀ ਚਾਹੀਦੀ ਹੈ ਅਤੇ ਸੰਸਥਾ ਦੇ ਸਾਰੇ ਵਰਗਾਂ ਦੇ ਚੁਣੇ ਹੋਏ (ਚੋਣਵੇਂ ਨਹੀਂ) ਨੁਮਾਇੰਦੇ ਨਵੇਂ ਪੁਨਰਗਠਿਤ ਜੀ. ਐੱਸ. ਸੀ. ਏ. ਐੱਸ. ਐੱਚ. ਸੈੱਲਾਂ (ਸੈਕਸੂਅਲ ਤੌਰ 'ਤੇ ਪ੍ਰੇਸ਼ਾਨ ਕਰਨ ਨੂੰ ਰੋਕਣ ਲਈ ਜੈਂਡਰ ਸੰਵੇਦਨਸ਼ੀਲ ਕਮੇਟੀ) 'ਚ ਮੌਜੂਦ ਹੋਣੇ ਚਾਹੀਦੇ ਹਨ।

14 ਅਗਸਤ 2024 ਦੀ ਰਾਤ ਨੂੰ ਆਰ.ਜੀ. ਕਰ ਵਿਚ ਵਾਪਰੇ ਕਾਂਡ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੁਲਿਸ ਸੁਰੱਖਿਆ ਮੁਹੱਈਆ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ; ਇਸ ਤੋਂ ਬਾਅਦ ਉਹ ਨਿਆਂ ਦੀ ਮੰਗ ਕਰਨ ਵਾਲੇ ਲੋਕ ਅੰਦੋਲਨਾਂ ਨੂੰ ਦਬਾਉਣ ਵਿਚ ਸਰਗਰਮ ਰਹੀ ਹੈ। ਪੁਲਿਸ ਨੂੰ ਹੋਰ ਤਾਕਤਵਰ ਬਣਾਉਣ ਅਤੇ ਪੁਲਿਸ ਦੀ ਮੌਜੂਦਗੀ ਵਧਾਉਣ ਦੀ ਇਹ ਬੇਸ਼ਰਮੀ ਭਰੀ ਕੋਸ਼ਿਸ਼ ਦਰਅਸਲ ਕੰਮ ਦੀਆਂ ਥਾਵਾਂ ਦੇ ਲੋਕਤੰਤਰੀ ਮਾਹੌਲ ਨੂੰ ਤਬਾਹ ਕਰਦੀ ਹੈ ਅਤੇ ਸੁਰੱਖਿਆ ਵਿਚ ਵਾਧਾ ਨਹੀਂ ਕਰਦੀ। ਸਾਨੂੰ ਇਸ ਤਰ੍ਹਾਂ ਦੇ ਕਦਮਾਂ ਨਾਲ ਮੂਰਖ ਨਾ ਬਣਾਇਆ ਜਾਵੇ।

ਅਸੀਂ ਆਰ.ਜੀ. ਕਰ ਕਾਂਡ ਦੀ ਪੀੜਤ ਲਈ ਨਿਆਂ ਦੀ ਮੰਗ ਕਰਨਾ ਅਤੇ ਕੰਮ ਦੀਆਂ ਥਾਵਾਂ 'ਤੇ ਸੁਰੱਖਿਆ ਯਕੀਨੀ ਬਣਾਉਣ ਲਈ ਇਸ ਲੜਾਈ ਨੂੰ ਅੱਗੇ ਵਧਾਉਣਾ ਜਾਰੀ ਰੱਖਾਂਗੇ।

# ਪ੍ਰੋਫੈਸਰ ਪੂਰਨ ਸਿੰਘ, ਮੈਂ ਅਤੇ ਜਾਪਾਨ

ਜਦੋਂ ਮੈਂ ਸਾਲ 2000 ਵਿਚ ਟੋਕੀਓ ਯੂਨੀਵਰਸਿਟੀ ਵਿਚ ਬਤੌਰ ਪੋਸਟ-ਡਾਕਟੋਰਲ ਸਕਾਲਰ, ਖੋਜ ਕਰ ਰਿਹਾ ਸੀ ਉਸ ਵੇਲੇ ਮੈਨੂੰ ਨਹੀਂ ਸੀ ਪਤਾ ਕਿ ਟੋਕੀਓ ਦੇ ਹੌਂਗੌਂ ਇਲਾਕੇ ਵਿਚ ਸਥਿਤ ਯੂਨੀਵਰਸਿਟੀ ਤੇ ਉਹਦੇ ਇਰਦ-ਗਿਰਦ ਦੀਆਂ ਸੜਕਾਂ, ਗਲੀਆਂ, ਤਲਾਬਾਂ, ਪਾਰਕਾਂ ਤੇ ਬੁੱਧ ਮੰਦਿਰਾਂ ਵਿਚ ਠੀਕ ਇੱਕ ਸਦੀ ਪਹਿਲਾਂ, ਜਾਣੀ ਸੰਨ 1900 ਵਿਚ ਪੰਜਾਬ ਦਾ ਇੱਕ ਬਹੁਤ ਹੀ ਹੋਣਹਾਰ ਵਿਦਿਆਰਥੀ ਵਿਚਰਦਾ ਰਿਹਾ ਸੀ ਜਿਸ ਨੇ ਜਾਪਾਨ ਬਾਰੇ ਆਪਣੇ ਅਨੁਭਵਾਂ ਨੂੰ ਕਲਮਬੰਦ ਵੀ ਕੀਤਾ ਸੀ। ਪ੍ਰੋਫੈਸਰ ਪੂਰਨ ਸਿੰਘ ਦੀ ਗੱਲ ਕਰ ਰਿਹਾ ਹਾਂ ਜੋ ਸੰਨ 1900 ਵਿਚ ਜਾਪਾਨ ਗਏ ਤੇ 1904 ਤੱਕ ਉੱਥੇ ਰਹੇ। ਇਤਫ਼ਾਕਵੱਸ ਉਹ ਪਹਿਲੇ ਪੰਜਾਬੀ ਸਨ ਜਿਨ੍ਹਾਂ ਨੇ ਆਧੁਨਿਕ ਕਾਲ



**ਡਾ. ਗੁਰਬਖਸ਼ ਸਿੰਘ**
**ਫੋਨ: 99671-74568**

ਵਿਚ ਜਾਪਾਨ ਦੀ ਧਰਤੀ 'ਤੇ ਕਦਮ ਰੱਖਿਆ ਸੀ ਤੇ ਉਹ ਵੀ ਵਿਗਿਆਨ ਦੇ ਖੇਤਰ ਵਿਚ ਪੜ੍ਹਾਈ ਕਰਨ ਲਈ। ਬੇਸ਼ੱਕ ਛੋਟੀਆਂ-ਛੋਟੀਆਂ ਭਾਰਤੀ ਕੰਪਨੀਆਂ 1874 ਤੋਂ ਜਾਪਾਨ ਵਿਚ ਜਾਣ ਲੱਗੀਆਂ ਸਨ ਪਰ ਪੜ੍ਹਾਈ ਲਈ ਭਾਰਤੀ ਵਿਦਿਆਰਥੀਆਂ ਦਾ ਜਾਣਾ 1899-1900 ਦੇ ਆਸਪਾਸ ਹੀ ਸ਼ੁਰੂ ਹੋਇਆ ਸੀ। ਇਉਂ ਪੂਰਨ ਸਿੰਘ, ਜਾਪਾਨ ਵਿਚ ਉੱਚ ਵਿਦਿਆ ਪ੍ਰਾਪਤ ਕਰਨ ਵਾਲੇ ਪਹਿਲੇ ਹਿੰਦੋਸਤਾਨੀ ਵਿਦਿਆਰਥੀਆਂ ਵਿਚੋਂ ਇੱਕ ਸਨ।

ਮੈਂ 1995 ਵਿਚ ਜਾਪਾਨ ਗਿਆ ਸੀ। ਟੋਕੀਓ ਯੂਨੀਵਰਸਿਟੀ ਤੋਂ ਪਹਿਲਾਂ ਮੈਂ ਟੋਕੀਓ ਸ਼ਹਿਰ ਵਿਚ ਹੀ ਸਥਿਤ ਕੋਮਾਜ਼ਾਵਾ ਯੂਨੀਵਰਸਿਟੀ ਵਿਚ ਵਿਜ਼ਿਟਿੰਗ ਸਕਾਲਰ (ਨਹਿਰੂ ਫੈਲੋ) ਵਜੋਂ ਦੋ ਸਾਲ ਜ਼ੇਨ ਦੀ ਪੜ੍ਹਾਈ ਕੀਤੀ ਸੀ। ਮੈਨੂੰ ਜਾਪਾਨ ਵਿਚ ਰਹਿੰਦਿਆਂ ਕਈ ਸਾਲ ਹੋ ਗਏ ਸਨ। ਅਨੁਭਵ ਕੀਤਾ ਕਿ ਜਾਪਾਨ ਦੀ ਸੰਸਕ੍ਰਿਤੀ, ਕਾਰਜ ਸ਼ੈਲੀ ਅਤੇ ਤੌਰ ਤਰੀਕੇ ਭਾਰਤੀਆਂ ਨਾਲੋਂ ਕਾਫ਼ੀ ਭਿੰਨ ਸਨ, ਕੁਝ-ਕੁਝ ਤਾਂ ਅਚੰਭਿਤ ਕਰਨ ਵਾਲੇ ਸਨ। ਉਦੋਂ ਤੋਂ ਲੈ ਕੇ ਹੁਣ ਤਕ ਸੋਚਦਾ ਆ ਰਿਹਾ ਸੀ ਕਿ ਆਪਣੇ ਅਨੁਭਵਾਂ ਬਾਰੇ ਲਿਖਾਂ ਪਰ ਕੰਮ-ਕਾਰ ਵਿਚ ਏਨਾ ਰੁੱਝ ਗਿਆ ਕਿ ਕੁਝ ਨਾ ਲਿਖ ਸਕਿਆ।

ਪੰਜ-ਛੇ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਮੇਰੇ ਇੱਕ ਮਿੱਤਰ ਨੇ ਸਰਸਰੀ ਜਿਹੀ ਗੱਲ ਕੀਤੀ ਕਿ ਪ੍ਰੋਫੈਸਰ ਪੂਰਨ ਸਿੰਘ ਜਾਪਾਨ ਗਏ ਸਨ ਅਤੇ ਉਨ੍ਹਾਂ ਨੇ ਉਸ ਮੁਲਕ ਬਾਰੇ ਲਿਖਿਆ ਹੈ। ਮਨ ਵਿਚ ਖ਼ਿਆਲ ਜ਼ਰੂਰ ਆਇਆ ਕਿ ਮੈਂ ਪੂਰਨ ਸਿੰਘ ਦੀਆਂ ਰਚਨਾਵਾਂ ਪੜ੍ਹਾਂ ਪਰ ਹੋਰ ਰੁਝੇਵਿਆਂ ਕਰਕੇ ਕਦੇ ਮੌਕਾ ਨਹੀਂ ਮਿਲਿਆ।

ਚਾਰ-ਪੰਜ ਸਾਲ ਪਹਿਲਾਂ ਦੀ ਗੱਲ ਹੈ, ਮੁੰਬਈ ਯੂਨੀਵਰਸਿਟੀ ਦੇ ਉਰਦੂ ਵਿਭਾਗ ਵਿਚ ਦੋ-ਚਾਰ ਵਾਰ ਜਾਪਾਨ ਦੀ ਗੱਲ ਕਰਨ ਦਾ ਮੌਕਾ ਮਿਲਿਆ। ਸੁਣਨ ਵਾਲਿਆਂ ਨੇ ਮੈਨੂੰ ਉੱਥੋਂ ਬਾਰੇ ਆਪਣੇ ਅਨੁਭਵ ਲਿਖਣ ਬਾਰੇ ਪ੍ਰੇਰਿਤ ਕੀਤਾ। ਮੇਰੇ ਮਨ ਵਿਚ ਵੀ ਤਾਂਘ ਸੀ ਕਿ ਇਸ ਬਾਰੇ ਜ਼ਰੂਰ ਕੁਝ ਲਿਖਾਂ। ਥੋੜ੍ਹਾ ਬਹੁਤ ਲਿਖਿਆ ਵੀ ਪਰ ਜ਼ਿਆਦਾ ਨਹੀਂ।

ਸ਼ਾਇਦ ਦੋ ਕੁ ਸਾਲ ਪਹਿਲਾਂ ਇੱਕ ਮਿੱਤਰ ਨੇ ਜਾਪਾਨੀ ਵਿਚ ਲਿਖੇ ਦੋ-ਤਿੰਨ ਪੰਨਿਆਂ ਦਾ ਅੰਗਰੇਜ਼ੀ ਅਨੁਵਾਦ ਕਰਵਾਇਆ। ਉਹ ਸਫ਼ੇ ਪੂਰਨ ਸਿੰਘ ਦੇ ਇੱਕ ਰਸਾਲੇ ਬਾਰੇ ਸਨ ਜੋ ਉਨ੍ਹਾਂ ਨੇ ਜਾਪਾਨ ਵਿਚ ਰਹਿੰਦਿਆਂ ਸੰਪਾਦਿਤ ਕੀਤਾ ਸੀ।

ਛੇ ਕੁ ਮਹੀਨੇ ਪਹਿਲਾਂ ਫੇਸਬੁੱਕ 'ਤੇ ਇੱਕ ਪੋਸਟ ਦੇਖੀ ਕਿ ਪੂਰਨ ਸਿੰਘ ਬਾਰੇ ਕਿਸੇ ਨੇ ਕਿਤਾਬ ਲਿਖੀ ਹੈ। ਮੈਂ ਆਰਡਰ ਕਰ ਦਿੱਤੀ, ਪੈਸੇ ਵੀ ਭੇਜ ਦਿੱਤੇ ਪਰ ਕਿਤਾਬ ਨਾ ਮਿਲੀ। ਉਨ੍ਹੀਂ ਦਿਨੀਂ ਪ੍ਰੋਫੈਸਰ ਪੂਰਨ ਸਿੰਘ ਦੀ ਜ਼ਿੰਦਗੀ ਬਾਰੇ ਇੰਟਰਨੈੱਟ 'ਤੇ ਦੋ ਕਿਤਾਬਾਂ ਮਿਲ ਗਈਆਂ। ਦੋ-ਤਿੰਨ ਦਿਨਾਂ ਵਿਚ ਪੜ੍ਹ ਦਿੱਤੀਆਂ। ਮਹੀਨਾ ਕੁ ਪਹਿਲਾਂ ਇੱਕ ਮਿੱਤਰ ਨੇ ਪੂਰਨ ਸਿੰਘ ਬਾਰੇ ਲਿਖੀ ਉਹ ਕਿਤਾਬ ਭੇਜੀ ਜਿਸ ਲਈ ਮੈਂ ਦੋ ਸਫ਼ਿਆਂ ਦਾ ਅਨੁਵਾਦ ਕੀਤਾ ਸੀ। ਉਸ ਨੇ ਪੂਰਨ ਸਿੰਘ ਦੀ ਸੁਪਤਨੀ ਮਾਇਆ ਦੇਵੀ ਦੀ ਕਿਤਾਬ ਦੀ ਪੀਡੀਐਫ ਵੀ ਭੇਜ ਦਿੱਤੀ। ਸਾਰੀਆਂ ਕਿਤਾਬਾਂ ਪੜ੍ਹਨ ਤੋਂ ਪਤਾ ਲੱਗਾ ਕਿ ਪ੍ਰੋਫੈਸਰ ਸਾਹਿਬ ਨੇ ਆਪਣੇ ਅਨੁਭਵਾਂ ਨੂੰ ਬੜੀ ਬੇਬਾਕੀ ਤੇ ਸ਼ਿੱਦਤ ਨਾਲ ਲਿਖਿਆ ਹੈ। ਸਾਰੀਆਂ ਕਿਤਾਬਾਂ ਵਿਚੋਂ ਤੋਲ-ਫਰੋਲ ਕੇ ਦੇਖਣ ਤੋਂ ਪਤਾ ਲੱਗਾ ਕਿ ਉਨ੍ਹਾਂ ਦੀਆਂ ਲਿਖਤਾਂ ਦੇ ਲਗਭਗ 150 ਪੰਨੇ ਨਿਰੋਲ ਜਾਪਾਨ ਬਾਰੇ ਹਨ। ਮਨ ਵਿਚ ਵਲਵਲਾ ਉੱਠਿਆ ਕਿ ਕਿਉਂ ਨਾ ਪੂਰਨ ਸਿੰਘ ਦੇ ਸਿਰਫ਼ ਜਾਪਾਨੀ ਅਨੁਭਵਾਂ ਨੂੰ ਕਿਤਾਬ ਦਾ ਰੂਪ ਦਿੱਤਾ ਜਾਵੇ ਤੇ ਬਾਅਦ ਵਿਚ ਉਹਦਾ ਅਨੁਵਾਦ ਜਾਪਾਨੀ ਵਿਚ ਕੀਤਾ ਜਾਵੇ!

ਕੁਜ ਦਿਨ ਪਹਿਲਾਂ ਮੈਂ ਕਿਸੇ ਜਾਪਾਨੀ ਮਿੱਤਰ ਨਾਲ ਟੋਕੀਓ ਦੇ ਇੱਕ ਰੈਸਤਰਾਂ ਵਿਚ ਬੈਠਾ ਹੋਇਆ ਸੀ। ਪਤਾ ਨਹੀਂ ਕਿਵੇਂ ਪੂਰਨ ਸਿੰਘ ਦੀਆਂ ਲਿਖਤਾਂ ਦੀ ਗੱਲ ਨਿਕਲ ਆਈ। ਮੈਂ ਪ੍ਰੋਫੈਸਰ ਸਾਹਿਬ ਦੇ ਚਾਰ-ਪੰਜ ਅਨੁਭਵ ਮਿੱਤਰ ਨਾਲ ਸਾਂਝੇ ਕੀਤੇ। ਜ਼ਾਹਿਰ ਹੈ ਜਾਪਾਨੀ ਵਿਚ ਪਰ ਜਿੱਥੋਂ ਤੱਕ ਹੋ ਸਕਿਆ ਪੂਰਨ ਸਿੰਘ ਦੀ ਆਬਸ਼ਾਰ ਵਰਗੀ, ਗੜਗੜਾਉਂਦੀ, ਨੱਚਦੀ ਗਾਉਂਦੀ ਸ਼ਬਦਾਵਲੀ ਦਾ ਇਸਤੇਮਾਲ ਕਰਦੇ-ਕਰਦੇ ਜਾਪਾਨੀ ਦੋਸਤ ਦੇ ਚਿਹਰੇ ਦੇ ਹਾਵਭਾਵ ਦੇਖਣ ਵਾਲੇ ਸਨ! ਤੁਰੰਤ ਕਹਿਣ ਲੱਗੀ ਕਿ ਤੁਸੀਂ ਇਸ ਲੇਖਕ ਦੀ ਕਿਤਾਬ ਦਾ ਅਨੁਵਾਦ ਸ਼ੁਰੂ ਕਰੋ, ਪ੍ਰਕਾਸ਼ਨ ਦਾ ਕੰਮ ਮੇਰਾ! ਕਿਹੜੇ ਸਨ ਉਹ ਅਨੁਭਵ ਜਿਨ੍ਹਾਂ ਨੂੰ ਸੁਣ ਕੇ ਜਾਪਾਨੀ ਕੰਪਨੀ ਦੀ ਮਾਲਕ, ਪੂਰਨ ਸਿੰਘ ਦੇ ਅਨੁਭਵਾਂ ਦੀ ਕਿਤਾਬ ਨੂੰ ਜਾਪਾਨੀ ਭਾਸ਼ਾ ਵਿਚ ਪ੍ਰਕਾਸ਼ਿਤ ਹੁੰਦਾ ਦੇਖਣਾ



*ਪ੍ਰੋਫੈਸਰ ਪੂਰਨ ਸਿੰਘ ਦੀ ਜਾਪਾਨ ਵੇਲੇ ਦੀ ਇਕ ਯਾਦਗਾਰੀ ਤਸਵੀਰ।*

ਚਾਹੁੰਦੀ ਹੈ? – ਜਾਪਾਨੀ ਲੜਕੀਆਂ ਦੀ ਸੁੰਦਰਤਾ ਤੇ ਸੁਤੰਤਰਤਾ, ਜਾਪਾਨੀ ਔਰਤ ਦਾ ਰਹਿਣ-ਸਹਿਣ ਤੇ ਚਾਲ-ਚਲਣ, ਜਾਪਾਨੀ ਬੱਚਿਆਂ ਦਾ ਪਾਲਣ ਪੋਸ਼ਣ, ਜਾਪਾਨੀ ਲੋਕਾਂ ਦੀ ਧਰਮ ਨਿਰਲੇਪਤਾ, ਸਾਹਿਤ ਨਾਲ ਸਨੇਹ, ਉਨ੍ਹਾਂ ਦਾ 'ਘਰ' ਦਾ ਸੰਕਲਪ, ਦੇਸ਼ ਭਗਤੀ ਅਤੇ ਜਾਪਾਨੀ ਕੌਮ ਤੇ ਕੁਦਰਤ।

ਪੂਰਨ ਸਿੰਘ ਦੀਆਂ ਕਿਤਾਬਾਂ ਵਿਚ ਉਲੀਕੇ ਤੇ ਚਿਤਰੇ, ਸਜਾਏ ਤੇ ਸਵਾਰੇ ਜਾਪਾਨ ਦੀ ਮੂਰਤ ਤੇ ਸੂਰਤ ਕਿਸੇ ਵੀ ਭਾਰਤੀ ਬਾਸ਼ਿੰਦੇ ਦੁਆਰਾ ਤਿਆਰ ਕੀਤਾ ਪਹਿਲਾ ਮੁਕੰਮਲ ਦਸਤਾਵੇਜ਼ ਹੈ। ਬੇਸ਼ੱਕ ਮਵਾਦ ਕਈਆਂ ਕਿਤਾਬਾਂ, ਨੋਟਾਂ ਤੇ ਰਸਾਲਿਆਂ ਵਿਚ ਖਿੱਲਰਿਆ ਹੋਇਆ ਹੈ ਅਤੇ ਇਕੱਠਾ ਕਰਨ ਦੀ ਮਿਹਨਤ ਦਰਕਾਰ ਹੈ, ਪਰ ਹੈ ਇਹ ਪੂਰਾ! ਪੂਰਨ ਸਿੰਘ ਤੋਂ ਪਹਿਲਾਂ ਸਿਰਫ਼ ਇੱਕ ਭਾਰਤੀ ਨੇ ਜਾਪਾਨ ਬਾਰੇ ਖੁੱਲ੍ਹ ਕੇ ਲਿਖਿਆ ਹੈ ਅਤੇ ਉਹ ਹੈ ਸਵਾਮੀ ਵਿਵੇਕਾਨੰਦ। 1893 ਵਿਚ ਅਮਰੀਕਾ ਜਾਂਦਿਆਂ ਸਵਾਮੀ ਵਿਵੇਕਾਨੰਦ ਇੱਕ ਮਹੀਨਾ ਉੱਥੇ ਰੁਕੇ ਅਤੇ ਜਾਪਾਨੀ ਸੱਭਿਅਤਾ ਬਾਰੇ ਕੁਝ ਲੇਖ ਲਿਖੇ ਸਨ ਪਰ ਉਹ ਲੇਖ ਸਿਰਫ਼ ਇੱਕ ਯਾਤਰੀ ਦੇ ਸਨ ਜਿਸ ਨੇ ਪਹਿਲੀ ਝਲਕ ਵਿਚ ਜੋ ਵੇਖਿਆ ਉਹ ਲਿਖ ਦਿੱਤਾ। ਦੂਜੀ ਤਰਫ਼ ਪੂਰਨ ਸਿੰਘ ਨੇ ਚਾਰ ਸਾਲ ਜਾਪਾਨ ਵਿਚ ਗੁਜ਼ਾਰੇ, ਲੋਕਾਂ ਵਿਚ ਰਹੇ, ਉੱਥੋਂ ਦੀ ਭਾਸ਼ਾ 'ਤੇ ਵੀ ਕੁਝ ਹੱਦ ਤਕ ਪਕੜ ਹਾਸਲ ਕੀਤੀ ਤੇ ਫਿਰ ਆਪਣੇ ਅਨੁਭਵ ਲਿਖੇ।

1995 ਵਿਚ ਮੈਂ ਜਦੋਂ ਹਾਲੇ ਜਾਪਾਨ ਗਿਆ-ਗਿਆ ਹੀ ਸੀ, ਜਾਪਾਨ ਅਤੇ ਭਾਰਤ ਸਬੰਧੀ ਅਕਾਦਮਿਕ ਸੰਸਥਾਨ ਲੱਭ ਰਿਹਾ ਸੀ ਤਾਂ ਕਿ ਵਿਦਵਾਨਾਂ ਨਾਲ ਜੁੜਿਆ ਜਾ ਸਕੇ। ਉਨ੍ਹਾਂ ਦਿਨਾਂ ਵਿਚ ਜਾਪਾਨ ਵਿਚ ਕਾਰੋਬਾਰੀ ਭਾਰਤੀ ਵੀ ਬਹੁਤ ਘੱਟ ਸਨ ਤੇ ਵਿਦਿਆਰਥੀ ਵੀ। ਹੈਰਾਨੀ ਵਾਲੀ ਗੱਲ ਹੈ ਕਿ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ 1900 ਤੋਂ ਲੈ ਕੇ 1995 ਤੱਕ ਕੋਈ ਜ਼ਿਆਦਾ ਫਰਕ ਨਹੀਂ ਸੀ ਆਇਆ! ਮੇਰੇ ਵੇਲੇ 15-20 ਹੋਣਗੇ ਸਾਰੇ ਜਾਪਾਨ ਵਿਚ ਅਤੇ ਪੂਰਨ ਸਿੰਘ ਵੇਲੇ 10-12। ਉਦੋਂ ਵੀ ਜ਼ਿਆਦਾਤਰ ਬੰਗਾਲੀ ਤੇ ਮਰਾਠੀ ਸਨ, ਹੁਣ ਵੀ ਉਹੋ ਹੀ ਹਾਲ ਸੀ। ਖ਼ੈਰ, ਮੈਨੂੰ ਪਤਾ ਲੱਗਾ ਕਿ ਭਾਰਤ ਅਤੇ ਜਾਪਾਨ ਬਾਰੇ ਸਭ ਤੋਂ ਪੁਰਾਣਾ ਤੇ ਪ੍ਰਸਿੱਧ ਸੰਗਠਨ 'ਇੰਡੋ-ਜਾਪਾਨ ਐਸੋਸੀਏਸ਼ਨ' ਹੈ। ਉਨ੍ਹੀਂ ਦਿਨੀਂ ਐਸੋਸੀਏਸ਼ਨ ਦੀ ਮੀਟਿੰਗ ਮਹੀਨੇ ਵਿਚ ਇੱਕ ਵਾਰ ਹੁੰਦੀ ਸੀ ਤੇ ਇੱਕ ਰਸਾਲਾ ਵੀ ਨਿਕਲਦਾ ਸੀ। ਅਗਲੀ ਮੀਟਿੰਗ ਵਿਚ ਮੈਂ ਸ਼ਾਮਲ ਹੋਇਆ ਤੇ ਮੈਂਬਰਸ਼ਿਪ ਵੀ ਲੈ ਲਈ। ਉਸ ਮੀਟਿੰਗ ਵਿਚ ਪੰਜ-ਛੇ ਜਾਪਾਨੀ ਤੇ ਤਿੰਨ-ਚਾਰ ਭਾਰਤੀ ਸਨ ਜਿਨ੍ਹਾਂ ਵਿਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਪ੍ਰੋਫੈਸਰ ਮੰਜੂ ਚੌਹਾਨ ਵੀ ਸੀ ਜੋ ਨੌਂ ਮਹੀਨਿਆਂ ਲਈ ਕਿਸੇ ਫੈਲੋਸ਼ਿਪ 'ਤੇ ਉੱਥੇ ਗਈ ਸੀ।

ਚੰਦ ਰੋਜ਼ ਪਹਿਲਾਂ ਜਾਣੀ ਐਸੋਸੀਏਸ਼ਨ ਦੀ ਮੈਂਬਰਸ਼ਿਪ ਤੋਂ ਲਗਭਗ 29 ਸਾਲ ਬਾਅਦ ਪਤਾ ਲੱਗਾ ਕਿ ਇਸ ਦੀ ਨੀਂਹ 1902 ਵਿਚ ਪੂਰਨ ਸਿੰਘ ਨੇ ਕੁਝ ਜਾਪਾਨੀ ਮਿੱਤਰਾਂ ਤੇ ਸ਼ੁਭਚਿੰਤਕਾਂ ਦੇ ਸਹਿਯੋਗ ਨਾਲ ਰੱਖੀ ਸੀ ਜਿਨ੍ਹਾਂ ਵਿਚ ਡਾਕਟਰ ਤਾਕਾਕੁਤਸੁ, ਸਾਕੁਰਾ, ਹੀਰਾਈ, ਯਾਮਾਗਾਤਾ, ਮੁਰਾਈ ਹੋਂਦਾ ਤੇ ਯੂਆਸਾ ਵੀ ਸ਼ਾਮਲ ਸਨ। ਇੱਕੀ ਵਰ੍ਹਿਆਂ ਦਾ ਪੂਰਨ ਸਿੰਘ ਇਸ ਸੰਸਥਾ ਦਾ ਸਕੱਤਰ ਬਣਿਆ। ਸੰਸਥਾ ਦਾ ਮੰਤਵ ਜਾਪਾਨ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਦੀ ਭਲਾਈ, ਭਾਰਤ ਤੋਂ ਆਏ ਮਹਿਮਾਨਾਂ ਦਾ ਸਵਾਗਤ ਤੇ ਆਜ਼ਾਦੀ ਦੇ ਸੰਘਰਸ਼ ਲਈ ਲੈਕਚਰ ਕਰਵਾਉਣਾ ਸੀ। ਅਗਲੇ ਹੀ ਸਾਲ ਜਾਣੀ 1903 ਵਿਚ ਕੁਝ ਮੰਨੇ-ਪ੍ਰਮੰਨੇ ਜਾਪਾਨੀ ਬੁੱਧੀਜੀਵੀ ਤੇ ਰਾਜਨੀਤਿਕ ਨੇਤਾ ਵੀ ਐਸੋਸੀਏਸ਼ਨ ਨਾਲ ਜੁੜ ਗਏ। ਐਸੋਸੀਏਸ਼ਨ ਇੱਕ ਤਰ੍ਹਾਂ ਨਾਲ ਭਾਰਤੀ ਵਿਦਿਆਰਥੀਆਂ ਦਾ ਗੜ੍ਹ ਬਣ ਗਈ ਸੀ। ਲੰਡਨ ਵਿਚ 1905 ਵਿਚ ਇੰਡੀਆ ਹਾਊਸ ਬਣਨ ਤੋਂ ਬਾਅਦ ਇੰਡੋ-ਜਾਪਾਨ ਐਸੋਸੀਏਸ਼ਨ ਨੇ ਇੱਕ ਤਰ੍ਹਾਂ ਟੋਕੀਓ ਵਿਚ ਇੰਡੀਆ ਹਾਊਸ ਦੀ ਭੂਮਿਕਾ ਨਿਭਾਈ। 1910 ਦੇ ਦਹਾਕੇ ਵਿਚ ਲਾਲਾ ਲਾਜਪਤ ਰਾਏ, ਰਾਸ ਬਿਹਾਰੀ ਬੋਸ ਤੇ ਰਾਬਿੰਦਰ ਨਾਥ ਟੈਗੋਰ ਵਰਗੇ ਰਾਸ਼ਟਰੀ ਨੇਤਾਵਾਂ ਨੇ ਵੀ ਇੱਥੇ ਭਾਸ਼ਣ ਦਿੱਤੇ। 1939 ਵਿਚ ਇੰਡੋ-ਜਾਪਾਨ ਐਸੋਸੀਏਸ਼ਨ ਨੂੰ ਜਾਪਾਨ ਵੱਲੋਂ ਸਰਕਾਰੀ ਮਾਨਤਾ ਮਿਲੀ ਤੇ ਇਸ ਨੇ 1940 ਦੇ ਦਹਾਕੇ ਵਿਚ ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਮੁੱਖ ਭੂਮਿਕਾ ਨਿਭਾਈ। ਬਾਅਦ ਵਿਚ ਇਸ ਸੰਸਥਾ ਦੇ ਪ੍ਰਧਾਨ, ਜਾਪਾਨ ਦੇ ਪ੍ਰਧਾਨ ਮੰਤਰੀ ਵੀ ਰਹੇ। ਅੱਜ-ਕੱਲ੍ਹ ਸਾਬਕਾ ਪ੍ਰਧਾਨ ਮੰਤਰੀ ਯੋਸ਼ੀਰੋ ਮੋਰੀ ਇਸ ਦੇ ਪ੍ਰਧਾਨ ਹਨ।

ਮੈਂ ਜਾਪਾਨ ਤੋਂ ਭਾਰਤ ਆਉਣਾ ਸੀ। ਸੋਚਿਆ ਇੱਕ ਭਾਰਤੀ, ਪੰਜਾਬੀ ਅਤੇ ਸਿੱਖ ਦੇ ਤੌਰ 'ਤੇ ਟੋਕੀਓ ਯੂਨੀਵਰਸਿਟੀ ਵਿਚ ਆਪਣੇ ਸੀਨੀਅਰ ਵਜੋਂ ਪ੍ਰੋਫੈਸਰ ਪੂਰਨ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕਰ ਆਵਾਂ। ਮੈਂ ਉਨ੍ਹਾਂ ਸਾਰੀਆਂ ਥਾਵਾਂ 'ਤੇ ਸਿਜਦਾ ਕੀਤਾ ਜਿਨ੍ਹਾਂ ਨੂੰ ਬਾਈ-ਤੇਈ ਸਾਲ ਦੇ ਸਵਾਮੀ ਪੂਰਨ ਦੇ ਚਰਨਾਂ ਦੀ ਛੋਹ ਪ੍ਰਾਪਤ ਸੀ, ਮਸਲਨ ਟੋਕੀਓ ਯੂਨੀਵਰਸਿਟੀ, ਟੋਕੀਓ ਸ਼ਹਿਰ ਦਾ ਹੋਂਗੋ ਇਲਾਕਾ ਜਿੱਥੇ ਉਹ ਰਹਿੰਦੇ ਰਹੇ, ਉੱਥੋਂ ਦੀਆਂ ਗਲੀਆਂ-ਕੂਚੇ, ਯੂਨੀਵਰਸਿਟੀ ਦੇ ਨਾਲ ਲੱਗਦਾ ਮਸ਼ਹੂਰ ਉਏਨੋ ਪਾਰਕ, ਪਾਰਕ ਦੇ ਵਿਚ ਸਾਕੂਰਾ ਦੇ ਦਰੱਖ਼ਤਾਂ ਦੀਆਂ ਲੰਮੀਆਂ ਪਾਲਾਂ, ਪਾਰਕ ਵਿਚ ਬੁੱਧ ਮੰਦਿਰ ਤੇ ਕੰਵਲ ਫੁੱਲਾਂ ਦੇ ਦੋ-ਤਿੰਨ ਵਿਸ਼ਾਲ ਤਲਾਬ। ਪ੍ਰੋਫੈਸਰ ਪੂਰਨ ਸਿੰਘ, ਜੋ ਉਸ ਵੇਲੇ ਸਵਾਮੀ ਦੇ ਗੇਰੂਏ ਭੇਸ ਵਿਚ ਸਨ, ਆਪਣੀਆਂ ਲਿਖਤਾਂ ਵਿਚ ਇਨ੍ਹਾਂ ਸਾਰੀਆਂ ਥਾਵਾਂ ਦਾ ਜ਼ਿਕਰ ਕਰਦੇ-ਕਰਦੇ ਭਾਵੁਕਤਾ ਦੇ ਪ੍ਰਚੰਡ ਵੇਗ ਵਿਚ ਇੰਜ ਵਹਿ ਜਾਂਦੇ ਸਨ ਜਿਵੇਂ ਗੰਗੋਤਰੀ ਦੇ ਗੋਮੁੱਖ ਦੇ ਦਹਾਨੇ 'ਤੇ ਉੱਗਿਆ ਫੁੱਲ ਗੰਗਾ ਦੇ ਵੇਗ ਵਿਚ ਵਹਿ ਜਾਂਦਾ ਹੈ।

ਪੂਰਨ ਸਿੰਘ ਨਾਲ ਜੁੜੇ ਸਾਰੇ ਤੀਰਥਾਂ ਦੀ ਪਰਿਕਰਮਾ ਕਰਦਿਆਂ ਮੈਨੂੰ ਇੰਜ ਲੱਗਾ ਜਿਵੇਂ ਸਵਾਮੀ ਦੀ ਆਤਮਾ ਦਾ ਰੰਗ ਅੱਜ ਵੀ ਕਮਲ ਦੇ ਫੁੱਲਾਂ ਦੇ ਰੂਪ ਨੂੰ ਅਲੌਕਿਕ ਚਮਕ ਪ੍ਰਦਾਨ ਕਰ ਰਿਹਾ ਹੋਵੇ। ਚਲਦਿਆਂ-ਚਲਦਿਆਂ, ਇੱਕ ਬੁੱਢੇ ਸਾਕੂਰਾ ਦੇ ਦਰੱਖਤ ਦੀ ਇੱਕ ਟਹਿਣੀ ਮੇਰੇ ਸਿਰ ਨੂੰ ਛੂਹ ਗਈ। ਮੈਨੂੰ ਲੱਗਿਆ ਜਿਵੇਂ ਪੂਰਨ ਦਾ ਵਤਨੀ ਦੇਖ ਮੇਰੇ ਵਿਚ ਪੂਰਨ ਦੀ ਨੁਹਾਰ ਲੱਭ ਰਹੀ ਹੋਵੇ ਜਾਂ ਫਿਰ ਉਹਦੇ ਲਈ ਕੋਈ ਸੁਨੇਹਾ ਦੇ ਰਹੀ ਹੋਵੇ!

---

# ਯਾਦਾਂ ਹੋਸਟਲ ਦੀਆਂ

1992 ਵਿਚ ਘਰੋਂ ਬਹੁਤ ਦੂਰ ਪੜ੍ਹਨ ਜਾਣ ਕਰ ਕੇ ਹੋਸਟਲ ਵਿਚ ਰਹਿਣ ਦਾ ਮੌਕਾ ਮਿਲਿਆ। ਉਸ ਸਮੇਂ ਪੰਜਾਬ ਵਿਚ ਇੰਜੀਨੀਅਰਿੰਗ ਤੇ ਬਹੁਤਕਨੀਕੀ ਕਾਲਜਾਂ ਦੀ ਗਿਣਤੀ ਬਹੁਤ ਘੱਟ ਸੀ। ਇਸ ਕਰਕੇ ਬਹੁਗਿਣਤੀ ਪੰਜਾਬੀ ਤਕਨੀਕੀ ਪੜ੍ਹਾਈ ਕਰਨ ਲਈ ਦੂਜੇ ਸੂਬਿਆਂ ਵਿਚ ਜਾਂਦੇ ਸਨ ਜਿਨ੍ਹਾਂ ਵਿਚੋਂ ਕਰਨਾਟਕਾ ਸੂਬੇ ਦਾ ਬਿਦਰ ਸ਼ਹਿਰ ਵੀ ਇੱਕ ਹੈ।

ਹੋਸਟਲ ਵਿਚ ਰਹਿ ਕੇ ਪੜ੍ਹਨਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। ਇੱਕ ਵਿਦਿਆਰਥੀ ਦਾ ਹੋਸਟਲ ਵਿਚ ਰਹਿ ਕੇ ਪੜ੍ਹਨਾ ਉਸ ਨੂੰ ਆਤਮ-

**ਅਮਰਬੀਰ ਸਿੰਘ ਚੀਮਾ**
**ਫੋਨ: +91-98889-40211**

ਨਿਰਭਰ ਬਣਾਉਣ ਵਿਚ ਬਹੁਤ ਸਹਾਈ ਹੁੰਦਾ ਹੈ। ਉਸ ਵਕਤ ਰੈਗਿੰਗ ਰੋਕਣ ਲਈ ਇੰਨੀ ਸਖ਼ਤੀ ਨਹੀਂ ਸੀ ਪਰ ਕਾਲਜ ਦੇ ਪ੍ਰਿੰਸੀਪਲ ਰਿਟਾ. ਫਲਾਇੰਗ ਲੈਫਟੀਨੈਂਟ ਦਾ ਕਾਲਜ ਵਿਚ ਪੂਰਾ ਦਬਦਬਾ ਸੀ। ਸਾਰੇ ਵਿਦਿਆਰਥੀ ਉਨ੍ਹਾਂ ਤੋਂ ਬਹੁਤ ਡਰਦੇ ਸੀ ਪਰ ਫਿਰ ਵੀ ਰੈਗਿੰਗ ਨੂੰ ਜਾਣ-ਪਹਿਚਾਣ ਦਾ ਨਾਂ ਦੇ ਕੇ ਸੀਨੀਅਰ ਵਿਦਿਆਰਥੀ ਨਵੇਂ ਵਿਦਿਆਰਥੀਆਂ ਨੂੰ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸੀ। ਮੈਨੂੰ ਯਾਦ ਹੈ ਰੈਗਿੰਗ ਨੁਮਾ ਜਾਣ-ਪਹਿਚਾਣ ਤੋਂ ਅੱਕੇ ਹੋਇਆਂ ਨੇ ਅਸੀਂ ਟੁਆਇਲਟ ਗਏ ਹੋਏ ਸੀਨੀਅਰ ਮੁੰਡਿਆਂ ਨੂੰ ਬਾਹਰੋਂ ਕੁੰਡੀਆਂ ਲਾ ਕੇ ਉੱਪਰੋਂ ਪਾਣੀ ਦੀਆਂ ਭਰੀਆਂ ਬਾਲਟੀਆਂ ਸੁੱਟ ਕੇ ਉਨ੍ਹਾਂ ਨੂੰ ਭਿਉਂ ਦਿੱਤਾ ਸੀ ਤੇ ਉਨ੍ਹਾਂ ਨੂੰ ਪਤਾ ਵੀ ਨਹੀਂ ਸੀ ਲੱਗਿਆ ਕਿ ਪਾਣੀ ਕੀਹਨੇ ਸੁੱਟਿਆ ਹੈ। ਕਦੇ ਰਾਤ ਵੇਲੇ ਹੋਸਟਲ ਵਾਰਡਨ ਦੇ ਆਪਣੇ ਕਮਰੇ ਵਿਚ ਬੈਠਿਆਂ ਪਿਛਲੇ ਪਾਸੇ ਬਾਰੀ ਵਿਚੋਂ ਦੀ ਪਾਣੀ ਭਰੀ ਬਾਲਟੀ ਵਾਰਡਨ ਉੱਤੇ ਸੁੱਟ ਕੇ ਅੰਦਰ ਆ ਕੇ ਆਪ ਹੀ ਪੁੱਛਣਾ, 'ਸਰ, ਆਹ ਤੁਹਾਡੇ 'ਤੇ ਪਾਣੀ ਕੀਹਨੇ ਸੁੱਟਿਆ ਹੈ, ਸਾਰੇ ਰਜਿਸਟਰ ਵੀ ਗਿੱਲੇ ਹੋ ਗਏ।' ਓਦੋਂ ਮਨੋਰੰਜਨ ਦੇ ਸਾਧਨ ਵੀ ਸੀਮਤ ਜਿਹੇ ਹੀ ਸਨ ਜਿਵੇਂ ਕਿ ਸਿਨੇਮਾ, ਟੈਲੀਵਿਜ਼ਨ ਜਾਂ ਗੀਤ ਸੁਣਨ ਲਈ ਡੈੱਕ ਵਗੈਰਾ ਹੀ ਹੁੰਦੇ ਸਨ। ਮੋਬਾਈਲ ਜਾਂ ਇੰਟਰਨੈੱਟ ਦਾ ਕਿਸੇ ਨੇ ਨਾਂ ਵੀ ਨਹੀਂ ਸੀ ਸੁਣਿਆ। ਸਾਡੇ ਕਾਲਜ ਦੇ ਹੋਸਟਲ ਦੇ ਨਾਲ਼ ਹੀ ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਬਣੀ ਹੋਈ ਸੀ। ਚੰਗੀ ਤਰ੍ਹਾਂ ਯਾਦ ਹੈ ਕਿ ਉਦੋਂ ਅਖ਼ਬਾਰਾਂ ਰੇਲਗੱਡੀ ਰਾਹੀਂ ਆਉਂਦੀਆਂ ਸਨ ਤੇ ਅੱਜ ਦੀ ਅਖ਼ਬਾਰ ਉੱਥੇ ਤੀਜੇ ਦਿਨ ਪਹੁੰਚਦੀ ਸੀ। ਤਿੰਨ ਦਿਨ ਪੁਰਾਣੀ ਅਖ਼ਬਾਰ ਪੜ੍ਹ ਕੇ ਹੀ ਪੰਜਾਬ ਦੀਆਂ ਖ਼ਬਰਾਂ ਦਾ ਪਤਾ ਲੱਗਦਾ ਸੀ।

ਗੀਤ-ਸੰਗੀਤ ਸੁਣਨ ਦੇ ਚਾਹਵਾਨ ਵਿਦਿਆਰਥੀਆਂ ਨੇ ਆਪਣੇ ਹੋਸਟਲ ਦੇ ਕਮਰਿਆਂ ਵਿਚ ਘੜਿਆਂ ਉੱਤੇ ਸਪੀਕਰ ਰੱਖੇ ਹੁੰਦੇ ਸੀ ਜਿਹੜੀ ਕਿ ਵਾਕ-ਮੈਨ ਨਾਲ ਐਂਮਪਲੀਫ਼ਾਇਰ ਰਾਹੀਂ ਕਨੈੱਕਟ ਕੀਤੇ ਹੁੰਦੇ ਸੀ। ਵਾਕ-ਮੈਨ ਕਿਉਂਕਿ ਸਾਈਜ਼ ਵਿਚ ਬਹੁਤ ਛੋਟਾ ਹੁੰਦਾ ਸੀ ਇਸ ਲਈ ਇਸ ਦੀ ਜ਼ਰੂਰਤ ਪੰਜਾਬ ਆਉਂਦੇ-ਜਾਂਦੇ ਰੇਲਗੱਡੀ ਵਿਚ ਵੀ ਗਾਣੇ ਸੁਣਨ ਲਈ ਹੁੰਦੀ ਸੀ। ਉਸ ਸਮੇਂ ਉਦਾਸ ਗੀਤਾਂ ਦਾ ਜ਼ਿਆਦਾ ਬੋਲਬਾਲਾ ਸੀ ਇਸ ਲਈ ਛੁੱਟੀ ਵਾਲੇ ਦਿਨ ਖ਼ਾਸ ਕਰਕੇ ਐਤਵਾਰ ਨੂੰ ਦਵਿੰਦਰ ਕੋਹੇਨੂਰ, ਰਣਜੀਤ ਮਣੀ ਆਦਿ ਦੇ ਗੀਤ ਸਾਰਾ ਸਾਰਾ ਦਿਨ ਚੱਲਦੇ ਰਹਿੰਦੇ ਸਨ। ਕਿਸੇ ਐਤਵਾਰ ਨੂੰ ਪ੍ਰਿੰਸੀਪਲ ਸਰ ਅਚਾਨਕ ਹੋਸਟਲ ਵਿਚ ਛਾਪਾ ਮਾਰਦੇ ਤੇ ਜਿਸ ਕਮਰੇ ਵਿਚ ਉੱਚੀ-ਉੱਚੀ ਗਾਣੇ ਵੱਜਦੇ, ਉਹ ਸਾਰਾ ਸਟੀਰੀਓ ਸਿਸਟਮ ਚੁੱਕ ਕੇ ਆਪਣੇ ਨਾਲ ਲੈ ਜਾਂਦੇ ਸਨ। ਛੁੱਟੀਆਂ ਵਿਚ ਪੰਜਾਬ ਹੁੰਦਿਆਂ ਬਾਕੀ ਸਾਮਾਨ ਦੇ ਨਾਲ ਅਗਲੇ ਛੇ ਮਹੀਨੇ ਸੁਣਨ ਵਾਲੇ ਗੀਤਾਂ ਦੀਆਂ ਨਵੀਆਂ ਕੈਸਟਾਂ (ਰੀਲਾਂ) ਨਾਲ ਲਿਜਾਣਾ ਕਦੇ ਵੀ ਨਹੀਂ ਭੁੱਲਦੇ ਸੀ ਕਿਉਂਕਿ ਬਿਦਰ ਵਿਖੇ ਪੰਜਾਬੀ ਗੀਤਾਂ ਦੀਆਂ ਰੀਲਾਂ ਬਹੁਤ ਘੱਟ ਹੀ ਮਿਲਦੀਆਂ ਸੀ। ਉਹ ਰੀਲਾਂ ਵੀ ਟਰੰਕਾਂ ਵਿਚ ਲੁਕੋ-ਲੁਕੋ ਰੱਖਣੀਆਂ ਪਰ ਫਿਰ ਵੀ ਕੋਈ ਮੁੰਡਾ ਕੈਸਟ ਮੰਗ ਕੇ ਲੈ ਜਾਂਦਾ ਤਾਂ ਉਹ ਵਾਪਸ ਮੋੜਨ ਦਾ ਨਾਂ ਨਹੀਂ ਲੈਂਦਾ ਸੀ।

ਐਤਵਾਰ ਵਾਲੇ ਦਿਨ ਜ਼ਿਆਦਾ ਮੁੰਡੇ ਹੋਸਟਲ ਦੀ ਸਿਖਰਲੀ ਮੰਜ਼ਿਲ 'ਤੇ ਪਾਣੀ ਵਾਲੀ ਵੱਡੀ ਟੈਂਕੀ ਦੇ ਉੱਪਰ ਚੜ੍ਹ ਕੇ ਹੀ ਕੱਪੜੇ ਧੋਂਦੇ ਹੁੰਦੇ ਸਨ। ਪਹਿਲਾਂ ਤਾਂ ਆਪਣੇ ਕਮਰੇ ਵਿਚ ਹੀ ਬਾਲਟੀ ਵਿਚ ਪਾਣੀ ਭਰ ਕੇ ਤੇ ਉਸ ਵਿਚ ਸਰਫ਼ ਮਿਲਾ ਕੇ ਬੈੱਡ ਥੱਲੇ ਰੱਖੀ ਰੱਖਣੀ ਅਤੇ ਹਰ ਰੋਜ਼ ਉਸ ਵਿਚ ਕੱਪੜੇ ਸੁੱਟਦੇ ਰਹਿਣਾ। ਕਈ ਵਾਰੀ ਦਸ-ਦਸ ਦਿਨ ਲੰਘ ਜਾਂਦੇ ਸੀ ਤੇ ਜਦੋਂ ਅਗਲੇ ਦਿਨ ਪਾਉਣ ਨੂੰ ਕੋਈ ਕੱਪੜਾ ਨਾ ਬਚਣਾ ਤਾਂ ਹੀ ਉਹ ਕੱਪੜੇ ਧੋ ਕੇ ਸੁੱਕਣੇ ਪਾਉਣੇ।

ਸਾਡਾ ਹੋਸਟਲ ਬਿਦਰ ਦੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਬਿਲਕੁਲ ਨਾਲ ਹੀ ਸੀ। ਜਦੋਂ ਵੀ ਦੇਰ-ਸਵੇਰ ਪੰਜਾਬ ਦੀ ਸੰਗਤ ਦਾ ਟਰੱਕ ਗੁਰਦੁਆਰਾ ਸਾਹਿਬ ਆਉਣਾ ਤਾਂ ਨਾਲ ਹੀ ਸੰਗਤ ਦੀ ਸੇਵਾ ਕਰਨ ਲਈ ਲੰਗਰ ਹਾਲ ਵਿਚ ਪਹੁੰਚ ਜਾਂਦੇ ਸੀ। ਦੇਰ ਰਾਤ ਤੱਕ ਪੜ੍ਹਦਿਆਂ ਜਦੋਂ ਭੁੱਖ ਲੱਗਣੀ ਤਾਂ ਫੇਰ ਰਾਤ ਨੂੰ ਲੰਗਰ ਆਪ ਹੀ ਥਾਲ਼ੀਆਂ ਵਿਚ ਪਾ ਕੇ ਛਕਣਾ। ਕਦੇ ਅੱਧੀ ਰਾਤ ਨੂੰ ਚਾਹ ਪੀਣ ਲਈ ਪੈਦਲ ਰੇਲਵੇ ਸਟੇਸ਼ਨ ਜਾਂਦੇ ਹੁੰਦੇ ਸੀ। ਛੁੱਟੀਆਂ ਤੋਂ ਬਾਅਦ ਕਾਲਜ ਖੁੱਲ੍ਹਣ 'ਤੇ ਜਦੋਂ ਹੋਸਟਲ ਪਹੁੰਚਣਾ ਤਾਂ ਪਹਿਲਾਂ ਪਹੁੰਚੇ ਮੁੰਡਿਆਂ ਨੇ ਬੈਗ ਫਰੋਲ ਕੇ ਪੰਜੀਰੀ ਜਾਂ ਪਿੰਨੀਆਂ ਦਾ ਤਾਂ ਨਾਲ ਦੀ ਨਾਲ ਹੀ ਭੋਗ ਪਾ ਦੇਣਾ ਅਤੇ ਬਾਕੀ ਅਚਾਰ ਜਾਂ ਦੇਸੀ ਘਿਉ ਹੁੰਦਾ ਤਾਂ ਉਹ ਵੀ ਪਤਾ ਲੱਗ ਜਾਂਦਾ ਸੀ ਬਈ ਹੁਣ ਮੈੱਸ ਵਿਚ ਜਾਣ ਸਮੇਂ ਅਚਾਰ ਤੇ ਘਿਉ ਨਾਲ ਲਿਜਾਣਾ ਨਾ ਭੁੱਲਦੇ। ਅਕਸਰ ਰਾਤ ਨੂੰ ਭੁੱਖ ਲੱਗਣ 'ਤੇ ਕਮਰੇ ਵਿਚ ਚੋਰੀ ਰੱਖੇ ਹੀਟਰ 'ਤੇ ਦੇਸੀ ਘਿਉ ਦਾ ਕੜਾਹ ਬਣਾ ਕੇ ਖਾਣਾ। ਬੇਸ਼ੱਕ ਕਮਰਿਆਂ ਦੇ ਦਰਵਾਜ਼ੇ ਬੰਦ ਕਰ ਲੈਂਦੇ ਸੀ ਪਰ ਕੜਾਹ ਬਣਦਿਆਂ ਹੀ ਨਾਲ ਦੇ ਕਮਰਿਆਂ ਵਿਚ ਫੈਲੀ ਖ਼ੁਸ਼ਬੂ ਕਰਕੇ ਦੂਜੇ ਮੁੰਡਿਆਂ ਨੇ ਝੱਟ ਆ ਜਾਣਾ ਤੇ ਸਾਰਾ ਕੜਾਹ ਚਮਚਾ-ਚਮਚਾ ਹੀ ਹਿੱਸੇ ਆਉਂਦਾ ਸੀ।

ਬਿਦਰ ਤੋਂ ਪੰਜਾਬ ਆਉਂਦਿਆਂ ਆਗਰਾ ਸਟੇਸ਼ਨ ਸਵੇਰੇ ਚਾਰ ਕੁ ਵਜੇ ਆਉਂਦਾ ਸੀ ਤੇ ਉੱਥੋਂ ਬਹੁਤ ਸਾਰੇ ਯਾਤਰੀ ਪੇਠਾ ਖ਼ਰੀਦਦੇ ਸੀ। ਉਨੀਂਦਰੇ ਵਿਚ ਯਾਤਰੀ ਪੇਠਾ ਲੈ ਕੇ ਆਪਣੇ ਸਮਾਨ ਦੇ ਕੋਲ ਹੀ ਰੱਖ ਕੇ ਸੌਂ ਜਾਂਦੇ ਸੀ ਤੇ ਉਨ੍ਹਾਂ ਦੇ ਸੌਂਦਿਆਂ ਹੀ ਨਾਲ ਬੈਠੇ ਮੁੰਡੇ ਸਾਰਾ ਪੇਠਾ ਖਾ ਜਾਂਦੇ ਸੀ। ਇੱਕ ਵਾਰੀ ਮੈਨੂੰ ਯਾਦ ਹੈ ਦੀਵਾਲੀ ਵਾਲੀ ਰਾਤ ਅਸੀਂ ਉੱਥੇ ਹੀ ਸੀ। ਹੋਸਟਲ ਦੇ ਬਾਹਰ ਢਾਬੇ ਵਾਲਿਆਂ ਮਿਠਾਈਆਂ ਬਣਾਈਆਂ ਹੋਈਆ ਸੀ ਤੇ ਉਹ ਦੀਵਾਲੀ ਦੀ ਰਾਤ ਨੂੰ ਪੂਜਾ ਕਰ ਕੇ ਲਕਸ਼ਮੀ ਦੇ ਆਉਣ ਦੇ ਵਿਸ਼ਵਾਸ ਨਾਲ ਦੁਕਾਨਾਂ ਖੁੱਲ਼੍ਹੀਆਂ ਹੀ ਛੱਡ ਆਪਣੇ ਘਰ ਚਲੇ ਗਏ ਤੇ ਅਸੀਂ ਰਾਤ ਨੂੰ ਰੱਸਗੁੱਲੇ-ਜਾਮਨਾਂ ਖਾ-ਖਾ ਢਿੱਡ ਅਫ਼ਰਾ ਲਏ ਸੀ। ਸਭ ਤੋਂ ਜ਼ਿਆਦਾ ਲੁੱਟ ਤੇ ਭੁੱਖ ਖਾਣ-ਪੀਣ ਦੇ ਸਮਾਨ ਦੀ ਹੀ ਹੁੰਦੀ ਸੀ। ਸਾਬਣ ਤੇ ਪੇਸਟ ਦੀ ਘਾਟ ਤਾਂ ਸਦਾ ਹੀ ਰਹਿੰਦੀ ਸੀ ਜਿੰਨੀ ਵਾਰੀ ਮਰਜ਼ੀ ਨਵਾਂ ਲੈ ਲਈਏ ਦੂਜੇ ਦਿਨ ਗ਼ਾਇਬ ਹੋ ਜਾਂਦਾ ਸੀ।

ਸ਼ਾਮ ਨੂੰ ਕਾਲਜ ਤੋਂ ਬਾਅਦ ਘੰਟਿਆਂਬੱਧੀ ਗੁਰਦਵਾਰੇ ਦੇ ਨਾਲ ਵਾਲੇ ਢਾਬਿਆਂ 'ਤੇ ਬੈਠੇ ਚਾਹਾਂ ਪੀਂਦੇ ਰਹਿਣਾ। ਜਦੋਂ ਕਦੇ ਗੁਰਦੁਆਰਾ ਸਾਹਿਬ ਕਿਸੇ ਮੁੰਡੇ ਦਾ ਕੋਈ ਰਿਸ਼ਤੇਦਾਰ ਜਾਂ ਜਾਣ-ਪਹਿਚਾਣ ਵਾਲੇ ਨੇ ਆਉਣਾ ਤਾਂ ਉਹਦੇ ਨਾਲੋਂ ਜ਼ਿਆਦਾ ਚਾਅ ਉਹਦੇ ਦੋਸਤਾਂ ਨੂੰ ਚੜ੍ਹ ਜਾਂਦਾ ਸੀ ਕਿਉਂਕਿ ਉਸ ਰਿਸ਼ਤੇਦਾਰ ਦੀ ਸੇਵਾ ਦੇ ਨਾਲ ਨਾਲ ਦੋਸਤਾਂ ਦੀਆਂ ਵੀ ਖਾਣ-ਪੀਣ ਦੀਆਂ ਪੌਂ-ਬਾਰਾਂ ਹੋ ਜਾਂਦੀਆਂ ਸਨ। ਜੇਕਰ ਕਦੇ ਦੋ-ਤਿੰਨ ਛੁੱਟੀਆਂ ਇਕੱਠੀਆਂ ਆ ਜਾਂਦੀਆਂ ਤਾਂ ਘੁੰਮਣ ਲਈ ਹੈਦਰਾਬਾਦ ਚਲੇ ਜਾਂਦੇ ਸੀ ਜਾਂ ਹਜ਼ੂਰ ਸਾਹਿਬ ਮੱਥਾ ਟੇਕਣ ਚਲੇ ਜਾਣਾ। ਉੱਥੋਂ ਹੀ ਪੜ੍ਹਾਈ ਦੇ ਪਹਿਲੇ ਸਾਲ ਦੌਰਾਨ ਅਸੀਂ ਤਿੰਨ-ਚਾਰ ਦੋਸਤਾਂ ਨੇ ਪੂਰੀ ਬੰਬਈ (ਅੱਜ-ਕੱਲ੍ਹ ਮੁੰਬਈ) ਘੁੰਮੀ ਸੀ ਜੀਹਦੀਆਂ ਯਾਦਾਂ ਅੱਜ ਵੀ ਅਚੇਤ ਮਨਾਂ ਵਿਚ ਤਾਜ਼ਾ ਹਨ।

ਹੋਸਟਲ ਵਿਚ ਗਰੁੱਪ-ਬਾਜ਼ੀ ਵੀ ਬਹੁਤ ਸੀ। ਹਰ ਤਿਉਹਾਰ 'ਤੇ ਮੁੰਡਿਆਂ ਦੀ ਘੁੱਟ ਲਾਈ ਹੋਣ ਕਰਕੇ ਕੋਈ ਨਾ ਕੋਈ ਲੜਾਈ ਹੋ ਹੀ ਜਾਂਦੀ ਸੀ। ਆਮ ਤੌਰ 'ਤੇ ਪਾੜ੍ਹਿਆਂ ਦੀ ਲੜਾਈ ਕੁੜੀਆਂ ਕਰਕੇ ਹੁੰਦੀ ਹੈ ਪਰ ਸਾਡੇ ਕਾਲਜ ਵਿਚ ਸਿਰਫ਼ ਮੁੰਡੇ ਹੀ ਪੜ੍ਹਦੇ ਸੀ ਤੇ ਲੜਾਈਆਂ ਦੇ ਕਾਰਨ ਬੱਸ ਉਹੀ ਅੱਖਾਂ ਕੱਢਣੀਆਂ ਜਾਂ ਮੁੱਛਾਂ ਨੂੰ ਤਾਓ ਦੇਣੇ ਆਦਿ। ਹੁਣ ਜਦੋਂ ਵੀ ਰੀ-ਯੂਨੀਅਨਾਂ 'ਤੇ ਮਿਲਦੇ ਹਾਂ ਤਾਂ ਸਾਰੇ ਇਹ ਸਾਰੀਆਂ ਗੱਲਾਂ ਯਾਦ ਕਰ ਕੇ ਬਹੁਤ ਖ਼ੁਸ਼ ਹੁੰਦੇ ਹਾਂ। ਇਹ ਹੋਸਟਲ ਦੀਆਂ ਯਾਦਾਂ ਜੇਕਰ ਕੋਈ ਖ਼ਜ਼ਾਨਾ ਨਹੀਂ ਤਾਂ ਕਿਸੇ ਖ਼ਜ਼ਾਨੇ ਤੋਂ ਘੱਟ ਵੀ ਨਹੀਂ ਹਨ। ਉਸ ਸੱਚੇ ਰੱਬ ਅੱਗੇ ਦੁਆ ਹੈ ਬਈ ਇਹ ਸਾਰੇ ਯਾਰ ਅਣਮੁੱਲੇ ਸਦਾ ਹੱਸਦੇ-ਖੇਡਦੇ ਤੰਦਰੁਸਤ ਰਹਿਣ।

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ)

SHER-E-PUNJAB SPORTS CLUB CHICAGO MIDWEST

# ਸ਼ਿਕਾਗੋ ਕਬੱਡੀ ਕੱਪ-2024

## ਅਤੇ ਵਾਲੀਬਾਲ ਮੁਕਾਬਲੇ ਲੇਬਰ ਡੇਅ ਵੀਕ ਐਂਡ

## 1 ਸਤੰਬਰ, 2024 ਐਤਵਾਰ



ਹਰਜੀਤ ਹਰਮਨ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ

ਸਮਾਂ: ਸਵੇਰੇ 10 ਤੋਂ 6:30 ਵਜੇ ਤਕ

**ਮੁਫਤ ਦਾਖਲਾ, ਖਾਣਾ, ਕਾਰ ਪਾਰਕਿੰਗ ਤੇ ਮਨੋਰੰਜਨ**

### ਮੁੱਖ ਮਹਿਮਾਨ



ਅਮਰਜੀਤ ਢੀਂਡਸਾ



ਲਖਬੀਰ ਢੀਂਡਸਾ

### Director of Event



ਗੁਰਿੰਦਰਜੀਤ ਸਿੰਘ ਗਰੇਵਾਲ

### ਚੇਅਰਮੈਨ



ਬਲਦੇਵ ਸਿੰਘ ਸੱਲ੍ਹਾਂ


### ਵਿਸ਼ੇਸ਼ ਮਹਿਮਾਨ



ਜੇ ਪੀ ਖਹਿਰਾ



ਅਮਰਬੀਰ ਘੁਮਾਣ



ਹੈਰੀ ਘੁਮਾਣ

### ਵਿਸ਼ੇਸ਼ ਮਹਿਮਾਨ



ਕੁਲਵੰਤ ਸਿੰਘ ਢਿੱਲੋਂ




ਬਿੱਲਾ ਢਿੱਲੋਂ

### ਗੈਸਟ ਆਫ ਆਨਰ



ਐਮ ਆਰ ਦੂਬੇ ਐਡਵੋਕੇਟ



ਜਥੇਦਾਰ ਤਾਰਾ ਸਿੰਘ ਸੱਲ੍ਹਾਂ



ਭੋਲਾ ਸਿੰਘ ਧੰਮ



ਨਰਿੰਦਰ ਸਿੰਘ ਮੁੰਦਰ



ਜੱਸੀ ਸਹੋਤਾ



ਬੱਬੂ ਖੱਟੜਾ




ਹਰਦੀਪ ਸਿੰਘ ਭੱਟੀ



ਲਵ ਮਿਨਹਾਸ



ਸੰਨੀ ਸ਼ੇਰਗਿੱਲ



ਲਖਵਿੰਦਰ ਸਿੰਘ ਸੇਖੋਂ



ਕੰਵਰਵੀਰ ਸਿੰਘ ਕਵੀ



ਸੁਖਦੇਵ ਸਿੰਘ ਸਮਰਾ



ਅਮਰਜੀਤ ਚੀਮਾ



ਦੀਦਾਰ ਸਿੰਘ ਧਨੋਆ

### ਬੋਰਡ ਮੈਂਬਰ



ਲਖਵਿੰਦਰ ਸਿੰਘ (ਪ੍ਰਧਾਨ)



ਜਸਰੂਪ ਸਿੰਘ (ਮੀਤ ਪ੍ਰਧਾਨ)



ਪਰਮਿੰਦਰ ਸਿੰਘ ਵਾਲੀਆ



ਅਮਰਦੇਵ ਸਿੰਘ ਬੰਦੇਸ਼ਾ



ਦੀਪਾ ਬੰਦੇਸ਼ਾ



ਅੰਮ੍ਰਿਤਪਾਲ ਸਿੰਘ ਗਿੱਲ



ਬਲਵਿੰਦਰ ਸਿੰਘ ਚੱਠਾ



ਗੁਰਦੇਵ ਸਿੰਘ ਗਿੱਲ



ਦਰਸ਼ਨ ਸਿੰਘ ਪੰਮਾ



ਅੰਮ੍ਰਿਤਪਾਲ ਮਾਂਗਟ



ਮਨਜਿੰਦਰ ਸਿੰਘ



ਅਮਰਜੀਤ ਬੰਦੇਸ਼ਾ

**For Further Info.:** Ph: 920-460-1001, 847-561-7101, 630-523-3412, 815-546-0525, 847-544-1788, 708-612-7963, 847-338-3866, 847-477-1613, 630-947-3686, 847-271-7451, 847-778-7519, 608-566-6655

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ)

## ਪਹਿਲਾ ਇਨਾਮ




## ਦੂਜਾ ਇਨਾਮ




## ਤੀਜਾ ਇਨਾਮ




ਸੁਖਵਿੰਦਰ ਘੁੱਗਰ | ਸਤਪਾਲ ਸੱਤਾ | ਹਰਜਿੰਦਰ ਜਿੰਦੀ | ਭੁਪਿੰਦਰ ਟਿੰਕਾ



ਕੁਲਜੀਤ ਸਿੰਘ | ਜਰਨੈਲ ਸਿੰਘ ਮਿਆਣੀ | ਰਣਦੀਪ ਰਿੰਕੂ

## ਚੌਥਾ ਇਨਾਮ






ਹਰਜੀਤ ਹਰਮਨ ਆਪਣੇ ਗੀਤਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ




## ਕਬੱਡੀ ਇੰਚਾਰਜ



ਵਿੱਕੀ ਸੁੰਮੀਪੁਰੀਆ | ਅਵਤਾਰ ਸਿੰਘ ਡੱਬ

## ਵਾਲੀਬਾਲ ਇੰਚਾਰਜ



ਟੋਨੀ ਸੰਘੇੜਾ | ਹਰਜੀਤ ਬਿਲਿੰਗ



ਵਾਲੀਬਾਲ ਦੇ ਇਨਾਮ ਚੀਡਸਾ ਪਰਿਵਾਰ ਵਲੋਂ ਸਵਰਗੀ ਮਿਹਰ ਸਿੰਘ ਚੀਡਸਾ ਦੀ ਯਾਦ 'ਚ

## ਕਾਲਾ ਰਸ਼ੀਨ ਤੇ ਮੱਖਣ ਅਲੀ ਕਬੱਡੀ ਦੀ ਕੁਮੈਂਟਰੀ ਕਰਨਗੇ



ਕਾਲਾ ਰਸ਼ੀਨ | ਮੱਖਣ ਅਲੀ

## ਪਲਾਟੀਨਮ ਸਪਾਂਸਰ



ਹਰਵਿੰਦਰ ਵਾਲੀਆ | ਦਰਸ਼ਨ ਸਿੰਘ ਦਰੜ | ਪ੍ਰਿਥਪਾਲ ਘੋਤੜਾ | ਹਰਵਿੰਦਰ ਕੰਗ | ਪਾਲ ਸਿੰਘ ਖ਼ਲੀਲ | ਗੁਰਮੀਤ ਸਿੰਘ ਸੱਲ੍ਹਾਂ | ਸਰਬਜੀਤ ਸਿੰਘ ਸੱਲ੍ਹਾਂ | ਲਖਵੀਰ ਸਿੰਘ ਸਹੋਤਾ | ਬਲਦੇਵ ਵਿਰਕ | ਗੁਰਚਰਨ ਸਿੰਘ ਝੱਜ | ਜੈਦੇਵ ਸਿੰਘ ਭੱਠਲ | ਸੁਖਰਾਜ ਸਿੰਘ ਤੱਖਰ

ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼



ਡਾ. ਵਿਕਰਮ ਗਿੱਲ | ਗੁਰਪ੍ਰੀਤ ਸਿੱਧੂ | ਅਮਰੀਕ ਸਿੰਘ ਸ਼ਿਕਾਗੋ | ਮੁਖਤਿਆਰ ਸਿੰਘ ਨੰਦੜਾ | ਚਰਨਜੀਤ ਸਮਰਾ | ਪਰਮਜੀਤ ਸਿੰਘ ਮਹਿਰਾਜ | ਦਪਿੰਦਰ ਸਿੰਘ ਧਾਲੀਵਾਲ | ਜਸਵੰਤ ਸਿੰਘ | ਬਲਜੀਤ ਸਿੰਘ | ਹਰਇੰਦਰਜੀਤ ਧਾਲੀਵਾਲ | ਗੁਰਮੀਤ ਸਿੰਘ ਬਾਠ | ਧਰਮਿੰਦਰ ਸਿੰਘ ਬਾਠ



ਕੁਲਦੀਪ ਢੱਟ | ਸਤਵਿੰਦਰ ਸਿੰਘ ਧਨੇਸਰ | ਕੁਲਦੀਪ ਸਿੰਘ ਲੰਗ | ਜੱਸੀ ਧਾਲੀਵਾਲ | ਰਿੰਪੀ ਖੱਟੜਾ | ਧਰਮਿੰਦਰ ਖੱਟੜਾ | ਰਾਣਾ ਵਿਰਕ | ਮਨਦੀਪ ਸਿੰਘ ਭੂਰਾ | ਬਲਦੇਵ ਰਾਜੂ | ਲੰਬੜਦਾਰ ਅਮਰਜੀਤ ਸਿੰਘ ਚਾਹਲ | ਜਗਜੀਤ ਢੀਂਡਸਾ



ਸੁਖਜੀਤ ਸਿੰਘ ਢਿੱਲੋਂ | ਸੁਰਜੀਤ ਸਿੰਘ ਤੂਰ | ਗੁਰਦੇਵ ਸਿੰਘ ਜੌੜਾ | ਜਗਦੀਸ਼ੁਰ ਸਿੰਘ ਕਲੇਰ | ਬਲਬੀਰ ਸਿੰਘ ਸੈਣੀ | ਹਰਜੀਤ ਸਿੰਘ ਸੰਧਰ | ਹਰਵਿੰਦਰ ਲਾਲੀ ਸਿੱਧੂ | ਪਾਖਰ ਸਿੰਘ ਸਿੱਧੂ | ਹਰਭਜਨ ਸੰਧਾਵਾਲੀਆ | ਬਹਾਦਰ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰਜੀਤ ਸਿੰਘ ਸੰਧਰ




HARMINDER KAUR
Realtor
C:2248482686
harminder.kaur@cbrealty.com
www.harminderkaur.sites.cbmoxi.com
1212 S Naper Blvd Ste 122
Naperville, IL 60540
COLDWELL BANKER | REALTY

PRADEEP SINGH
REALTOR



847-322-5832
847-241-4824
ishowhomes@yahoo.com
homeshowings365@gmail.com
www.pradeepsinghrealtor.com
20 S Roselle Rd Schaumburg IL 60193
Agent ID 242347
COLDWELL BANKER | REALTY

SERVING CHICAGOLAND & NORTHWEST SBURBS



RE/MAX
E-Mail: J.SINGH@REMAX.COM,
WEBSITE: JSINGH.REMAX.COM
REMAX SHOWCASE, LONG GROVE, IL 60060
JESSE SINGH
Ph: 847-606-3664

# Sher-E-Punjab Soprts Club-Chicago (Midwest)

## ਗੋਲਡ ਸਪਾਂਸਰ



ਜਸਵਿੰਦਰ ਸਿੰਘ ਗਿੱਲ | ਨਾਜਰ ਸਿੰਘ ਗਿੱਲ | ਚਰਨਜੀਤ ਕਾਹਲੋਂ | ਹੈਪੀ ਸਿੰਘ ਹੀਰ | ਜਸਕਰਨ ਸਿੰਘ ਧਾਲੀਵਾਲ | ਪਰਮਿੰਦਰ ਮਾਂਗਟ | ਹਰਦੀਪ ਗਿੱਲ | ਜਰਨੈਲ ਸਿੰਘ ਮੱਲ੍ਹੀ | ਜਤਿੰਦਰ ਸਿੰਘ | ਜਸਜੀਤ ਸਿੰਘ ਸਿੱਧੂ | ਡਾ. ਪਾਲ ਬੰਦੇਸ਼ਾ | ਅਜੈਬ ਸਿੰਘ ਲੱਖਣ

ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼



ਹਰਮਨ ਧਾਮੀ | ਨਵੀ ਧਾਮੀ | ਭੁਪਿੰਦਰ ਸੋਢੀ | ਲਖਬੀਰ ਸਿੰਘ ਚੀਮਾ | ਜਸਵੀਰ ਪੰਨੂ | ਬਿਕਰਮਜੀਤ ਸਿੰਘ ਸੇਖੋਂ | ਹਰਕਿਸ਼ਨ ਸਿੰਘ ਭੱਟੀ | ਗੁਰਿੰਦਰ ਸਿੰਘ ਖਾਲਸਾ | ਇੰਦਰ ਵਿਰਕ | ਜਸਬੀਰ ਰੰਧਾਵਾ | ਭੁਪਿੰਦਰ ਧਾਲੀਵਾਲ | ਸੰਤੋਖ ਸਿੰਘ ਡੀ ਸੀ



ਅਭੀ ਜੈਲਦਾਰ | ਸਨੀ ਗਿੱਲ | ਰਿਪਨ ਜ਼ੈਲਦਾਰ | ਤੇਜਿੰਦਰ ਸਿੰਘ | ਪੀਟਾ ਸਹੋਤਾ | ਗੁਰਨੇਕ ਸਿੰਘ ਬਸੰਤੀ | ਅਮਰਦੀਪ ਛੀਨਾ | ਗੁਰਮੀਤ ਅਰੋੜਾ | ਮੱਖਣ ਸਿੰਘ ਗਿੱਲ | ਕੁਲਵਿੰਦਰ ਸਿੰਘ | ਜੋਧ ਸਿੰਘ ਸਿੱਧੂ | ਡਾ. ਹਰਜਿੰਦਰ ਸਿੰਘ ਖਹਿਰਾ



ਨਿਰਪਿੰਦਰ ਸਿੰਘ | ਗੁਰਮੀਤ ਗਡਾਣੀ | ਅਮਰਜੀਤ ਗਡਾਣੀ | ਅਵਤਾਰ ਸਿੰਘ ਸੱਲ੍ਹਾਂ | ਮਲਕੀਤ ਸਿੰਘ ਸੱਲ੍ਹਾਂ | ਤਰਲੋਚਨ ਸਿੰਘ ਸੰਘਾ | ਜਗਮੋਹਨ ਸਿੰਘ ਬੇਗੋਵਾਲ | ਸੁਖਜਿੰਦਰ ਸਿੰਘ ਸੋਨੂੰ | ਹਰਕੇਵਲ ਲਾਲੀ | ਕਸ਼ਮੀਰਾ ਸਿੰਘ | ਮਨਜੀਤ ਸਿੰਘ ਢਿੱਲੋਂ | ਇੰਦਰਜੀਤ ਸਿੰਘ ਮੁੱਕਰ | ਨਰਿੰਦਰ ਸਰਾਂ

ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼



ਹੈਰੀ ਟੁੱਟ | ਜਗਜੀਤ ਬਾਜਵਾ | ਮਨਮਿੰਦਰ ਸਿੰਘ ਹੀਰ | ਲਾਲੀ ਪੰਧੇਰ

## Sher-E-Punjab Sports & Cultural Society cincannati (Ohio)



Charanjit Singh Brar | Amrik Singh Tiwana | Harvinder Walia | Harinder Singh Kang | Gurpreet Singh Gill | Gurminder Sandhu | Palwinder Dhillon | Jaswant Singh Jassi | Vineet Gupta

Surjeet Singh Mavi | Amarjit Aggarwal | Pritampaul Singh | Paramjit Singh Garcha | Happy Matot | Narinder Pal Tatla | Gurnek Singh | Harvinder Kang Binda | Happy Mundi

Surinder Cheema | Sukhdev Singh Garcha | Surmukh Singh Kang | Pamma Dhilwan | Simranjit Malhi | Raj Sandhu | Surinder Pal | Guru Dharni | Goldi Mundi

## Punjab Sports & Cultural Club, Chicago




ਅੰਮ੍ਰਿਤਪਾਲ ਸਿੰਘ ਸੰਘਾ (ਪ੍ਰਧਾਨ) | ਯਾਦਵਿੰਦਰ ਸਿੰਘ ਗਰੇਵਾਲ (ਉਪ ਪ੍ਰਧਾਨ) | ਲਵਦੀਪ ਸਿੰਘ ਦੁੱਲਤ (ਜਨਰਲ ਸਕੱਤਰ) | ਗੁਰਮੀਤ ਸਿੰਘ ਭੋਲਾ (ਮੀਡੀਆ ਸਕੱਤਰ)

## ਰੰਗਲਾ ਪੰਜਾਬ ਐਪਲਟਨ ਵਲੋਂ

ਬੈਸਟ ਜਾਫੀ ਤੇ ਰੇਡਰ ਨੂੰ ਇਨਾਮ ਦੇ ਕੇ ਨਿਵਾਜਿਆ ਜਾਵੇਗਾ।

## ਬਰੇਕਫਾਸਟ ਸਪਾਂਸਰ (ਮੈਡੀਸਿਨ ਗਰੁੱਪ)



ਇੰਦਰਬੈਂਸ ਸਿੰਘ ਬਰਾੜ | ਜਪਤੇਜ ਸਿੰਘ ਔਲਖ | ਨਵਤੇਜ ਸਿੰਘ ਗਿੱਲ



ਸੁਰਿੰਦਰ ਸਿੰਘ ਪੰਗਲੀ | ਨਿਰਭੈ ਸਿੰਘ ਪੰਗਲੀ | ਰੇਸ਼ਮ ਸਿੰਘ

## ਖਾਣੇ ਦੀ ਸੇਵਾ ਕੇ ਕੇ ਪੰਮਾ ਵਲੋਂ ਕੀਤੀ ਜਾਵੇਗੀ



ਕੇ ਕੇ ਪੰਮਾ



Mortgage Loans
Residential & Commercial
(Licensed Mortgage Originator)
» Call: Amrik P. Singh
Serving Community from Last 14 Years
312-608-0006
asingh@gosfmc.com www.gosfmc.com
2700 Patriot Blvd., Suite 110 Glenview IL 60026
Solutions Financial
NMLS #232904



Deepak & Nikita Chandani | Ashok Chandani | Pritam & Priya Chandani
NP
N.P. Jewelers, Inc.
EXQUISITE 22KT GOLD, DIAMOND, POLKI & STUDDED JEWELRY
(773) 508-GOLD(4653)
(312)-522-8685

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ)

## ਗੋਲਡ ਸਪਾਂਸਰ



ਲਖਬੀਰ ਸਿੰਘ ਸੰਧੂ ਪਾਲ ਸਿੰਘ ਜੱਜ ਬਲਵਿੰਦਰ ਸਿੰਘ ਢਿੱਲੋਂ ਗੁਰਸਾਹਿਬ ਸਿੰਘ ਤੂਰ ਸਤੀਸ਼ ਭਾਰਦਵਾਜ ਪਰਮਜੀਤ ਸਿੰਘ ਪੰਮਾ ਕਮਲ ਸੰਘਾ ਤੇਜਵੀਰ ਸੰਧੂ ਹਰਜੀਤ ਸਿੰਘ ਗਿੱਲ



ਸੁਰਜੀਤ ਗਰੇਵਾਲ ਇੰਦਰਜੀਤ ਗਰੇਵਾਲ ਡਾ ਰਸ਼ਪਾਲ ਬਾਜਵਾ ਰਘਵਿੰਦਰ ਮਾਹਲ ਸਨੀ ਜੈਨ ਗੁਰਦੇਵ ਸਿੰਘ ਮਾਣਕ ਜਗਜੀਤ ਝੱਜ ਪਰਵਿੰਦਰ ਔਜਲਾ ਪ੍ਰੀਤਮ ਸਿੰਘ ਸਿੱਧੂ



ਰਣਜੀਤ ਗਿੱਲ ਮਨਜੀਤ ਸਿੰਘ ਵਰਿੰਦਰ ਨਾਗਰਾ ਪਰਮਿੰਦਰ ਸਿੱਧੂ ਜੋਰਾਵਰ ਸਿੰਘ ਰਵਿੰਦਰ ਰਵੀ ਸਿਕੰਦਰ ਬਿੱਟੂ ਸਤਵਿੰਦਰ ਸੱਤਾ ਨਿਧਾਨ ਸਿੰਘ



ਸਨੀ ਕੁਲਾਰ ਸੁਖਵਿੰਦਰ ਨਾਗਰਾ ਮਨਜੀਤ ਸਿੰਘ ਬੇਅੰਤ ਬੋਪਾਰਾਏ ਵਿਕਰਮ ਸੋਹੀ ਪੰਮੀ ਗਰੇਵਾਲ ਪਰਦੀਪ ਸਲਵਾਨ ਬਰੈਟੀ ਗਿੱਲ ਰਾਕੇਸ਼ ਰਿਹਾਨ



ਹੌਬੀ ਗਰੇਵਾਲ ਸਾਬੀ ਨਿਮਾਜੀਪੁਰ ਪਰਮਿੰਦਰ ਮੁਲਤਾਨੀ ਬਲਿਹਾਰ ਦੁਲਈ ਗੁਰਸ਼ਰਨ ਸਹੋਤਾ ਮੱਖਣ ਸਿੰਘ ਕਲੇਰ ਰੰਮੀ ਗਰੇਵਾਲ ਲੱਖੀ ਔਜਲਾ ਕੁਲਵੰਤ ਸਿੰਘ ਨਾਗਰਾ

SWERA WOMEN SUPPORT GROUP SIKH WOMEN ERA

Fresh INDIAN GRILL Bring Flavor to Your Life
Jaswant Singh Owner
317.853.6550
info@freshindiangrill.com
freshindiangrill.com
1420 W Main St, Suite D Carmel, IN 46032

ਪੰਜਾਬ ਟਾਈਮਜ਼

BHANGRA RHYMES

IPR

Ashyana BANQUETS Small or Big Gatherings & Special Occasions Call : 630-964-7090

Lakhvir S Johal for Catering at your home or business or private location

**ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ, ਗੁਰਦੁਆਰੇ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ**

## ਮੇਲੇ ਦੇ HIGHLIGHTS

* ਇੰਡੀਅਨਐਪੋਲਿਸ ਦੀਆਂ ਰੱਸਾਕਸ਼ੀ ਦੀਆਂ ਦੋ ਟੀਮਾਂ ਦੇ ਮੁਕਾਬਲੇ ਸ਼ਿਕਾਗੋ ਤੇ ਮਿਲਵਾਕੀ ਦੀਆਂ ਟੀਮਾਂ ਨਾਲ ਹੋਣਗੇ।
* ਬੱਚਿਆਂ ਤੇ ਬੱਚੀਆਂ ਦੇ ਦੌੜ ਮੁਕਾਬਲੇ।
* ਬੀਬੀਆਂ ਲਈ ਮਿਊਜ਼ੀਕਲ ਚੇਅਰ ਮੁਕਾਬਲੇ ਹੋਣਗੇ ਅਤੇ ਕੱਪੜਿਆਂ ਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

DESINGED BY : APK

# ਸਿਵਲ ਸੇਵਾਵਾਂ ਵਿਚ ਸਿਆਸੀ ਦਖ਼ਲ ਦੇ ਮਸਲੇ

ਗੁਰਬਚਨ ਜਗਤ

ਇਹ ਗੱਲ ਨੱਬੇ ਦੇ ਦਹਾਕੇ ਦੇ ਅੱਧ ਦੀ ਹੈ ਜਦੋਂ ਮੈਂ ਪ੍ਰਸ਼ਾਸਕੀ ਅਹੁਦੇ 'ਤੇ ਚੰਡੀਗੜ੍ਹ ਸਥਿਤ ਪੁਲਿਸ ਹੈੱਡਕੁਆਰਟਰ 'ਚ ਤਾਇਨਾਤ ਸੀ। ਇਕ ਦਿਨ ਦੁਪਹਿਰ ਬਾਅਦ ਡਾਇਰੈਕਟਰ ਜਨਰਲ ਪੁਲਿਸ (ਡੀ.ਜੀ.ਪੀ.) ਨੇ ਫੋਨ ਕੀਤਾ ਤੇ ਇੱਛਾ ਜ਼ਾਹਿਰ ਕੀਤੀ ਕਿ ਮੈਂ ਪੰਜਾਬ ਭਵਨ 'ਚ ਮੁੱਖ ਮੰਤਰੀ ਨਾਲ ਮੀਟਿੰਗ ਲਈ ਉਨ੍ਹਾਂ ਦੇ ਨਾਲ ਚੱਲਾਂ। ਅਸੀਂ ਦੋਵੇਂ ਉਥੇ ਮਿਥੇ ਸਮੇਂ 'ਤੇ ਪਹੁੰਚ ਗਏ ਪਰ ਮੁੱਖ ਮੰਤਰੀ ਅਜੇ ਨਹੀਂ ਆਏ ਸਨ; ਕੁਝ ਸਮੇਂ ਬਾਅਦ, ਮੁੱਖ ਮੰਤਰੀ ਦਾ ਇਕ ਸਹਿਯੋਗੀ ਉਨ੍ਹਾਂ ਵੱਲੋਂ ਉਥੇ ਅੱਪੜਿਆ। ਹਾਲ-ਚਾਲ ਪੁੱਛਣ ਤੋਂ ਬਾਅਦ ਮੰਤਰੀ ਨੇ ਆਪਣੀ ਜੇਬ ਵਿਚੋਂ ਕਾਗਜ਼ ਦਾ ਟੁਕੜਾ ਕੱਢਿਆ ਤੇ ਡੀ.ਜੀ.ਪੀ. ਨੂੰ ਫੜਾ ਦਿੱਤਾ। ਮੇਰਾ ਅਫਸਰ ਗੁੱਸੇ 'ਤੇ ਕਾਬੂ ਨਾ ਰੱਖ ਸਕਣ ਵਾਲੇ ਅਧਿਕਾਰੀ ਵਜੋਂ ਜਾਣਿਆ ਜਾਂਦਾ ਸੀ ਤੇ ਮੈਂ ਉਨ੍ਹਾਂ ਨੂੰ ਲਾਲ ਹੁੰਦਿਆਂ ਦੇਖ ਸਕਦਾ ਸੀ। ਉਨ੍ਹਾਂ ਕਾਗਜ਼ ਮੈਨੂੰ ਫੜਾ ਦਿੱਤਾ; ਇਸ 'ਚ ਕਰੀਬ 20 ਤਬਾਦਲਿਆਂ ਦੀ ਸੂਚੀ ਸੀ। ਤਜਵੀਜ਼ਸ਼ੁਦਾ ਤਬਾਦਲੇ ਇਕੋ ਸਿਧਾਂਤ 'ਤੇ ਆਧਾਰਿਤ ਸਨ: ਸਾਰੇ ਕੰਮ ਚੋਰ ਫੀਲਡ 'ਚ ਜਾਣਗੇ ਤੇ ਸਾਰੇ ਚੰਗੇ ਅਧਿਕਾਰੀ ਡੈਸਕ 'ਤੇ ਆਉਣਗੇ।

ਡੀ.ਜੀ.ਪੀ. ਨੇ ਮੇਰੀ ਰਾਇ ਪੁੱਛੀ, ਮੈਂ ਉਨ੍ਹਾਂ ਦਾ ਪੱਖ ਪੂਰਿਆ ਤੇ ਕਿਹਾ ਕਿ ਇਕ ਵੀ ਤਜਵੀਜ਼ ਸਵੀਕਾਰ ਕਰਨ ਵਾਲੀ ਨਹੀਂ। ਡੀ.ਜੀ.ਪੀ. ਉਠ ਖੜ੍ਹੇ ਹੋਏ, ਤੇ ਜਿਵੇਂ ਹੀ ਅਸੀਂ ਉਥੋਂ ਤੁਰਨ ਲੱਗੇ, ਮੰਤਰੀ ਨੇ ਸੁਝਾਅ ਦਿੱਤਾ ਕਿ ਅਸੀਂ ਮਾਮਲੇ 'ਤੇ ਵਿਚਾਰ ਕਰ ਸਕਦੇ ਹਾਂ ਤੇ ਕੁਝ ਤਬਦੀਲੀਆਂ ਵੀ ਕਰ ਸਕਦੇ ਹਾਂ। ਡੀ.ਜੀ.ਪੀ. ਨੂੰ ਲਗਭਗ ਸਾਫ਼-ਸਪਸ਼ਟ ਦੱਸ ਦਿੱਤਾ ਗਿਆ ਸੀ ਕਿ ਕੋਈ ਤੋਲ-ਮੋਲ ਨਹੀਂ ਹੋਣਾ, ਤੇ ਇਸ ਮਗਰੋਂ ਅਸੀਂ ਮੀਟਿੰਗ 'ਚੋਂ ਉਠ ਤੁਰੇ। ਮੈਂ ਡੀ.ਜੀ.ਪੀ. ਨੂੰ ਉਨ੍ਹਾਂ ਦੇ ਘਰੇ ਲਾਹਿਆ ਅਤੇ ਕਿਹਾ ਕਿ ਤਬਾਦਲੇ ਲਈ ਤਿਆਰ ਰਹੀਏ। ਦੋ ਦਿਨਾਂ ਬਾਅਦ ਸਾਨੂੰ ਦੋਵਾਂ ਨੂੰ ਬਦਲ ਦਿੱਤਾ ਗਿਆ ਤੇ ਨਾਲ ਹੀ ਮੁੱਖ ਸਕੱਤਰ ਨੂੰ ਵੀ (ਸਾਫ਼ ਸੀ ਕਿ ਉਨ੍ਹਾਂ ਨਾਲ ਵੀ ਇਸੇ ਤਰ੍ਹਾਂ ਹੋਇਆ ਸੀ)। ਹਾਲਾਂਕਿ ਸਮੇਂ ਵੱਖਰੇ ਸਨ ਅਤੇ ਕਦਰਾਂ ਤੇ ਸਿਧਾਂਤਾਂ ਦੀ ਹੋਂਦ ਅਜੇ ਹੈ ਸੀ ਜਿਨ੍ਹਾਂ ਕਰ ਕੇ ਸਾਡਾ ਕਿਸੇ ਦਾ ਵੀ ਕਰੀਅਰ ਬੁਰੀ ਤਰ੍ਹਾਂ ਪ੍ਰਭਾਵਿਤ ਨਹੀਂ ਹੋਇਆ ਬਲਕਿ ਡੀ.ਜੀ.ਪੀ. ਇਕ ਸੂਬੇ ਦੇ ਰਾਜਪਾਲ ਬਣ ਕੇ ਵਿਦਾ ਹੋਏ, ਮੁੱਖ ਸਕੱਤਰ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਬਣ ਗਏ ਤੇ ਮੈਨੂੰ ਜੰਮੂ ਕਸ਼ਮੀਰ ਦਾ ਡੀ.ਜੀ.ਪੀ. ਲਾ ਦਿੱਤਾ ਗਿਆ।

ਇਹ ਘਟਨਾ ਉਦੋਂ ਵਾਪਰੀ ਸੀ ਜਦ ਅਸੀਂ ਅਜੇ ਅਤਿਵਾਦ ਦੇ ਮੁਸ਼ਕਿਲ ਦੌਰ 'ਚੋਂ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲ ਸਕੇ ਸੀ। ਨਹੀਂ ਤਾਂ ਨਿਯੁਕਤੀਆਂ ਤੇ ਤਬਾਦਲਿਆਂ ਬਾਰੇ ਪੁਰਾਣੇ ਨਿਯਮ ਤੇ ਕਾਇਦੇ ਹੀ ਵਰਤੇ ਜਾ ਰਹੇ ਸਨ। ਤਜਵੀਜ਼ਾਂ ਡੀ.ਜੀ.ਪੀ. ਤੋਂ ਗ੍ਰਹਿ ਵਿਭਾਗ ਨੂੰ ਭੇਜੀਆਂ ਜਾਂਦੀਆਂ ਸਨ ਤੇ ਜੇ ਕੋਈ ਫ਼ਰਕ ਰਹਿ ਜਾਂਦਾ ਸੀ, ਉਸ ਨੂੰ



ਗ੍ਰਹਿ ਸਕੱਤਰ ਤੇ ਡੀ.ਜੀ.ਪੀ. ਮਿਲ ਕੇ ਦੂਰ ਕਰ ਲੈਂਦੇ ਸਨ ਅਤੇ ਨਾਂ ਮੁੱਖ ਮੰਤਰੀ ਨੂੰ ਭੇਜ ਦਿੱਤੇ ਜਾਂਦੇ ਸਨ। ਅਤਿਵਾਦ ਕਾਰਨ ਡੀ.ਜੀ.ਪੀ. ਦੀਆਂ ਤਜਵੀਜ਼ਾਂ ਨੂੰ ਹੀ ਜ਼ਿਆਦਾਤਰ ਮੰਨਿਆ ਜਾਂਦਾ ਸੀ; ਹਾਲਾਂਕਿ ਇਸ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਪਹਿਲਾਂ ਦੇ ਵੇਲਿਆਂ 'ਚ ਵੀ ਇਹੀ ਪ੍ਰਕਿਰਿਆ ਹੁੰਦੀ ਸੀ ਅਤੇ ਇਸ ਦਾ ਪਾਲਣ ਕੀਤਾ ਜਾਂਦਾ ਸੀ। ਇਨ੍ਹਾਂ ਮਾਮਲਿਆਂ 'ਚ ਵਿਆਪਕ ਪੱਧਰ 'ਤੇ ਸਿਆਸੀ ਦਖ਼ਲ ਦਾ ਸਵਾਲ ਹੀ ਨਹੀਂ ਸੀ ਹੁੰਦਾ।

ਉਨ੍ਹੀਵੀਂ ਸਦੀ ਦੇ ਅੱਧ 'ਚ ਭਾਰਤੀ ਸਿਵਲ ਸੇਵਾਵਾਂ (ਆਈ.ਸੀ.ਐੱਸ.) ਵਿਚ ਸੁਧਾਰ ਕੀਤੇ ਗਏ (ਆਈ.ਸੀ.ਐੱਸ. 'ਤੇ ਲਾਰਡ ਮੈਕਾਲੇ ਦੀ 1854 ਦੀ ਰਿਪੋਰਟ ਦੇ ਆਧਾਰ ਉਤੇ) ਤੇ ਭਰਤੀ ਨੂੰ ਸਰਪ੍ਰਸਤੀ ਤੋਂ ਮੈਰਿਟ ਆਧਾਰਿਤ ਢਾਂਚੇ ਵੱਲ ਲਿਆਂਦਾ ਗਿਆ। ਇਹੀ ਸੁਧਾਰ ਬਰਤਾਨਵੀ ਗ੍ਰਹਿ ਸਿਵਲ ਸੇਵਾ ਵਿਚ ਵੀ ਲਾਗੂ ਕੀਤੇ ਗਏ। ਐਲਕੇ ਫਰੈਂਕ (ਹੰਟਰ ਕਾਲਜ, ਸਿਟੀ ਯੂਨੀਵਰਸਿਟੀ ਆਫ ਨਿਊਯਾਰਕ) ਦੇ ਇਕ ਪੇਪਰ ਵਿਚ, ਉਨ੍ਹਾਂ ਪਰਿਵਰਤਨ ਵੇਲੇ ਨੌਕਰਸ਼ਾਹੀ ਦੀ ਅਹਿਮੀਅਤ ਬਾਰੇ ਦੱਸਿਆ ਹੈ: "ਨੌਕਰਸ਼ਾਹੀ ਕਿਉਂਕਿ 'ਆਧੁਨਿਕ ਸ਼ਾਸਨ ਪ੍ਰਬੰਧ ਦਾ ਮੂਲ ਹੈ', ਇਸ ਲਈ ਸਿਆਸੀ ਤਬਦੀਲੀ ਦੀ ਪ੍ਰਕਿਰਿਆ ਵਿਚ ਨੌਕਰਸ਼ਾਹਾਂ ਦਾ ਰੋਲ ਵਿਸ਼ੇਸ਼ ਤੌਰ 'ਤੇ ਅਹਿਮ ਹੁੰਦਾ ਹੈ। ਜਦ ਇਕ ਸਰਕਾਰ ਦੂਜੀ ਦੀ ਥਾਂ ਲੈਂਦੀ ਹੈ, ਉਦੋਂ ਸੱਤਾ ਦਾ ਤਬਾਦਲਾ ਜਾਂ ਤਾਂ ਸਿਆਸੀ ਢਾਂਚੇ ਵਿਚ ਕ੍ਰਾਂਤੀਕਾਰੀ ਤਬਦੀਲੀ ਨੂੰ ਦਰਸਾਉਂਦਾ ਹੈ ਜਾਂ ਫੇਰ ਇਹ ਸਥਾਪਿਤ ਸੰਵਿਧਾਨਕ ਢਾਂਚੇ ਦੇ ਅੰਦਰ ਮਹਿਜ਼ ਇਕ ਧਿਰ ਦੀ ਹੋਣੀ 'ਚ ਹੋ ਰਿਹਾ ਪਰਿਵਰਤਨ ਹੁੰਦਾ ਹੈ, ਨੌਕਰਸ਼ਾਹਾਂ ਤੋਂ ਅਹੁਦਿਆਂ 'ਤੇ ਬਣੇ ਰਹਿਣ ਅਤੇ ਆਮ ਵਾਂਗ ਸਰਕਾਰੀ ਗਤੀਵਿਧੀਆਂ 'ਚ ਸ਼ਾਮਲ ਹੁੰਦੇ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ। ਨੀਤੀਆਂ 'ਚ ਭਾਵੇਂ ਕਿੰਨੀਆਂ ਵੀ ਕਠੋਰ ਤਬਦੀਲੀਆਂ ਕਿਉਂ ਨਾ ਆ ਜਾਣ, ਸਰਕਾਰ ਦਾ ਪਹੀਆ ਸ਼ਾਇਦ ਪੂਰੀ ਤਰ੍ਹਾਂ ਕਦੇ ਨਾ ਰੁਕੇ। ਜ਼ਰੂਰੀ ਯੋਜਨਾਵਾਂ ਤੇ ਗਤੀਵਿਧੀਆਂ ਚੱਲਦੀਆਂ ਹੀ ਰਹਿਣੀਆਂ ਚਾਹੀਦੀਆਂ ਹਨ; ਬੁਨਿਆਦੀ ਵਚਨਬੱਧਤਾਵਾਂ ਦਾ ਹਰ ਹਾਲ ਸਤਿਕਾਰ ਹੋਣਾ ਚਾਹੀਦਾ ਹੈ ਤਾਂ ਕਿ ਸੰਪੂਰਨ ਸਮਾਜਿਕ ਤਾਣਾ-ਬਾਣਾ ਟੁਕੜੇ-ਟੁਕੜੇ ਨਾ ਹੋਵੇ।"

ਸ਼੍ਰੇਸ਼ਠਤਾ ਦੀ ਬੁਨਿਆਦ ਇਹੀ ਹੈ ਕਿ ਮੁੱਢਲੀਆਂ ਵਚਨਬੱਧਤਾਵਾਂ ਦਾ ਹਰ ਹਾਲ ਸਤਿਕਾਰ ਹੋਵੇ ਜੋ ਜਮਹੂਰੀਅਤ ਤੇ ਸਮਰੱਥ ਸਰਕਾਰ ਦਾ ਕੇਂਦਰ ਬਿੰਦੂ ਹਨ ਹਾਲਾਂਕਿ ਸਿਆਸੀ ਤੇ ਪ੍ਰਸ਼ਾਸਕੀ ਸਮਰੱਥਾ, ਜਵਾਬਦੇਹੀ ਅਤੇ ਨੈਤਿਕਤਾ ਦੇ ਮਿਆਰਾਂ 'ਚ ਨਿਘਾਰ ਦੇ ਨਾਲ ਹੀ ਸਿਵਲ ਸੇਵਾਵਾਂ 'ਚ ਬਾਹਰੀ ਦਖ਼ਲ ਸ਼ੁਰੂ ਹੋ ਗਿਆ। ਇਹ ਸੱਤਾ ਵਿਚ ਬੈਠੇ ਉਨ੍ਹਾਂ ਲੋਕਾਂ ਨਾਲ ਸ਼ੁਰੂ ਹੋਇਆ ਜਿਹੜੇ ਆਪਣੇ ਰਸੂਖ਼ ਵਾਲੇ ਖੇਤਰਾਂ 'ਚ ਆਪਣੀ ਮਰਜ਼ੀ ਦੇ ਅਫਸਰ ਚਾਹੁੰਦੇ ਸਨ ਤੇ ਅਧਿਕਾਰੀਆਂ ਨੇ ਵੀ ਆਪਣੀ ਮਰਜ਼ੀ ਦੀਆਂ ਪਦਵੀਆਂ ਲੈਣ ਲਈ ਸਿਆਸੀ ਸੰਪਰਕ ਵਰਤਣੇ ਸ਼ੁਰੂ ਕਰ ਦਿੱਤੇ। ਇਕ ਤਰ੍ਹਾਂ ਦਾ ਲੈਣ-ਦੇਣ ਸਥਾਪਿਤ ਹੋ ਗਿਆ। ਬੂੰਦ-ਬੂੰਦ ਤੋਂ ਸ਼ੁਰੂ ਹੋਇਆ ਵਰਤਾਰਾ ਮਗਰੋਂ ਹੜ੍ਹ ਬਣ ਗਿਆ ਜਿਸ ਲਈ 'ਫਲੱਡਗੇਟ' ਖੋਲ੍ਹਣੇ ਪਏ। ਇਸ ਦਾ ਕਾਰਨ ਸੀ, ਸਿਵਲ ਸੇਵਾਵਾਂ ਦਾ ਸਿਆਸੀਕਰਨ ਤੇ ਰਾਜਸੀ ਆਗੂਆਂ-ਅਪਰਾਧੀਆਂ-ਪੁਲਿਸ ਦੀ ਮਿਲੀਭੁਗਤ ਜਿਸ ਨੂੰ ਸਿਆਸੀ ਧਿਰਾਂ ਵੱਲੋਂ ਸ਼ੁਰੂ ਕੀਤੇ ਹਲਕਾ ਇੰਚਾਰਜਾਂ (ਵੱਖ-ਵੱਖ ਰਾਜਾਂ ਵਿਚ ਹਲਕਾ ਇੰਚਾਰਜਾਂ ਲਈ ਕਈ ਤਰ੍ਹਾਂ ਦੇ ਨਾਂ ਵਰਤੇ ਜਾਂਦੇ ਹਨ) ਦੇ ਤੰਤਰ ਨੇ ਹੋਰ ਤਿੱਖਾ ਕੀਤਾ। ਸਿਵਲ ਅਧਿਕਾਰੀਆਂ ਨੇ ਸ਼ਰੇਆਮ ਆਪਣੇ ਸਿਆਸੀ ਸਰਪ੍ਰਸਤਾਂ ਨਾਲ ਕਤਾਰਬੰਦੀ ਕਰ ਲਈ ਅਤੇ ਬਦਲੇ 'ਚ ਆਪਣੇ ਸਿਆਸੀ ਆਕਾਵਾਂ ਦੀ ਪੈਸੇ ਤੇ ਬਾਹੂਬਲ ਨਾਲ ਮਦਦ ਕਰਨ ਲਈ ਅਪਰਾਧਕ ਗੈਂਗਾਂ ਨੂੰ ਸਰਪ੍ਰਸਤੀ ਦਿੱਤੀ। ਜ਼ਿਲ੍ਹਾ ਤੇ ਸਬ ਡਿਵੀਜ਼ਨ ਪੱਧਰਾਂ ਉਤੇ ਡੀ.ਐੱਸ.ਪੀ., ਐੱਸ.ਡੀ.ਐੱਮ. ਤੇ ਐੱਸ.ਐੱਚ.ਓ. ਜਿਹੇ ਅਧਿਕਾਰੀਆਂ ਦੇ ਤਬਾਦਲੇ ਹਲਕਾਂ ਇੰਚਾਰਜਾਂ ਹਵਾਲੇ ਕਰ ਦਿੱਤੇ ਗਏ ਜੋ ਇਨ੍ਹਾਂ ਅਧਿਕਾਰੀਆਂ ਲਈ ਮਾਧਿਅਮ ਬਣ ਗਏ ਜਿਨ੍ਹਾਂ ਦੀ ਵਫ਼ਾਦਾਰੀ ਉਨ੍ਹਾਂ ਦੇ ਸੀਨੀਅਰਾਂ ਲਈ ਖ਼ਤਮ ਹੋ ਗਈ ਤੇ ਉਹ ਮਾਫੀਆ ਦੀ ਸੇਵਾ 'ਚ ਲੱਗ ਗਏ। ਇਸ ਚੀਜ਼ ਨੇ ਸਿਵਲ ਸੇਵਾਵਾਂ ਵਿਚ ਲੜੀ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਤੇ ਨੈਤਿਕ ਕਦਰਾਂ-ਕੀਮਤਾਂ ਵੀ ਖੂੰਜੇ ਲੱਗ ਗਈਆਂ। ਇਸ ਦੇ ਨਾਲ ਹੀ ਉਹ ਦਿਨ ਵੀ ਲੱਦ ਗਏ ਜਦ ਸਿਵਲ ਸੇਵਾਵਾਂ ਕਾਨੂੰਨ ਦੇ ਸ਼ਾਸਨ ਪ੍ਰਤੀ ਸਮਰਪਿਤ ਹੁੰਦੀਆਂ ਸਨ। ਕਈ ਚੰਗੇ ਅਧਿਕਾਰੀਆਂ ਨੂੰ ਜਾਂ ਤਾਂ ਪਾਸੇ ਕਰ ਦਿੱਤਾ ਗਿਆ ਜਾਂ ਫਿਰ ਉਨ੍ਹਾਂ ਭਾਰਤ ਸਰਕਾਰ ਵਿਚ ਡੈਪੂਟੇਸ਼ਨ ਲਈ ਅਰਜ਼ੀ ਦੇ ਦਿੱਤੀ (ਉਥੇ ਇਹ ਅਲਾਮਤ ਥੋੜ੍ਹੀ ਦੇਰ ਬਾਅਦ ਫੈਲੀ ਪਰ ਹੁਣ ਪੂਰੀਆਂ ਜੜ੍ਹਾਂ ਫੜ ਚੁੱਕੀ ਹੈ)।

ਪੈਸੇ ਤੇ ਤਾਕਤ ਲਈ ਵਧਦੀ ਲਾਲਸਾ ਕਾਰਨ, ਭ੍ਰਿਸ਼ਟਾਚਾਰ ਵੀ ਕਈ ਗੁਣਾ ਵਧ ਗਿਆ ਤੇ ਸੰਗਠਿਤ ਅਪਰਾਧਕ ਗਰੁੱਪਾਂ ਤੋਂ ਖੁੱਲ੍ਹਾ 'ਨਾਜਾਇਜ਼' ਪੈਸਾ ਆਉਣਾ ਸ਼ੁਰੂ ਹੋ ਗਿਆ ਜਿਹੜੇ ਬਾਹੂਬਲ ਵੀ ਉਪਲਬਧ ਕਰਾ ਰਹੇ ਸਨ। ਇੱਥੋਂ ਤਸਕਰਾਂ, ਨਸ਼ਿਆਂ ਤੇ ਕਾਲੇ ਧਨ ਨੂੰ ਸਫੈਦ ਕਰਨ ਵਾਲੇ ਮਾਫੀਆ ਦੀ ਸ਼ੁਰੂਆਤ ਹੋਈ ਜਿਨ੍ਹਾਂ ਨੂੰ ਗੈਂਗ ਕਿਹਾ ਗਿਆ। ਗੈਂਗ ਜਿਨ੍ਹਾਂ ਬਾਰੇ ਪਹਿਲਾਂ ਕਿਸੇ ਨੇ ਵੀ ਨਹੀਂ ਸੁਣਿਆ ਸੀ, ਹੁਣ ਇਨ੍ਹਾਂ ਦੇ ਪਸਾਰੇ ਨਾਲ ਨਜਿੱਠਣਾ ਵੀ ਮੁਸ਼ਕਿਲ ਹੋ ਗਿਆ ਹੈ। ਗੈਂਗਾਂ 'ਚ ਆਪਸੀ ਗੋਲੀਬਾਰੀ, ਜੇਲ੍ਹਾਂ ਵਿਚ ਲੜਾਈਆਂ ਤੇ ਡਰੱਗ ਮਾਫੀਆ 'ਚ ਹੱਤਿਆਵਾਂ ਵਰਗੀਆਂ ਘਟਨਾਵਾਂ ਆਮ ਵਾਪਰ ਰਹੀਆਂ ਹਨ। ਇੱਥੇ ਤੇ ਬਾਹਰ ਫੈਲੇ ਹੋਏ ਤੰਤਰ 'ਚ, ਕਿਤੇ-ਨਾ-ਕਿਤੇ ਸਿਆਸੀ ਪਾਰਟੀਆਂ ਦਾ ਹੱਥ ਜ਼ਰੂਰ ਹੁੰਦਾ ਹੈ। ਜਿਸ ਤਰੀਕੇ ਨਾਲ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ, ਇਹ ਤੰਤਰ ਹੋਰ ਵੀ ਜ਼ਿਆਦਾ ਮਜ਼ਬੂਤ ਹੋ ਗਿਆ ਹੈ ਕਿਉਂਕਿ ਦੋਵਾਂ ਵਿਚ ਪਹਿਲਾਂ ਨਾਲੋਂ ਵੱਧ ਪੈਸੇ ਤੇ ਬਾਹੂਬਲ ਦੀ ਲੋੜ ਹੈ।

ਮੈਂ ਕਈ ਥਾਵਾਂ 'ਤੇ ਵੱਖ-ਵੱਖ ਅਹੁਦਿਆਂ ਉਤੇ ਰਹਿੰਦਿਆਂ ਕਈ ਚੋਣ ਪ੍ਰਕਿਰਿਆਵਾਂ ਦਾ ਹਿੱਸਾ ਰਿਹਾ ਹਾਂ। ਸਾਰੀ ਜ਼ਿੰਦਗੀ ਮੈਨੂੰ ਇਹ ਸਮਝ ਨਹੀਂ ਆ ਸਕਿਆ ਕਿ ਚੋਣਾਂ ਤੋਂ ਬਿਲਕੁਲ ਪਹਿਲਾਂ ਪੁਲਿਸ ਤੇ ਹੋਰ ਸਿਵਲ ਅਧਿਕਾਰੀਆਂ ਦੇ ਤਬਾਦਲਿਆਂ ਦਾ ਇਨ੍ਹਾਂ ਦੇ ਨਤੀਜਿਆਂ 'ਤੇ ਕੀ ਅਸਰ ਹੋ ਸਕਦਾ ਹੈ। ਉਦਾਹਰਨ ਵਜੋਂ ਪੁਲਿਸ ਨੂੰ ਚੰਗੇ ਸਮਿਆਂ ਵਿਚ ਵੀ ਲੋਕ ਪਸੰਦ ਨਹੀਂ ਕਰਦੇ; ਲੋਕ ਇਸ ਤੋਂ ਸਿਰਫ਼ ਡਰਦੇ ਹਨ, ਇਸ ਦਾ ਸਤਿਕਾਰ ਨਹੀਂ ਕਰਦੇ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ 'ਚੁਣੇ' ਗਏ ਪੁਲਿਸ ਅਧਿਕਾਰੀ ਕਿਵੇਂ ਮਦਦ ਕਰ ਸਕਦੇ ਹਨ, ਪੈਸੇ ਤੇ ਬੰਦੇ ਉਪਲਬਧ ਕਰਾਉਣ ਤੋਂ ਬਿਨਾਂ। ਇਹ ਲਾਹੇਵੰਦ ਹੋ ਸਕਦੇ ਹਨ ਜੇ ਖੁੱਲ੍ਹੇਆਮ ਤੇ ਮੁਕੰਮਲ ਹੇਰ-ਫੇਰ ਹੋਵੇ, ਖ਼ੁਸ਼ਕਿਸਮਤੀ ਨਾਲ ਅਜਿਹਾ ਅਜੇ ਨਹੀਂ ਹੈ। ਉਹ ਮਸ਼ੀਨਾਂ ਨਾਲ ਵੀ ਛੇੜਛਾੜ ਕਰਨ ਦੇ ਯੋਗ ਨਹੀਂ ਹਨ ਤੇ ਇਹ ਦੋਸ਼ ਕਦੇ ਸਾਬਿਤ ਨਹੀਂ ਹੋ ਸਕਿਆ, ਖਾਸ ਤੌਰ 'ਤੇ ਜਦ ਵੱਖ-ਵੱਖ ਸਿਆਸੀ ਧਿਰਾਂ ਜਿੱਤ ਰਹੀਆਂ ਹਨ ਤੇ ਸੱਤਾ ਵਿਚ ਆ ਰਹੀਆਂ ਹਨ। ਜੋ ਵੀ ਹੈ ਪੁਲਿਸ ਤੇ ਬਾਕੀ ਸਿਵਲ ਸੇਵਾਵਾਂ ਜਿਹੜੀਆਂ ਅਪਰਾਧਕ ਨਿਆਂ ਤੰਤਰ ਨੂੰ ਬਣਾਉਂਦੀਆਂ ਹਨ, ਦੀ ਬੁਨਿਆਦ ਟੁੱਟ ਚੁੱਕੀ ਹੈ, ਤੇ ਇਹ ਪਛਾਣ 'ਚ ਨਹੀਂ ਆ ਰਹੀਆਂ। ਇਸ ਢਾਂਚੇ ਦੇ ਅਹਿਮ ਥੰਮ੍ਹ - ਨਿਆਂਪਾਲਿਕਾ 'ਚ ਵੀ ਮੰਥਨ ਦੀ ਲੋੜ ਹੈ ਤਾਂ ਕਿ ਬਕਾਇਆ ਪਏ ਲੱਖਾਂ ਕੇਸਾਂ ਦਾ ਕੋਈ ਹੱਲ ਤਲਾਸ਼ਿਆ ਜਾ ਸਕੇ।

ਜਦ ਵੀ ਕੋਈ ਘਿਨਾਉਣੀ ਘਟਨਾ ਵਾਪਰਦੀ ਹੈ ਤਾਂ ਅਸੀਂ ਸੰਘਰਸ਼ ਵਿੱਢਦੇ ਹਾਂ ਅਤੇ ਟਾਸਕ ਫੋਰਸ ਬਣਾਉਂਦੇ ਹਾਂ ਪਰ ਸਮੇਂ ਦੇ ਨਾਲ, ਸਭ ਭੁਲਾ ਦਿੱਤਾ ਜਾਂਦਾ ਹੈ - ਮਿਲੀਭਗਤ ਚੱਲਦੀ ਰਹਿੰਦੀ ਹੈ। ਕੀ ਇਹ ਨਾਪਾਕ ਗੱਠਜੋੜ ਕਦੇ ਟੁੱਟੇਗਾ? ਅਜਿਹਾ ਜਾਪਦਾ ਹੈ ਕਿ ਸਾਂਝੀ ਇੱਛਾ ਸ਼ਕਤੀ ਤੇ ਲੋਕਾਂ ਦੀ ਇਕਜੁੱਟਤਾ 'ਚੋਂ ਹੀ ਇਸ ਰੋਗ ਦਾ ਕੋਈ ਇਲਾਜ ਲੱਭੇਗਾ।

# ਗੁਆਂਢੀ ਮੁਲਕਾਂ ਦੀ ਸਿਆਸਤ ਦੇ ਸਬਕ

ਨਿਰੂਪਮਾ ਸੁਬਰਾਮਣੀਅਨ

ਜਨਵਰੀ ਤੋਂ ਮਾਰਚ ਤੱਕ ਭਾਰਤ ਅਤੇ ਮਾਲਦੀਵ ਦੇ ਰਿਸ਼ਤਿਆਂ ਵਿਚ ਨਿਘਾਰ ਆ ਗਿਆ ਸੀ ਪਰ ਉਸ ਤੋਂ ਬਾਅਦ ਦੋਵੇਂ ਦੇਸ਼ ਰਿਸ਼ਤੇ ਸੁਧਾਰਨ ਲਈ ਚੁੱਪ-ਚਾਪ ਕੰਮ ਕਰਦੇ ਨਜ਼ਰ ਆਏ। ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਿਰਕਤ ਕਰਨ ਪਹੁੰਚੇ ਜਿਸ ਤੋਂ ਦੋ ਮਹੀਨਿਆਂ ਬਾਅਦ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐੱਸ. ਜੈਸ਼ੰਕਰ ਨੇ ਮਾਲੇ ਦਾ ਦੌਰਾ ਕੀਤਾ ਸੀ। ਦੋਵੇਂ ਦੇਸ਼ਾਂ ਨੂੰ ਸਮਝ ਪੈ ਗਈ ਹੈ ਕਿ ਉਨ੍ਹਾਂ ਨੂੰ ਇੱਕ ਦੂਜੇ ਦੀ ਲੋੜ ਹੈ। ਭਾਰਤ ਨੂੰ ਮਾਲਦੀਵ ਤੋਂ ਆਪਣੇ ਫ਼ੌਜੀ ਵਾਪਸ ਬੁਲਾਉਣੇ ਪਏ ਸਨ ਪਰ ਉਸ ਟਾਪੂ ਮੁਲਕ ਦਾ ਸੈਰ-ਸਪਾਟੇ ਤੇ ਦਰਾਮਦਾਂ 'ਤੇ ਨਿਰਭਰ ਅਰਥਚਾਰਾ ਮਾਲੀ ਅਤੇ ਚਲੰਤ ਖਾਤਾ ਖਸਾਰੇ ਕਰ ਕੇ ਸੰਕਟ ਵਿਚ ਘਿਰਿਆ ਹੋਇਆ ਹੈ, ਉਸ ਦਾ ਕਰਜ਼ੇ ਦਾ ਬੋਝ ਪਹਾੜ ਹੋ ਰਿਹਾ ਹੈ।

ਪਿਛਲੇ ਮਹੀਨੇ ਰਾਸ਼ਟਰਪਤੀ ਨੇ ਸਰਕਾਰੀ ਖਰਚ ਵਿਚ ਕਟੌਤੀ ਦਾ ਐਲਾਨ ਕੀਤਾ ਸੀ। ਸਰਕਾਰੀ ਖਰਚ ਵਿਚ ਜ਼ਬਰਦਸਤ ਕਟੌਤੀ ਕੀਤੀ ਜਿਸ ਨਾਲ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਅਧੂਰੇ ਲਟਕ ਗਏ। ਮੁਫ਼ਤ ਸਿਹਤ ਸੰਭਾਲ ਪ੍ਰਣਾਲੀ ਦੀ ਕਾਇਆ ਕਲਪ ਕੀਤੀ ਜਾਣੀ ਹੈ ਅਤੇ ਘਾਟੇ ਦਾ ਸਾਹਮਣਾ ਕਰ ਰਹੇ ਸਰਕਾਰੀ ਮਾਲਕੀ ਵਾਲੇ ਅਦਾਰਿਆਂ ਨੂੰ 'ਸੁਧਾਰਾਂ' ਦਾ ਸਾਹਮਣਾ ਕਰਨਾ ਪਵੇਗਾ। ਜੇ ਮਾਲਦੀਵ ਨੂੰ ਭਾਰਤ ਤੋਂ ਆਰਥਿਕ ਮਦਦ ਦੀ ਲੋੜ ਹੈ ਤਾਂ ਦਿੱਲੀ ਨੂੰ ਵੀ ਮਾਲਦੀਵ ਦੀ ਰਣਨੀਤਕ ਅਹਿਮੀਅਤ ਦਾ ਚੰਗੀ ਤਰ੍ਹਾਂ ਪਤਾ ਹੈ। ਮਾਲੇ ਦੀ ਬੇਨਤੀ 'ਤੇ ਦਿੱਲੀ ਨੇ 5 ਕਰੋੜ ਡਾਲਰ ਦਾ ਮਾਲਦੀਵ ਖ਼ਜ਼ਾਨਾ ਬਿੱਲ ਅਗਾਂਹ ਪਾ ਦਿੱਤਾ ਹੈ ਅਤੇ ਇਸ ਦੀ ਮਿਆਦ ਵਿਚ ਇੱਕ ਸਾਲ ਦਾ ਵਾਧਾ ਕਰ ਦਿੱਤਾ ਹੈ। ਸ਼ੁਕਰਾਨਾ ਸੰਦੇਸ਼ ਮਹੀਨੇ ਬਾਅਦ ਆਇਆ। ਮਾਲਦੀਵ ਦੇ ਆਰਥਿਕ ਵਿਕਾਸ ਅਤੇ ਵਪਾਰ ਮੰਤਰੀ ਮੁਹੰਮਦ ਸਈਦ ਨੇ ਚੀਨ ਦੇ ਦੌਰੇ ਮੌਕੇ ਟੀ.ਵੀ. ਚੈਨਲ ਨਾਲ ਮੁਲਾਕਾਤ ਵਿਚ ਆਪਣੇ ਦੇਸ਼ ਦੇ ਅਰਥਚਾਰੇ ਲਈ ਭਾਰਤ ਦੀ ਅਹਿਮੀਅਤ ਨੂੰ ਦਰਸਾਇਆ ਹੈ। ਜਨਵਰੀ ਵਿਚ ਮੁਇਜ਼ੂ ਨੇ ਪੇਈਚਿੰਗ ਵਿਚ ਐਲਾਨ ਕੀਤਾ ਸੀ ਕਿ 'ਭਾਰਤ ਸਾਡੀ ਪ੍ਰਭੂਸੱਤਾ ਲਈ ਖ਼ਤਰਾ ਹੈ' ਜਿਸ ਤੋਂ ਉਨ੍ਹਾਂ ਹੁਣ 180 ਡਿਗਰੀ ਦਾ ਮੋੜਾ ਕੱਟਿਆ ਹੈ।

ਬਹਰਹਾਲ, ਦਿੱਲੀ ਦਾ ਮਾਲਦੀਵ ਤੋਂ ਜ਼ਿਆਦਾ ਅਹਿਮ ਸਵਾਲ ਖੁੱਲ੍ਹੇ ਵਪਾਰ ਸਮਝੌਤੇ ਬਾਰੇ ਹੈ। ਸਈਦ ਨੇ ਮਾਲੇ ਵਿਚ ਪ੍ਰੈਸ ਕਾਨਫਰੰਸ ਵਿਚ ਕਿਹਾ ਸੀ ਕਿ ਭਾਰਤ ਇਹ ਕਹਿ ਰਿਹਾ ਹੈ ਕਿ ਖੁੱਲ੍ਹਾ ਵਪਾਰ ਸਮਝੌਤਾ ਹੋਣਾ ਚਾਹੀਦਾ ਹੈ ਅਤੇ ਇਸ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ, ਮਾਲਦੀਵ ਸਾਰੇ ਦੇਸ਼ਾਂ ਨਾਲ ਖੁੱਲ੍ਹੇ ਵਪਾਰ ਸਮਝੌਤੇ ਸਹੀਬੰਦ ਕਰਨ ਲਈ ਤਿਆਰ ਹੈ, ਚੀਨ ਨਾਲ ਉਸ ਦਾ ਪਹਿਲਾਂ ਹੀ ਖੁੱਲ੍ਹਾ ਵਪਾਰ ਸਮਝੌਤਾ ਚੱਲ ਰਿਹਾ ਹੈ ਜਿਸ 'ਤੇ 2018 ਵਿਚ ਅਬਦੁੱਲਾ ਯਾਮੀਨ ਸਰਕਾਰ ਨੇ ਸਹੀ ਪਾਈ ਸੀ। ਇਸ 'ਤੇ ਅਮਲ ਕਰਨ ਤੋਂ ਪਹਿਲਾਂ ਹੀ ਯਾਮੀਨ ਸਰਕਾਰ ਚੋਣਾਂ ਹਾਰਨ ਕਰ ਕੇ ਸੱਤਾ ਤੋਂ ਲਾਂਭੇ ਹੋ ਗਈ ਸੀ। ਉਨ੍ਹਾਂ ਤੋਂ ਬਾਅਦ ਆਈ ਅਬੂ ਸੋਲੀਹ ਸਰਕਾਰ ਨੇ ਇਹ ਸਮਝੌਤਾ ਤਿਆਗ ਦਿੱਤਾ ਸੀ। ਇਹ ਅਹਿਮ ਗੱਲ ਹੈ ਕਿ ਮੁਇਜ਼ੂ ਨੇ ਜੈਸ਼ੰਕਰ ਦੇ ਦੌਰੇ ਤੋਂ ਕੁਝ ਦਿਨ ਪਹਿਲਾਂ ਸਤੰਬਰ ਤੋਂ ਚੀਨ ਨਾਲ ਖੁੱਲ੍ਹੇ ਵਪਾਰ ਸਮਝੌਤੇ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਹੈ। ਜੈਸ਼ੰਕਰ ਦੇ ਦੌਰੇ ਦੌਰਾਨ ਇਨ੍ਹਾਂ ਸਾਰੀਆਂ ਗੱਲਾਂ 'ਤੇ ਚਰਚਾ ਹੋਈ ਹੋਵੇਗੀ।

ਮਤਲਬ, ਮਾਲਦੀਵ-ਭਾਰਤ ਰਿਸ਼ਤਿਆਂ ਵਿਚ ਸੁਧਾਰ ਦੀ ਪ੍ਰਕਿਰਿਆ ਅਜੇ ਚੱਲ ਰਹੀ ਹੈ ਅਤੇ ਸਭ ਕੁਝ ਸੁਚਾਰੂ ਢੰਗ ਨਾਲ ਸਿਰੇ ਚੜ੍ਹਨਾ ਸੌਖਾ ਨਹੀਂ ਹੋਵੇਗਾ ਪਰ ਭਾਰਤ ਅਤੇ ਮਾਲਦੀਵ ਜਿਹੇ ਛੋਟੇ ਮੁਲਕ ਦੇ ਆਪਸੀ ਸਬੰਧਾਂ ਦੀਆਂ ਕਨਸੋਆਂ ਦੇਣ ਵਾਲਾ ਵਿਹਾਰ ਮੰਗ ਕਰਦਾ ਹੈ ਕਿ ਖਿੱਤੇ ਦੇ ਸਾਰੇ ਮੁਲਕਾਂ ਨਾਲ ਭਾਰਤ ਦੇ ਸਬੰਧ ਕਾਇਮ ਹੋਣ। ਇਸ ਦਾ ਇੱਕ ਕਾਰਨ ਇਹ ਹੈ ਕਿ ਜੇ ਵਿਦੇਸ਼ੀ ਸਰਕਾਰਾਂ ਨੂੰ 'ਦਿੱਲੀ ਦੇ ਦੋਸਤ' ਜਾਂ 'ਭਾਰਤ ਵਿਰੋਧੀ' ਵਰਗਾਂ 'ਚ ਵੰਡਿਆ ਜਾਂਦਾ ਹੈ ਤਾਂ ਇਸ ਤੋਂ ਕੇਵਲ ਭਾਰਤ ਦੀ ਆਪਣੀ 'ਮਜ਼ਬੂਤ ਵਿਦੇਸ਼ ਨੀਤੀ' ਦੀਆਂ ਆਪਣੀਆਂ ਖ਼ਾਮੀਆਂ ਹੀ ਨਜ਼ਰ ਅਉਂਦੀਆਂ ਹਨ। ਇਸ ਤੋਂ ਭਾਰਤ ਬਾਰੇ ਬਣੀ ਉਹ ਧਾਰਨਾ ਹੋਰ ਪੱਕੀ ਹੁੰਦੀ ਹੈ ਕਿ ਇਸ ਦੀ ਕੂਟਨੀਤੀ ਉਨ੍ਹਾਂ ਖ਼ਾਸ ਆਦਰਸ਼ ਹਾਲਤਾਂ 'ਚ ਹੀ ਸਫ਼ਲ ਹੋ ਸਕਦੀ ਹੈ ਜਦੋਂ ਦੂਜੀਆਂ ਹਕੂਮਤਾਂ ਵਫ਼ਾਦਾਰੀ ਦਾ ਦਮ ਭਰ ਰਹੀਆਂ ਹੋਣ। ਇਹ ਗੱਲ ਅਜੇ ਭੇਤ ਹੈ ਕਿ 2022 ਵਿਚ ਅਬੂ ਸੋਲੀਹ ਵਲੋਂ ਭਾਰਤ ਦੀ ਨੁਕਤਾਚੀਨੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ ਦੇ ਫ਼ੈਸਲੇ ਪਿੱਛੇ ਭਾਰਤ ਦਾ ਕਿੰਨਾ ਕੁ ਹੱਥ ਸੀ ਪਰ ਇੱਕ ਗੱਲ ਸਾਫ਼ ਹੈ ਕਿ ਸੋਲੀਹ ਸਰਕਾਰ ਦੇ ਇਸ ਗ਼ੈਰ-ਜਮਹੂਰੀ ਕਦਮ ਨੇ ਮਾਲਦੀਵ ਦੀ ਵਿਰੋਧੀ ਧਿਰ ਅਤੇ 'ਇੰਡੀਆ ਆਊਟ' ਮੁਹਿੰਮ ਚਲਾਉਣ ਵਾਲਿਆਂ ਨੂੰ ਹਥਿਆਰ ਦੇ ਦਿੱਤਾ ਸੀ; ਉਵੇਂ ਹੀ ਜਿਵੇਂ ਭਾਰਤ ਅਤੇ ਸ਼ੇਖ ਹਸੀਨਾ ਵਿਚਕਾਰ ਬਹੁ-ਪ੍ਰਚਾਰੀ ਦੋਸਤੀ ਨੇ ਦੁਵੱਲੇ ਰਿਸ਼ਤਿਆਂ ਨੂੰ ਵੱਡੇ ਜੋਖ਼ਮ ਵਿਚ ਪਾ ਦਿੱਤਾ, ਖ਼ਾਸਕਰ ਉਦੋਂ ਜਦੋਂ ਦਿੱਲੀ ਹਸੀਨਾ ਦੀ ਵੱਡੀ ਮੰਗ ਭਾਵ ਤੀਸਤਾ ਨਦੀ ਦੇ ਪਾਣੀਆਂ ਦੀ ਵੰਡ ਬਾਰੇ ਸਮਝੌਤਾ ਕਰਨ 'ਤੇ ਪੂਰਾ ਨਹੀਂ ਉਤਰ ਸਕੀ ਅਤੇ ਉਹ ਜਿਸ ਨਿਰੰਕੁਸ਼ਤਾ ਦੇ ਰਾਹ 'ਤੇ ਤੁਰ ਪਈ ਸੀ, ਉਸ ਦਾ ਦੋਸ਼ ਵੀ ਭਾਰਤ 'ਤੇ ਆ ਪਿਆ ਸੀ।

ਦੂਜਾ, ਲੋਕਤੰਤਰੀ ਪ੍ਰਣਾਲੀਆਂ ਵਿਚ ਸਰਕਾਰਾਂ ਦੀ ਤਬਦੀਲੀ ਤੈਅ ਹੁੰਦੀ ਹੈ ਜਿਸ ਕਰ ਕੇ ਵਿਰੋਧੀ ਧਿਰ ਦੀਆਂ ਪਾਰਟੀਆਂ ਨਾਲ ਰਾਬਤਾ ਬਹੁਤ ਅਹਿਮ ਹੁੰਦਾ ਹੈ। ਭਾਰਤ ਬਾਰੇ ਸੁਣਨ ਵਿਚ ਆਇਆ ਸੀ ਕਿ ਇਸ ਨੇ ਸ੍ਰੀਲੰਕਾ ਵਿਚ ਜਨਤਾ ਵਿਮੁਕਤੀ ਪੇਰਾਮੁਨਾ (ਜੇ.ਵੀ.ਪੀ.) ਨਾਲ ਰਾਬਤਾ ਬਣਾਇਆ ਹੈ ਜਿਸ ਦਾ ਇਤਿਹਾਸ ਭਾਰਤ ਵਿਰੋਧੀ ਗਿਣਿਆ ਜਾਂਦਾ ਹੈ ਅਤੇ ਜਿਸ ਦੇ ਨੇਤਾ ਅਨੂਰਾ ਕੁਮਾਰਾ ਦੀਸਾਨਾਇਕੇ ਆਉਣ ਵਾਲੀ ਰਾਸ਼ਟਰਪਤੀ ਦੀ ਚੋਣ ਵਿਚ ਮਜ਼ਬੂਤ ਦਾਅਵੇਦਾਰ ਸਮਝੇ ਜਾਂਦੇ ਹਨ।

ਤੀਜੀ ਗੱਲ, ਧਾਰਮਿਕ ਲੀਹਾਂ 'ਤੇ ਵੰਡੇ ਖੇਤਰ ਵਿਚ ਆਪਣੇ ਘਰ 'ਚ ਦਿੱਤੇ ਫਿਰਕੂ ਰੰਗ ਦੇ ਬਿਆਨ ਜਾਂ ਫਿਰਕੂ ਨਫ਼ਰਤ ਦੀਆਂ ਹਿੰਸਕ ਘਟਨਾਵਾਂ ਬਹੁਤ ਜਲਦੀ ਸਰਹੱਦ ਪਾਰ ਕਰ ਜਾਂਦੀਆਂ ਹਨ। ਜੂਨ 2022 'ਚ ਸੋਲੀਹ ਸਰਕਾਰ ਦੀ 'ਇੰਡੀਆ ਫਸਟ' ਨੀਤੀ ਦੇ ਬਾਵਜੂਦ ਇਸ ਨੂੰ ਵਿਰੋਧੀ ਧਿਰ ਨੇ ਮਜਬੂਰ ਕਰ ਦਿੱਤਾ ਸੀ ਕਿ ਇਹ ਭਾਜਪਾ ਤਰਜਮਾਨ ਵੱਲੋਂ ਪੈਗੰਬਰ ਮੁਹੰਮਦ ਖਿਲਾਫ਼ ਕੀਤੀਆਂ ਟਿੱਪਣੀਆਂ ਉੱਤੇ 'ਗਹਿਰੀ ਚਿੰਤਾ' ਜ਼ਾਹਿਰ ਕਰੇ। ਦੂਜੇ ਪਾਸੇ, ਸ਼ੇਖ ਹਸੀਨਾ ਦੀ ਸਰਕਾਰ ਨੇ ਮਾਮਲੇ ਨੂੰ 'ਅੰਦਰੂਨੀ ਮੁੱਦਾ' ਕਰਾਰ ਦਿੱਤਾ ਜਿਸ ਨੇ ਇਸ ਧਾਰਨਾ ਨੂੰ ਪਕੇਰਾ ਕੀਤਾ ਕਿ ਉਸ ਨੂੰ ਦਿੱਲੀ ਤੋਂ ਆਦੇਸ਼ ਮਿਲ ਰਹੇ ਹਨ। ਦਿੱਲੀ ਵੱਲੋਂ ਬੰਗਲਾਦੇਸ਼ ਨੂੰ ਇਸ ਦੀਆਂ ਘੱਟਗਿਣਤੀਆਂ ਦੀ ਰਾਖੀ ਲਈ ਕਹਿਣਾ ਦਰੁਸਤ ਹੈ ਪਰ ਖ਼ੁਦ ਦਿੱਲੀ ਦਾ ਇਸ ਮਾਮਲੇ 'ਚ ਮਿਸਾਲ ਬਣਨ ਵਿਚ ਨਾਕਾਮ ਹੋਣਾ ਅਜੀਬ ਜਾਪਦਾ ਹੈ। ਮੋਦੀ ਖ਼ੁਦ ਕਈ ਵਾਰ ਖ਼ਤਰਨਾਕ ਸੰਕੇਤਕ ਭਾਸ਼ਾ ਵਰਤਦੇ ਹਨ ਜੋ ਕਿਸੇ ਵਿਸ਼ੇਸ਼ ਸਮੂਹ ਵੱਲ ਸੇਧਿਤ ਹੁੰਦੀ ਹੈ।

ਭਾਰਤ ਨੂੰ ਬਿਨਾਂ ਸ਼ਰਤ ਪਿਆਰ ਕਰਨ ਵਾਲੇ ਖਿੱਤੇ ਦੇ ਇਕੋ-ਇੱਕ ਮੁਲਕ ਅਫ਼ਗਾਨਿਸਤਾਨ ਵਿਚ ਦਿੱਲੀ ਨੇ ਤਾਲਿਬਾਨ ਨਾਲ ਆਪਣੀ ਗੱਲਬਾਤ ਖਾਤਰ ਅਤੇ ਪਾਕਿਸਤਾਨ ਦੀ ਭੂਮਿਕਾ ਨੂੰ ਦੇਖਦਿਆਂ ਜਾਣਬੁੱਝ ਕੇ ਲੋਕਾਂ ਵਿਚਾਲੇ ਮਜ਼ਬੂਤ ਮੇਲ-ਜੋਲ ਬਣਾਉਣ ਤੋਂ ਪੈਰ ਪਿਛਾਂਹ ਖਿੱਚੇ ਹਨ ਪਰ ਉੱਥੇ ਵੀ ਦਿੱਲੀ ਇਹ ਯਕੀਨ ਕਰ ਕੇ ਗ਼ਲਤੀ ਹੀ ਕਰੇਗੀ ਕਿ ਲੋਕ ਕਦੇ ਵੀ ਆਪਣੀ ਪਹਿਲਾਂ ਵਾਲੀ ਹੈਸੀਅਤ ਵਾਪਸ ਨਹੀਂ ਲੈ ਸਕਣਗੇ।

# 'ਪੰਜਾਬ ਪੰਜਾਬੀਆਂ ਦਾ' ਨਾਅਰਾ ਦੇਣ ਵਾਲਾ ਖ਼ਿਜ਼ਰ ਹਯਾਤ ਟਿਵਾਣਾ

## ਅੰਗਰੇਜ਼ਾਂ ਕੋਲ ਆਜ਼ਾਦ ਪੰਜਾਬ ਦੀ ਪੈਰਵੀ ਕੀਤੀ ਸੀ...



ਖ਼ਿਜ਼ਰ ਹਯਾਤ ਟਿਵਾਣਾ

*ਖ਼ਿਜ਼ਰ ਹਯਾਤ ਟਿਵਾਣਾ ਪੰਜਾਬ ਵਿਚ ਯੂਨੀਅਨਿਸਟ ਪਾਰਟੀ ਦੀ ਸਰਕਾਰ ਦੇ ਆਖ਼ਰੀ ਪ੍ਰੀਮੀਅਰ ਸਨ। ਮੁਸਲਿਮ ਲੀਗ ਦਾ ਵਿਰੋਧੀ ਹੋਣ ਕਾਰਨ ਉਨ੍ਹਾਂ ਨੂੰ ਆਪਣੀ ਸਰਕਾਰ ਦੇ ਆਖ਼ਰੀ ਸਾਲਾਂ ਵਿਚ ਸ਼ਰਮਿੰਦਗੀ ਅਤੇ ਸਖ਼ਤ ਵਿਰੋਧ ਦਾ ਸਾਹਮਣਾ ਕਰਨ ਮਗਰੋਂ ਪ੍ਰੀਮੀਅਰ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ। ਮਾਰਚ 1947 ਵਿਚ ਉਨ੍ਹਾਂ ਦੇ ਅਸਤੀਫ਼ੇ ਤੋਂ ਬਾਅਦ ਪੰਜਾਬ ਵਿਚ ਹਿੰਸਾ ਦਾ ਅਜਿਹਾ ਦੌਰ ਸ਼ੁਰੂ ਹੋਇਆ ਜਿਸ ਦੇ ਨਤੀਜੇ ਵਜੋਂ ਲੱਖਾਂ ਲੋਕ ਉਜੜੇ ਅਤੇ ਕਤਲੇਆਮ ਵਿਚ ਮਾਰੇ ਗਏ।*

ਬ੍ਰਿਟਿਸ਼ ਰਾਜ ਦੌਰਾਨ ਭਾਰਤ ਦੇ ਅਮੀਰ ਅਤੇ ਵੱਡੇ ਸੂਬੇ ਪੰਜਾਬ ਦੇ ਪ੍ਰੀਮੀਅਰ ਖ਼ਿਜ਼ਰ ਹਯਾਤ ਟਿਵਾਣਾ ਅਪਰੈਲ 1944 ਵਿਚ ਆਪਣੀ 22 ਕੁਈਨਜ਼ ਰੋਡ ਰਿਹਾਇਸ਼ ਦੇ ਬਗੀਚੇ ਵਿਚ ਬੈਠੇ ਹੋਏ ਸਨ ਜਦੋਂ ਜਿਨਾਹ ਨੇ ਉਨ੍ਹਾਂ ਨੂੰ ਫੋਨ ਕਰ ਕੇ ਅਲਟੀਮੇਟਮ ਦਿੱਤਾ। ਖ਼ਿਜ਼ਰ ਨੇ ਯੂਨੀਅਨਿਸਟ ਪਾਰਟੀ ਨੂੰ ਮੁਸਲਿਮ ਲੀਗ ਵਿਚ ਰਲਾਉਣ ਤੋਂ ਇਨਕਾਰ ਕਰ ਦਿੱਤਾ ਤਾਂ 'ਕਾਇਦ-ਏ-ਆਜ਼ਮ' ਨੇ ਫੋਨ ਕੱਟਦਿਆਂ ਧਮਕੀ ਦਿੱਤੀ ਕਿ "ਤੁਹਾਨੂੰ ਪੂਰੀ ਜ਼ਿੰਦਗੀ ਇਸ ਦਾ ਅਫ਼ਸੋਸ

ਗੁਰਜੋਤ ਸਿੰਘ

ਰਹੇਗਾ।" ਯੂਨੀਅਨਿਸਟ ਪਾਰਟੀ ਸਾਂਝੇ ਪੰਜਾਬ ਵਿਚ ਜਗੀਰਦਾਰਾਂ ਤੇ ਰਜਵਾੜਿਆਂ ਦੀ ਸਿਆਸੀ ਧਿਰ ਸੀ।

ਇਸ ਮਗਰੋਂ ਵੱਖ-ਵੱਖ ਮੌਕਿਆਂ 'ਤੇ ਮੁਸਲਿਮ ਲੀਗ ਦੇ ਆਗੂ ਮੁਹੰਮਦ ਅਲੀ ਜਿਨਾਹ ਖ਼ਿਜ਼ਰ ਦੀ ਆਲੋਚਨਾ ਕਰਦੇ ਰਹੇ, ਉਨ੍ਹਾਂ ਉਤੇ ਯੂਨੀਅਨਿਸਟ ਪਾਰਟੀ ਨੂੰ ਮੁਸਲਿਮ ਲੀਗ ਮਿਲਾਉਣ ਲਈ ਦਬਾਅ ਪਾਉਂਦੇ ਰਹੇ। ਇਸ ਤੋਂ ਬਾਅਦ ਆਪਣੇ ਇੱਕ ਭਾਸ਼ਣ ਵਿਚ ਜਿਨਾਹ ਨੇ ਯੂਨੀਅਨਿਸਟ ਆਗੂਆਂ ਨੂੰ 'ਗੱਦਾਰ' ਤੱਕ ਕਿਹਾ। ਜਿਨਾਹ ਨੇ ਉਨ੍ਹਾਂ ਉਤੇ ਪੰਜਾਬੀ ਮੁਸਲਮਾਨਾਂ ਨੂੰ ਵੰਡਣ ਵਾਲੇ 'ਅਪਰਾਧੀ' ਹੋਣ ਦਾ ਇਲਜ਼ਾਮ ਲਾਇਆ। ਇਆਨ ਟਾਲਬਟ ਖ਼ਿਜ਼ਰ ਹਯਾਤ ਟਿਵਾਣਾ ਦੀ ਜੀਵਨੀ ਵਿਚ ਲਿਖਦੇ ਹਨ, "ਪੰਜਾਬ ਮੁਹੰਮਦ ਅਲੀ ਜਿਨਾਹ ਦੇ ਪਾਕਿਸਤਾਨ ਦੀ ਮੁੱਖ ਬੁਨਿਆਦ ਸੀ।" ਇਆਨ ਟਾਲਬਟ ਯੂਨੀਵਰਸਿਟੀ ਆਫ ਸਾਊਥ ਹੈਂਪਟਨ ਵਿਚ ਮਾਡਰਨ ਸਾਊਥ ਏਸ਼ੀਅਨ ਹਿਸਟਰੀ ਦੇ ਪ੍ਰੋਫੈਸਰ ਹਨ। ਉਨ੍ਹਾਂ ਮੁਹੰਮਦ ਅਲੀ ਜਿਨਾਹ ਨਾਲ ਖ਼ਿਜ਼ਰ ਹਯਾਤ ਟਿਵਾਣਾ ਦੀ ਪਾਕਿਸਤਾਨ ਅਤੇ ਪੰਜਾਬ ਵਿਚ ਮੁਸਲਿਮ ਲੀਗ ਨੂੰ ਲੈ ਕੇ ਪੈਦਾ ਹੋਈ ਇਸ ਤਲਖ਼ੀ ਬਾਰੇ ਵੀ ਵਿਸਥਾਰ ਨਾਲ ਲਿਖਿਆ ਹੈ।

ਮੁਸਲਿਮ ਲੀਗ ਜਿੱਥੇ ਹੋਰ ਸੂਬਿਆਂ ਦੀ ਮੁਸਲਮਾਨ ਆਬਾਦੀ ਵਿਚ ਆਪਣੀ ਥਾਂ ਬਣਾਉਣ ਵਿਚ ਸਫਲ ਰਹੀ ਸੀ, ਪੰਜਾਬ ਵਿਚ ਯੂਨੀਅਨਿਸਟ ਪਾਰਟੀ ਉਸ ਲਈ ਅੜਿੱਕਾ ਬਣ ਗਈ ਸੀ। ਇਸੇ ਲਈ ਪੰਜਾਬ ਵਿਚ ਯੂਨੀਅਨਿਸਟ ਪਾਰਟੀ ਦੀ ਸਿਆਸਤ ਮੁਸਲਿਮ ਲੀਗ ਦੇ ਆਗੂਆਂ ਦੇ ਨਿਸ਼ਾਨੇ ਉਤੇ ਰਹੀ।

ਖ਼ਿਜ਼ਰ ਹਯਾਤ ਟਿਵਾਣਾ ਪੰਜਾਬ ਵਿਚ ਯੂਨੀਅਨਿਸਟ ਪਾਰਟੀ ਦੀ ਸਰਕਾਰ ਦੇ ਆਖ਼ਰੀ ਪ੍ਰੀਮੀਅਰ ਸਨ। ਮੁਸਲਿਮ ਲੀਗ ਦਾ ਵਿਰੋਧੀ ਹੋਣ ਕਾਰਨ ਉਨ੍ਹਾਂ ਨੂੰ ਆਪਣੀ ਸਰਕਾਰ ਦੇ ਆਖ਼ਰੀ ਸਾਲਾਂ ਵਿਚ ਸ਼ਰਮਿੰਦਗੀ ਅਤੇ ਸਖ਼ਤ ਵਿਰੋਧ ਦਾ ਸਾਹਮਣਾ ਕਰਨ ਮਗਰੋਂ ਪ੍ਰੀਮੀਅਰ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ। ਮਾਰਚ 1947 ਵਿਚ ਉਨ੍ਹਾਂ ਦੇ ਅਸਤੀਫ਼ੇ ਤੋਂ ਬਾਅਦ ਪੰਜਾਬ ਵਿਚ ਹਿੰਸਾ ਦਾ ਅਜਿਹਾ ਦੌਰ ਸ਼ੁਰੂ ਹੋਇਆ ਜਿਸ ਦੇ ਨਤੀਜੇ ਵਜੋਂ ਲੱਖਾਂ ਲੋਕ ਉਜੜੇ ਅਤੇ ਕਤਲੇਆਮ ਵਿਚ ਮਾਰੇ ਗਏ।

### ਸੰਤਾਲੀ ਦੀ ਵੰਡ

ਖਿਜ਼ਰ ਦਾ ਜਨਮ 7 ਅਗਸਤ 1900 ਵਿਚ ਪੰਜਾਬ ਵਿਚ ਅਜੋਕੇ ਸਰਗੋਧਾ ਦੇ ਚੱਕ ਮੁਜ਼ੱਫ਼ਰਾਬਾਦ (ਹੁਣ ਪਾਕਿਸਤਾਨ) ਵਿਚ ਹੋਇਆ ਸੀ। ਖ਼ਿਜ਼ਰ ਨੂੰ ਮੁਸਲਿਮ ਲੀਗ ਦੀ ਫ਼ਿਰਕੂ ਸਿਆਸਤ ਦੇ ਖ਼ਿਲਾਫ਼ ਡਟਵਾਂ ਸਟੈਂਡ ਲੈਣ ਅਤੇ 'ਪੰਜਾਬ ਪੰਜਾਬੀਆਂ ਲਈ' ਦਾ ਨਾਅਰਾ ਦੇਣ ਲਈ ਵੀ ਜਾਣਿਆ ਜਾਂਦਾ ਹੈ।

ਉਘੇ ਵਿਦਵਾਨ ਇਸ਼ਤਿਆਕ ਅਹਿਮਦ ਦੱਸਦੇ ਹਨ ਕਿ 1947 ਵਿਚ ਸਰਗੋਧਾ ਵਿਚ ਖ਼ਿਜ਼ਰ ਦੇ ਅਸਰ ਰਸੂਖ਼ ਕਾਰਨ ਹੀ ਹਿੰਦੂ-ਸਿੱਖਾਂ 'ਤੇ ਬਹੁਤ ਘੱਟ ਹਮਲੇ ਹੋਏ ਸਨ ਅਤੇ ਉਹ ਆਪਣੀ ਜਾਨ ਬਚਾਉਣ ਵਿਚ ਸਫ਼ਲ ਰਹੇ ਸਨ। ਇਸ਼ਤਿਆਕ ਅਹਿਮਦ ਸਵੀਡਨ ਦੀ ਸਟੌਕਹੋਮ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਹਨ ਅਤੇ ਭਾਰਤ-ਪਾਕਿਸਤਾਨ ਵੰਡ ਨਾਲ ਸਬੰਧਿਤ ਮਾਮਲਿਆਂ ਦੇ ਇਤਿਹਾਸਕਾਰ ਹਨ। ਉਹ ਦੱਸਦੇ ਕਿ ਖ਼ਿਜ਼ਰ ਹਯਾਤ ਟਿਵਾਣਾ ਸੱਚਾ ਪੰਜਾਬੀ ਅਤੇ ਸਭ ਧਰਮਾਂ ਵਿਚ ਮਿਲਵਰਤਣ ਬਣਾ ਕੇ ਰੱਖਣ ਵਾਲਾ ਆਗੂ ਸੀ।

### ਯੂਨੀਅਨਿਸਟ ਪਾਰਟੀ ਕਿਵੇਂ ਸ਼ੁਰੂ ਹੋਈ

ਭਾਰਤ-ਪਾਕਿਸਤਾਨ ਵੰਡ ਬਾਰੇ ਕਈ ਕਿਤਾਬਾਂ ਲਿਖ ਚੁੱਕੇ ਪ੍ਰੋ. ਇਸ਼ਤਿਆਕ ਅਹਿਮਦ ਦੱਸਦੇ ਹਨ ਕਿ ਯੂਨੀਅਨਿਸਟ ਪਾਰਟੀ ਸਾਲ 1923 ਵਿਚ ਹੋਂਦ ਵਿਚ ਆਈ ਸੀ। ਇਸ ਨੂੰ ਅਜੋਕੇ ਚੜ੍ਹਦੇ ਪੰਜਾਬ ਦੇ ਬਟਾਲਾ ਨਾਲ ਸਬੰਧ ਰੱਖਦੇ ਸਰ ਫ਼ਜ਼ਲੇ ਹੁਸੈਨ ਨੇ ਸ਼ੁਰੂ ਕੀਤਾ ਸੀ। ਉਨ੍ਹਾਂ ਸਰ ਛੋਟੂ ਰਾਮ ਵਰਗ ਜਾਟ ਲੀਡਰਾਂ ਨੂੰ ਵੀ ਆਪਣੇ ਨਾਲ ਲਿਆ। ਸਰ ਛੋਟੂ ਰਾਮ ਪੰਜਾਬ ਦੀ ਅੰਬਾਲਾ ਡਿਵੀਜ਼ਨ (ਅਜੋਕੇ ਹਰਿਆਣਾ) ਦੇ ਸਿਰਕੱਢ ਜਾਟ ਆਗੂ ਸਨ ਜਿਨ੍ਹਾਂ ਨੂੰ ਖੇਤੀ ਸੁਧਾਰਾਂ ਲਈ ਜਾਣਿਆ ਜਾਂਦਾ ਹੈ।

ਇਸ਼ਤਿਆਕ ਅਹਿਮਦ ਦੱਸਦੇ ਹਨ ਕਿ ਇਹ ਪਾਰਟੀ ਮੁੱਖ ਤੌਰ ਉਤੇ ਪੇਂਡੂ ਪੰਜਾਬ ਦੇ ਹਿੱਤਾਂ ਦੀ ਪੈਰਵੀ ਦਾ ਦਾਅਵਾ ਕਰਦੀ ਸੀ। 1937 ਦੀਆਂ ਚੋਣਾਂ ਮਗਰੋਂ ਪੰਜਾਬ ਵਿਚ ਯੂਨੀਅਨਿਸਟ ਪਾਰਟੀ ਦੀ ਜਿੱਤ ਤੋਂ ਬਾਅਦ ਸਿਕੰਦਰ ਹਯਾਤ ਖ਼ਾਨ ਦੀ ਅਗਵਾਈ ਵਿਚ ਨਵੀਂ ਸਰਕਾਰ ਹੋਂਦ ਵਿਚ ਆਈ। ਸਿਕੰਦਰ ਹਯਾਤ ਖ਼ਾਨ ਪੰਜਾਬ ਦੇ ਵੱਡੇ ਜ਼ਿਮੀਂਦਾਰਾਂ ਵਿਚੋਂ ਇੱਕ ਸਨ ਅਤੇ ਅੰਗਰੇਜ਼ਾਂ ਦੇ ਵਫ਼ਾਦਾਰ ਸਨ। ਇਸ਼ਤਿਆਕ ਅਹਿਮਦ ਦੱਸਦੇ ਹਨ, "ਯੂਨੀਅਨਿਸਟ ਪਾਰਟੀ ਦੀ ਸੋਚ ਸੀ ਕਿ ਅੰਗਰੇਜ਼ਾਂ ਦਾ ਰਾਜ ਪੰਜਾਬ ਲਈ ਚੰਗਾ ਹੈ, ਇਸ ਦਾ ਕਾਰਨ ਇਹ ਸੀ ਕਿ ਪੰਜਾਬ ਦੇ ਲੋਕਾਂ ਨੂੰ ਫੌਜ ਵਿਚ ਵੱਡੇ ਪੱਧਰ ਉਤੇ ਨੌਕਰੀਆਂ ਦਿੱਤੀਆਂ ਗਈਆਂ ਸਨ ਤੇ ਨਹਿਰੀ ਸਿਸਟਮ ਵਿਕਸਤ ਕੀਤਾ ਗਿਆ ਸੀ।" ਇਨ੍ਹਾਂ ਦੋਵੇਂ ਯੋਜਨਾਵਾਂ ਨੇ ਪੰਜਾਬ ਵਿਚ ਖੁਸ਼ਹਾਲੀ ਲਿਆਂਦੀ ਅਤੇ ਇੱਥੋਂ ਦੇ ਮੁੱਖ ਧੰਦੇ ਖੇਤੀ ਦਾ ਮੂੰਹ ਮੱਥਾ ਬਦਲ ਦਿੱਤਾ।

ਯੂਨੀਅਨਿਸਟ ਪਾਰਟੀ ਨੇ 1937 ਦੀਆਂ ਚੋਣਾਂ ਵਿਚ 175 ਵਿਚੋਂ ਕਰੀਬ 98 ਸੀਟਾਂ ਉਤੇ ਜਿੱਤ ਹਾਸਲ ਕੀਤੀ ਸੀ; ਕਾਂਗਰਸ ਨੂੰ 20 ਤੋਂ ਘੱਟ ਅਤੇ ਮੁਸਲਿਮ ਲੀਗ ਨੂੰ 2 ਸੀਟਾਂ ਹੀ ਮਿਲੀਆਂ ਸਨ। ਇਸ਼ਤਿਆਕ ਅਹਿਮਦ ਦੱਸਦੇ ਹਨ ਕਿ ਇਸ ਪਾਰਟੀ ਵਿਚ ਹਿੰਦੂ, ਮੁਸਲਮਾਨ, ਸਿੱਖ ਤੇ ਦਲਿਤ, ਸਭ ਫ਼ਿਰਕਿਆਂ ਦੇ ਲੋਕਾਂ ਕੋਲ ਅਹੁਦੇ ਸਨ। ਇਸ ਪਾਰਟੀ ਦੀਆਂ ਭਾਈਵਾਲ ਪਾਰਟੀਆਂ ਵਿਚ ਸੁੰਦਰ ਸਿੰਘ ਮਜੀਠੀਆ ਦੀ ਖਾਲਸਾ ਪਾਰਟੀ ਅਤੇ ਮਨੋਹਰ ਲਾਲ ਦੀ ਨੈਸ਼ਨਲ ਪ੍ਰੋਗ੍ਰੈਸਿਵ ਪਾਰਟੀ ਦੇ ਨੁਮਾਇੰਦੇ ਵੀ ਸ਼ਾਮਲ ਸਨ।

ਟਾਲਬਟ ਆਪਣੀ ਕਿਤਾਬ ਵਿਚ ਲਿਖਦੇ ਹਨ, "ਵੱਖ-ਵੱਖ ਫ਼ਿਰਕਿਆਂ ਦੇ ਆਗੂਆਂ ਨੂੰ ਆਪਣੀ ਕੈਬਨਿਟ ਵਿਚ ਥਾਂ ਦੇਣ ਮਗਰੋਂ ਸਿਕੰਦਰ ਹਯਾਤ ਨੇ ਨੂਨ-ਟਿਵਾਣਾ ਗਰੁੱਪ ਵਿਚੋਂ ਖ਼ਿਜ਼ਰ ਹਯਾਤ ਟਿਵਾਣਾ ਦੀ ਚੋਣ ਕੀਤੀ ਸੀ।" ਉਨ੍ਹਾਂ ਖ਼ਿਜ਼ਰ ਨੂੰ ਲੋਕ ਨਿਰਮਾਣ ਮੰਤਰਾਲੇ ਅਤੇ ਪੰਚਾਇਤੀ ਰਾਜ ਦੇ ਮੰਤਰੀ ਦੇ ਅਹੁਦੇ ਦੀ ਜ਼ਿੰਮੇਵਾਰੀ ਦਿੱਤੀ। ਸਮਝਿਆ ਜਾਂਦਾ ਹੈ ਕਿ ਖ਼ਿਜ਼ਰ ਨੂੰ ਮੰਤਰੀ ਦਾ ਅਹੁਦਾ ਉਨ੍ਹਾਂ ਦੇ ਪਿਤਾ ਉਮਰ ਹਯਾਤ ਟਿਵਾਣਾ ਅਤੇ ਪਰਿਵਾਰ ਦੇ ਸਿਆਸੀ ਤੇ ਸਮਾਜਿਕ ਦਬਦਬੇ ਕਾਰਨ ਮਿਲਿਆ ਸੀ।

### ਯੂਨੀਅਨਿਸਟ ਪਾਰਟੀ ਤੇ ਜਿਨਾਹ

ਇਸ਼ਤਿਆਕ ਅਹਿਮਦ ਦੱਸਦੇ ਹਨ ਕਿ ਕਾਂਗਰਸ ਨੇ ਇਹ ਫ਼ੈਸਲਾ ਕੀਤਾ ਸੀ ਕਿ ਉਹ ਆਉਣ ਵਾਲੇ ਸਮੇਂ ਵਿਚ ਵੱਡੀ ਜ਼ਿਮੀਂਦਾਰੀ ਖ਼ਤਮ ਕਰ ਦੇਣਗੇ। ਇਸ ਮਗਰੋਂ ਜਿਨਾਹ ਨੇ ਸਿਕੰਦਰ ਹਯਾਤ ਖ਼ਾਨ ਨੂੰ ਕਿਹਾ ਕਿ ਜੇ ਤੁਸੀਂ ਆਪਣੇ ਆਪ ਨੂੰ ਬਚਾਉਣਾ ਹੈ ਤਾਂ ਤੁਸੀਂ ਮੁਸਲਿਮ ਲੀਗ ਨਾਲ ਸਮਝੌਤਾ ਕਰੋ।

ਪਾਕਿਸਤਾਨ ਅਤੇ ਵੰਡ ਬਾਰੇ ਕਈ ਕਿਤਾਬਾਂ ਲਿਖ ਚੁੱਕੇ ਇਆਨ ਟਾਲਬਟ ਲਿਖਦੇ ਹਨ ਕਿ ਆਲ ਇੰਡੀਆ ਮੁਸਲਿਮ ਲੀਗ ਦੇ ਅਕਤੂਬਰ 1937 ਵਿਚ ਹੋਏ ਲਖਨਊ ਸੈਸ਼ਨ ਵਿਚ ਸਿਕੰਦਰ ਹਯਾਤ ਖ਼ਾਨ ਅਤੇ ਜਿਨਾਹ ਨੇ ਸਮਝੌਤੇ ਉਤੇ ਦਸਤਖ਼ਤ ਕੀਤੇ ਸਨ। ਇਸ਼ਤਿਆਕ ਅਹਿਮਦ ਮੁਤਾਬਕ, ਇਸ ਸਮਝੌਤੇ ਮੁਤਾਬਕ ਪੰਜਾਬ ਵਿਚ ਯੂਨੀਅਨਿਸਟ ਪਾਰਟੀ ਦੀ ਹਕੂਮਤ ਚੱਲੇਗੀ ਤੇ ਮੁਸਲਿਮ ਲੀਗ ਉਸ ਵਿਚ ਦਖ਼ਲਅੰਦਾਜ਼ੀ ਨਹੀਂ ਕਰੇਗੀ ਪਰ ਪੰਜਾਬ ਤੋਂ ਬਾਹਰ ਜਦੋਂ ਕਾਂਗਰਸ ਨਾਲ ਮੁਸਲਮਾਨਾਂ ਦੀ ਗੱਲ ਹੋਵੇਗੀ ਤਾਂ ਯੂਨੀਅਨਿਸਟ ਪਾਰਟੀ ਦੇ ਮੈਂਬਰ ਪੰਜਾਬ ਤੋਂ ਬਾਹਰ ਮੁਸਲਿਮ ਲੀਗ ਦੇ ਮੈਂਬਰ ਬਣਨਗੇ। ਇਹੀ ਸਮਝੌਤਾ ਅੱਗੇ ਜਾ ਕੇ ਮੁਸਲਿਮ ਲੀਗ ਅਤੇ ਯੂਨੀਅਨਿਸਟ ਆਗੂਆਂ ਵਿਚਾਲੇ ਰੇੜਕੇ ਦਾ ਕਾਰਨ ਬਣਿਆ। ਇਸ਼ਤਿਆਕ ਅਹਿਮਦ ਦੱਸਦੇ ਹਨ ਕਿ ਇਸ ਸਮਝੌਤੇ ਦਾ ਸਰ ਛੋਟੂ ਰਾਮ ਜਿਹੇ ਲੀਡਰਾਂ ਨੇ ਵੀ ਬੁਰਾ ਮਨਾਇਆ ਸੀ।

1942 ਵਿਚ ਪੰਜਾਬ ਦੇ ਪ੍ਰਧਾਨ ਮੰਤਰੀ ਸਿਕੰਦਰ ਹਯਾਤ ਖ਼ਾਨ ਦੀ 50 ਸਾਲਾਂ ਦੀ ਉਮਰ ਵਿਚ ਮੌਤ ਹੋ ਗਈ ਸੀ। 1942 ਵਿਚ ਭਾਰਤ ਦੇ ਸਿਆਸੀ ਹਾਲਾਤ ਨਾਸਾਜ਼ ਸਨ। ਮਾਰਚ 1942 ਵਿਚ ਹੀ ਭਾਰਤ ਵਿਚ ਕ੍ਰਿਪਸ ਮਿਸ਼ਨ ਆਇਆ ਸੀ, ਕਾਂਗਰਸ ਨੇ ਇਸ ਦੇ ਵਿਰੋਧ ਵਿਚ 'ਭਾਰਤ ਛੱਡੋ' ਲਹਿਰ ਵਿੱਢੀ ਸੀ। ਸਿਕੰਦਰ ਹਯਾਤ ਖ਼ਾਨ ਹਾਲਾਂਕਿ ਜੰਗ ਵਿਚ ਹਿੱਸੇਦਾਰੀ ਪਾਉਣ ਦਾ ਸਮਰਥਨ ਕਰਦੇ ਸਨ ਪਰ ਜਿਨਾਹ ਨੇ ਵਾਰ-ਵਾਰ ਉਨ੍ਹਾਂ ਉਤੇ ਇਸ ਤੋਂ ਪਿੱਛੇ ਹਟਣ ਦਾ ਦਬਾਅ ਪਾਇਆ ਸੀ। ਮੁਸਲਿਮ ਲੀਗ ਵਿਚ ਵੀ ਸਿਕੰਦਰ ਦੀ ਹਾਲਤ ਅਲੱਗ-ਥਲੱਗ ਜਿਹੀ ਹੋ ਗਈ ਸੀ ਅਤੇ ਆਖ਼ਰੀ ਸਮੇਂ ਦੌਰਾਨ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ।

ਜੂਨ 1942 ਵਿਚ ਸਿੱਖ ਆਗੂ ਬਲਦੇਵ ਸਿੰਘ ਅਤੇ ਸਿਕੰਦਰ ਸਿੰਘ ਵਿਚਾਲੇ ਸਮਝੌਤਾ ਹੋਇਆ ਜਿਸ ਵਿਚ ਸਿੱਖਾਂ ਨੂੰ ਉਨ੍ਹਾਂ ਮਹਿਕਮਿਆਂ ਵਿਚ ਨੁਮਾਇੰਦਗੀ ਦੇਣੀ ਸ਼ਾਮਲ ਸੀ ਜਿੱਥੇ ਇਹ 20 ਫ਼ੀਸਦ ਤੋਂ ਘੱਟ ਸੀ। ਬਲਦੇਵ ਸਿੰਘ ਪੰਜਾਬ ਦੇ ਮੁੱਖ ਸਿੱਖ ਕਾਰੋਬਾਰੀ ਸਨ। ਉਹ ਆਜ਼ਾਦ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਣੇ।

### ਖ਼ਿਜ਼ਰ ਹਯਾਤ ਟਿਵਾਣਾ ਦਾ ਪਿਛੋਕੜ

ਟਿਵਾਣਾ ਕਬੀਲੇ ਦੇ ਇਤਿਹਾਸ ਬਾਰੇ ਇਆਨ ਟਾਬਲਟ ਲਿਖਦੇ ਹਨ ਕਿ ਇਹ ਸਭ ਤੋਂ ਪਹਿਲਾਂ ਸਿੰਧ ਸਾਗਰ ਦੋਆਬ ਨੇੜੇ ਵਸੇ ਸਨ। ਜਿੱਥੋਂ ਉਹ ਜਿਹਲਮ ਦਰਿਆ ਦੇ ਕੰਢੇ ਉਤੇ ਲਾਹੌਰ ਵਾਲੇ ਪਾਸੇ ਸਥਿਤ ਵੱਧ ਉਪਜਾਊ ਇਲਾਕਿਆਂ ਵਿਚ ਰਹਿਣ ਲੱਗੇ। ਖ਼ਿਜ਼ਰ ਇਸੇ ਥਾਂ ਉਤੇ ਵੱਡੇ ਹੋਏ, ਉਹ ਉਸ ਵੇਲੇ ਦੇ ਸਭ ਤੋਂ ਅਮੀਰ ਜ਼ਿਮੀਂਦਾਰਾਂ ਵਿਚੋਂ ਇੱਕ ਸਨ।

ਅੰਗਰੇਜ਼ਾਂ ਨੇ ਆਪਣੀ ਫੌਜ ਵਿਚ ਟਿਵਾਣਾ ਲੈਂਸਰਜ਼ ਨਾਮ ਦੀ ਵੱਖਰੀ ਰੈਜੀਮੈਂਟ ਵੀ ਬਣਾਈ ਸੀ। ਉਮਰ ਅਤੇ ਖ਼ਿਜ਼ਰ ਟਿਵਾਣਾ ਨੂੰ ਫੌਜ ਦਾ ਆਨਰੇਰੀ ਕਰਨਲ ਬਣਾਇਆ ਗਿਆ ਸੀ। ਫੌਜ ਅਤੇ ਜ਼ਮੀਨਾਂ ਤੋਂ ਹੁੰਦੀ ਆਮਦਨ ਨੇ ਉਨ੍ਹਾਂ ਦੀ ਬ੍ਰਿਟਿਸ਼ ਪੰਜਾਬ ਵਿਚ ਸਥਿਤੀ ਕਾਫੀ ਮਜ਼ਬੂਤ ਕਰ ਦਿੱਤੀ। ਉਹ ਪੰਜਾਬ ਦੇ 'ਨੈਚੂਰਲ ਲੀਡਰਜ਼ ਵਜੋਂ ਉਭਰੇ'।

ਇਆਨ ਟਾਲਬਟ ਲਿਖਦੇ ਹਨ- ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1849 ਵਿਚ ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ। ਸਿੱਖ ਰਾਜ 'ਤੇ ਜਿੱਤ ਤੋਂ ਹਾਸਲ ਕਰਨ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖਾਂ ਵਿਰੁੱਧ ਉਨ੍ਹਾਂ ਦਾ ਸਾਥ ਦੇਣ ਵਾਲਿਆਂ ਦੇ ਪਰਿਵਾਰਾਂ ਨੂੰ ਇਨਾਮਾਂ ਤੇ ਜਗੀਰਦਾਰੀਆਂ ਨਾਲ ਨਵਾਜਿਆ ਸੀ। 1857 ਦੇ ਗ਼ਦਰ ਮੌਕੇ ਵੀ ਸ਼ਾਹਪੁਰ (ਅਜੋਕਾ ਸਰਗੋਧਾ) ਦੇ ਖ਼ਿਜ਼ਰ ਹਯਾਤ ਟਿਵਾਣਾ ਦੇ ਦਾਦਾ ਮਲਿਕ ਸਾਹਿਬ ਖ਼ਾਨ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ ਜਿਸ ਕਾਰਨ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਬਣਦੇ ਰੁਤਬੇ ਅਤੇ ਪ੍ਰਸ਼ਾਸਨਕ ਅਹੁਦੇ ਦਿੱਤੇ। ਆਪਣੇ ਸਿਆਸੀ ਖਿਆਲਾਂ ਵਿਚ ਖ਼ਿਜ਼ਰ ਬਰਤਾਨਵੀ ਰਾਜ ਦੇ ਕਾਫ਼ੀ ਨੇੜੇ ਸਨ। ਉਹ ਭਾਰਤ ਦੇ ਆਜ਼ਾਦੀ ਘੁਲਾਟੀਏ ਅਤੇ ਰਾਸ਼ਟਰਵਾਦੀ ਆਗੂਆਂ ਨੂੰ ਅਸਲ ਇੰਡੀਆ ਦੀ ਸੱਚਾਈ ਤੋਂ ਦੂਰ ਸਮਝਦੇ ਸਨ। ਇਸ ਦੀ ਵਜ੍ਹਾ ਉਨ੍ਹਾਂ ਦਾ ਪਰਿਵਾਰਕ ਪਿਛੋਕੜ ਸੀ।

ਇਆਨ ਟਾਲਬਟ ਲਿਖਦੇ ਹਨ ਕਿ ਖਿਜ਼ਰ ਆਪ ਇਮਾਨਦਾਰ ਤੇ ਦ੍ਰਿੜ ਇਰਾਦੇ ਵਾਲੇ ਇਨਸਾਨ ਸਨ। ਉਨ੍ਹਾਂ ਇਹ ਕਦੇ ਵੀ ਨਹੀਂ ਸੋਚਿਆ ਸੀ ਕਿ ਅੰਗਰੇਜ਼ ਆਪਣੇ ਯੂਨੀਅਨਿਸਟ ਭਾਈਵਾਲਾਂ ਦਾ ਸਾਥ ਇੰਨੀ ਜਲਦੀ ਛੱਡ ਦੇਣਗੇ ਪਰ ਉਹ ਗ਼ਲਤ ਨਿਕਲੇ। ਖ਼ਿਜ਼ਰ ਹਯਾਤ ਟਿਵਾਣਾ ਦੇ ਮੁਸਲਿਮ ਲੀਗ ਵਿਚ ਸ਼ਾਮਲ ਨਾ ਹੋਣ ਦੇ ਕਾਰਨਾਂ ਬਾਰੇ ਉਹ ਲਿਖਦੇ ਹਨ: "ਅੰਗਰੇਜ਼ਾਂ ਪ੍ਰਤੀ ਖ਼ਿਜ਼ਰ ਦੇ ਵਫ਼ਾਦਾਰ ਹੋਣ ਦਾ ਕਾਰਨ ਉਨ੍ਹਾਂ ਦੀ ਨਿੱਜਪ੍ਰਸਤੀ ਨਹੀਂ ਸੀ... ਉਹ ਉਨ੍ਹਾਂ ਦੇ ਇਸ ਵਿਸ਼ਵਾਸ ਕਰ ਕੇ ਸੀ ਕਿ ਅੰਗਰੇਜ਼ੀ ਰਾਜ ਨਾਲ ਜੁੜ ਕੇ ਹੀ ਪੰਜਾਬ ਦੀ ਖੁਸ਼ਹਾਲੀ ਜੁੜੀ ਹੋਈ ਹੈ। ਜੇਕਰ ਉਨ੍ਹਾਂ ਦਾ ਮਕਸਦ ਵਧੇਰੇ ਤਾਕਤ ਹਾਸਲ ਕਰਨਾ ਹੁੰਦਾ ਤਾਂ ਉਹ ਸਿਆਸਤ ਵਿਚ ਪਹਿਲਾਂ ਆਉਂਦੇ ਅਤੇ ਮੁਸਲਿਮ ਲੀਗ ਵਿਚ ਸ਼ਾਮਲ ਹੋ ਗਏ ਹੁੰਦੇ।"

ਇਆਨ ਲਿਖਦੇ ਹਨ ਕਿ ਖ਼ਿਜ਼ਰ ਦੀ ਸ਼ਖ਼ਸੀਅਤ ਕਾਇਲ ਕਰ ਦੇਣ ਵਾਲੀ ਸੀ। ਉਨ੍ਹਾਂ ਦੀ ਪੌਸ਼ਾਕ ਅਤੇ ਤੁਰਲੇ ਵਾਲੀ ਵੱਖਰੀ ਟਿਵਾਣਿਆਂ ਵਾਲੀ ਪੱਗ ਉਨ੍ਹਾਂ ਵੱਖਰੀ ਪਛਾਣ ਸੀ। ਉਨ੍ਹਾਂ ਨੇ ਇਹ ਅੰਦਾਜ਼ ਆਪਣੇ ਪਿਤਾ ਉਮਰ ਹਯਾਤ ਟਿਵਾਣਾ ਕੋਲੋਂ ਹਾਸਲ ਕੀਤਾ ਸੀ।

### ਖ਼ਿਜ਼ਰ ਹਯਾਤ ਟਿਵਾਣਾ ਨੂੰ ਅਸਤੀਫ਼ਾ ਕਿਉਂ ਦੇਣਾ ਪਿਆ

ਜਦੋਂ 1942 ਸਿਕੰਦਰ ਦੀ ਮੌਤ ਤੋਂ ਬਾਅਦ ਖ਼ਿਜ਼ਰ ਪੰਜਾਬ ਦੇ ਪ੍ਰੀਮੀਅਰ ਬਣੇ ਤਾਂ ਲੋਕਾਂ ਵਿਚ ਯੂਨੀਅਨਿਸਟ ਪਾਰਟੀ ਲਈ ਸਮਰਥਨ ਬਹੁਤ ਘੱਟ ਸੀ। ਇਸ਼ਤਿਆਕ ਅਹਿਮਦ ਦੱਸਦੇ ਹਨ ਕਿ ਖ਼ਿਜ਼ਰ ਪੰਜਾਬ ਦੇ ਪ੍ਰੀਮੀਅਰ ਬਣ ਤਾਂ ਗਏ ਪਰ ਉਨ੍ਹਾਂ ਦੇ ਕਈ ਵਿਰੋਧੀ ਸਨ ਜਿਨ੍ਹਾਂ ਸਿਕੰਦਰ ਹਯਾਤ ਦੇ ਪੁੱਤਰ ਵੀ ਸ਼ੌਕਤ ਹਯਾਤ ਅਤੇ ਮਮਦੋਟ ਦੇ ਨਵਾਬ ਵੀ ਸ਼ਾਮਲ ਸਨ। ਇਨ੍ਹਾਂ ਲੋਕਾਂ ਨੂੰ ਜਿਨਾਹ ਨੇ ਮੁਸਲਿਮ ਲੀਗ ਵਿਚ ਸ਼ਾਮਲ ਕਰ ਕੇ ਆਪਣੇ ਨਾਲ ਰਲਾ ਲਿਆ ਸੀ।

ਇਸ਼ਤਿਆਕ ਅਹਿਮਦ ਦੱਸਦੇ ਹਨ ਕਿ ਜਿਨਾਹ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ 'ਸਿਕੰਦਰ ਜਿਨਾਹ ਪੈਕਟ' ਦੇ ਅਸਰ ਵਜੋਂ ਯੂਨੀਅਨਿਸਟ ਪਾਰਟੀ ਖ਼ਤਮ ਹੋ ਗਈ ਹੈ। ਖ਼ਿਜ਼ਰ ਨੇ ਸਿਆਸਤ ਵਿਚ ਦੂਜੇ ਭਾਈਚਾਰਿਆਂ ਨਾਲ ਮਿਲਵਰਤਨ ਜਾਰੀ ਰੱਖਿਆ। ਉਨ੍ਹਾਂ ਨੇ ਭਾਈਚਾਰਕ ਸਾਂਝਾਂ ਦੇ ਨਾਲ-ਨਾਲ ਪੇਂਡੂ ਅਤੇ

(ਬਾਕੀ ਸਫਾ 'ਤੇ)





ਖ਼ਿਜ਼ਰ ਹਯਾਤ ਟਿਵਾਣਾ (ਵਿਚਕਾਰ) ਮਾਸਟਰ ਤਾਰਾ ਸਿੰਘ ਤੇ ਮੁਹੰਮਦ ਅਲੀ ਜਿਨਾਹ ਅਤੇ (ਸੱਜੇ) ਪੰਜਾਬ ਅਸੈਂਬਲੀ ਵਿਚ।

ਲੋਕ ਕਹਾਣੀ

# ਠੱਗ ਦਾ ਪੁੱਤਰ

***ਪੰਜਾਬੀ ਵਿਚ ਪ੍ਰਚਲਿਤ ਇਸ ਲੋਕ ਕਹਾਣੀ ਦੇ ਅਰਥ ਬੜੇ ਡੂੰਘੇ ਅਤੇ ਵਿਹਾਰਕ ਹਨ। ਠੱਗਾਂ ਦੇ ਬਹਾਨੇ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਮਾਨਤਾਵਾਂ ਬਹੁਤ ਸਹਿਜ ਤੇ ਸਲੀਕੇ ਨਾਲ ਪਰੋਈਆਂ ਹੋਈਆਂ ਹਨ। ਇਹ ਮਾਨਤਾਵਾਂ ਆਖਰਕਾਰ ਸਬਕ ਬਣ ਕੇ ਵਾਰ-ਵਾਰ ਬੰਦੇ ਦੇ ਸਾਹਮਣੇ ਆਈ ਜਾਂਦੀਆਂ ਹਨ।***

ਕਿਸੇ ਪਿੰਡ ਵਿਚ ਬੜਾ ਵੱਡਾ ਠੱਗ ਰਹਿੰਦਾ ਸੀ। ਕਰਨੀ ਕਰਤਾਰ ਦੀ ਇਹ ਹੋਈ ਕਿ ਉਹ ਮਰ ਗਿਆ। ਪਿੱਛੇ ਉਸ ਦੀ ਵਹੁਟੀ ਅਤੇ ਨਿੱਕਾ ਜਿਹਾ ਪੁੱਤ ਰਹਿ ਗਿਆ। ਠੱਗੀਆਂ ਮਾਰ ਕੇ ਠੱਗ ਜਿਹੜਾ ਧਨ ਛੱਡ ਗਿਆ ਸੀ, ਠੱਗ ਦੀ ਵਹੁਟੀ ਕੁਝ ਚਿਰ ਉਸ ਨੂੰ ਭੋਰ-ਭੋਰ ਖਾਂਦੀ ਰਹੀ ਤੇ ਬੱਚੇ ਨੂੰ ਪਾਲਦੀ ਰਹੀ। ਕਦੀ-ਕਦੀ ਉਹ ਆਪਣੇ ਪਤੀ ਨੂੰ ਯਾਦ ਕਰ ਲਿਆ ਕਰਦੀ ਸੀ ਅਤੇ ਪੁੱਤਰ ਨੂੰ ਉਸ ਦੇ ਪਿਉ ਦੀਆਂ ਠੱਗੀਆਂ ਦੀਆਂ ਗੱਲਾਂ ਸੁਣਾਇਆ ਕਰਦੀ ਸੀ।

ਵਿਹਲੇ ਬਹਿ ਕੇ ਖੂਹ ਵੀ ਖਾਧੇ ਜਾਂਦੇ ਹਨ, ਅੰਤ ਸਾਰਾ ਧਨ ਮੁੱਕ ਗਿਆ। ਹੁਣ ਠੱਗ ਦੀ ਵਹੁਟੀ ਲੋਕਾਂ ਦਾ ਪੀਹਣ-ਕੱਤਣਾ ਕਰ ਕੇ ਆਪਣੇ ਬੱਚੇ ਨੂੰ ਪਾਲਦੀ ਸੀ। ਜਦੋਂ ਬੱਚਾ ਪੰਦਰਾਂ ਸਾਲ ਦਾ ਹੋਇਆ ਤਾਂ ਮਾਂ ਨੂੰ ਆਖਣ ਲੱਗਾ, "ਮੈਂ ਮਹਿੰ ਲੈਣੀ ਏਂ।" ਘਰ ਤਾਂ ਖਾਣ ਨੂੰ ਟੁੱਕੜਾ ਵੀ ਨਹੀਂ ਸੀ, ਉਹ ਪੁੱਤਰ ਨੂੰ ਮਹਿੰ ਖਰੀਦਣ ਲਈ ਦੋ-ਤਿੰਨ ਸੌ ਰੁਪਏ ਕਿਥੋਂ ਦਿੰਦੀ ਪਰ ਮੁੰਡੇ ਨੇ ਬੜਾ ਚਿਰ ਇਹੋ ਲਿੱਲ ਫੜ ਛੱਡੀ ਕਿ ਮਹਿੰ ਜ਼ਰੂਰ ਲੈਣੀ ਏਂ। ਅੰਤ ਵਿਚਾਰੀ ਰੰਡੀ ਮਾਂ ਨੇ ਪੁੱਤਰ ਦੀ ਸੱਧਰ ਪੂਰੀ ਕਰਨ ਵਾਸਤੇ ਪਿੰਡ ਦੇ ਸ਼ਾਹ ਕੋਲੋਂ ਤਿੰਨ ਸੌ ਰੁਪਏ ਵਿਆਜੀ ਲੈ ਦਿੱਤੇ ਤੇ ਆਖਿਆ, "ਜਾ ਪੁੱਤਰ, ਜਾ ਕੇ ਕਿਤੋਂ ਮਹਿੰ ਲੈ ਆ।"

ਮੁੰਡਾ ਰੁਪਏ ਪੱਲੇ ਬੰਨ੍ਹ ਕੇ ਦੂਰ ਕਿਸੇ ਪਿੰਡ ਵਿਚ ਚਲਾ ਗਿਆ। ਉਥੋਂ ਜਾ ਕੇ ਉਸ ਨੇ ਕਿਸੇ ਕਿਸਾਨ ਕੋਲੋਂ ਤਿੰਨ ਸੌ ਰੁਪਏ ਦੀ ਪੰਜ ਕਲਿਆਣੀ, ਕੁੰਢੀ ਤੇ ਸੱਜਰ ਸੂਈ ਮੱਝ ਲੈ ਲਈ। ਮੁੰਡਾ ਮੱਝ ਹੱਕ ਕੇ ਬੜੇ ਚਾਅ ਨਾਲ ਆਪਣੇ ਪਿੰਡ ਆ ਰਿਹਾ ਸੀ ਕਿ ਉਸ ਨੂੰ ਅਲੂੰਆਂ ਮੁੰਡਾ ਸਮਝ ਕੇ ਰਾਹ ਵਿਚ ਉਸ ਦੇ ਮਗਰ ਪੰਜ ਠੱਗ ਲੱਗ ਗਏ। ਇਹ ਪੰਜ ਠੱਗ, ਚਾਰ ਭਰਾ ਤੇ ਪੰਜਵਾਂ ਉਨ੍ਹਾਂ ਦਾ ਬੁੱਢਾ ਪਿਉ ਸੀ। ਉਨ੍ਹਾਂ ਉਸ ਨੂੰ ਠੱਗਣ ਦੀ ਵਿਉਂਤ ਬਣਾ ਲਈ। ਪਹਿਲਾਂ ਇੱਕ ਠੱਗ ਮੁੰਡੇ ਨੂੰ ਮਿਲਿਆ ਤੇ ਆਖਣ ਲੱਗਾ, "ਜਵਾਨਾ! ਮਹਿੰ ਵੇਚਣੀ ਊ।" ਮੁੰਡੇ ਨੇ ਆਖਿਆ, "ਨਹੀਂ ਭਰਾਵਾ! ਮੈਂ ਤਾਂ ਆਪ ਬੜੇ ਸ਼ੌਕ ਨਾਲ ਆਂਦੀ ਆ। ਮੈਂ ਨਹੀਂ ਵੇਚਣੀ।" ਮੁੰਡੇ ਨੇ ਭਾਵੇਂ ਮਹਿੰ ਵੇਚਣੋਂ ਕੋਰਾ ਜਵਾਬ ਦਿੱਤਾ ਪਰ ਠੱਗ ਫੇਰ ਵੀ ਉਸ ਮਗਰ ਲੇਲੀ ਵਾਂਗ ਲੱਗ ਤੁਰਿਆ। ਉਹ ਉਸ ਨੂੰ ਮਹਿੰ ਵੇਚਣ ਲਈ ਆਖੀ ਜਾਂਦਾ ਸੀ ਪਰ ਮੁੰਡਾ 'ਹਾਂ' ਨਹੀਂ ਸੀ ਕਰਦਾ।

ਚਾਰ ਪੰਜ ਪੈਲੀਆਂ ਦੀ ਵਾਟ 'ਤੇ ਇੱਕ ਹੋਰ ਠੱਗ ਮਿਲ ਪਿਆ। ਉਸ ਨੇ ਵੀ ਮਹਿੰ ਦੀ ਸਿਫ਼ਤ ਕਰ ਕੇ ਮੁੰਡੇ ਤੋਂ ਮੁੱਲ ਲੈਣ ਦਾ ਚਾਅ ਪ੍ਰਗਟ ਕੀਤਾ। ਮੁੰਡੇ ਨੇ 'ਨਹੀਂ' ਆਖ ਕੇ ਉਸ ਦੀ ਗੱਲ ਵੀ ਟਾਲ ਦਿੱਤੀ ਪਰ ਉਹ ਠੱਗ ਵੀ ਨਾਲ ਹੀ ਹੋ ਤੁਰਿਆ। ਥੋੜ੍ਹੀ ਦੂਰ ਅੱਗੇ ਗਏ ਤਾਂ ਤੀਜਾ ਠੱਗ ਮਿਲਿਆ। ਉਸ ਨੇ ਮੁੰਡੇ ਨੂੰ ਆਖਿਆ, "ਯਾਰ, ਇਹ ਮਹਿੰ ਮੇਰੇ ਦਿਲ ਨੂੰ ਬੜੀ ਚੰਗੀ ਲੱਗੀ ਆ, ਗੱਲ ਕਰ ਕਿੰਨੇ ਪੈਸੇ ਲੈਣੇ ਈ, ਮੈਨੂੰ ਦੇ-ਦੇ।"

ਮੁੰਡੇ ਨੇ ਮਹਿੰ ਵੇਚਣ ਨੂੰ ਥੋੜ੍ਹੀ ਆਂਦੀ ਸੀ ਜੋ ਹਾਂ ਕਰ ਦਿੰਦਾ। ਉਸ ਨੇ ਆਖਿਆ, "ਨਹੀਂ ਭਾਈ, ਮੈਂ ਤਾਂ ਆਪ ਬੜੀ ਰੀਝ ਨਾਲ ਦੁੱਧ ਪੀਣ ਲਈ ਆਂਦੀ ਆ, ਇਹ ਮਹਿੰ ਵਿਕਾਊ ਨਹੀਂ।" ਤੀਜਾ ਠੱਗ ਵੀ ਨਾਲ ਹੀ ਤੁਰ ਪਿਆ।

ਥੋੜ੍ਹੀ ਦੂਰ ਅੱਗੇ ਜਾ ਕੇ ਇੱਕ ਹੋਰ ਆਦਮੀ ਰਾਹ ਵਿਚ ਮਿਲਿਆ। ਇਹ ਚੌਥਾ ਠੱਗ ਸੀ। ਇਸ ਨੇ ਵੀ ਮੁੰਡੇ ਨੂੰ ਮਹਿੰ ਵੇਚਣ ਲਈ ਆਖਿਆ। ਮੁੰਡੇ ਨੇ ਸੋਚਿਆ, ਰੁਪਿਆਂ ਨੂੰ ਮੱਝਾਂ ਦਾ ਕੋਈ ਘਾਟਾ ਨਹੀਂ, ਮੈਂ ਫਿਰ-ਫਿਰਾ ਕੇ ਹੋਰ ਮੱਝ ਲੈ ਆਵਾਂਗਾ, ਇਨ੍ਹਾਂ ਦੇ ਇਹ ਦਿਲ ਲੱਗੀ ਏ, ਖਬਰੇ ਕਿੰਨਾ ਨਫ਼ਾ ਦੇ ਦੇਣ! ਮੁੰਡਾ ਮਹਿੰ ਵੇਚਣ ਲਈ ਤਿਆਰ ਹੋ ਗਿਆ। ਹੁਣ ਮਹਿੰ ਦਾ ਮੁੱਲ ਹੋਣ ਲੱਗਾ। ਚਹੁੰ ਠੱਗਾਂ ਵਿਚੋਂ ਇੱਕ ਨੇ ਆਖਿਆ, "ਹਤਬਾਂ ਦੇ ਭੇਤ ਭਿੜਨੇ ਚੰਗੇ ਨਹੀਂ ਹੁੰਦੇ। ਆਪਸ ਵਿਚ ਸੌਦਾ ਛੇਤੀ ਨਹੀਂ ਮੁੱਕਣਾ, ਅਹੁ ਸਾਹਮਣੇ ਕੋਈ ਵਿਚਾਰਾ ਰੱਬ ਦੇ ਨਾਂ ਵਾਲਾ ਬੁੱਢਾ ਬੈਠਾ। ਨਾ ਉਹ ਤੈਨੂੰ ਜਾਣਦਾ ਤੇ ਨਾ ਹੀ ਸਾਡਾ ਜਾਣੂ ਹੈ, ਜਾਪਦਾ ਵੀ ਸਿਆਣਾ ਹੈ। ਉਸ ਨੇ ਆਖਰ ਸਾਰੀ ਉਮਰ ਹੰਢਾਈ ਹੈ, ਉਸ ਕੋਲੋਂ ਮਹਿੰ ਦਾ ਮੱਲ ਪੁਆ ਲਈਏ। ਜੋ ਉਹ ਮਹਿੰ ਦਾ ਮੁੱਲ ਪਾ ਦੇਵੇਗਾ, ਸਾਨੂੰ ਦੋਹਾਂ ਧਿਰਾਂ ਨੂੰ ਮੰਨਣਾ ਪਵੇਗਾ।"



ਉਨ੍ਹਾਂ ਮਹਿੰ ਉਸ ਬੁੱਢੇ ਕੋਲ ਜਾ ਖਲਾਰੀ; ਫਿਰ ਦੂਜੇ ਠੱਗ ਨੇ ਆਖਿਆ, "ਸੁਣ ਬਾਬਾ, ਤੂੰ ਕਿਸੇ ਦੀ ਕਬਰੇ ਨਹੀਂ ਪੈਣਾ। ਜਿੰਨੇ ਮੁੱਲ ਦੀ ਅੱਜ ਮਹਿੰ ਆ, ਮੁੱਲ ਪਾ ਦੇ।" ਬੁੱਢੇ ਨੇ ਸਿਰ ਫੇਰ ਦਿੱਤਾ ਤੇ ਆਖਿਆ, "ਨਾ ਬੱਚਾ, ਮੇਰੇ ਕੋਲੋਂ ਮੁੱਲ ਨਾ ਪੁਆਓ। ਮੈਂ ਸਾਰੀ ਉਮਰ ਬੰਦਗੀ ਕਰਦਿਆਂ ਲੰਘਾਈ ਏ। ਜੇ ਮੁੱਲ ਵਿਚ ਪੈਸੇ ਟਕੇ ਦਾ ਵਾਧਾ ਘਾਟਾ ਹੋ ਗਿਆ ਤਾਂ ਰੱਬ ਦਾ ਦੇਣਦਾਰ ਹੋਵਾਂਗਾ। ਦੁਨੀਆ ਦੇ ਝਮੇਲਿਆਂ ਨੂੰ ਛੱਡ ਕੇ ਮੈਂ ਉਜਾੜ ਵਿਚ ਆ ਕੇ ਬੈਠਾ ਹਾਂ।" ਮੁੰਡੇ ਨੂੰ ਹੁਣ ਬੁੱਢੇ ਉਤੇ ਪੂਰਾ ਭਰੋਸਾ ਹੋ ਗਿਆ ਕਿ ਬਾਬਾ ਪੂਰਾ-ਪੂਰਾ ਇਨਸਾਫ਼ ਕਰੇਗਾ। ਉਸ ਨੇ ਆਖਿਆ, "ਬਾਬਾ ਜੋ ਤੂੰ ਮੁੱਲ ਪਾ ਦੇਵੇਂਗਾ, ਮੈਨੂੰ ਮਨਜ਼ੂਰ ਹੈ।" ਬਾਬੇ ਨੇ ਦੋਹਾਂ ਧਿਰਾਂ ਨੂੰ ਪੱਕਿਆਂ ਕਰ ਲਿਆ ਤੇ ਆਖਿਆ, "ਜੋ ਮੈਂ ਮੁੱਲ ਪਾਵਾਂ, ਮਨਜ਼ੂਰ ਕਰਿਓ, ਮੇਰੀ ਧੌਲੀ ਦਾੜ੍ਹੀ ਦਾ ਖਿਆਲ ਰੱਖਿਓ।" ਦੋਵੇਂ ਧਿਰਾਂ ਮੰਨ ਗਈਆਂ।

ਬਾਬਾ ਉਠਿਆ, ਮਹਿੰ ਦੀ ਪੂਛ, ਹਵਾਨਾ ਤੇ ਸਿੰਗ ਦੇਖ ਕੇ ਆਖਣ ਲੱਗਾ, "ਇਸ ਮਹਿੰ ਦਾ ਮੁੱਲ ਇਕ ਧੇਲੀ ਜੇ।" ਇੱਕ ਠੱਗ ਨੇ ਝੱਟਪੱਟ ਬੱਝੇ ਵਿਚੋਂ ਕੱਢ ਕੇ ਧੇਲੀ ਮੁੰਡੇ ਦੀ ਤਲੀ 'ਤੇ ਰੱਖੀ ਤੇ ਮਹਿੰ ਦਾ ਰੱਸਾ ਉਸ ਦੇ ਹੱਥੋਂ ਫੜ ਕੇ ਤੁਰ ਪਿਆ। ਮੁੰਡੇ ਨੂੰ ਬਹੁਤ ਦੁੱਖ ਹੋਇਆ ਪਰ ਉਹ ਦੁੱਖ ਨੂੰ ਲੁਕੋ ਕੇ ਬੋਲਿਆ, "ਜੇ ਹੋਰ ਮਹੀਆਂ ਲੈਣੀਆਂ ਹੋਣ ਤਾਂ ਮੇਰੇ ਕੋਲ ਆ ਜਾਇਓ।" ਸਾਡੇ ਪਿੰਡਾਂ ਵੱਲ ਤਾਂ ਚਾਰ ਆਨੇ ਨੂੰ ਚੰਗੀ ਮੱਝ ਆ ਜਾਂਦੀ ਏ।" ਉਨ੍ਹਾਂ ਕਿਹਾ, "ਅਸੀਂ ਐਤਵਾਰ ਜ਼ਰੂਰ ਆਵਾਂਗੇ।" ਮੁੰਡੇ ਨੇ ਆਪਣੇ ਪਿੰਡ ਦਾ ਨਾਂ ਦੱਸਿਆ ਤੇ ਆਖਿਆ, "ਮੈਂ ਰਾਹ 'ਤੇ ਹਲ ਵਾਹੁੰਦਾ ਹੋਵਾਂਗਾ।"

ਤਿੰਨ ਸੌ ਰੁਪਏ ਦੀ ਠੱਗੀ ਖਾ ਕੇ ਠੱਗ ਦਾ ਪੁੱਤਰ ਭਰਿਆ ਪੀਤਾ ਘਰ ਆ ਗਿਆ। ਉਸ ਨੇ ਫਾਂਧੀਆਂ ਕੋਲੋਂ ਇੱਕ ਰੰਗ ਦੇ ਦੋ ਸਹੇ ਮੁੱਲ ਲਏ। ਉਨ੍ਹਾਂ ਦੇ ਗਲ ਵਿਚ ਇੱਕ ਤਰ੍ਹਾਂ ਦੀਆਂ ਗਾਨੀਆਂ ਪਾਈਆਂ। ਇੱਕ ਸਹਿਆ ਘਰ ਬੰਨ੍ਹ ਦਿੱਤਾ ਤੇ ਇੱਕ ਸਹਿਆ ਨਾਲ ਲੈ ਕੇ ਐਤਵਾਰ ਦੇ ਦਿਨ ਕਿਸੇ ਦਾ ਹਲ ਮੰਗ ਕੇ ਠੱਗਾਂ ਦੇ ਰਾਹ ਵਿਚ ਪੈਲੀ ਵਾਹੁਣ ਲੱਗ ਪਿਆ। ਰੋਟੀ ਵੇਲੇ ਚਾਰ ਠੱਗ ਆ ਗਏ। ਉਨ੍ਹਾਂ ਨੂੰ ਮੁੰਡਾ ਬੜੀ ਖੁਸ਼ੀ ਨਾਲ ਮਿਲਿਆ। ਹਲ ਖਲਾਰ ਕੇ ਸਹੇ ਨੂੰ ਆਖਣ ਲੱਗਾ, "ਭਈ ਸਹਿਆ, ਮਾਈ ਨੂੰ ਘਰ ਜਾ ਕੇ ਆਖ ਦੇਈਂ, ਚਹੁੰ ਆਦਮੀਆਂ ਦੀਆਂ ਰੋਟੀਆਂ ਪਕਾ ਛੱਡੇ ਤੇ ਦਾਲ ਰਿੰਨ੍ਹ ਛੱਡੇ।" ਪੈਲੀ ਦੋ ਪੈਲੀਆਂ ਸਹਿਆ ਸਿੱਧਾ ਭੱਜ ਮੁੜ ਝਾੜੀ ਵੜ ਗਿਆ। ਕੁਝ ਚਿਰ ਬਾਅਦ ਠੱਗਾਂ ਨੂੰ ਨਾਲ ਲੈ ਕੇ ਮੁੰਡਾ ਘਰ ਆਇਆ। ਦੂਜਾ ਸਹਿਆ ਘਰ ਬੱਝਾ ਦੇਖ ਕੇ ਚਾਰੇ ਠੱਗ ਬੜੇ ਹੈਰਾਨ ਹੋਏ। ਆਉਂਦਿਆਂ ਰੋਟੀਆਂ ਪੱਕੀਆਂ ਹੋਈਆਂ ਸਨ ਤੇ ਦਾਲ ਵੀ ਰਿੱਝੀ ਹੋਈ ਸੀ। ਉਨ੍ਹਾਂ ਠੱਗਾਂ ਨੇ ਸਲਾਹ ਕੀਤੀ ਕਿ ਕਿਸੇ ਤਰ੍ਹਾਂ ਇਸ ਮੁੰਡੇ ਤੋਂ ਇਹ ਸਹਿਆ ਜ਼ਰੂਰ ਲੈਣਾ ਚਾਹੀਦਾ ਹੈ ਕਿਉਂ ਜੋ ਦੂਰ ਠੱਗੀ ਮਾਰਨ ਗਿਆਂ ਕਈ ਵਾਰ ਹਨੇਰਾ ਹੋ ਜਾਂਦਾ ਹੈ, ਸਹੇ ਨੂੰ ਪਹਿਲਾਂ ਘੱਲ ਦਿਆ ਕਰਾਂਗੇ, ਉਹ ਰੋਟੀ ਦਾ ਸੁਨੇਹਾ ਦੇ ਛੱਡਿਆ ਕਰੇਗਾ। ਬੜਾ ਸੁੱਖ ਹੋ ਜਾਵੇਗਾ। ਉਨ੍ਹਾਂ ਵਿਚੋਂ ਇੱਕ ਨੇ ਮੁੰਡੇ ਨੂੰ ਆਖਿਆ, "ਇਹ ਸਹਿਆ ਸਾਨੂੰ ਦੇ ਦੇ" ਪਰ ਮੁੰਡਾ ਨਾ ਮੰਨਿਆ ਤੇ ਆਖਣ ਲੱਗਾ, ਮੈਂ ਇਕੱਲਾ ਹਾਂ। ਮੇਰਾ ਇਸ ਤੋਂ ਬਿਨਾਂ ਕੰਮ ਨਹੀਂ ਚਲ ਸਕਦਾ।" ਠੱਗਾਂ ਨੇ ਖਹਿੜੇ ਪੈ ਕੇ ਉਹ ਸਹਿਆ ਮੁੰਡੇ ਕੋਲੋਂ ਚਾਰ ਸੌ ਰੁਪਏ ਦਾ ਮੁੱਲ ਲੈ ਲਿਆ।

ਠੱਗ ਸਹਿਆ ਲੈ ਕੇ ਪਿੰਡ ਨੂੰ ਤੁਰ ਪਏ। ਪਿੰਡ ਦੇ ਨੇੜੇ ਆ ਕੇ ਇੱਕ ਖੂਹ 'ਤੇ ਚਾਰੇ ਨਹਾਉਣ ਲੱਗ ਪਏ ਅਤੇ ਸਹੇ ਨੂੰ ਸੁਨੇਹਾ ਦਿੱਤਾ ਕਿ ਉਹ ਉਨ੍ਹਾਂ ਦੇ ਘਰੀਂ ਰੋਟੀ ਟੁੱਕਰ ਬਾਰੇ ਆਖ ਦੇਵੇ। ਸਹਿਆ ਛੁੱਟਦਿਆਂ ਹੀ ਝਾੜੀ ਜਾ ਵੜਿਆ। ਠੱਗ ਨਹਾ ਕੇ ਸਹਿਜ ਨਾਲ ਖਾਓ ਪੀ ਵੇਲੇ ਘਰ ਆਏ ਤਾਂ ਕਿਸੇ ਘਰ ਵੀ ਰੋਟੀਆਂ ਨਹੀਂ ਸਨ ਪੱਕੀਆਂ, ਨਾ ਹੀ ਕਿਸੇ ਘਰ ਸਹਿਆ ਦਿਸਦਾ ਸੀ। ਉਨ੍ਹਾਂ ਆਪਣੀਆਂ ਵਹੁਟੀਆਂ ਤੋਂ ਸਹੇ ਨੂੰ ਦਿੱਤੇ ਸੁਨੇਹੇ ਬਾਰੇ ਪੁੱਛਿਆ ਤਾਂ ਉਤਰ ਮਿਲਿਆ ਕਿ ਇਥੇ ਕੋਈ ਸਹਿਆ-ਸੁਹਿਆ ਨਹੀਂ ਆਇਆ, ਇਸ ਤੋਂ ਉਨ੍ਹਾਂ ਨੂੰ ਸੁੱਝ ਗਈ ਕਿ ਉਸ ਮੁੰਡੇ ਨੇ ਉਨ੍ਹਾਂ ਨਾਲ ਠੱਗੀ ਕੀਤੀ ਹੈ।

ਠੱਗੀ ਖਾ ਕੇ ਚਾਰੇ ਠੱਗ ਗੁੱਸੇ ਨਾਲ ਭਰੇ ਪੀਤੇ ਮੁੰਡੇ ਦੇ ਪਿੰਡ ਤੁਰ ਪਏ। ਉਨ੍ਹਾਂ ਵਿਉਂਤ ਬਣਾਈ ਕਿ ਕਿਸੇ ਢੰਗ ਨਾਲ ਆਪਣੇ ਚਾਰ ਸੌ ਰੁਪਏ ਵਾਪਸ ਲੈ ਆਈਏ।

ਉਧਰ, ਠੱਗ ਮੁੰਡੇ ਨੇ ਕਸਾਈਆਂ ਕੋਲੋਂ ਬੱਕਰੇ ਦੀਆਂ ਆਂਦਰਾਂ ਲੈ ਕੇ ਲਹੂ ਦੀਆਂ ਭਰ ਲਈਆਂ ਤੇ ਲਿਆ ਕੇ ਆਪਣੀ ਮਾਂ ਦੇ ਗਲ ਦੁਆਲੇ ਵਲ੍ਹੇਟ ਦਿੱਤੀਆਂ। ਛੁਰੀ ਤੇ ਡੰਡਾ ਵੀ ਤਿਆਰ ਕਰ ਛੱਡਿਆ। ਜਦੋਂ ਠੱਗ ਆ ਕੇ ਬੈਠ ਗਏ ਤਾਂ ਉਨ੍ਹਾਂ ਮੁੰਡੇ ਨੂੰ ਸਹੇ ਬਾਰੇ ਉਲਾਂਭਾ ਦਿੱਤਾ ਕਿ ਉਹ ਘਰ ਨਹੀਂ ਪੁੱਜਾ। ਮੁੰਡੇ ਨੇ ਆਖਿਆ, "ਤੁਹਾਡੇ ਕੋਲੋਂ ਗ਼ਲਤੀ ਹੋ ਗਈ ਏ, ਤੁਸਾਂ ਉਸ ਨੂੰ ਪਹਿਲਾਂ ਘਰ ਦਿਖਾ ਲੈਣੇ ਸਨ।" ਫਿਰ ਮੁੰਡੇ ਨੇ ਆਪਣੀ ਮਾਂ ਨੂੰ ਆਖਿਆ, "ਬੇਬੇ ਪ੍ਰਾਹੁਣਿਆਂ ਦੀਆਂ ਰੋਟੀਆਂ ਪਕਾ।" ਬੇਬੇ ਨੇ ਬੜੇ ਗੁੱਸੇ ਵਿਚ ਜਵਾਬ ਦਿੱਤਾ, "ਮੈਥੋਂ ਨਹੀਂ ਨਵੇਂ ਸੂਰਜ ਲੰਗਰ ਪੱਕਦੇ, ਤੇਰੇ ਤਾਂ ਕੋਈ ਨਾ ਕੋਈ ਨਿੱਤ ਆਏ ਈ ਰਹਿੰਦੇ ਨੇ।" ਮੁੰਡੇ ਨੇ ਗੁੱਸੇ ਵਾਲਾ ਮੂੰਹ ਬਣਾ ਕੇ ਅੰਦਰੋਂ ਛੁਰੀ ਲਿਆਂਦੀ ਤੇ ਝੱਟ ਪੱਟ ਮਾਂ ਦੇ ਗਲ ਵਿਚ ਫੇਰ ਦਿੱਤੀ। ਲਹੂ ਨਾਲ ਭਰੀਆਂ ਗਲ ਦੁਆਲੇ ਵਲ੍ਹੇਟੀਆਂ ਆਂਦਰਾਂ ਵੱਢੀਆਂ ਗਈਆਂ ਤੇ ਲਹੂ ਨਿਕਲਦਾ ਜਾਪਣ ਲੱਗਾ। ਮਾਂ ਮੁਰਦਿਆਂ ਵਾਂਗ ਹੋ ਗਈ। ਠੱਗ ਬੜੇ ਹੈਰਾਨ ਹੋਏ ਤੇ ਮੁੰਡੇ ਨੂੰ ਲਾਹਨਤਾਂ ਪਾਉਣ ਲੱਗੇ। ਮੁੰਡੇ ਨੇ ਕਿਹਾ, "ਕੋਈ ਗੱਲ ਨਹੀਂ, ਘਬਰਾਉ ਨਾ, ਮੈਂ ਹੁਣੇ ਜਿਊਂਦੀ ਕਰ ਲੈਂਦਾ ਹਾਂ।" ਠੱਗ ਮੁੰਡੇ ਨੇ ਅੰਦਰੋਂ ਡੰਡਾ ਕੱਢ ਲਿਆਂਦਾ ਤੇ ਮਾਂ ਉਤੋਂ ਦੀ ਸੱਤ ਵਾਰੀ ਫੇਰਿਆ। ਮਾਂ ਨੌ-ਬਰ-ਨੌ ਉਠ ਕੇ ਰੋਟੀਆਂ ਪਕਾਉਣ ਲੱਗ ਪਈ। ਠੱਗਾਂ ਸਲਾਹ ਕੀਤੀ ਕਿ ਇਹ ਛੁਰੀ ਤੇ ਡੰਡਾ ਲੈਣਾ ਚਾਹੀਦਾ ਹੈ। ਕਈ ਵਾਰ ਕਿੰਨਾ ਮਾਰਨ ਕੁੱਟਣ 'ਤੇ ਵੀ ਸਾਡੀਆਂ ਜ਼ਨਾਨੀਆਂ ਸਾਡੇ ਆਖੇ ਨਹੀਂ ਲੱਗਦੀਆਂ। ਛੁਰੀ ਨਾਲ ਹਲਾਲ ਕਰ ਕੇ ਡੰਡੇ ਨਾਲ ਜਿਊਂਦੀਆਂ ਕਰ ਲਿਆ ਕਰਾਂਗੇ ਤਾਂ ਆਪੇ ਠੀਕ ਹੋ ਜਾਣਗੀਆਂ। ਠੱਗਾਂ ਨੇ ਖਹਿੜੇ ਪੈ ਕੇ ਉਹ ਛੁਰੀ ਤੇ ਡੰਡਾ ਮੁੰਡੇ ਕੋਲੋਂ ਪੰਜ ਹਜ਼ਾਰ ਰੁਪਏ ਦਾ ਮੁੱਲ ਲੈ ਲਿਆ।

ਉਹ ਸ਼ਾਮੀ ਘਰ ਆਏ ਅਤੇ ਆਪਣੀਆਂ ਜ਼ਨਾਨੀਆਂ ਨੂੰ ਕੁਵੇਲੇ ਰੋਟੀ ਪਕਾਉਣ ਲਈ ਝਿੜਕਿਆ, ਉਹ ਅੱਗਿਓਂ ਪੰਜ ਪੱਥਰ ਲੈ ਕੇ ਪਈਆਂ। ਉਨ੍ਹਾਂ ਵਾਰੀ-ਵਾਰੀ ਚਾਰੇ ਹਲਾਲ ਕਰ ਦਿੱਤੀਆਂ। ਸਾਰੀ ਰਾਤ ਉਨ੍ਹਾਂ ਦੁਆਲੇ ਡੰਡਾ ਫੇਰਦੇ ਰਹੇ ਪਰ ਉਨ੍ਹਾਂ ਵਿਚੋਂ ਇੱਕ ਵੀ ਜਿਊਂਦੀ ਨਾ ਹੋਈ। ਕਰਨਾ ਕੀ ਸੀ, ਉਨ੍ਹਾਂ ਨੂੰ ਦਫ਼ਨਾਇਆ ਤੇ ਬਦਲਾ ਲੈਣ ਲਈ ਠੱਗ ਸ਼ਾਮ ਨੂੰ ਮੁੰਡੇ ਦੇ ਘਰ ਜਾ ਬੈਠੇ। ਉਸ ਨੂੰ ਆਪਣੀਆਂ ਵਹੁਟੀਆਂ ਹਲਾਲ ਕਰਨ ਵਾਲੀ ਦੁੱਖ ਭਰੀ ਗੱਲ ਸੁਣਾਈ ਤਾਂ ਠੱਗ ਮੁੰਡੇ ਨੇ ਆਖਿਆ, "ਤੁਸਾਂ ਛੁਰੀ ਫੇਰਨ ਤੋਂ ਪਹਿਲਾਂ ਰੱਬ ਦਾ ਨਾਂ ਨਹੀਂ ਲਿਆ ਹੋਣਾ।" ਠੱਗ ਚੁੱਪ ਰਹੇ।

ਜਦੋਂ ਅੱਧੀ ਰਾਤ ਹੋਈ ਤਾਂ ਉਨ੍ਹਾਂ ਭੂਰੇ (ਕੰਬਲ) ਵਿਚ ਸੁੱਤੇ ਪਏ ਮੁੰਡੇ ਦੀ ਪੰਡ ਬੰਨ੍ਹ ਲਈ ਤੇ ਸਿਰ 'ਤੇ ਚੁੱਕ ਕੇ ਦਰਿਆ ਵਿਚ ਰੋੜ੍ਹਨ ਲਈ ਤੁਰ ਪਏ। ਰਾਹ ਵਿਚ ਉਨ੍ਹਾਂ ਨੂੰ ਦਿਨ ਚੜ੍ਹ ਗਿਆ। ਇੱਕ ਆਦਮੀ ਰਾਹ ਵਿਚ ਆਪਣੇ ਖੇਤਾਂ ਵਿਚ ਬੈਠਾ ਹੁੱਕਾ ਪੀ ਰਿਹਾ ਸੀ। ਉਨ੍ਹਾਂ ਭੂਰੇ ਵਿਚ ਬੱਧੇ ਮੁੰਡੇ ਨੂੰ ਝਾੜੀਆਂ ਦੇ ਉਹਲੇ ਰੱਖ ਦਿੱਤਾ ਤੇ ਆਪ ਹੁੱਕੇ ਦਾ ਘੁੱਟ ਲਾਉਣ ਚਲੇ ਗਏ। ਉਥੇ ਝਾੜਾਂ ਵਿਚ ਵਾਗੀ ਵੱਗ ਚਾਰ ਰਿਹਾ ਸੀ। ਉਹ ਚਾਲੀ ਸਾਲ ਦਾ ਹੋ ਗਿਆ ਸੀ ਪਰ ਉਸ ਦਾ ਵਿਆਹ ਨਹੀਂ ਸੀ ਹੋਇਆ। ਸੱਠ-ਸੱਤਰ ਡੰਗਰ ਉਸ ਨੇ ਚਰਾਈ 'ਤੇ ਛੱਡੇ ਹੋਏ ਸਨ। ਉਸ ਨੂੰ ਪੰਡ ਵੱਲ ਆਉਂਦਿਆਂ ਦੇਖ ਕੇ ਠੱਗ ਮੁੰਡੇ ਨੇ 'ਮੈਂ ਨਹੀਂ ਵਿਆਹ ਕਰਵਾਉਣਾ, ਮੈਂ ਨਹੀਂ ਵਿਆਹ ਕਰਾਉਣਾ' ਦੀ ਰੱਟ ਲਾਉਣੀ ਸ਼ੁਰੂ ਕਰ ਦਿੱਤੀ।

ਵਾਗੀ ਨੇ ਪੰਡ ਕੋਲ ਆ ਕੇ ਪੁੱਛਿਆ, "ਤੂੰ ਵਿਆਹ ਕਿਉਂ ਨਹੀਂ ਕਰਾਉਣਾ?" ਮੁੰਡੇ ਨੇ ਆਖਿਆ, "ਮੇਰੇ ਪੰਜ ਵਿਆਹ ਪਹਿਲਾਂ ਹੋਏ ਹਨ, ਛੇਵਾਂ ਵਿਆਹ ਕਰਨ ਲਈ ਮੇਰੇ ਭਰਾ ਮੈਨੂੰ ਬੰਨ੍ਹ ਕੇ ਲੈ ਚਲੇ ਹਨ।" ਵਾਗੀ ਨੇ ਆਖਿਆ, "ਮੈਂ ਤੈਨੂੰ ਪੰਡ ਵਿਚੋਂ ਖੋਲ੍ਹ ਦਿੰਦਾ ਹਾਂ, ਤੂੰ ਮੈਨੂੰ ਪੰਡ ਵਿਚ ਬੰਨ੍ਹ ਦੇ, ਮੈਂ ਵਿਆਹ ਕਰਾ ਲਵਾਂ।" ਅੰਨ੍ਹਾ ਕੀ ਭਾਲੇ, ਦੋ ਅੱਖਾਂ। ਠੱਗ ਮੁੰਡੇ ਨੇ ਵਾਗੀ ਨੂੰ ਪੰਡ ਵਿਚ ਬੰਨ੍ਹ ਦਿੱਤਾ ਤੇ ਆਪ ਉਸ ਦਾ ਸਾਰਾ ਵੱਗ ਘਰ ਲੈ ਆਇਆ।

ਠੱਗਾਂ ਆ ਕੇ ਪੰਡ ਚੁੱਕ ਲਈ ਤੇ ਦਰਿਆ ਵਿਚ ਜਾ ਸੁੱਟੀ। ਠੱਗ ਪਰਤ ਕੇ ਲੁੱਟਣ ਲਈ ਉਸ ਮੁੰਡੇ ਦੇ ਘਰ ਆਏ ਤਾਂ ਮੁੰਡੇ ਦਾ ਘਰ ਮਾਲ ਡੰਗਰ ਨਾਲ ਭਰਿਆ ਹੋਇਆ ਸੀ। ਉਹ ਆਏ ਠੱਗਾਂ ਨੂੰ ਹੱਸ ਕੇ ਆਖਣ ਲੱਗਾ, "ਭਰਾ ਬਣ ਕੇ ਧੋਖਾ ਕੀਤਾ ਜੇ, ਥੋੜ੍ਹਾ ਜਿਹਾ ਦਰਿਆ ਵਿਚ ਅੱਗੇ ਸੁਟ ਦਿੰਦਿਓ ਤਾਂ ਕੁੰਢੀਆਂ, ਬੂਰੀਆਂ ਤੇ ਸੱਜ ਵਿਆਹੀਆਂ ਵਹੁਟੀਆਂ ਦੇ ਡੋਲੇ ਸਨ। ਮੈਨੂੰ ਤੁਸਾਂ ਉਰੇ ਹੀ ਕੱਟੇ ਵੱਛਿਆਂ ਵਿਚ ਸੁੱਟ ਦਿੱਤਾ ਤੇ ਸਿਰਫ਼ ਇਹੋ ਹੀ ਮਾਲ ਡੰਗਰ ਮਿਲਿਆ।" ਠੱਗ ਬੜੇ ਹੈਰਾਨ ਹੋ ਕੇ ਬੋਲੇ, "ਚੱਲ ਸਾਨੂੰ ਉਥੇ ਸੁੱਟ ਆ ਜਿਥੇ ਬੂਰੀਆਂ ਕੁੰਢੀਆਂ ਤੇ ਵਹੁਟੀਆਂ ਦੇ ਡੋਲੇ ਨੇ।"

ਠੱਗ ਦੇ ਪੁੱਤਰ ਨੇ ਚਾਰ ਭੂਰੇ ਫੜੇ ਤੇ ਚਹੁੰਆਂ ਠੱਗਾਂ ਨੂੰ ਆਪਣੇ ਨਾਲ ਦਰਿਆ ਦੇ ਕੰਢੇ ਲੈ ਗਿਆ। ਪਹਿਲਾਂ ਚਹੁੰਆ ਠੱਗਾਂ ਨੂੰ ਭੂਰਿਆਂ ਦੀਆਂ ਪੰਡਾਂ ਵਿਚ ਬੰਨ੍ਹ ਲਿਆ, ਫਿਰ ਇੱਕ ਨੂੰ ਘੁੰਮਣ ਘੇਰੀਆਂ ਵਿਚ ਵਗ੍ਹਾ ਮਾਰਿਆ। ਜਦੋਂ ਉਸ ਡੁੱਬਣ ਲੱਗੇ ਨੇ ਦੂਜਿਆਂ ਨੂੰ ਹੱਥ ਦਾ ਇਸ਼ਾਰਾ ਕੀਤਾ ਕਿ ਨਾ ਆਓ ਤਾਂ ਠੱਗ ਮੁੰਡਾ ਆਖਣ ਲੱਗਾ, "ਆਂਹਦਾ ਏ, ਛੇਤੀ ਆਓ, ਮੈਥੋਂ ਮੱਝਾਂ ਘੇਰੀਆਂ ਨਹੀਂ ਜਾਂਦੀਆਂ।" ਇਸ ਤਰ੍ਹਾਂ ਠੱਗ ਮੁੰਡੇ ਨੇ ਚਾਰ ਠੱਗ ਦਰਿਆ ਵਿਚ ਡੋਬ ਕੇ ਮਾਰ ਦਿੱਤੇ। ਫਿਰ ਆਪ ਰਾਤ ਨੂੰ ਠੱਗਾਂ ਦੇ ਪਿਉ ਕੋਲ ਚਲਾ ਗਿਆ।

ਬੁੱਢੇ ਨੇ ਪੁੱਛਿਆ, "ਦਰਿਆ ਵੱਲ ਗਏ ਸਨ, ਵਾਪਸ ਨਹੀਂ ਆਏ।" ਠੱਗ ਮੁੰਡੇ ਉਤਰ ਦਿੱਤਾ, "ਮੈਂ ਕਈਆਂ ਦਿਨਾਂ ਦਾ ਘਰੋਂ ਨਿਕਲਿਆ ਹਾਂ, ਮੈਨੂੰ ਕੋਈ ਪਤਾ ਨਹੀਂ।" ਅੱਧੀ ਰਾਤ ਨੂੰ ਮੁੰਡੇ ਨੇ ਉਠ ਕੇ ਬੁੱਢੇ ਨੂੰ ਕੋਠੇ ਵਿਚਲੇ ਥੰਮ੍ਹ ਨਾਲ ਜੂੜ ਲਿਆ ਤੇ ਹੁੱਝਾਂ ਮਾਰ-ਮਾਰ ਕੇ ਆਖਣ ਲੱਗਾ, "ਮਹਿੰ ਦਾ ਧੇਲੀ ਮੁੱਲ।" ਬੁੱਢੇ ਨੇ ਜਾਨ ਬਖਸ਼ੀ ਲਈ ਲੱਖਾਂ ਤਰਲੇ ਕੀਤੇ ਤੇ ਠੱਗੀਆਂ ਮਾਰ ਕੇ ਇਕੱਠਾ ਕੀਤਾ ਸਾਰਾ ਧਨ ਮੁੰਡੇ ਨੂੰ ਦੱਸ ਦਿੱਤਾ ਤੇ ਮੁੰਡੇ ਨੇ ਪੁੱਟ ਕੇ ਧਨ ਦੀ ਪੰਡ ਬੰਨ੍ਹ ਲਈ। ਬੁੱਢਾ ਥੰਮ੍ਹ ਨਾਲ ਹੀ ਬੱਧਾ ਰਿਹਾ। ਮੁੰਡਾ ਸਾਰਾ ਮਾਲ-ਮਤਾ ਲੈ ਕੇ ਆਪਣੀ ਮਾਂ ਕੋਲ ਪਿੰਡ ਆ ਗਿਆ।

# 'ਪੰਜਾਬ ਪੰਜਾਬੀਆਂ ਦਾ' ਨਾਅਰਾ ਦੇਣ ਵਾਲਾ ਖ਼ਿਜ਼ਰ ਹਯਾਤ ਟਿਵਾਣਾ

***(ਪਿਛਲੇ ਸਫੇ ਦੀ ਬਾਕੀ)***

ਸ਼ਹਿਰੀ ਲੋਕਾਂ ਨੂੰ ਜੋੜਿਆ। 1944 ਵਿਚ ਜਿਨਾਹ ਪੰਜਾਬ ਆਏ ਅਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਖ਼ਿਜ਼ਰ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਕਾਂਗਰਸ ਨੂੰ ਰੋਕਣ ਲਈ ਅੰਗਰੇਜ਼ਾਂ ਨੇ ਮੁਸਲਿਮ ਲੀਗ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ ਜੋ ਯੂਨੀਅਨਿਸਟ ਪਾਰਟੀ ਦੇ ਨਿਘਾਰ ਦਾ ਮੁੱਖ ਕਾਰਨ ਬਣਿਆ। ਇਸ ਦੇ ਨਾਲ ਹੀ ਕਈ ਜ਼ਿਮੀਂਦਾਰ ਆਗੂ ਜੋ ਪਹਿਲਾਂ ਯੂਨੀਅਨਿਸਟ ਪਾਰਟੀ ਨਾਲ ਸਨ, ਮੁਸਲਿਮ ਲੀਗ ਨਾਲ ਹੋ ਗਏ।

1946 ਦੀਆਂ ਸੂਬਾਈ ਚੋਣਾਂ ਮਗਰੋਂ ਉਨ੍ਹਾਂ ਕਾਂਗਰਸ ਅਤੇ ਅਕਾਲੀਆਂ ਨੂੰ ਪੰਜਾਬ ਦੀ ਫ਼ਿਰਕੂ ਸਦਭਾਵਨਾ ਕਾਇਮ ਰੱਖਣ ਦੇ ਆਖ਼ਰੀ ਯਤਨ ਵਜੋਂ ਇਕੱਠਿਆਂ ਕੀਤਾ। ਇਆਨ ਟਾਲਬਟ ਲਿਖਦੇ ਹਨ ਕਿ ਖ਼ਿਜ਼ਰ ਕੋਲ ਕੋਈ ਤੈਅ ਸਿਆਸੀ ਨੀਤੀ ਨਹੀਂ ਸੀ ਪਰ ਇਸ ਦੇ ਬਾਵਜੂਦ ਉਹ 1940 ਵਿਆਂ ਵਿਚ ਪੰਜਾਬ ਵਿਚ ਫ਼ਿਰਕੂ ਤਵਾਜ਼ਨ ਕਾਇਮ ਰੱਖ ਸਕੇ ਸਨ। ਇਸ ਵੇਲੇ ਤੱਕ ਅੰਗਰੇਜ਼ਾਂ ਦਾ ਮੁਸਲਿਮ ਲੀਗ ਨੂੰ ਸਮਰਥਨ ਵਧ ਗਿਆ ਸੀ ਅਤੇ ਯੂਨੀਅਨਿਸਟ ਪਾਰਟੀ ਦੀ ਮੁਖ਼ਾਲਫ਼ਤ ਕਰਨ ਵਾਲੇ ਜ਼ਿਮੀਂਦਾਰ ਵੀ ਮੁਸਲਿਮ ਲੀਗ ਦੇ ਨਾਲ ਹੀ ਸਨ।

1946 ਦੀਆਂ ਚੋਣਾਂ ਵਿਚ ਯੂਨਿਅਨਿਸਟ ਪਾਰਟੀ ਨੂੰ ਕਰੀਬ 18 ਸੀਟਾਂ ਮਿਲੀਆਂ ਪਰ ਮੁਸਲਿਮ ਲੀਗ 175 ਵਿਚੋਂ ਕਰੀਬ 73 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਸੀ। ਇਸ਼ਤਿਆਕ ਅਹਿਮਦ ਦੱਸਦੇ ਹਨ ਕਿ ਇਨ੍ਹਾਂ ਚੋਣਾਂ ਵਿਚ ਕਈ ਇਸ਼ਤਿਹਾਰ ਲੱਗੇ ਜਿਨ੍ਹਾਂ ਵਿਚ ਯੂਨੀਅਨਿਸਟ ਪਾਰਟੀ ਦੇ ਆਗੂਆਂ ਨੂੰ ਕਾਫ਼ਰ ਤੱਕ ਕਿਹਾ ਗਿਆ ਪਰ ਪੰਜਾਬ ਵਿਚ ਕਾਂਗਰਸ, ਪੰਥਕ ਪਾਰਟੀਆਂ ਅਤੇ ਦਲਿਤਾਂ ਦਾ ਸਹਿਯੋਗ ਨਾਲ ਮਿਲਣ ਕਰ ਕੇ ਮੁਸਲਿਮ ਲੀਗ ਸਰਕਾਰ ਨਹੀਂ ਬਣਾ ਸਕੀ।

ਫ਼ਿਰ ਸਿੱਖ, ਦਲਿਤ ਪਾਰਟੀਆਂ ਅਤੇ ਕਾਂਗਰਸ ਦੇ ਸਹਿਯੋਗ ਨਾਲ ਪੰਜਾਬ ਵਿਚ ਸਰਕਾਰ ਬਣੀ ਜਿਸ ਦੀ ਅਗਵਾਈ ਖ਼ਿਜ਼ਰ ਹਯਾਤ ਟਿਵਾਣਾ ਨੇ ਕੀਤੀ। ਇਸ ਮਗਰੋਂ 24 ਜਨਵਰੀ 1947 ਨੂੰ ਜਿਨਾਹ ਨੇ 'ਡਾਇਰੈਕਟ ਐਕਸ਼ਨ' ਦੀ ਕਾਲ ਦਿੱਤੀ। ਇਸ਼ਤਿਆਕ ਅਹਿਮਦ ਦੱਸਦੇ ਹਨ ਕਿ 24 ਤੋਂ ਲੈ ਕੇ 26 ਫਰਵਰੀ 1947 ਤੱਕ ਪੰਜਾਬ ਵਿਚ ਇਹ ਮੁਜ਼ਾਹਰੇ ਹੁੰਦੇ ਰਹੇ; ਇਸ ਦੌਰਾਨ ਖ਼ਿਜ਼ਰ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਕਾਫ਼ੀ ਮਾੜੇ ਨਾਅਰੇ ਵਰਤੇ ਗਏ। ਇਸ਼ਤਿਆਕ ਅਹਿਮਦ ਅਨੁਸਾਰ, "ਅੰਗਰੇਜ਼ਾਂ ਦੇ ਵਾਪਸ ਜਾਣ ਦੇ ਐਲਾਨ ਨੇ ਖ਼ਿਜ਼ਰ ਦੀ ਹਿੰਮਤ ਤੋੜ ਦਿੱਤੀ ਸੀ, ਉਹ ਸਮਝਦੇ ਸਨ ਕਿ ਜਿਨ੍ਹਾਂ ਪ੍ਰਤੀ ਉਹ ਵਫ਼ਾਦਾਰ ਸੀ, ਉਹ ਨਾ ਰਹੇ ਤਾਂ ਹੁਣ ਉਨ੍ਹਾਂ ਦੀ ਕੋਈ ਪੁਜੀਸ਼ਨ ਨਹੀਂ ਰਹੇਗੀ।"

ਇਸ਼ਤਿਆਕ ਅਹਿਮਦ ਇਸ ਬਾਰੇ ਅਗਾਂਹ ਦੱਸਦੇ ਹਨ ਕਿ 2 ਮਾਰਚ ਨੂੰ ਖ਼ਿਜ਼ਰ ਹਯਾਤ ਟਿਵਾਣਾ ਨੇ ਅਸਤੀਫ਼ਾ ਦਿੱਤਾ ਸੀ, ਉਹ ਕਹਿੰਦੇ ਹਨ, "ਮਈ 1947 ਵਿਚ ਖ਼ਿਜ਼ਰ ਹਯਾਤ ਟਿਵਾਣਾ ਨੇ ਅੰਗਰੇਜ਼ਾਂ ਨੂੰ ਸੁਝਾਅ ਦਿੱਤਾ ਸੀ ਕਿ ਭਾਰਤ ਅਤੇ ਪਾਕਿਸਤਾਨ ਬਣਾਉਣ ਦੇ ਨਾਲ-ਨਾਲ ਤੁਸੀਂ ਯੂਨਾਈਟਿਡ ਪੰਜਾਬ ਨੂੰ ਤੀਜਾ ਡੋਮੀਨੀਅਨ ਬਣਾ ਦਿਓ ਜੋ ਅੰਗਰੇਜ਼ਾਂ ਨੇ ਨਹੀਂ ਮੰਨਿਆ।... ਖ਼ਿਜ਼ਰ ਹਯਾਤ ਟਿਵਾਣਾ ਉਨ੍ਹਾਂ ਲੋਕਾਂ ਵਿਚੋਂ ਸਨ ਜੋ ਪੰਜਾਬ ਦੀ ਸਾਂਝੀਵਾਲਤਾ (ਯੂਨਿਟੀ) ਵਿਚ ਯਕੀਨ ਰੱਖਦੇ ਸਨ ਅਤੇ ਉਸ ਮੁਤਾਬਕ ਹੀ ਸਿਆਸਤ ਕਰਦੇ ਸਨ।" 20 ਜਨਵਰੀ 1975 ਨੂੰ ਅਮਰੀਕਾ ਵਿਚ ਖ਼ਿਜ਼ਰ ਹਯਾਤ ਟਿਵਾਣਾ ਦਾ ਦੇਹਾਂਤ ਹੋ ਗਿਆ। ***(ਬੀ.ਬੀ.ਸੀ. ਤੋਂ ਧੰਨਵਾਦ ਸਹਿਤ)***

# ਉਦਾਸੀ 'ਤੇ ਨਿਕਲਿਆ ਕਰੋ ਯਾਰੋ

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਮੈਂ ਅਕਸਰ ਹੀ ਉਦਾਸੀ 'ਤੇ ਨਿਕਲਦਾ ਹਾਂ। ਦਰਅਸਲ ਅਸੀਂ ਸਾਰੇ ਹੀ ਉਦਾਸੀ 'ਤੇ ਨਿਕਲਦੇ ਭਾਵੇਂ ਕਿ ਕਈ ਵਾਰ ਸਾਨੂੰ ਪਤਾ ਹੀ ਨਹੀਂ ਹੁੰਦਾ।

ਉਦਾਸੀਆਂ 'ਤੇ ਨਿਕਲਣਾ, ਜੀਵਨ ਦਾ ਸਭ ਤੋਂ ਖ਼ੂਬਸੂਰਤ ਪਲ। ਜਿਉਂਦਾ-ਜਾਗਦਾ ਅਹਿਸਾਸ। ਜਜ਼ਬਾਤਾਂ ਨਾਲ ਸਾਂਝ। ਜਜ਼ਬਿਆਂ ਨਾਲ ਗੁਫ਼ਤਗੂ। ਖ਼ੁਦ ਵਿਚੋਂ ਖ਼ੁਦ ਨੂੰ ਮਿਲਣ ਦੀ ਪ੍ਰਕਰਮਾ।

ਉਦਾਸੀ 'ਤੇ ਨਿਕਲਣਾ, ਮਨੁੱਖ ਦੇ ਜਿਉਂਦੇ ਹੋਣ ਦੀ ਨਿਸ਼ਾਨੀ। ਉਸ ਦੇ ਜਾਗਦੇ ਹੋਣ ਦਾ ਸਬੂਤ। ਆਲੇ-ਦੁਆਲੇ ਨੂੰ ਦੇਖਣ। ਵਰਤ-ਵਰਤਾਰਿਆਂ ਨੂੰ ਪਰਖਣ ਤੇ ਸਮਝਣ ਦੀ ਦਿੱਬ-ਦ੍ਰਿਸ਼ਟੀ। ਖ਼ੁਦ ਨੂੰ ਸਹੀ ਸਾਬਤ ਕਰਨ ਦਾ ਹੀਲਾ ਅਤੇ ਹਠ। ਖ਼ੁਦ ਨੂੰ ਵਿਸਥਾਰ ਅਤੇ ਵਿਚਾਰਗਤ ਕਰਨ ਦਾ ਮਾਰਗ।

ਉਦਾਸੀਆਂ ਕਦੇ ਵੀ ਇਕਸਾਰ ਨਹੀਂ ਹੁੰਦੀਆਂ। ਇਨ੍ਹਾਂ ਦਾ ਵਿਚਾਰਾਂ ਕਦੇ ਅਕੇਵਾਂ ਪੈਦਾ ਕਰਦਾ ਅਤੇ ਕਦੇ ਮਨ ਵਿਚ ਸੁਖਨ ਪੈਦਾ ਹੁੰਦਾ। ਕਦੇ ਰਾਹਾਂ ਵਿਚ ਖੱਡੇ, ਖਾਈਆਂ ਪੁੱਟੀਆਂ ਜਾਂਦੀਆਂ ਪਰ ਮਿੱਤਰਾਂ ਦੇ ਉਸਾਰੇ ਹੋਏ ਪੁਲ ਤੁਹਾਡੇ ਸਫ਼ਰ ਨੂੰ ਸੁਖਾਵਾਂ ਬਣਾਉਂਦੇ।

ਉਦਾਸੀਆਂ ਦਾ ਉਮਰ, ਸਥਾਨ, ਵਿਸ਼ਵਾਸ, ਸੋਚ, ਸ਼ੌਕ, ਕਿੱਤੇ, ਬਿਰਤੀ ਅਤੇ ਕਾਰੋਬਾਰ ਨਾਲ ਬਹੁਤ ਗੂੜ੍ਹਾ ਸਬੰਧ। ਜਿਹੋ ਜਿਹੀ ਤੁਹਾਡੀ ਮਾਨਸਿਕਤਾ ਹੋਵੇਗੀ, ਤੁਸੀਂ ਉਹੋ ਜਿਹੀ ਉਦਾਸੀ 'ਤੇ ਨਿਕਲੋਗੇ। ਬਚਪਨ, ਜਵਾਨੀ, ਅਧਖੜ ਜਾਂ ਬੁਢਾਪੇ ਦੀ ਉਦਾਸੀ ਦਾ ਸਫ਼ਰ ਅਲੱਗ ਅਲੱਗ। ਵੱਖੋ ਵੱਖ ਕਾਰੋਬਾਰੀ ਨਿੱਜੀ ਲਾਭਾਂ ਹਾਨੀਆਂ ਕਾਰਨ ਵਿਭਿੰਨ ਦਿਸ਼ਾਵੀ ਉਦਾਸੀਆਂ ਨੂੰ ਨਿਕਲਦੇ। ਕਲਾਕਾਰ, ਕਿਰਤੀ ਜਾਂ ਕਰਮਯੋਗੀਆਂ ਦੀਆਂ ਉਦਾਸੀਆਂ ਨਿਵੇਕਲੀਆਂ। ਪੀਰਾਂ ਫ਼ਕੀਰਾਂ, ਸਾਧੂ, ਮਹਾਤਮਾ, ਸੰਤ, ਮਹਾਂ ਪੁਰਖਾਂ ਦੀਆਂ ਉਦਾਸੀਆਂ ਤਾਂ ਬਾਬੇ ਨਾਨਕ ਵਰਗੀਆਂ।

ਉਦਾਸੀਆਂ ਯੁੱਗਾਂ ਜੇਡ ਵੀ ਅਤੇ ਕੁਝ ਪਲਾਂ ਦੀਆਂ ਵੀ। ਕਈ ਹਜ਼ਾਰ ਮੀਲਾਂ ਤੀਕ ਵੀ ਫੈਲੀਆਂ ਅਤੇ ਇਕ ਬਿੰਦੂ 'ਤੇ ਸਿਮਟੀਆਂ ਵੀ। ਅੰਬਰ ਦੀ ਸੈਰ ਵੀ ਕਰਦੀਆਂ ਪਰ ਕਦੇ ਕਦਾਈਂ ਰਸਾਤਲ ਤੀਕ ਹੀ ਰਸਾਈ।

ਉਦਾਸੀਆਂ 'ਚੋਂ ਪੈਦਾ ਹੋਏ ਅਹਿਸਾਸ ਕਦੇ ਜੀਵਨ ਨੂੰ ਮਹਿਕਾਉਂਦੇ, ਕਦੇ ਪੱਲੇ ਵਿਚ ਝੋਰੇ ਪਾਉਂਦੇ। ਕਦੇ ਚਿਰ ਵਿਛੁੰਨੇ ਸੱਜਣ ਮਿਲਾਉਂਦੇ, ਕਦੇ ਉਮਰ ਤੋਂ ਲੰਮੀਆਂ ਜੁਦਾਈਆਂ ਪਾਉਂਦੇ। ਕਦੇ ਚੁੱਪ-ਚੁਪੀਤੇ ਹੀ ਜੀਵਨ ਧੜਕਣ ਨੂੰ ਜਸ਼ਨ ਵਿਚ ਤਬਦੀਲ ਕਰਦੇ, ਕਦੇ ਕਦੇ ਸਾਹਾਂ ਦੀ ਸੰਗੀਤਕਾ ਨੂੰ ਸ਼ੋਰ ਬਣਾਉਂਦੇ।

ਉਦਾਸੀਆਂ ਵਿਚ ਕਈ ਵਾਰ ਤੁਸੀਂ ਆਪਣੇ ਇਤਿਹਾਸ ਅਤੇ ਮਿਥਿਹਾਸ ਨੂੰ ਮਿਲਦੇ। ਕਦੇ ਵਿਰਾਸਤ ਥੀਂ ਵਿਚਰਦੇ। ਕਦੇ ਗੁਰੂਆਂ ਪੀਰਾਂ ਦੀਆਂ ਕਿੱਸੇ-ਕਹਾਣੀਆਂ ਨੂੰ ਦੁਹਰਾਉਂਦੇ। ਪਰ ਕਦੇ ਤੁਸੀਂ ਭਵਿੱਖ ਵਿਚ ਵਾਪਰਨ ਵਾਲੇ ਵਰਤਾਰਿਆਂ ਦੇ ਖ਼ੌਫ਼ ਨਾਲ ਖ਼ੁਦ ਨੂੰ ਵਿਚਲਿਤ ਕਰਦੇ।

ਕਦੇ ਤੁਸੀਂ ਇਨ੍ਹਾਂ ਉਦਾਸੀਆਂ ਨੂੰ ਵਿਚਲੇ ਜ਼ਿੰਦਾਬਾਦ ਦੇ ਹੋਕਰਿਆਂ ਨਾਲ ਲਰਜ਼ਾਉਂਦੇ ਪਰ ਕਈ ਵਾਰ ਇਹ ਉਦਾਸੀ ਤੁਹਾਨੂੰ ਕਬਰਾਂ ਦੇ ਰਾਹ ਮੋੜਦੀ, ਸਿਵਿਆਂ ਨੂੰ ਜਾਂਦੀ ਡੰਡੀ ਦਾ ਰਸਤਾ ਦਿਖਾਉਂਦੀ। ਕਦੇ ਇਹ ਤੁਹਾਡੇ ਮੋਢੇ 'ਤੇ ਆਪਣਿਆਂ ਦੀ ਅਰਥੀ ਦਾ ਬੋਝ ਬਣਦੀ ਪਰ ਕਦੇ ਕਦੇ ਇਹ ਤੁਹਾਡੀ ਕੰਧੇੜੀ ਬੈਠੇ ਫੁੱਲਾਂ ਵਰਗੇ ਲਾਡਲੇ ਦੇ ਸਾਹਾਂ ਮਹਿਕਾਂ ਨਾਲ ਕੰਨ ਹੇੜੀ ਕਰ ਜਾਂਦੀ।

ਕਦੇ ਇਹ ਉਦਾਸੀ ਤੁਹਾਨੂੰ ਦਰਪੇਸ਼ ਸਮੱਸਿਆਵਾਂ ਦੀਆਂ ਘੁੰਮਣ-ਘੇਰੀਆਂ ਵਿਚ ਡੋਬ ਦਿੰਦੀ ਪਰ ਕਈ ਵਾਰ ਇਹ ਉਦਾਸੀ ਮੁਸ਼ਕਲਾਂ ਨੂੰ ਆਸਾਨ ਕਰਨ ਦਾ ਵਰਦਾਨ ਵੀ ਹੁੰਦੀ। ਕਦੇ ਇਹ ਤੁਹਾਡੀ ਤਲੀ 'ਤੇ ਸ਼ਗਨਾਂ ਦੀ ਮਹਿੰਦੀ ਲਾਉਂਦੀ ਤੇ ਮਹਿੰਦੀ ਦੇ ਗੀਤ ਵੀ ਗੁਣਗੁਣਾਉਂਦੀ ਪਰ ਕਦੇ ਕਦੇ ਇਹ ਸੋਗਵਰ ਪਲਾਂ ਨੂੰ ਤੁਹਾਡੀ ਮਸਤਕੀ ਵਿਚ ਟਿਕਾਉਂਦੀ।

ਉਦਾਸੀ ਨਿਰੰਤਰ ਸਫ਼ਰ ਵਿਚ। ਲਗਾਤਾਰ ਬੀਤੇ ਹੋਏ, ਬੀਤ ਰਹੇ ਜਾਂ ਬੀਤਣ ਵਾਲੇ ਪਲਾਂ ਨੂੰ ਮਿਲਣ ਦਾ ਸਬੱਬ। ਖ਼ਾਬਾਂ-ਖ਼ਿਆਲਾਂ ਵਿਚ ਅਸੀਂ ਸਦਾ ਉਦਾਸੀਆਂ 'ਚ। ਜਿੰਨਾ ਚਿਰ ਅਸੀਂ ਜਿਉਂਦੇ, ਜਾਗਦੇ, ਸਾਡੇ ਮਸਤਕ ਵਿਚ ਸੋਚ-ਪ੍ਰਵਾਹ ਚੱਲਦਾ, ਅਸੀਂ ਉਦਾਸੀ ਵਿਚ।

ਅਸੀਂ ਤਾਂ ਸੁੱਤਿਆਂ ਵੀ ਅਰਧ-ਚੇਤਨਾ ਵਿਚ ਸੁਪਨਿਆਂ ਰਾਹੀਂ ਉਦਾਸੀ 'ਤੇ ਨਿਕਲਦੇ। ਪਤਾ ਨਹੀਂ ਕਿਹੜੇ ਅਕਾਸ਼ਾਂ, ਧਰਤੀਆਂ, ਸਮੁੰਦਰਾਂ ਅਤੇ ਜੰਗਲਾਂ ਨੂੰ ਗਾਹੁੰਦੇ। ਅਵਚੇਤਨ ਵਿਚ ਵਸੇ ਪਿੰਡ, ਘਰ, ਖੇਤ, ਖੂਹ, ਖ਼ਰਾਸ, ਮਿੱਤਰ, ਬੇਲੀ ਅਤੇ ਸਕੇ-ਸਬੰਧੀ, ਯਾਰ ਬੇਲੀ ਆਦਿ ਉਦਾਸੀ ਦੌਰਾਨ ਮਿਲਦੇ। ਤੁਹਾਡੇ ਨਾਲ ਮੂਕ ਗੱਲਬਾਤ ਕਰਦੇ। ਕੁਝ ਦੱਸਦੇ, ਕੁਝ ਪੁੱਛਦੇ, ਕੁਝ ਸੁਝਾਉਂਦੇ ਤੇ ਕੁਝ ਪੱਲੇ 'ਚ ਪਾਉਂਦੇ। ਕਦੇ ਤੁਹਾਡੇ ਹੋਠਾਂ 'ਤੇ ਮੁਸਕਰਾਹਟ ਫੈਲਦੀ ਅਤੇ ਕਦੇ ਤੁਹਾਡੇ ਚਿਹਰੇ 'ਤੇ ਉਦਾਸੀ। ਕਦੇ ਖ਼ੌਫ਼ਜ਼ਦਾ ਅਤੇ ਕਦੇ ਬੇਖ਼ੌਫ਼। ਕਦੇ ਕੁਝ ਖੁੱਸ ਜਾਣ ਦਾ ਹੇਰਵਾ ਅਤੇ ਕਦੇ ਕੁਝ ਮਿਲਣ ਦਾ ਵਿਸਮਾਦ। ਕਦੇ ਅਰਧ ਚੇਤਨਾ ਵਾਲੀਆਂ ਉਦਾਸੀਆਂ 'ਚ ਅਸੀਂ ਪਿਆਰਿਆਂ ਨੂੰ ਮਿਲਦੇ। ਉਨ੍ਹਾਂ ਦੀ ਪੀਢੀ ਗਲਵੱਕੜੀ ਵਿਚੋਂ ਮਿਲੀ ਸੱਜਣ ਦੇ ਪਿੰਡੇ ਦੀ ਮਹਿਕ, ਆਪਣੇ ਸਾਹਵਾਂ ਦੇ ਨਾਮ ਕਰਦੇ। ਕਦੇ ਅਚਨਚੇਤੀ ਅੱਖ ਖੁੱਲ੍ਹਣ 'ਤੇ ਅੱਧ-ਵਿਚਕਾਰ ਰਹਿ ਗਈ ਉਦਾਸੀ ਦਾ ਦਰਦ। ਰੱਬ ਨੂੰ ਵੀ ਕੋਸਦੇ ਕਿ ਕਾਹਦੀ ਸੀ ਕਾਹਲ ਕਿ ਮੇਰੀ ਅੱਖ ਖੋਲ੍ਹ ਦਿੱਤੀ? ਕੀ ਤੇਰੇ ਕੋਲ ਕੁਝ ਹੋਰ ਸਮਾਂ ਨਹੀਂ ਸੀ ਕਿ ਬੰਦ ਅੱਖਾਂ ਨਾਲ ਸੁਪਨਈ ਉਦਾਸੀ ਦੀ ਇਲਹਾਮੀ ਅਵਸਥਾ ਨਿੱਘ ਮਾਣ ਸਕਦਾ?



ਉਦਾਸੀਆਂ ਦੇ ਕਿਸੇ ਮੋੜ 'ਤੇ ਦੁੱਖ ਮਿਲਦੇ ਪਰ ਅਗਲੇ ਹੀ ਮੋੜ 'ਤੇ ਸੁੱਖ ਮੁਸਕਰਾਉਂਦੇ। ਕਿਸੇ ਮੋੜ 'ਤੇ ਗ਼ਮ ਅਤੇ ਪੀੜਾ ਦਾ ਸ਼ੋਰ ਅਤੇ ਪਰ ਕਿਸੇ ਮੋੜ 'ਤੇ ਖ਼ੁਸ਼ੀਆਂ ਅਤੇ ਖੇੜਿਆਂ ਦਾ ਸੰਗੀਤਕ ਸੁਰ ਸੁਣਦੀ।

ਬੰਦਿਆਂ ਦੀਆਂ ਉਦਾਸੀਆਂ ਬਾਬੇ ਨਾਨਕ ਵਾਲੀਆਂ ਨਹੀਂ। ਇਹ ਆਮ ਵਿਅਕਤੀ ਦੀਆਂ, ਲੋੜਾਂ ਤੇ ਥੁੜ੍ਹਾਂ ਨੂੰ ਮਿਲਣ ਦੀਆਂ। ਤੰਗੀਆਂ-ਤੁਰਸ਼ੀਆਂ ਨਾਲ ਬਾਵਸਤਾ ਹੋਣ ਦੀਆਂ। ਨਿੱਕੀਆਂ ਨਿੱਕੀਆਂ ਸੋਚਾਂ ਅਤੇ ਸੁਪਨਿਆਂ ਦੀਆਂ ਗ਼ੁਲਾਮ। ਛੋਟੇ ਛੋਟੇ ਮੁਫ਼ਾਦਾਂ ਦੀਆਂ ਦੇਣਦਾਰ। ਸੀਮਤ ਜਿਹੇ ਦਾਇਰੇ ਵਿਚ ਸੁੰਗੜੀਆਂ। ਹਉਮੈਂ ਅਤੇ ਹੰਕਾਰ ਵਿਚ ਗ਼ਲਤਾਨ। ਰੁਤਬਿਆਂ ਦੇ ਗੁਮਾਨ ਵਿਚ ਲਿੱਬੜੀਆਂ। ਸਰਕਾਰੀ, ਧਾਰਮਿਕ ਜਾਂ ਸਮਾਜਿਕ ਧੌਂਸ ਦਾ ਪ੍ਰਤੱਖ ਰੂਪ। ਅਮਾਨਵੀ ਕਦਰਾਂ-ਕੀਮਤਾਂ ਦੀ ਕੋਝੀ ਤਸਵੀਰ ਨੇ ਇਹ ਉਦਾਸੀਆਂ। ਕਦੇ ਮੇਰਾ ਮਨ ਕਰਦਾ ਕਿ ਮੈਂ ਬਾਬੇ ਨਾਨਕ ਵਰਗੀ ਕਿਸੇ ਉਦਾਸੀ 'ਤੇ ਜਾਵਾਂ। ਪਰ ਕੀ ਕਰਾਂ। ਬਾਬਾ ਨਾਨਕ ਹਰ ਕੋਈ ਥੋੜ੍ਹੇ ਬਣ ਸਕਦਾ। ਭਾਵੇਂ ਕਿ ਅੱਜ ਕੱਲ੍ਹ ਹਰ ਇਕ ਬਾਬੇ ਨਾਨਕ ਦਾ ਸਭ ਤੋਂ ਵੱਡਾ ਪੈਰੋਕਾਰ ਅਖਵਾਉਂਦਾ।

ਅਸੀਂ ਸਿਰਫ਼ ਉਦਾਸੀਆਂ ਖ਼ਾਤਰ ਹੀ ਉਦਾਸੀਆਂ 'ਤੇ ਜਾਂਦੇ। ਉਦਾਸੀਆਂ ਵਿਚੋਂ ਕੁਝ ਵੀ ਨਹੀਂ ਸਿੱਖਦੇ ਅਤੇ ਨਾ ਹੀ ਕੁਝ ਸਿਖਾਉਂਦੇ। ਸਿਰਫ਼ ਇਕ ਭਰਮ ਭਾਲਦੇ ਕਿ ਅਸੀਂ ਉਦਾਸੀਆਂ 'ਤੇ ਹਾਂ। ਭਰਮਧਾਰੀਆਂ ਵਿਚ ਅਸੀਂ ਸਾਰੇ ਸ਼ਾਮਲ। ਕੋਈ ਹਰਿਆ ਬੂਟਾ ਤਾਂ ਰਿਹਾ ਹੀ ਨਹੀਂ।

ਬੰਦਾ ਜਦ ਪੈਰਾਂ ਰਾਹੀਂ ਉਦਾਸੀ 'ਤੇ ਨਿਕਲਦਾ ਤਾਂ ਉਹ ਜੰਗਲ, ਬੇਲੇ ਅਤੇ ਧਰਤੀਆਂ ਨੂੰ ਗਾਹੁੰਦਾ। ਵੱਖੋ-ਵੱਖਰੀਆਂ ਕੌਮਾਂ, ਨਸਲਾਂ, ਕਿੱਤਿਆਂ ਅਤੇ ਖ਼ਿੱਤਿਆਂ ਵਿਚੋਂ ਆਪਣੇ ਗਿਆਨ ਨੂੰ ਵਧਾਉਣ ਦੇ ਨਾਲ-ਨਾਲ, ਖ਼ੁਦ ਨੂੰ ਸਭ ਤੋਂ ਵੱਧ ਸਿਆਣਾ, ਸਮਝਦਾਰ, ਸਮਰੱਥ ਅਤੇ ਸੂਹਜਮਈ ਸਮਝਣ ਦਾ ਇਕ ਭਰਮ ਵੀ ਪਾਲਦਾ।

ਉਦਾਸੀਆਂ 'ਤੇ ਸਿਰਫ਼ ਬੰਦਾ ਹੀ ਨਹੀਂ ਨਿਕਲਦਾ। ਸਗੋਂ ਕੁਦਰਤ ਦਾ ਹਰ ਜੀਵ ਹੀ ਉਦਾਸੀ ਵਿਚ। ਮਨੁੱਖੀ ਚੇਤਨਾ, ਚਿੰਤਨ, ਚਿੰਤਾ, ਚਾਹਨਾਂ ਅਤੇ ਚੇਤੇ ਵੀ ਉਦਾਸੀ 'ਚ। ਇਹ ਸਾਡੇ ਪੈਰਾਂ, ਸੋਚਾਂ, ਸੁਪਨਿਆਂ, ਸ਼ਬਦਾਂ, ਸਾਧਨਾ, ਸਫਲਤਾਵਾਂ ਸਮਰਥਾਵਾਂ ਅਤੇ ਸੱਜਣਤਾਈ ਵਿਚ ਉੱਗੀ ਉਦਾਸੀ ਹੀ ਹੁੰਦੀ ਕਿ ਅਸੀਂ ਵਿਕਾਸ ਕਰਦੇ।

ਯਾਦਾਂ ਉਦਾਸੀ ਵਿਚ ਹੁੰਦੀਆਂ ਤਾਂ ਅਸੀਂ ਆਪਣੇ ਬੀਤੇ ਨੂੰ ਮਿਲਦੇ। ਆਪਣੇ ਤੋਂ ਦੂਰ ਤੁਰ ਗਏ ਸੱਜਣ/ਪਿਆਰਿਆਂ ਦੀਆਂ ਯਾਦਾਂ ਨਾਲ ਗੁਫ਼ਤਗੂ ਕਰਦੇ। ਉਨ੍ਹਾਂ ਨਾਲ ਮਾਣੇ ਹੋਏ ਪਲਾਂ ਨਾਲ ਬੀਤੇ ਨੂੰ ਮੁੜ ਤੋਂ ਜਿਉਂਦੇ। ਬੀਤੇ ਦੀਆਂ ਔਕੜਾਂ, ਮੁਸ਼ਕਲਾਂ ਅਤੇ ਮੁਸੀਬਤਾਂ ਵਿਚੋਂ ਨਿਕਲੀ ਉਸ ਚਾਨਣ-ਝੀਤ ਦਾ ਮੁੜ ਤੋਂ ਦੀਦਾਰ ਕਰਦੇ ਜਿਸ ਸਦਕਾ ਸਾਡੇ ਹਨੇਰੇ ਰਾਹਾਂ ਵਿਚ ਸਸਕਾਰ ਭਰ ਗਈ ਸੀ। ਸਾਡੇ ਖਿੜਕਦੇ ਪੈਰ ਸੰਭਲੇ। ਸਾਨੂੰ ਸਾਡੀ ਮੰਜ਼ਲ ਦਾ ਸਿਰਨਾਵਾਂ ਵੀ ਦਿਸਿਆ ਅਤੇ ਉਨ੍ਹਾਂ ਰਾਹਾਂ ਦੀ ਪਛਾਣ ਵੀ ਹੋ ਗਈ ਜਿਨ੍ਹਾਂ ਰਾਹੀਂ ਅਸੀਂ ਮਿਥੇ ਟੀਚਿਆਂ ਨੂੰ ਹਾਸਲ ਵੀ ਕੀਤਾ ਅਤੇ ਆਪਣੇ ਪਰਿਵਾਰ ਤੇ ਸਮਾਜ ਲਈ ਹਾਸਲ ਵੀ ਬਣੇ।

ਸੁਪਨੇ ਉਦਾਸੀ 'ਤੇ ਨਿਕਲਦੇ ਤਾਂ ਜਵਾਨੀ ਵਿਚ ਲਏ ਸੁਪਨਿਆਂ ਦੇ ਤਿੜਕਣ ਦੀ ਚੀਸ ਅਤੇ ਫਿਰ ਮਨੋਬਲ ਨੂੰ ਉੱਚਾ ਕਰ ਕੇ ਸੁਪਨਿਆਂ ਦੀ ਪੂਰਤੀ ਦਾ ਅਹਿਸਾਸ ਵੀ ਮਿਲਦਾ। ਵਰਤਮਾਨ ਵਿਚ ਸੁਪਨੇ ਲੈਣ ਦੀ ਜਾਚ ਵੀ ਦੱਸਦੀਆਂ ਇਹ ਉਦਾਸੀਆਂ। ਇਨ੍ਹਾਂ ਉਦਾਸੀਆਂ ਦੇ ਨੈਣਾਂ ਥੀਂ ਅਸੀਂ ਭਵਿੱਖੀ ਸੁਪਨਿਆਂ ਦੀ ਭਾਤ ਵੀ ਪਾ ਲੈਂਦੇ ਅਤੇ ਫਿਰ ਇਨ੍ਹਾਂ ਦੀ ਪ੍ਰਾਪਤੀ ਲਈ ਤਰਜੀਹਾਂ ਅਤੇ ਤਦਬੀਰਾਂ ਘੜਨ ਵਿਚ ਰੁੱਝ ਜਾਂਦੇ। ਇਹ ਉਦਾਸੀਆਂ ਇਹ ਵੀ ਸਬਕ ਦਿੰਦੀਆਂ ਕਿ ਸੁਪਨਿਆਂ ਦੀਆਂ ਉਦਾਸੀਆਂ ਰੁੱਖ ਜਾਰੀ ਰਹਿਣੀਆਂ ਚਾਹੀਦੀਆਂ। ਕਿਉਂਕਿ ਸੁਪਨਿਆਂ ਦੇ ਜੀਣ ਤੀਕ ਹੀ ਤਾਂ ਮਨੁੱਖ ਜਿਉਂਦੇ। ਸੁਪਨਹੀਣ ਹੋਣ ਅਤੇ ਮਰਨ ਵਿਚ ਕੋਈ ਫ਼ਰਕ ਨਹੀਂ ਹੁੰਦਾ।

ਮਨੁੱਖੀ ਚੇਤਨਾ ਜਦ ਉਦਾਸੀਆਂ 'ਤੇ ਨਿਕਲਦੀ ਤਾਂ ਫਿਰ ਸਮਾਜਿਕ ਕੋਹੜ, ਕੁਰੀਤੀਆਂ, ਤੇ ਕਮੀਆਂ ਦਾ ਮਨੋਵਿਗਿਆਨਕ, ਸਮਾਜਿਕ ਅਤੇ ਧਾਰਮਿਕ ਵਿਸ਼ਲੇਸ਼ਣ ਵਿਚੋਂ ਅਜੇਹੇ ਠੋਸ ਨਤੀਜਿਆਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਂਦੀ ਤੇ ਇਹ ਉਦਾਸੀ ਮਨੁੱਖ ਦਾ ਹਾਸਲ ਹੋ ਜਾਂਦੀ। ਮਨੁੱਖੀ ਸਰੋਕਾਰਾਂ ਦੀ ਸਜੀਵਤਾ, ਸੰਜੀਦਗੀ, ਸੁਹੱਪਣ ਅਤੇ ਸਦਾਕਤ ਵਿਚੋਂ ਜੀਵਨ ਦੀ ਆਸਥਾ ਨੂੰ ਕਿਆਸਣ ਦਾ ਵੱਲ ਸਿਖਾਉਂਦੀ। ਇਸ ਉਦਾਸੀ ਨੂੰ ਸੱਤੇ ਸਲਾਮਾਂ।

ਜ਼ਰੂਰੀ ਨਹੀਂ ਕਿ ਸਾਡੇ ਸੁੱਖ, ਸੁਵਿਧਾਵਾਂ, ਸਫਲਤਾਵਾਂ ਅਤੇ ਸੁਪਨਿਆਂ ਦਾ ਸੱਚ ਹੀ ਸਾਨੂੰ ਉਦਾਸੀਆਂ 'ਤੇ ਤੋਰੇ। ਕਈ ਵਾਰ ਅਸੀਂ ਮਾਨਸਿਕ ਅਵਸਥਾ ਦੇ ਖ਼ਾਸ ਦੌਰ ਵਿਚ ਜਦ ਦੁੱਖਾਂ ਅਤੇ ਪੀੜਾਂ ਭਰੀਆਂ ਉਦਾਸੀਆਂ 'ਤੇ ਤੁਰਦਿਆਂ ਖ਼ੁਦ ਨੂੰ ਮਹਿਸੂਸ ਕਰਦੇ ਤਾਂ ਅਹਿਸਾਸ ਹੁੰਦਾ ਕਿ ਜੀਵਨ ਵਿਚ ਪੀੜਾਂ ਦਾ ਆਉਣਾ ਅਤੇ ਦੁੱਖਾਂ ਦਾ ਟੱਕਰਨਾ ਬਹੁਤ ਅਹਿਮ। ਇਨ੍ਹਾਂ ਵਿਚੋਂ ਹੀ ਮਨੁੱਖ ਦੀ ਪਰਖ। ਇਸ ਕਸਵੱਟੀ 'ਤੇ ਖਰਾ ਉਤਰਨ ਅਤੇ ਹਾਲਤਾਂ ਨੂੰ ਸਾਹਮਣੇ ਹੋ ਕੇ ਟੱਕਰਨ ਅਤੇ ਪੀੜਾ ਤੇ ਗ਼ਮ ਨੂੰ ਹਰਾ ਕੇ ਇਸ ਨੂੰ ਜੀਵਨ ਦਾ ਗਹਿਣਾ ਬਣਾਉਣਾ, ਮਨੁੱਖ ਦਾ ਮੂਲ ਸਿਧਾਂਤ ਹੋ ਜਾਂਦਾ। ਹੀਰੇ ਸਿਰਫ਼ ਤਰਾਸ਼ੇ ਹੀ ਜਾਂਦੇ। ਕੁਠਾਲੀ ਵਿਚ ਪੈ ਕੇ ਸੋਨੇ ਵਿਚ ਨਿਖਾਰ ਆਉਂਦਾ। ਗੋਦੜੀਆਂ ਦੇ ਲਾਲ, ਟੁਕੜਿਆਂ 'ਤੇ ਪਲ ਕੇ ਕੱਖਾਂ ਦੀ ਕੁੱਲੀ ਦੇ ਮੱਥੇ 'ਤੇ ਸੂਰਜ ਦਾ ਸਿਰਨਾਵਾਂ ਉਕਰਦੇ। ਅਜੇਹੀਆਂ ਉਦਾਸੀਆਂ ਇਤਿਹਾਸ ਹੁੰਦੀਆਂ ਅਤੇ ਆਉਣ ਵਾਲੀਆਂ ਨਸਲਾਂ ਲਈ ਸੇਧ। ਸਮਾਂ ਮਿਲੇ ਤਾਂ ਕਦੇ ਅਜੇਹੀ ਉਦਾਸੀ 'ਤੇ ਜ਼ਰੂਰ ਨਿਕਲਣਾ ਕਿਉਂਕਿ ਇਹ ਉਦਾਸੀ ਤੁਹਾਨੂੰ ਸਕੂਨ ਨਾਲ ਭਰ ਦੇਵੇਗੀ।

ਜਦ ਸ਼ਬਦ ਉਦਾਸੀਆਂ 'ਤੇ ਤੁਰਦੇ ਤਾਂ ਕੋਰੇ ਵਰਕਿਆਂ ਨੂੰ ਇਬਾਰਤ ਦਾ ਸਾਥ ਮਿਲਦਾ। ਇਸ ਉਦਾਸੀ ਵਿਚ ਸ਼ਬਦ ਕਦੇ ਕਵਿਤਾ ਬਣ ਕੇ ਹਾਵ ਭਾਵ ਪ੍ਰਗਟਾਉਂਦੇ, ਕਦੇ ਵਾਰਤਕ ਰਾਹੀਂ ਅੰਤਰੀਵ ਨੂੰ ਦਿਖਾਉਂਦੇ, ਕਦੇ ਕਿਸੇ ਕਹਾਣੀ, ਨਾਵਲ ਜਾਂ ਨਾਟਕ ਰਾਹੀਂ ਸਮਾਜਿਕ ਤਾਣੇ-ਬਾਣੇ ਦੀਆਂ ਤੰਦਾਂ ਦੀ ਬਣਤਰ, ਇਸ ਦੀਆਂ ਗੰਢਾਂ ਅਤੇ ਇਸ ਵਿਚ ਪੈਦਾ ਹੋਈ ਖਿੱਚੋਤਾਣ ਨੂੰ ਆਪਣੀ ਕੁੱਖ ਵਿਚ ਟਿਕਾਉਂਦੇ। ਇਹ ਸ਼ਬਦ-ਉਦਾਸੀਆਂ ਹੀ ਹੁੰਦੀਆਂ ਕਿ ਕਲਮ ਹਮੇਸ਼ਾ ਸਫ਼ਰ ਵਿਚ ਰਹਿੰਦੀ। ਸੋਚ ਤੇ ਸੰਵੇਦਨਾ ਹਮੇਸ਼ਾ ਨਵੀਆਂ ਪਰਤਾਂ ਫਰੋਲਦੀ ਅਤੇ ਨਵੀਆਂ ਤਹਿਆਂ ਦੀ ਨਿਸ਼ਾਨਦੇਹੀ, ਕੁਝ ਨਿਵੇਕਲਾ ਅਤੇ ਅਲੋਕਾਰਾ ਵਰਕਿਆਂ ਦੇ ਨਾਮ ਕਰ ਜਾਂਦੀ।

ਕਿਤਾਬਾਂ ਵੀ ਬਹੁਤ ਵਾਰੀ ਉਦਾਸੀ 'ਤੇ ਨਿਕਲਦੀਆਂ ਤਾਂ ਇਹ ਹੋਰ ਬਹੁਤ ਸਾਰੀਆਂ ਕਿਤਾਬਾਂ ਨੂੰ ਜਨਮ ਦੇ ਕੇ ਆਪਣਾ ਮਾਂ-ਧਰਮ ਨਿਭਾਉਂਦੀਆਂ। ਕੁਝ ਨਵਾਂ ਸਿਰਜਣ ਦਾ ਕਾਰਜ ਕਰਦੀਆਂ। ਕਿਤਾਬਾਂ ਦੀ ਉਦਾਸੀ ਹੀ ਹੁੰਦੀ ਕਿ ਸਮੇਂ ਦੇ ਕਾਲਖ ਭਰੇ ਵਰਕਿਆਂ 'ਤੇ ਚਿਰਾਗ਼ਾਂ ਦੀ ਲਾਮ-ਡੋਰੀ, ਚਾਨਣ ਦਾ ਸਿਰਨਾਵਾਂ ਬਣ ਕੇ ਸਮਿਆਂ ਨੂੰ ਸੂਰਜ-ਰੱਤਾ ਕਰ ਜਾਂਦੀ। ਅਰਦਾਸ ਕਰਿਆ ਕਰੋ ਕਿ ਕਲਮ, ਸੂਰਬੀਰਤਾ, ਸੋਚ, ਅਤੇ ਸਰੋਕਾਰੀ ਸਮਝ ਨਾਲ ਸਮੋਈਆਂ ਕਿਤਾਬਾਂ ਹਮੇਸ਼ਾ ਉਦਾਸੀ ਵਿਚ ਰਹਿਣ ਤਾਂ ਹੀ ਸਮਾਜਿਕ ਵਿਕਾਸ ਸੰਭਵ।

ਕਦੇ ਬਜ਼ੁਰਗਾਂ ਦੀਆਂ ਉਦਾਸੀਆਂ ਬਾਰੇ ਜਾਣਨ ਦੀ ਇੱਛਾ ਹੋਵੇ ਤਾਂ ਬਜ਼ੁਰਗਾਂ ਦੀ ਸੰਗਤ ਮਾਣਨਾ। ਉਨ੍ਹਾਂ ਦੇ ਜੀਵਨ-ਸੰਘਰਸ਼ ਨੂੰ ਸੁਣ ਕੇ ਤੁਹਾਨੂੰ ਅਹਿਸਾਸ ਹੋਵੇਗਾ ਕਿ ਉਹ ਅਜੇਹੀਆਂ ਉਦਾਸੀਆਂ ਤੋਂ ਭਾਵੇਂ ਅਣਜਾਣ ਹੋਣ ਪਰ ਉਹ ਵੀ ਸਦਾ ਉਦਾਸੀ 'ਤੇ ਰਹੇ। ਕਦੇ ਹਲ ਨਾਲ ਖੇਤ ਵਾਹੁੰਦਿਆਂ ਸਿਆੜਾਂ ਅਤੇ ਬਲਦਾਂ ਨਾਲ ਗੱਲਾਂ ਕਰਦਿਆਂ, ਕਦੇ ਧਰਤੀ ਦੀ ਕੁੱਖ ਵਿਚ ਸੋਨ ਰੰਗੇ ਸੁਪਨੇ ਬੀਜਦਿਆਂ, ਕਦੇ ਇਨ੍ਹਾਂ ਸੁਪਨਿਆਂ ਦੀ ਪ੍ਰਫੁੱਲਤਾ ਦੀ ਆਸ ਵਿਚ ਮਨ ਦੀਆਂ ਤਰਜੀਹਾਂ 'ਚ ਗੁਆਚਣਾ ਅਤੇ ਕਦੇ ਸੁਪਨਿਆਂ ਦੇ ਤਿੜਕਣ ਤੇ ਮਿੱਧੇ ਹੋਏ ਸੁਪਨਿਆਂ ਦੀ ਪੁਨਰ-ਸੁਰਜੀਤੀ ਲਈ ਮੁੱਢ ਤੋਂ ਉਦਾਸੀ ਨੂੰ ਨਵਾਂ ਨਾਮ ਦੇਣ ਦਾ ਕਰਮ। ਉਨ੍ਹਾਂ ਦੀਆਂ ਉਦਾਸੀਆਂ ਦਾ ਕਿਹਾ ਆਲਮ ਕਿ ਉਹ ਸੀਮਤ ਸਾਧਨਾਂ ਨਾਲ ਜੀਵਨ ਦੀ ਭਰਪੂਰਤਾ ਅਤੇ ਆਨੰਦਤਾ ਨੂੰ ਹਰ ਸਾਹੀਂ ਜਿਉਂਦੇ ਰਹੇ। ਅਜੇਹੀ ਉਦਾਸੀ ਅਜੋਕੀ ਪੀੜ੍ਹੀ ਤਾਂ ਕਿਆਸ ਵੀ ਨਹੀਂ ਕਰ ਸਕਦੀ।

ਬੰਦਾ ਅਕਸਰ ਹਮੇਸ਼ਾ ਬਾਹਰਲੀ ਉਦਾਸੀ ਵਿਚ ਲੀਨ। ਬਾਹਰੀ ਦੁਨੀਆ ਅਤੇ ਇਸ ਦੇ ਪ੍ਰਭਾਵਾਂ ਹੇਠ ਖ਼ੁਦ ਨੂੰ ਭੁਲਾਈ ਬੈਠਾ। ਖ਼ੁਦ ਦੀ ਨਹੀਂ ਲੈਂਦਾ ਸਾਰ ਅਤੇ ਆਪੇ ਨੂੰ ਬੈਠਾ ਏ ਵਿਸਾਰ। ਤਾਂ ਹੀ ਉਸ ਦਾ ਹੁੰਦਾ ਨਹੀਂ ਆਤਮਿਕ ਵਿਸਥਾਰ। ਅੰਤਰੀਵੀ ਤੌਰ 'ਤੇ ਹਮੇਸ਼ਾ ਲੱਗਦਾ ਏ ਬਿਮਾਰ। ਕਦੇ ਉਹ ਹੁੰਦਾ ਹੀ ਨਹੀਂ ਖ਼ੁਦ ਨੂੰ ਮਿਲਣ ਲਈ ਤਿਆਰ ਤਾਂ ਹੀ ਉਸ ਦਾ ਜੀਵਨ ਏ ਸਦਾ ਬੇਕਾਰ। ਇਸ ਲਈ ਜ਼ਰੂਰੀ ਹੈ ਕਿ ਬੰਦਾ ਆਪਣੇ ਅੰਦਰਲੀ ਉਦਾਸੀ ਲਈ ਕਦੇ ਤਾਂ ਹੋਵੇ ਤਿਆਰ ਕਿਉਂਕਿ ਇਸ ਉਦਾਸੀ ਨੇ ਹੀ ਉਸ ਦੇ ਜੀਵਨ ਵਿਚੋਂ ਮਿਟਾਉਣਾ ਏ ਅੰਧਕਾਰ।

ਸਭ ਤੋਂ ਖ਼ੂਬਸੂਰਤ ਅਤੇ ਹੁਸੀਨ ਹੁੰਦਾ ਏ ਵਿਅਕਤੀ ਦਾ ਆਪਣੇ ਆਪ ਦੀ ਉਦਾਸੀ 'ਤੇ ਤੁਰ ਪੈਣਾ। ਆਪੇ ਦੀ ਖੋਜ ਵਿਚ ਨਿਕਲਣਾ। ਖ਼ੁਦ ਦੀ ਪਛਾਣ ਕਰਨੀ ਕਿ ਮੈਂ ਕੌਣ ਹਾਂ? ਮੇਰੇ ਕੀ ਸਰੋਕਾਰ ਨੇ? ਮੇਰੇ ਕਿਹੜੇ ਸੁਪਨੇ? ਮੈਂ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਕਿੰਨਾ ਕੁ ਜੀਵਿਆ? ਕਿੰਨੀ ਬੀਤੀ ਅਤੇ ਕਿੰਨੀ ਬਾਕੀ? ਕਿੰਨੀ ਕੱਟੀ ਅਤੇ ਕਿੰਨੀ ਮਾਣੀ? ਕਿੰਨੀ ਹੁਸੀਨ ਤੇ ਕਿੰਨੀ ਗ਼ਮਗੀਨ? ਕਿੰਨੀ ਗੁਰਬਤ 'ਚ ਲਪੇਟੀ ਅਤੇ ਕਿੰਨੀ ਨਿਆਮਤਾਂ ਸੰਗ ਸਮੇਟੀ? ਕਿੰਨੀ ਮਾਂਗਵੀਂ ਅਤੇ ਕਿੰਨੀ ਖ਼ੁਦਦਾਰੀ ਦੀ? ਕਿੰਨੀ ਦੁੱਖਾਂ ਦੀ ਵਹਿੰਗੀ ਅਤੇ ਕਿੰਨੀ ਜੀਵਨ ਹੁਲਾਸੇ? ਇਹ ਉਦਾਸੀ ਤੁਹਾਡਾ ਆਪਣਾ ਲੇਖਾ ਜੋਖਾ। ਆਪਣੇ ਹੱਥੀਂ ਆਪਣੀ ਕਿਰਤ-ਵਹੀ ਦਾ ਹਿਸਾਬ-ਕਿਤਾਬ। ਕਿੰਨੀਆਂ ਲਾਲ ਲਕੀਰਾਂ, ਕਿੰਨੇ ਕਾਟੇ ਅਤੇ ਕਿੰਨੀਆਂ 'ਚੋਂ ਰੌਸ਼ਨੀ ਦੀਆਂ ਚਿਣਗਾਂ ਦਾ ਉਜਿਆਰਾ।

ਯਾਰੋ! ਅੰਤਰੀਵੀ ਉਦਾਸੀ 'ਤੇ ਜ਼ਰੂਰ ਨਿਕਲਿਆ ਕਰੋ। ਦੇਖਣਾ ਕੁਝ ਸਮੇਂ ਬਾਅਦ ਤੁਹਾਨੂੰ ਆਪਣਾ ਆਪਾ ਬਹੁਤ ਹੀ ਸੱਚਾ, ਸੁੱਚਾ ਅਤੇ ਅਪਣੱਤ ਭਰਿਆ ਮਹਿਸੂਸ ਹੋਵੇਗਾ। ਤੁਹਾਡੀ ਖ਼ੁਸ਼ਬੂ ਚੌਗਿਰਦੇ ਨੂੰ ਸੁਗੰਧਿਤ ਕਰੇਗੀ ਅਤੇ ਜ਼ਿੰਦਗੀ ਜ਼ਿੰਦਾਬਾਦ ਹੋਵੇਗੀ।

# ਸਵਰਗਵਾਸ, ਨਰਕਵਾਸ ਅਤੇ ਕੁਦਰਤੀ ਫਿਊਨਰਲ



ਹਰਜੀਤ ਦਿਓਲ

ਕਿਹਾ ਜਾਂਦੈ ਕਿ ਫਲਾਣੇ ਦਾ ਸਵਰਗਵਾਸ ਹੋ ਗਿਆ! ਫੇਰ ਦੁਖ ਕਾਹਦਾ। ਜੇਕਰ ਕੋਈ ਸਵਰਗ ਅੱਪੜ ਜਾਂਦੈ ਤਾਂ ਇਸ ਤੋਂ ਚੰਗਾ ਹੋਰ ਕੀ ਹੈ? ਉਂਝ ਸਾਡੇ ਕਿਸੇ ਨੇੜਲੇ ਸਨੇਹੀ ਦਾ ਵਿਛੋੜਾ ਦੁਖਦਾਇਕ ਤਾਂ ਹੈ ਹੀ ਪਰ ਮਰਨ ਉਪਰੰਤ ਉਪਲਬਧ ਹੋਣ ਵਾਲੇ ਜਿਸ ਸਵਰਗ ਦਾ ਜ਼ਿਕਰ ਸਾਡੇ ਧਰਮ ਗ੍ਰੰਥਾਂ ਵਿਚ ਕੀਤਾ ਗਿਐ ਆਪਣੀ ਮਰਜ਼ੀ ਨਾਲ ਉਸ ਲਭਾਉਣੇ ਥਾਂ ਕੋਈ ਜਾ ਕੇ ਰਾਜ਼ੀ ਨਹੀਂ। ਕਹਿੰਦੇ ਆ ਪਈ ਪਰਲੋਕ ਵਿਚ ਨਰਕ ਦਾ ਵੀ ਪ੍ਰਬੰਧ ਹੈ। ਧਰਮ ਗ੍ਰੰਥਾਂ ਵਿਚ ਨਰਕ ਦਾ ਵੀ ਬੜਾ ਭਿਆਨਕ ਵਰਣਨ ਮਿਲਦਾ ਹੈ। ਦੱਸਿਆ ਗਿਐ ਕਿ ਚੰਗਾ ਕਰੋਗੇ ਤਾਂ ਅਗਲੇ ਜਨਮ ਵਿਚ ਸਵਰਗ ਜਾਓਗੇ ਮਾੜਾ ਕਰੋਗੇ ਤਾਂ ਨਰਕ ਦੇ ਭਾਗੀ ਬਣੋਗੇ। ਚੰਗੇ ਮਾੜੇ ਕਰਮਾਂ ਬਾਰੇ ਇਨ੍ਹਾਂ ਧਰਮ ਗ੍ਰੰਥਾਂ ਵਿਚ ਵਿਸਤਾਰ ਪੂਰਵਕ ਚਰਚਾ ਕੀਤੀ ਗਈ ਹੈ ਜਿਸ ਦਾ ਪਾਲਣ ਕਰਦਿਆਂ ਲੋਕੀਂ ਸਵਰਗ ਵਿਚ ਠਾਹਰ ਪਾ ਸਕਦੇ ਹਨ। ਪਰ ਇਹ ਸਿਸਟਮ ਧਰਮੀਆਂ ਲਈ ਲਾਗੂ ਹੁੰਦਾ ਹੈ ਨਾਸਤਕਾਂ ਲਈ ਨਹੀਂ। ਸਰਵੇਖਣ ਦੱਸਦੇ ਹਨ ਦੁਨੀਆ ਵਿਚ ਨਾਸਤਕਵਾਦ ਤੇਜ਼ੀ ਨਾਲ ਪੈਰ ਪਸਾਰ ਰਿਹੈ ਤਾਂ ਨਾਸਤਕਾਂ ਦਾ ਮਰਨ ਉਪਰੰਤ ਕੀ ਬਣੇਗਾ? ਕਿਉਂਕਿ ਨਾਸਤਕ ਜ਼ਿਆਦਾਤਰ ਵਿਗਿਆਨਕ ਸੋਚ ਦੇ ਧਾਰਨੀ ਹੁੰਦੇ ਹਨ ਜਿਨ੍ਹਾਂ ਦਾ ਸਵਰਗ ਨਰਕ ਨਾਲ ਕੋਈ ਵਾਸਤਾ ਨਹੀਂ। ਵਿਗਿਆਨ ਉਨ੍ਹਾਂ ਲਈ ਕੀ ਕਰਨ ਜਾ ਰਿਹੈ ਆਓ ਇਸ ਬਾਰੇ ਚਰਚਾ ਕਰਦੇ ਹਾਂ।

ਵਿਗਿਆਨ ਕੁਦਰਤੀ ਫਿਊਨਰਲ ਵਿਚ ਯਕੀਨ ਕਰਦਾ ਹੈ। ਇਹ ਇਵੇਂ ਹੁੰਦਾ ਹੈ ਕਿ ਜਦ ਜੰਗਲ ਵਿਚ ਕੋਈ ਮਾਂਸਾਹਾਰੀ ਜਾਨਵਰ ਆਪਣੇ ਸ਼ਿਕਾਰ ਦਾ ਭੋਜਨ ਕਰ ਲੈਂਦਾ ਹੈ ਤਾਂ ਕੁਝ ਹੋਰ ਛੋਟੇ ਜਾਨਵਰ ਵਾਰੀ ਵਾਰੀ ਨਾਲ ਉਸ ਦਾ ਬਚਿਆ-ਖੁਚਿਆ ਨਿਬੇੜ ਦਿੰਦੇ ਹਨ। ਸਭ ਤੋਂ ਬਾਅਦ ਵਿਚ ਵਾਰੀ ਆਉਂਦੀ ਹੈ ਕੀਟਾਣੂਆਂ (ਬੈਕਟੀਰੀਆ) ਦੀ ਜੋ ਉਸ ਮਾਰੇ ਗਏ ਜੀਵ ਦੀਆਂ ਹੱਡੀਆਂ ਵੀ ਛਕ ਜਾਂਦੇ ਹਨ ਤੇ ਰਹਿ ਜਾਂਦਾ ਹੈ ਮਿੱਟੀ ਵਰਗਾ ਅਵਸ਼ੇਸ਼ ਜੋ ਬਾਰਸ਼ ਨਾਲ ਧਰਤੀ ਵਿਚ ਸਮਾ ਜਾਂਦਾ ਹੈ। ਇਸ ਉਪਰੰਤ ਇਹ ਮਾਦਾ ਜ਼ਮੀਨ 'ਤੇ ਉਗ ਰਹੀ ਵਨਸਪਤੀ ਦਾ ਭੋਜਨ ਬਣ ਮੁੜ ਨਵਾਂ ਜੀਵਨ ਅਖਤਿਆਰ ਕਰ ਲੈਂਦਾ ਹੈ। ਇਹ ਚੱਕਰ ਰੀਸਾਈਕਲਿੰਗ ਕਿਹਾ ਜਾਂਦਾ ਹੈ। ਕੀ ਮ੍ਰਿਤਕ ਮਨੁੱਖੀ ਸਰੀਰਾਂ ਦਾ ਰੀਸਾਈਕਲਿੰਗ ਕਰ ਅਸੀਂ ਕੁਦਰਤ ਦਾ ਸਹਿਯੋਗ ਕਰ ਸਕਦੇ ਹਾਂ? ਇਸ ਬਾਰੇ ਵਿਗਿਆਨੀਆਂ ਕਾਰਜ ਅਰੰਭ ਕਰ ਦਿੱਤਾ ਹੈ।

ਅਮਰੀਕਾ ਸਥਿਤ ਸਿਆਟਲ ਦੀ ਵਿਗਿਆਨੀ ਕੈਟਰੀਨਾ ਸਪੇਡ ਇਸ ਪ੍ਰੋਜੈਕਟ 'ਤੇ ਪਿਛਲੇ 20 ਕੁ ਸਾਲ ਤੋਂ ਕੰਮ ਕਰ ਰਹੀ ਹੈ। ਕਾਨੂੰਨੀ ਔਕੜਾਂ ਪਾਰ ਕਰ ਵਿਕਸਤ ਕੀਤੀ ਇਸ ਵਿਧੀ ਰਾਹੀਂ ਮ੍ਰਿਤਕ ਮਨੁੱਖੀ ਸਰੀਰ ਨੂੰ ਉਚਿਤ ਮਾਤਰਾ ਵਿਚ ਕਾਰਬਨ ਅਤੇ ਨਾਈਟਰੋਜਨ ਦੀ ਮੌਜੂਦਗੀ ਵਿਚ ਐਸੇ ਮਾਈਕਰੋਬਸ (ਕੀਟਾਣੂਆਂ) ਦੇ ਹਵਾਲੇ ਕਰ ਦਿੱਤਾ ਜਾਵੇਗਾ ਜੋ ਇਸ ਪੰਚਭੂਤਕ ਸਰੀਰ ਨੂੰ ਉਪਜਾਊ ਮਿੱਟੀ ਵਿਚ ਤਬਦੀਲ ਕਰ ਦੇਣਗੇ। ਇਸ ਮਿੱਟੀ ਰਾਹੀਂ ਮ੍ਰਿਤਕ ਪੁਨਰ-ਜਨਮ ਲਵੇਗਾ ਮੁਸਕਰਾਉਂਦੇ ਫੁੱਲ-ਬੂਟਿਆਂ ਜਾਂ ਲਹਿਲਹਾਉਂਦੀ ਫਸਲ ਦੇ ਰੂਪ ਵਿਚ! ਕੁਦਰਤੀ ਨੇਮਾਂ ਅਨੁਸਾਰ ਸਵਰਗ ਨਰਕ ਪਾਪ ਪੁੰਨ ਦੇ ਝਮੇਲਿਆਂ ਤੋਂ ਪਰੇ ਜੀਵਨ ਵੱਖਰੇ ਰੂਪ ਵਟਾਉਂਦਾ ਰਹਿੰਦਾ ਹੈ। ਪਰ ਇਸ ਸਭ ਕਾਸੇ ਵਿਚ ਇੱਕ ਸਮੱਸਿਆ ਆਉਣੀ ਹੈ, ਉਹ ਇਹ ਕਿ ਧਰਮਤੰਤਰ ਵਿਚ ਪਲ ਰਹੇ ਪੁਜਾਰੀ ਟੋਲਿਆਂ ਦੀ ਰੋਜ਼ੀ-ਰੋਟੀ ਚਲੀ ਜਾਣੀ ਹੈ। ਚਲੋ ਕੋਈ ਗੱਲ ਨਹੀਂ ਉਹ ਕੋਈ ਹੋਰ ਧੰਦਾ ਅਪਣਾ ਲੈਣਗੇ!

# ਮਨਦੀਪ ਔਲਖ ਦੇ 'ਗਰਲਜ਼ ਹੋਸਟਲ' ਦੀਆਂ ਝੀਤਾਂ

**ਮਨਦੀਪ ਔਲਖ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ 'ਮਨ ਕਸਤੂਰੀ' ਤੋਂ ਬਾਅਦ ਹੁਣ 'ਗਰਲਜ਼ ਹੋਸਟਲ' ਨਾਲ ਕਵਿਤਾ ਦੇ ਵਿਹੜੇ ਅੰਦਰ ਆਪਣੀ ਥਾਂ ਮੱਲ ਲਈ ਹੈ ਅਤੇ ਸੁਫਨਿਆਂ ਦੀ ਡਾਰ ਦੇ ਨਾਲ-ਨਾਲ ਹਕੀਕਤ ਬਿਆਨ ਕਰਦਿਆਂ ਬਾਕੀਆਂ ਨਾਲੋਂ ਵੱਖਰੀ ਕਨਸੋਅ ਦੇ ਦਿੱਤੀ ਹੈ।**

## ਕਲਾ ਪਰਿਕਰਮਾ

ਆਪਣੇ ਪਹਿਲੇ ਕਾਵਿ ਸੰਗ੍ਰਹਿ 'ਮਨ ਕਸਤੂਰੀ' ਨਾਲ ਪੰਜਾਬੀ ਕਵਿਤਾ ਦੇ ਦਰ 'ਤੇ ਦਸਤਕ ਦੇਣ ਵਾਲੀ ਮਨਦੀਪ ਔਲਖ ਹੁਣ ਪਾਠਕਾਂ ਲਈ ਆਪਣਾ ਦੂਜਾ ਕਾਵਿ ਸੰਗ੍ਰਹਿ 'ਗਰਲਜ਼ ਹੋਸਟਲ' ਲਿਆਈ ਹੈ। ਪੁਸਤਕ ਦੇ ਆਰੰਭ ਵਿਚ ਹੀ ਡਾ. ਯੋਗਰਾਜ ਨੇ ਲਿਖਿਆ ਹੈ ਕਿ ਮਨਦੀਪ ਨੇ ਆਪਣੀ ਕਵਿਤਾ ਲਈ ਜ਼ਮੀਨ ਤਿਆਰ ਕਰ ਲਈ ਹੈ; ਵਾਕਈ, ਮਨਦੀਪ ਨੇ ਇਸ ਸੰਗ੍ਰਹਿ

**ਜਸਬੀਰ**

ਨਾਲ ਕਵਿਤਾ ਦੇ ਵਿਹੜੇ ਅੰਦਰ ਆਪਣੀ ਥਾਂ ਮੱਲ ਲਈ ਹੈ ਅਤੇ ਸੁਫਨਿਆਂ ਦੀ ਡਾਰ ਦੇ ਨਾਲ-ਨਾਲ ਹਕੀਕਤ ਦੀ ਸਾਰ ਬਿਆਨ ਕਰਦਿਆਂ ਬਾਕੀਆਂ ਨਾਲੋਂ ਆਪਣੇ ਵਖਰੇਵੇਂ (ਵੱਖਰਤਾ ਨਹੀਂ) ਦੀ ਕਨਸੋਅ ਦੇ ਦਿੱਤੀ ਹੈ। ਇਹ ਵੱਖਰੀ ਗੱਲ ਹੈ ਕਿ ਫ਼ੈਜ਼ ਤੇ ਨੇਰੂਦਾ ਅਤੇ ਪ੍ਰਿਯੰਕਾ (ਚੋਪੜਾ) ਤੇ ਮਲਾਇਕਾ (ਅਰੋੜਾ) ਉਸ ਦੀ ਕਵਿਤਾ ਵਿਚ ਇਕੋ ਸਫ਼ੇ 'ਤੇ ਆ ਗਏ ਹਨ। ਹਰਵਿੰਦਰ ਭੰਡਾਲ ਦਾ ਕਹਿਣਾ ਹੈ: 'ਇਹ ਕਵਿਤਾ ਬਦਲਵੀਂ ਆਜ਼ਾਦ ਜ਼ਿੰਦਗੀ ਦੀ ਆਸ ਜਗਾਉਂਦੀ ਹੈ ਅਤੇ ਬੇਤਰਤੀਬੀ ਦੀ ਨਵੀਂ ਤਰਤੀਬ ਤਲਾਸ਼ਣ ਦਾ ਆਹਰ ਕਰਦੀ ਹੈ'; ਬੱਸ, ਇਸ ਤਲਾਸ਼ ਤੋਂ ਬਾਅਦ ਇਸ ਨੂੰ ਹੋਰ ਤਰਾਸ਼ਣ ਦਾ ਕੰਮ ਅਜੇ ਰਹਿੰਦਾ ਹੈ। ਪੁਸਤਕ ਵਿਚ ਕੁਝ ਥਾਈਂ ਤਲਾਸ਼ ਤੋਂ ਅਗਾਂਹ ਤਰਾਸ਼ ਦੇ ਬਾਕਾਇਦਾ ਦਰਸ਼ਨ ਹੁੰਦੇ ਹਨ, ਉਥੇ ਦਰਜ ਕਵਿਤਾ ਵਾਕਈ 'ਚੇਤਿਆਂ ਵਿਚ ਰੜਕਣ ਵਾਲੀ' ਹੈ। ਇਸ ਰੜਕ ਕਰ ਕੇ ਹੀ 'ਭਿੱਜ ਕੇ ਪੀਢੀ ਹੋਈ ਗੰਢ' ਵਾਲਾ ਦ੍ਰਿਸ਼ ਉਪਜਦਾ ਹੈ ਅਤੇ ਫਿਰ ਇਹੀ ਦ੍ਰਿਸ਼ 'ਪੈੱਨ ਚਲਾਉਣ ਤੋਂ ਪਹਿਲਾਂ/ਰਵਾਂ ਕਰਨ ਦੇ ਨਿਸ਼ਾਨ' ਵਿਚ ਵਟ ਜਾਂਦਾ ਹੈ। ਅਜਿਹੇ ਅਣਗਿਣਤ ਸਫ਼ਰ ਇਸ ਪੁਸਤਕ ਵਿਚ ਥਾਂ-ਥਾਂ ਝਾਤੀ ਮਾਰਦੇ ਹਨ। ਪੁਸਤਕ ਦੀ ਪਿੱਠ ਉਤੇ 'ਗਰਲਜ਼ ਹੋਸਟਲ' ਦੀਆਂ ਆਖ਼ਿਰੀ ਸਤਰਾਂ ਐਵੇਂ ਤਾਂ ਨਹੀਂ ਆਣ ਬੈਠੀਆਂ: 'ਦੂਰ ਕਿਸੇ ਸ਼ਹਿਰ ਦੀ ਪੌਸ਼ ਕਲੋਨੀ ਵਿਚ... ਗਰਲਜ਼ ਹੋਸਟਲ ਧੜਕਦਾ ਹੈ'। ਇਹ ਸਫ਼ਰ ਦਾ ਕੋਈ ਮੁਕਾਮ ਜਾਂ ਅੰਤ ਨਹੀਂ, ਇਹ ਸਫ਼ਰ ਮਨਦੀਪ ਦੀ ਕਵਿਤਾ ਦੇ ਨਾੜੂਏ ਨਾਲ ਜੁੜਿਆ ਹੋਇਆ ਹੈ। ਇਸ ਦਾ ਇਕ ਦ੍ਰਿਸ਼ 'ਸੁਫਨੇ ਸਮਾਂਤਰ' ਵਿਚ ਇਉਂ ਉਘੜਦਾ ਹੈ:

ਦੋ ਧਰੁਵਾਂ 'ਤੇ ਖੜ੍ਹਿਆਂ ਵੀ
ਅਸੀਂ ਮੁਹੱਬਤ ਕੀਤੀ
ਰਸਤੇ ਹੀ ਨਹੀਂ
ਸੁਫਨੇ ਵੀ ਤੁਰ ਸਕਦੇ ਹਨ ਸਮਾਂਤਰ


'ਇਕੱਲਿਆਂ ਸਫ਼ਰ 'ਤੇ' ਕਵਿਤਾ ਇਨ੍ਹਾਂ ਸੁਫਨਿਆਂ ਦਾ ਹੀ ਫੈਲਾਓ ਹੈ। ਇਸ ਵਿਚ 'ਵਰ੍ਹਿਆਂ ਦੀ ਥਕਾਵਟ ਉਤਾਰਨ' ਦੀ ਰੀਝ ਹੈ ਅਤੇ ਬੱਸ ਵਿਚ ਮਰਜ਼ੀ ਦੀ ਸੀਟ ਮੱਲਣ ਦੀ ਤਾਂਘ ਹੈ। ਇਹ ਇਸੇ ਤਾਂਘ ਅਤੇ ਇਸ ਤਾਂਘ ਅੰਦਰ ਸਮੋਇਆ ਤਾਣ ਹੈ ਜੋ ਮਾਂ ਨੂੰ ਮਸ਼ੀਨ ਨਹੀਂ ਬਣਨ ਦਿੰਦਾ। ਇਸੇ ਤਾਣ ਦੇ ਤਾਅ ਵਿਚ ਰੜ੍ਹੇ ਸ਼ਬਦ ਵੰਦਨਾ ਕਟਾਰੀਆ ਦੇ ਨਾਂ ਕੀਤੀ ਕਵਿਤਾ ਬਣਦੇ ਹਨ:

ਤੇਰੇ ਪੁਰਖਿਆਂ ਦੇ ਸੰਗਲ
ਤੂੰ ਹਥੌੜੇ-ਛੈਣੀ ਨਾਲ ਨਹੀਂ
ਹਾਕੀ ਨਾਲ ਢਿੱਲੇ ਕਰ ਦਿੱਤੇ।

ਇਸ ਤਾਣ ਵਿਚੋਂ ਹੀ 'ਨੱਚਣ ਲਈ... ਮਨ ਦਾ ਚਾਅ ਚਾਹੀਦਾ ਬੱਸ' ਦੀ ਰਚਨਾ ਹੋਈ ਹੈ। ਵੈਲੇਨਟਾਈਨ ਦਿਹਾੜੇ ਵਾਲੀ ਕਵਿਤਾ ਵਿਚ 'ਮੇਰਾ ਹਰ ਦਿਨ ਪਿਆਰ ਦਿਹਾੜਾ ਹੈ' ਇਸੇ ਤਾਣ ਦੀ ਨਿਸ਼ਾਨਦੇਹੀ ਹੈ। ਇਸੇ ਤਾਣ ਦਾ ਰੰਗ ਸਿਆਸਤ ਦਾ ਪਰਚਮ ਨਿਸ਼ੰਗ ਲਹਿਰਾਉਂਦਾ ਹੈ:

ਤਸੱਲੀ ਹੁੰਦੀ
ਕਿ ਚੰਨ ਸਫ਼ਰ 'ਚ ਹੈ
ਚੰਨ ਦਾ ਤੁਰਨਾ
ਰਾਤਾਂ ਦਾ ਬਦਲਣਾ ਹੀ ਜ਼ਿੰਦਗੀ ਹੈ।

ਸਿਆਸਤ ਦੇ ਇਸੇ ਰੰਗ ਵਿਚ ਰੰਗੀਆਂ ਕਿਸਾਨਾਂ ਬਾਰੇ ਕਵਿਤਾਵਾਂ ਹਨ। ਇਹ ਬਦਲਦੀ ਅਤੇ ਬਦਲਵੀਂ ਜ਼ਿੰਦਗੀ ਦੇ ਅਹੁਰ ਵਾਲੀਆਂ ਕਵਿਤਾਵਾਂ ਹਨ। ਬਦਲਵੀਂ ਜ਼ਿੰਦਗੀ ਲਈ ਇਹ ਲਾਜ਼ਮ ਲੜਾਈ ਹੈ। ਇਸ ਲੜਾਈ ਦੇ ਪੈਂਤੜੇ ਤੋਂ ਲੋਕਾਂ ਦੇ ਨੁਮਾਇੰਦੇ ਸਦੀਂਦੇ ਲੋਕ ਮਨਦੀਪ ਲਈ ਪਰਜੀਵੀ ਹਨ। ਦਰਅਸਲ, ਇਹੀ ਸਿਆਸਤ ਨੂੰ ਸਮਝਣ ਦਾ ਜ਼ਾਵੀਆ ਹੈ ਅਤੇ ਇਹੀ ਲੜਾਈ ਹੈ। ਇਸ ਲੜਾਈ ਦਾ ਇਕ ਦ੍ਰਿਸ਼ ਇਉਂ ਸਾਕਾਰ ਹੁੰਦਾ ਹੈ:




**ਮਨਦੀਪ ਔਲਖ ਦੀ ਕਾਵਿ ਕਿਤਾਬ 'ਗਰਲਜ਼ ਹੋਸਟਲ' ਦਾ ਮੁਖੜਾ।**



**ਮਨਦੀਪ ਔਲਖ**

ਗਹਿਰੀ ਧੁੰਦ 'ਚ ਲਿਪਟੀ ਸਵੇਰ
ਵਿਯੋਗੀ ਔਰਤ ਦੀ ਉਦਾਸੀ ਵਾਂਗ ਜਾਪਦੀ
ਸੰਤੋਖੇ, ਸੌਂ ਗਏ ਜਜ਼ਬਿਆਂ ਵਾਂਗ
ਸਰਦ, ਕਾਲੀ-ਖਾਲੀ, ਕੋਰੀ
ਹੰਝੂਆਂ ਵਾਂਗ ਰੁੱਖਾਂ ਤੋਂ ਝੜਦੇ ਤੁਪਕੇ
ਕਿਸੇ ਬੱਚੇ ਦੇ ਬਿਸਤਰੇ ਵਾਂਗ
ਸਿੱਲ੍ਹੀਆਂ ਸੜਕਾਂ

ਦੂਜੇ ਦ੍ਰਿਸ਼ ਵਿਚ ਮਨਦੀਪ ਨੇ ਸਾਧਾਰਨ ਲੋਕਾਂ ਦੇ ਹੱਥਾਂ ਵਿਚ ਰੈੱਡ ਕਾਰਡ ਫੜਾਏ ਹੋਏ ਹਨ। ਇਹੀ ਮਨਦੀਪ ਦੀ ਕਵਿਤਾ ਦਾ ਸਫ਼ਰ ਹੈ ਜੋ ਫ਼ੈਜ਼ ਪੜ੍ਹਦਿਆਂ 'ਹਮ ਦੇਖੇਂਗੇ' ਤਕ ਮੁਕਾਮ ਕਰਨਾ ਲੋਚਦਾ ਹੈ; ਉਸ ਦੇ ਬੋਝੇ ਅੰਦਰ ਪਾਬਲੋ ਨੇਰੂਦਾ ਦੀ ਕਵਿਤਾਵਾਂ ਵਾਲੀ ਕਿਤਾਬ ਹੈ।

ਮਨਦੀਪ ਪਹਾੜਾਂ ਦੇ ਬਹਾਨੇ ਕੁਦਰਤ ਨੂੰ ਐਨ ਰੂਹ ਨਾਲ ਧਿਆਉਂਦੀ ਹੈ। ਉਂਝ, ਪੁਸਤਕ ਵਿਚ ਕੁਦਰਤ ਨਾਲ ਜੁੜਿਆ ਜ਼ੋਰਦਾਰ ਦ੍ਰਿਸ਼ ਹੋਸਟਲ ਦੇ ਅੰਦਰਵਾਰ ਹੈ:

ਜਿੱਥੇ ਬਿਨਾਂ ਸੰਕੋਚ ਤੋਂ
ਵਰਾਂਡੇ ਦੀ ਤਾਰ 'ਤੇ
ਸੁੱਕਦੇ ਹਨ ਜ਼ਨਾਨਾ ਅੰਗਵਸਤਰ

ਅਜਿਹੇ ਹੋਰ ਬਹੁਤ ਸਾਰੇ ਦ੍ਰਿਸ਼ ਹਨ ਜਿੱਥੇ ਮਨਦੀਪ ਦੀ ਕਵਿਤਾ ਕੁੜੀਆਂ ਅਤੇ ਕੁਦਰਤ ਨੂੰ ਇਕ-ਦੂਜੇ ਦੇ ਬਹੁਤ ਨੇੜੇ ਲੈ ਆਉਂਦੀ ਹੈ। ਵਗਦੀ ਸੂਹਾਂ ਦੀ ਕਲਕਲ ਅਤੇ ਟੂਟੀ ਵਿਚੋਂ ਡਿਗਦੇ ਫੁਕਲੇ ਪਾਣੀ ਦੀ ਧਾਰ ਦਾ ਕੀ ਮੁਕਾਬਲਾ! ਹਵਾ ਜੇ ਲੋਹੇ ਦੇ ਪਰਾਂ ਦੀ ਮੁਥਾਜ ਹੈ ਤਾਂ ਸਫ਼ਰ ਸਿੰਮਣਾ ਹੀ ਸਿੰਮਣਾ ਹੈ। ਅਜਿਹੇ ਮੁਖ਼ਾਲਿਫ਼ ਜੁੱਟਾਂ ਲਈ ਮਨਦੀਪ 'ਦੁਨੀਆ ਅਸਮਾਨਤਾਵਾਂ ਦਾ ਘਰ ਹੈ' ਅਤੇ 'ਹਰ ਕਿਸੇ ਦਾ ਆਪਣਾ ਬੁੱਧ ਹੈ' ਵਾਲਾ ਰਾਹ ਖੋਲ੍ਹਦੀ ਹੈ। ਉਂਝ, ਫ਼ੈਸਲਾ ਹੋ ਚੁੱਕਾ ਹੈ:

ਮੈਨੂੰ ਨਹੀਂ ਪਸੰਦ
ਬੱਸ ਵਿਚ ਬਿਗਾਨੇ ਮਰਦਾਂ ਦੀ ਛੋਹ ਤੋਂ ਬਚਾਉਣ ਬਹਾਨੇ
ਖਿੜਕੀ ਵੱਲ ਬਿਠਾਇਆ ਜਾਣਾ...
ਮੈਂ ਆਪਣੇ ਕੁੜੀ ਹੋਣ ਦਾ ਭਾਰੀ ਬੋਝ ਲਾਹ ਕੇ
ਬੱਸ ਵਿਚ ਬਹਿਣਾ ਹੈ...
ਅਣਜਾਣ ਯਾਤਰੂਆਂ ਨਾਲ ਕਰਨੀਆਂ ਹਨ ਗੱਲਾਂ
ਜੋ ਨਹੀਂ ਕੀਤੀਆਂ ਗਈਆਂ ਮੇਰੇ ਨਾਲ

ਉਨ੍ਹਾਂ ਰਾਹਾਂ ਦੀ ਧੂੜ ਨਾਲ
ਲਥਪਥ ਹੋਣਾ ਹੈ
ਜਿਨ੍ਹਾਂ 'ਤੇ ਜੰਗਲੀ ਜਾਨਵਰਾਂ ਦੇ ਚਿਤਾਵਨੀ ਬੋਰਡ ਲੱਗੇ ਹਨ

ਮਨਦੀਪ ਦੀਆਂ ਇਨ੍ਹਾਂ ਕਵਿਤਾਵਾਂ ਦੀ ਸੁਰ ਚੌਥੀ ਕੂਟ ਵੱਲ ਜਾਂਦੇ ਨਾਇਕ ਨਾਲ ਰਲਦੀ ਹੈ। ਚੌਥੀ ਕੂਟ ਦੇ ਇਸ ਸਫ਼ਰ ਵਿਚ ਉਹ ਬਹੁਤ ਕੁਝ ਪਿਛਾਂਹ ਛੱਡ ਜਾਣਾ ਚਾਹੁੰਦੀ ਹੈ। 'ਫਟੀ ਜੀਂਸ' ਵਾਲੀ ਸਮੁੱਚੀ ਤਰਤੀਬ, ਬੋਝ ਬਣੀਆਂ ਰਸਮਾਂ ਖੁਰਚ-ਖੁਰਚ ਛੰਡਦੀ ਹੈ। ਇਹ ਸਾਰੇ ਵੇਰਵੇ, ਵਿਸਥਾਰ ਤੇ ਪਾਸਾਰ ਮਨਦੀਪ ਅੰਦਰ ਨੱਚ-ਨੱਚ ਫਾਵੀਂ ਹੋਣਾ ਚਾਹੁੰਦੀ ਕੁੜੀ ਦੇ ਅਕਸ ਹਨ। ਮਨਦੀਪ ਦੇ ਇਹ ਅਨੁਭਵ ਉਹਦੀ ਕਵਿਤਾ ਦੀ ਧਾਰ ਨੂੰ ਸਾਣ 'ਤੇ ਲਾਉਂਦੇ ਹਨ। ਸਾਣ 'ਤੇ ਲੱਗੀ ਧਾਰ ਦੀ ਬਦੌਲਤ ਉਸ ਦੀ ਇਕ ਕਵਿਤਾ ਦਾ ਨਾਂ 'ਰਾਜਸੀ ਕਵਿਤਾ' ਧਰਿਆ ਗਿਆ ਹੈ। 'ਕਵਿਤਾ ਤੇ ਰੱਬ' ਵਿਚ ਮਨਦੀਪ ਦਾ ਐਲਾਨ ਬਹੁਤ ਸਪਸ਼ਟ ਹੈ ਹਾਲਾਂਕਿ 'ਫਟੀ ਜੀਂਸ' ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਕਵਿਤਾ ਦੀ ਇਹ ਪਰਵਾਜ਼ ਕਿਤੇ ਉਰ੍ਹਾਂ ਹੀ ਰਹਿ ਗਈ ਹੈ। 'ਫਟੀ ਹੋਈ ਜੀਂਸ ਮਨ ਦਾ ਪ੍ਰਗਟਾਵਾ' ਤਾਂ ਹੈ, ਮਨਦੀਪ ਨੇ ਇਸ ਨੂੰ 'ਵਿਸ਼ਵਾਸ ਦੀ ਭਾਸ਼ਾ' ਅਤੇ 'ਵਿਰੋਧ ਦੀ ਪ੍ਰਤੀਕ' ਵੀ ਆਖਿਆ ਹੈ ਪਰ ਫਟੀ ਜੀਂਸ ਵਾਲੇ ਫੈਸ਼ਨ ਦੀ ਵੀ ਤਾਂ ਆਪਣੀ ਸਿਆਸਤ ਹੈ। 'ਹਮ ਦਖੇਂਗੇ' ਵਾਲੀ ਸੁਰ ਲਈ ਇਸ ਸਿਆਸਤ ਨੂੰ ਉਲੰਘਣਾ ਲਾਜ਼ਮ ਹੈ ਜਿਵੇਂ ਉਹ ਰੱਬ ਵਾਲਾ ਸਫ਼ਾ ਲੰਘ ਕੇ ਕਵਿਤਾ ਚੁਣਦੀ ਹੈ। ਮਨਦੀਪ ਦੇ ਅਨੁਭਵ ਜਦੋਂ ਕੁੜੀ ਵਾਲੇ ਅਨੁਭਵਾਂ ਤੋਂ ਪਾਰ ਜਾ ਕੇ ਫ਼ੈਜ਼ ਵਾਲੀ ਸੁਰ ਨਾਲ ਮਿਲਣਗੇ ਤਾਂ ਉਸ ਦੀ ਕਵਿਤਾ ਦੀ ਸਿਆਸਤ ਦਾ ਰੰਗ ਬਿਨਾਂ ਸ਼ੱਕ 'ਫਟੀ ਜੀਂਸ' ਤੋਂ ਬਹੁਤ ਅਗਾਂਹ ਵਾਲਾ ਹੋਵੇਗਾ। 'ਅਜੇ ਨਾ ਜਾ' ਇਸੇ ਮੁਕਾਮ ਦੀ ਕਵਿਤਾ ਹੈ। ਇਸ ਕਵਿਤਾ ਵਿਚਲਾ ਫੱਗਣ 'ਹਮ ਦੇਖੇਂਗੇ' ਜਿੰਨਾ ਮੂੰਹ-ਜ਼ੋਰ ਅਤੇ ਰੜਕ ਵਾਲਾ ਹੈ। ਉਸ ਦੀ ਕਵਿਤਾ ਤੋਂ ਇਸ ਤੋਂ ਵੀ ਉੱਚੀ ਪਰਵਾਜ਼ ਦੀ ਆਸ ਕੀਤੀ ਜਾ ਸਕਦੀ ਹੈ। ਜਿਵੇਂ 'ਚੜ੍ਹਿਆ ਚੇਤਰ' ਵਿਚ 'ਮਨ ਵਿਚ ਨਵੀਂ ਬਹਾਰ ਦੀ ਰੁੱਤ ਹੈ', ਉਵੇਂ ਹੀ ਮਨਦੀਪ ਦੀ ਕਵਿਤਾ ਅੰਦਰ 'ਆਪਣੀ ਤਿਆਰ ਕੀਤੀ ਜ਼ਮੀਨ' ਹੋਰ ਜ਼ਰਖ਼ੇਜ਼ ਹੋਵੇਗੀ। ਇਸ ਵਿਚ ਫਿਰ 'ਕਵਿਤਾ ਦੀ ਖੇਤੀ' ਤਾਂ ਹੋਵੇਗੀ ਹੀ।

***(ਤ੍ਰੈਮਾਸਕ ਪਰਚੇ 'ਸਿਰਜਣਾ' ਵਿਚੋਂ ਧੰਨਵਾਦ ਸਹਿਤ)***

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਸਤੰਬਰ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-654



*ਪਸ਼ੂ ਪੰਛੀਆਂ ਰਹਿਣਾ ਸਿੱਖਿਆ, ਬੰਦਿਆ ਪਰ ਤੈਨੂੰ ਨਾ ਆਇਆ,*
*ਚਾਰ ਚੁਫ਼ੇਰੇ ਲੱਗੇ ਸ਼ਾਂਤੀ ਪਸਰੀ, ਸਹਿ-ਹੋਂਦ ਦਾ ਹੋਕਾ ਹੈ ਲਾਇਆ।*
*ਆਲ਼ੇ-ਦੁਆਲ਼ੇ ਨਜ਼ਰ ਨੇ ਰੱਖਦੇ, ਨਾਲ਼ੇ ਚੋਗਾ ਬੱਤਖਾਂ ਨੇ ਖਾਇਆ,*
*ਵਾਹ ਰੇ! ਕਾਦਰ ਤੇਰੀ ਮਾਇਆ, ਤੇਰਾ ਭੇਦ ਕਿਸੇ ਨਹੀਂ ਪਾਇਆ।*

## ਕੈਪਸ਼ਨ ਮੁਕਾਬਲਾ-652



ਤਿੰਨ ਰੂਮਾਂ ਦਾ ਹਾਊਸ ਲੈ ਲਿਆ
ਪਹਿਲਾਂ ਗਿਰਵੀਨਾਮਾਂ ਲਿਖਵਾ ਕੇ।
ਵਿਆਜ ਤੋਂ ਪਿੱਛੋਂ ਮੂਲ ਮੋੜਨਾ
ਹੋਊ 'ਆਪਣਾ' ਉਮਰ ਲੰਘਾ ਕੇ।
ਮਾੜੇ ਦਿਨਾਂ ਦੀ ਹੋਰ ਨਿਸ਼ਾਨੀ
ਬਹਿਗੀ ਗਿਰਝ ਸਿਖਰ 'ਤੇ ਆ ਕੇ।
***-ਜਗਮੀਤ ਸਿੰਘ ਪੰਧੇਰ***

---

ਲਾ ਘਾਤ ਬੈਠਾ ਗੋਲਡਨ ਈਗਲ,
ਸ਼ਿਕਾਰ ਫਸਾਉਣਾ ਚਾਹਵੇ,
ਦੂਰ ਪਰ੍ਹੇ ਝੀਲ ਕਿਨਾਰੇ ਮਮਟੀ 'ਤੇ,
ਖ਼ੁਦ ਨਜ਼ਰ ਦੁੜਾਈ ਜਾਵੇ।
ਮਿਲੇ ਜੇ ਕਿਧਰੇ ਨਰਮ ਜਿਹਾ ਚੂਚਾ,
ਅੱਜ ਗੱਲ ਹੀ ਬਣ ਜਾਵੇ,
ਦਿਨ ਲਈ ਆਪੇ ਰੱਬ ਹੋਰ ਦੇਵੇਗਾ,
ਛਾਹ ਵੇਲ਼ੇ ਦਾ ਸਰ ਜਾਵੇ।
***-ਸੇਵਾ ਸਿੰਘ ਨੂਰਪੁਰੀ***

---

ਗੋਲਡਨ ਈਗਲ
ਕੌਮੀ ਪੰਛੀ ਅਮਰੀਕਾ ਦਾ
ਕਲਹਿਰੀ ਮੋਰ ਹੈ ਭਾਰਤ ਦਾ।
ਬਾਜਾਂ ਵਾਲੇ ਨੇ ਬਾਜ ਨੂੰ ਚੁਣਿਆ
ਝਟਪਟਾ ਤੇਜ਼ੀ ਨਾਲ
ਮੁਜ਼ਾਹਰਾ ਤਾਕਤ ਦਾ।
ਮਜ਼ਲੂਮਾਂ ਦੀ ਰੱਖਿਆ ਕਰਨਾ
ਸਿੱਖ ਨੂੰ ਸਿਖਾਇਆ
ਮੁਕਾਬਲਾ ਕਰਨਾ ਆਫ਼ਤ ਦਾ।
ਸਰਮਾਏਦਾਰਾਂ ਵਾਂਗੂੰ ਨ੍ਹੀਂ ਲੁੱਟਣਾ
ਸਰਬੰਸ ਵਾਰ ਕੇ ਰਾਖੀ ਕਰਨੀ
ਮਾਣ ਰੱਖਣਾ ਭਾਰਤ ਦਾ।
***-ਅਮਰਜੀਤ ਸਿੰਘ ਕੁਲਬੁਰਛਾਂ***

---

ਕਿੰਨਾ ਮਾਣ ਸਤਿਕਾਰ ਇਕ ਪਰਿੰਦੇ ਨੂੰ
ਜੋ ਸੰਯੁਕਤ ਰਾਜ ਅਮਰੀਕਾ 'ਚ
ਗੋਲਡਨ ਈਗਲ ਦਾ ਹਾਲ ਦਿਸਦਾ
ਕੌਮੀ ਪੰਛੀ ਨਾਂ ਪੂਰੇ ਮੁਲਕ 'ਚ ਕਹਾਵੇ
ਪਾਸਪੋਰਟ ਸੰਯੁਕਤ ਰਾਜ ਅਮਰੀਕਾ 'ਚ
ਖਾਸ ਸ਼ਖਸੀਅਤਾਂ ਦੇ ਨਾਲ
ਤਿੰਨ ਸਫੇ ਇਸੇ ਲਈ ਰਾਖਵੇਂ
ਚੁੰਝ, ਅੱਖ ਤਾੜਵੀ
ਇੰਜ ਨਜ਼ਰ ਸ਼ਰ੍ਹੇਆਮ
ਲੱਗਦਾ ਜਿਵੇਂ ਤਾੜ ਰਿਹਾ
ਹਰ ਖਿੱਤਾ ਹਰ ਮੁਲਖ ਦਾ
ਕੀ, ਕਿੱਥੇ, ਕੀ ਹੋ ਰਿਹਾ
ਝੱਪਣ ਬਿਨਾਂ ਦੇਰੀ ਐਕਸ਼ਨ
ਦਾ ਰਾਹ ਦਰਸਾ ਰਿਹਾ।
***-ਦਰਸ਼ਨ ਪਾਲ ਦੋਸਾਂਝ***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

*ਪਿਛਲੇ ਇਕ-ਡੇਢ ਦਹਾਕੇ ਦੌਰਾਨ ਪੰਜਾਬ ਤੋਂ ਵੱਡੀ ਗਿਣਤੀ ਨੌਜਵਾਨਾਂ ਨੇ ਪਰਵਾਸ ਕੀਤਾ ਹੈ। ਇਨ੍ਹਾਂ ਦੇ ਮਗਰੇ-ਮਗਰ ਇਨ੍ਹਾਂ ਦੇ ਅੱਧਖੜ੍ਹ ਮਾਪੇ ਵੀ ਪਰਵਾਸੀ ਬਣੇ ਹਨ, ਖਾਸਕਰ ਕੈਨੇਡਾ ਵਿਚ। ਇਸ ਤੋਂ ਪਹਿਲਾਂ ਦੀ ਹਾਲਤ ਥੋੜ੍ਹੀ ਵੱਖਰੀ ਸੀ। ਉਘੇ ਸਮਾਜ ਸ਼ਾਸਤਰੀ ਅਤੇ ਬਜ਼ੁਰਗਾਂ ਬਾਰੇ ਜਾਨਦਾਰ ਨਾਵਲ 'ਤ੍ਰਿਕਾਲਾਂ' ਲਿਖਣ ਵਾਲੇ ਪਰਮਜੀਤ ਸਿੰਘ ਜੱਜ ਨੇ ਤਕਰੀਬਨ ਦੋ ਦਹਾਕੇ ਪਹਿਲਾਂ ਪਰਵਾਸ ਬਾਰੇ ਖੋਜ ਭਰਪੂਰ ਕਿਤਾਬ ਲਿਖੀ ਸੀ। ਉਸ ਦਾ ਇਕ ਹਿੱਸਾ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਨ ਜਿਸ ਵਿਚ ਖਾਸ ਤੌਰ 'ਤੇ ਬਜ਼ੁਰਗਾਂ ਦੇ ਪਰਵਾਸ ਬਾਰੇ ਚਰਚਾ ਕੀਤੀ ਗਈ ਹੈ।*

# ਪਰਵਾਸੀ ਬਜ਼ੁਰਗਾਂ ਦੀ ਦਾਸਤਾਨ



ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੀ ਜੰਮਪਲ ਨਵੀਂ ਪੀੜ੍ਹੀ ਬਾਰੇ ਚਰਚਾ ਸਪਸ਼ਟ ਕਰਦੀ ਹੈ ਕਿ ਜਦੋਂ ਕੋਈ ਸਮਾਜਿਕ ਵਰਗ ਦੋ ਸਭਿਆਚਾਰਾਂ ਵਿਚਕਾਰ ਆਣ ਖੜ੍ਹਾ ਹੁੰਦਾ ਹੈ ਤਾਂ ਖਾਸ ਕਿਸਮ ਦੇ ਸੰਕਟ ਦੇ ਉਭਰਨ ਦੀ ਸੰਭਾਵਨਾ ਹੁੰਦੀ ਹੈ। ਸੰਤ ਕਬੀਰ ਨੇ ਵੀ ਕਿਹਾ ਹੈ:

ਚਲਤੀ ਚਾਕੀ ਦੇਖ ਕੇ
ਖੜਾ ਕਬੀਰਾ ਰੋਏ॥
ਦੋ ਪਾਟਨ ਕੇ ਬੀਚ ਮੇਂ
ਸਾਬਤ ਬਚਾ ਨਾ ਕੋਇ॥

ਪਰ ਇਹ ਸੰਕਟ ਇਕ ਵਰਗ ਤਕ ਸੀਮਿਤ ਨਹੀਂ ਹੁੰਦਾ। ਨਵੀਂ ਪੀੜ੍ਹੀ ਨੂੰ ਸ਼ਾਇਦ ਇਸ ਕਿਸਮ ਦੇ ਸੰਕਟ ਦਾ ਕਦੀ ਵੀ ਅਹਿਸਾਸ ਨਾ ਹੋਵੇ ਜੇਕਰ ਉਨ੍ਹਾਂ ਨੂੰ ਨਸਲਵਾਦ ਅਤੇ ਵਿਤਕਰੇ ਦਾ ਸਾਹਮਣਾ ਨਾ ਕਰਨਾ ਪਵੇ। ਫਿਰ ਵੀ ਇਨ੍ਹਾਂ ਦੇਸ਼ਾਂ ਦੇ ਸਭਿਆਚਾਰ ਦੇ ਅਜਿਹੇ ਗੁਣ ਹਨ ਜੋ ਇਨ੍ਹਾਂ ਨੂੰ ਭਾਰਤੀ ਸੰਸਕ੍ਰਿਤੀ ਤੋਂ ਜ਼ਿਆਦਾ ਵਧੀਆ ਸਥਿਤੀ 'ਤੇ ਪਹੁੰਚਾਂਦੇ ਹਨ। ਇਸ ਲਈ ਸੰਕਟ ਸਮੁਦਾਇ (ਭਾਈਚਾਰੇ) ਦੇ ਪੱਧਰ 'ਤੇ ਆਉਂਦਾ ਹੈ। ਇਸ ਸੰਕਟ ਦਾ ਅਹਿਸਾਸ ਉਸ ਵਰਗ ਨੂੰ ਜ਼ਿਆਦਾ ਹੁੰਦਾ ਹੈ ਜੋ ਐਥਨਿਕ ਸਮੁਦਾਇ (ਨਸਲੀ ਭਾਈਚਾਰੇ) ਦੇ ਮੈਂਬਰ ਹੁੰਦੇ ਹੋਏ ਮੇਜ਼ਬਾਨ ਸਭਿਆਚਾਰ ਤੋਂ ਕੁਝ ਕਾਰਨਾਂ ਕਰ ਕੇ ਦੂਰ ਹੀ ਰਹਿੰਦੇ ਹਨ। ਪਰਵਾਸੀ ਪੰਜਾਬੀਆਂ ਵਿਚੋਂ



**ਪਰਮਜੀਤ ਸਿੰਘ ਜੱਜ**

ਬਜ਼ੁਰਗ ਇਕ ਇਹੋ ਜਿਹੇ ਵਰਗ ਨਾਲ ਸਬੰਧਿਤ ਹਨ ਜੋ ਪਿਛੋਕੜ ਦੀ ਨੁਮਾਇੰਦਗੀ ਕਰਦੇ ਹਨ। ਬਜ਼ੁਰਗਾਂ ਦੀ ਪਰਵਾਸੀ ਭਾਈਚਾਰੇ ਵਿਚ ਮੌਜੂਦਗੀ ਕੁਦਰਤੀ ਪ੍ਰਕਿਰਿਆ ਦਾ ਹਿੱਸਾ ਨਹੀਂ, ਇਹ ਪਰਵਾਸ ਨਾਲ ਜੁੜੀ ਹੋਈ ਸਥਿਤੀ ਵੀ ਹੈ।

ਪਰਵਾਸੀ ਬਜ਼ੁਰਗਾਂ ਨੂੰ ਅਸੀਂ ਦੋ ਹਿੱਸਿਆਂ 'ਚ ਵੰਡ ਸਕਦੇ ਹਾਂ। ਸਭ ਤੋਂ ਪਹਿਲਾਂ ਉਹ ਬਜ਼ੁਰਗ ਹਨ ਜੋ ਬਹੁਤ ਹੀ ਅਰਸੇ ਤੋਂ ਬਾਹਰ ਰਹਿੰਦੇ ਹੋਏ ਬੁੱਢੇ ਹੋਏ ਹਨ। ਉਹ ਗਏ ਜਵਾਨ ਸਨ ਪਰ ਹੁਣ ਉਹ ਬੁਢਾਪੇ ਵਿਚ ਕਦਮ ਰੱਖ ਚੁੱਕੇ ਹਨ। ਦੂਸਰੇ ਕਿਸਮ ਦੇ ਬਜ਼ੁਰਗ ਉਹ ਹਨ ਜਿਨ੍ਹਾਂ ਨੇ ਆਪਣੇ ਧੀਆਂ ਜਾਂ ਪੁੱਤਾਂ ਪਿਛੇ ਪਰਵਾਸ ਕੀਤਾ ਹੈ। ਉਹ ਜਦੋਂ ਇਨ੍ਹਾਂ ਦੇਸ਼ਾਂ 'ਚ ਪਹੁੰਚੇ ਤਾਂ ਬਜ਼ੁਰਗ ਸਨ।

ਆਪਣੀ ਚਰਚਾ ਦਾ ਕੇਂਦਰ ਅਸੀਂ ਉਨ੍ਹਾਂ ਬਜ਼ੁਰਗਾਂ ਨੂੰ ਬਣਾਇਆ ਹੈ ਜੋ ਪੰਜਾਬ ਤੋਂ ਪਰਵਾਸ ਕਰਨ ਲੱਗਿਆਂ ਹੀ ਬੁੱਢੇ ਸਨ। ਆਮ ਤੌਰ 'ਤੇ ਕਿਸੇ ਵੀ ਮੇਜ਼ਬਾਨ ਸਮਾਜ ਦੀ ਬਜ਼ੁਰਗਾਂ ਨੂੰ ਇਮੀਗ੍ਰੇਸ਼ਨ ਦੇਣ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ। ਆਖਿਰਕਾਰ ਬਜ਼ੁਰਗ ਕਿਸ ਵਰਗ ਦੀ ਨੁਮਾਇੰਦਗੀ ਕਰਦਾ ਹੈ? ਉਹ ਨਿਰਭਰ ਵਰਗ ਦੀ ਨੁਮਾਇੰਦਗੀ ਕਰਦਾ ਹੈ। ਉਹ ਆਪਣੇ ਕੰਮ ਵਾਲਾ ਜੀਵਨ ਬਿਤਾ ਚੁੱਕਾ ਹੁੰਦਾ ਹੈ ਅਤੇ ਹੁਣ ਉਸ ਨੂੰ ਆਪਣੀ ਬਾਕੀ ਦੀ ਜ਼ਿੰਦਗੀ ਬਿਤਾਉਣ ਲਈ ਆਸਰੇ ਦੀ ਜ਼ਰੂਰਤ ਹੁੰਦੀ ਹੈ।

ਅਸੀਂ ਭਾਵੇਂ ਮਿਥਿਹਾਸ ਦੇ ਗਿਆਨ ਦੇ ਆਧਾਰ 'ਤੇ ਇਹ ਕਹਿ ਦੇਈਏ ਕਿ ਸਤਯੁਗ ਵਿਚ ਲੋਕਾਂ ਦੀ ਉਮਰ ਬਹੁਤ ਜ਼ਿਆਦਾ ਹੁੰਦੀ ਸੀ ਪਰ ਤੱਥ ਇਹ ਹੈ ਕਿ ਵਿਗਿਆਨ ਦੇ ਵਿਕਾਸ ਦੇ ਕਾਰਨ ਮੌਜੂਦਾ ਸਮੇਂ ਵਿਚ ਲੋਕਾਂ ਦੀ ਔਸਤਨ ਉਮਰ ਵਧੀ ਹੈ। ਅਮਰੀਕਾ ਜਾਂ ਕੈਨੇਡਾ ਵਰਗੇ ਵਿਕਸਤ ਦੇਸ਼ਾਂ ਨੇ ਤਾਂ ਵਧੀਆ ਸਿਹਤ ਪ੍ਰਬੰਧ ਦੇ ਨਤੀਜੇ ਵਜੋਂ ਔਸਤਨ ਉਮਰ 70 ਤੋਂ ਵੀ ਉਪਰ ਕਰ ਲਈ ਹੈ ਪਰ ਲੋਕਾਂ ਦੀ ਔਸਤ ਉਮਰ ਵਧਣ ਨਾਲ ਸਮਾਜਿਕ ਸਮੱਸਿਆ ਵੀ ਆਣ ਖੜ੍ਹੀ ਹੁੰਦੀ ਹੈ; ਉਹ ਹੈ ਜਨ ਸੰਖਿਆ ਵਿਚ ਬੁੱਢਿਆਂ ਦੇ ਅਨੁਪਾਤ ਦਾ ਵਧਣਾ। ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਸਮਾਜ ਅੰਦਰ ਕਾਫੀ ਵੱਡੀ ਗਿਣਤੀ ਵਿਚ ਨਿਰਭਰ ਵਰਗ ਮੌਜੂਦ ਹੈ। ਇਸ ਨਾਲ ਜੇ ਅਸੀਂ ਵਿਕਸਿਤ ਦੇਸ਼ਾਂ ਬਾਰੇ ਇਕ ਹੋਰ ਤੱਥ ਜੋੜ ਦੇਈਏ ਤਾਂ ਸਥਿਤੀ ਹੋਰ ਸਪਸ਼ਟ ਹੋ ਜਾਵੇਗੀ। ਇਹ ਦੇਸ਼ ਸਿਫਰ ਜਾਂ ਨਕਾਰਾਤਮਕ ਜਨ ਸੰਖਿਆ ਦੇ ਵਾਧੇ ਦੀ ਦਰ ਨੂੰ ਪ੍ਰਾਪਤ ਕਰ ਚੁੱਕੇ ਹਨ। ਇਸ ਤੋਂ ਸਾਫ਼ ਝਲਕਦਾ ਹੈ ਕਿ ਸਮੇਂ ਦੇ ਗੁਜ਼ਰਨ ਨਾਲ ਇਨ੍ਹਾਂ ਸਮਾਜਾਂ ਵਿਚ ਉਲਟ ਨਿਰਭਰ ਵਰਗ ਵਧਦਾ ਜਾਵੇਗਾ। ਬੱਚੇ ਵੀ ਨਿਰਭਰ ਹੁੰਦੇ ਹਨ ਪਰ ਉਨ੍ਹਾਂ ਨੂੰ ਸਮਾਜ ਵਿਚ ਵੱਡਿਆਂ ਹੋ ਕੇ ਵਿਦਿਆ 'ਤੇ ਹੋਰ ਵਿਸ਼ਿਸ਼ਟਤਾਵਾਂ ਪ੍ਰਾਪਤ ਕਰ ਕੇ ਸਮਾਜ ਲਈ ਲਾਭਦਾਇਕ ਬਣਨਾ ਹੁੰਦਾ ਹੈ। ਬੁੱਢਿਆਂ ਦੀ ਵਧਦੀ ਗਿਣਤੀ ਉਲਟਾ ਨਿਰਭਰਤਾ ਪੈਦਾ ਕਰਦੀ ਹੈ। ਨਤੀਜਾ ਇਹ ਨਿਕਲਦਾ ਹੈ ਕਿ ਕੰਮ ਕਰ ਰਹੇ ਵਰਗ ਉਤੇ ਜ਼ਿਆਦਾ ਦਬਾਅ ਪੈਂਦਾ ਹੈ। ਸਰਕਾਰ ਨੇ ਬੁੱਢਿਆਂ ਦੀ ਸੁਰੱਖਿਆ ਲਈ ਜੋ ਪੈਸਾ ਖਰਚਣਾ ਹੈ, ਉਹ ਕੰਮ ਕਰ ਰਹੇ ਸ਼ਖਸਾਂ ਦੀ ਆਮਦਨ ਤੋਂ ਹੀ ਨਿਕਲਣਾ ਹੈ।

ਸਮਾਜਿਕ ਸੁਰੱਖਿਆ ਦੇ ਪ੍ਰਸੰਗ ਵਿਚ ਬਜ਼ੁਰਗਾਂ ਲਈ ਕਈ ਕਿਸਮ ਦੀਆਂ ਸਹੂਲਤਾਂ ਮੌਜੂਦ ਹਨ ਹਾਲਾਂਕਿ ਹਰ ਦੇਸ਼ ਦੇ ਆਪਣੇ ਨਿਯਮ ਹਨ, ਫਿਰ ਵੀ ਪੈਨਸ਼ਨ, ਬਜ਼ੁਰਗਾਂ ਦੇ ਘਰ, ਬਿਨਾਂ ਖਰਚ ਤੋਂ ਆਉਣ ਜਾਣ ਦੀ ਸਹੂਲਤ ਸਰਕਾਰ ਦਿੰਦੀ ਹੈ ਤਾਂ ਹਰ ਸਥਿਤੀ ਵਿਚ ਇਹੋ ਜਿਹਾ ਸਮਾਜ ਇਹ ਆਸ ਤਾਂ ਰੱਖੇਗਾ ਕਿ ਸਿਰਫ ਉਹ ਸ਼ਖਸ ਹੀ ਇਸ ਨੂੰ ਮਾਣੇ ਜਿਸ ਨੇ ਦੇਸ਼ ਦੀ ਆਰਥਿਕਤਾ 'ਚ ਕੁਝ ਹਿੱਸਾ ਪਾਇਆ ਹੈ। ਇਹੀ ਕਾਰਨ ਹੈ ਕਿ ਬਜ਼ੁਰਗਾਂ ਦੀ ਇਮੀਗ੍ਰੇਸ਼ਨ ਨੂੰ ਇਹ ਸਮਾਜ ਕੋਈ ਵਧੀਆ ਨਹੀਂ ਸਮਝਦੇ ਪਰ ਇਸ ਦੇ ਬਾਵਜੂਦ 'ਫੈਮਿਲੀ ਕਲਾਸ' (ਪਰਿਵਾਰਕ ਵਰਗ) ਅਧੀਨ ਪੰਜਾਬ ਤੋਂ ਬਹੁਤ ਵੱਡੇ ਪੈਮਾਨੇ 'ਤੇ ਬਜ਼ੁਰਗ ਪਰਵਾਸ ਕਰ ਕੇ ਇਨ੍ਹਾਂ ਦੇਸ਼ਾਂ ਵਿਚ ਪਹੁੰਚੇ ਹਨ।

ਇਸ ਤੋਂ ਪਹਿਲਾਂ ਕਿ ਉਨ੍ਹਾਂ ਦੇ ਪਰਵਾਸ ਬਾਰੇ ਗੱਲ ਕੀਤੀ ਜਾਵੇ, ਇਹ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਦੀ ਪੰਜਾਬ ਦੀ ਜ਼ਿੰਦਗੀ ਉਤੇ ਝਾਤ ਮਾਰੀਏ। ਬੁੱਢਾ ਆਦਮੀ ਸਰਗਰਮ ਜ਼ਿੰਦਗੀ ਹੰਢਾਅ ਚੁੱਕਾ ਹੈ। ਉਸ ਦਾ ਦ੍ਰਿਸ਼ਟੀਕੋਣ, ਸੋਚ ਅਤੇ ਪਰਵਿਰਤੀ ਸਭ ਕੁਝ ਨਿਸ਼ਚਿਤ ਰੂਪ ਲੈ ਚੁੱਕੇ ਹਨ। ਕਿਸੇ ਬਜ਼ੁਰਗ ਤੋਂ ਤੇਜ਼ ਰਫ਼ਤਾਰ ਚਲਦੇ ਸਮਾਜ ਨਾਲ ਬਦਲਣ ਦੀ ਆਸ ਕਰਨਾ ਗਲਤੀ ਹੈ। ਉਹ ਆਮ ਤੌਰ 'ਤੇ ਗੁਜ਼ਰੇ ਵਕਤਾਂ ਦਾ ਨੁਮਾਇੰਦਾ ਹੁੰਦਾ ਹੈ ਅਤੇ ਭੂਤ ਵਿਚ ਰਹਿੰਦਾ ਹੈ। ਬਜ਼ੁਰਗਾਂ ਨਾਲ ਗੱਲਾਂ ਕਰੋ ਤਾਂ ਪਤਾ ਲੱਗੇਗਾ ਕਿ ਬਹੁਗਿਣਤੀ ਵਿਚ ਉਹ ਆਪਣੇ ਸਰਗਰਮ ਜੀਵਨ ਬਾਰੇ ਹੀ ਕਹਾਣੀਆਂ ਸੁਣਾਉਂਦੇ ਮਿਲਣਗੇ। ਇਥੇ ਕਿਉਂਕਿ ਅਸੀਂ ਪਰਵਾਸੀ ਬਜ਼ੁਰਗਾਂ ਬਾਰੇ ਗੱਲ ਕਰਨੀ ਹੈ, ਇਸ ਲਈ ਇਕ ਹੋਰ ਪੱਖ ਉਜਾਗਰ ਕਰਨਾ ਜ਼ਰੂਰੀ ਹੈ; ਉਹ ਇਹ ਕਿ ਇਨ੍ਹਾਂ ਬਜ਼ੁਰਗਾਂ ਦਾ ਪਿਛੋਕੜ ਪੇਂਡੂ ਕਿਸਾਨੀ ਦਾ ਹੈ।

ਪੰਜਾਬੀ ਸਭਿਆਚਾਰ ਵਿਚ ਬਜ਼ੁਰਗ ਤੋਂ ਭਾਵ ਸਿਆਣਾ ਅਤੇ ਤਜਰਬੇਕਾਰ ਆਦਮੀ ਹੈ। ਇਸੇ ਲਈ ਕਹਿੰਦੇ ਹਨ ਕਿ "ਮੈਂ ਇਹ ਵਾਲ ਧੁੱਪ ਵਿਚ ਸਫ਼ੈਦ ਨਹੀਂ ਕੀਤੇ" ਪਰ ਇਸ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਆਦਮੀ ਪਰਿਵਾਰ ਦਾ ਚੌਧਰੀ ਹੁੰਦਾ ਹੈ। ਉਸ ਦੇ ਰਿਸ਼ਤੇ-ਨਾਤੇ ਅਤੇ ਆਲਾ-ਦੁਆਲਾ ਉਸ ਦੀ ਹਰ ਕਹੀ ਗੱਲ ਵੱਧ ਧਿਆਨ ਦਿੰਦੇ ਹਨ। ਉਹ ਵੀ ਆਪਣੇ ਆਪ ਨੂੰ ਸਮਾਜ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਮੰਨਦਾ ਹੈ। ਉਮਰ ਦੇ ਜ਼ਿਆਦਾ ਢਲਣ ਨਾਲ ਭਾਵੇਂ ਉਸ ਦੀ ਪ੍ਰਧਾਨਤਾ ਵਿਚ ਕਮੀ ਆਉਂਦੀ ਹੈ ਪਰ ਆਮ ਤੌਰ 'ਤੇ ਉਸ ਦਾ ਪਰਿਵਾਰ ਉਹਦੀ ਦੇਖਭਾਲ ਕਰਦਾ ਹੈ। ਪਿੰਡ ਵਿਚ ਭਾਵੇਂ ਬੁੱਢੇ ਬੋਹੜ ਦੀ ਛਾਂ ਹੇਠ ਹੀ ਜੇਠ ਹਾੜ੍ਹ ਦੀਆਂ ਧੁੱਪਾਂ ਬਿਤਾਉਣ ਪਰ ਉਹ ਸਮਾਜਿਕ ਪ੍ਰਕਿਰਿਆ ਨਾਲ ਪੂਰੀ ਤਰ੍ਹਾਂ ਜੁੜੇ ਰਹਿੰਦੇ ਹਨ। ਹਰ ਕੋਈ ਲੰਘਦਾ ਵੜਦਾ ਉਨ੍ਹਾਂ ਨੂੰ ਬੁਲਾ ਕੇ ਅਤੇ ਕੁਝ ਨਾ ਕੁਝ ਸੁਣਾ ਕੇ ਜਾਂਦਾ ਹੈ। ਗਿਆਨੀ ਗੁਰਦਿੱਤ ਸਿੰਘ ਦੀ ਪ੍ਰਸਿੱਧ ਪੁਸਤਕ 'ਮੇਰਾ ਪਿੰਡ' ਵਿਚ ਬਜ਼ੁਰਗਾਂ ਦੀ ਰਵਾਇਤੀ ਸਮਾਜ ਦੀਆਂ ਰਸਮਾਂ ਵਿਚ ਭੂਮਿਕਾ ਬਾਰੇ ਕਾਫੀ ਵਧੀਆਂ ਢੰਗ ਨਾਲ ਚਾਨਣਾ ਪਾਇਆ ਗਿਆ ਹੈ ਪਰ ਬਜ਼ੁਰਗ ਔਰਤਾਂ ਦੀ ਜ਼ਿੰਦਗੀ ਸਿਫਤੀ ਪੱਧਰ 'ਤੇ ਭਿੰਨ ਹੁੰਦੀ ਹੈ। ਸਾਰੀ ਉਮਰ ਆਮ ਤੌਰ 'ਤੇ ਘਰ ਦੇ ਅੰਦਰ ਬਿਤਾਉਣਾ ਹਕੀਕਤ ਹੈ ਪਰ ਉਸ ਦੀ ਮਹੱਤਤਾ ਉਸ ਦਾ ਉਹ ਗਿਆਨ ਹੈ ਜੋ ਰਸਮਾਂ ਰਿਵਾਜਾਂ ਨਾਲ ਜੁੜਿਆ ਹੋਇਆ ਹੈ। ਇਕ ਢੰਗ ਨਾਲ ਬਜ਼ੁਰਗ ਆਪਣੇ ਸਮਾਜ ਨਾਲ ਜੁੜੇ ਹੋਏ ਹੁੰਦੇ ਹਨ ਅਤੇ ਉਨ੍ਹਾਂ ਦੀ ਪੁੱਛਗਿਛ ਹੁੰਦੀ ਹੈ। ਆਰਥਿਕ ਪੱਖੋਂ ਵੀ ਉਹ ਆਮ ਤੌਰ 'ਤੇ ਆਤਮ ਨਿਰਭਰ ਹੁੰਦੇ ਹਨ। ਇਹੋ ਜਿਹੇ ਬਜ਼ੁਰਗ

> ***ਪੰਜਾਬੀ ਸਭਿਆਚਾਰ ਵਿਚ ਬਜ਼ੁਰਗ ਤੋਂ ਭਾਵ ਸਿਆਣਾ ਅਤੇ ਤਜਰਬੇਕਾਰ ਆਦਮੀ ਹੈ। ਇਸੇ ਲਈ ਕਹਿੰਦੇ ਹਨ ਕਿ "ਮੈਂ ਇਹ ਵਾਲ ਧੁੱਪ ਵਿਚ ਸਫ਼ੈਦ ਨਹੀਂ ਕੀਤੇ" ਪਰ ਇਸ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਆਦਮੀ ਪਰਿਵਾਰ ਦਾ ਚੌਧਰੀ ਹੁੰਦਾ ਹੈ। ਉਸ ਦੇ ਰਿਸ਼ਤੇ-ਨਾਤੇ ਅਤੇ ਆਲਾ-ਦੁਆਲਾ ਉਸ ਦੀ ਹਰ ਕਹੀ ਗੱਲ ਵੱਧ ਧਿਆਨ ਦਿੰਦੇ ਹਨ। ਉਹ ਵੀ ਆਪਣੇ ਆਪ ਨੂੰ ਸਮਾਜ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਮੰਨਦਾ ਹੈ।***

ਜਦੋਂ ਵਿਦੇਸ਼ ਜਾਂਦੇ ਹਨ ਤਾਂ ਉਹ ਆਪਣਾ ਸਾਰਾ ਸਮਾਜਿਕ ਮਾਹੌਲ ਪਿੱਛੇ ਛੱਡ ਕੇ ਜਾਂਦੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਨਿਰਭਰ ਹੋ ਕੇ ਜਾਂਦੇ ਹਨ। ਬਜ਼ੁਰਗਾਂ ਲਈ ਪਰਵਾਸ ਕਰਨਾ ਇਕ ਢੰਗ ਨਾਲ ਮੱਛੀ ਦਾ ਪਾਣੀ ਛੱਡ ਕੇ ਜਾਣ ਵਾਂਗ ਹੈ। ਸ਼ਾਇਦ ਪੁੱਤਰ ਧੀਆਂ ਦਾ ਮੋਹ ਸਮਾਜਿਕ ਸਥਿਤੀ ਨਾਲੋਂ ਜ਼ਿਆਦਾ ਹਾਵੀ ਹੋ ਜਾਂਦਾ ਹੈ।

---

ਜੇ ਅਸੀਂ ਆਮ ਦ੍ਰਿਸ਼ਟੀਕੋਣ ਤੋਂ ਬਜ਼ੁਰਗਾਂ ਦੀ ਇਮੀਗ੍ਰੇਸ਼ਨ ਉਤੇ ਝਾਤ ਮਾਰੀਏ ਤਾਂ ਪਤਾ ਲੱਗੇਗਾ ਕਿ ਇਨ੍ਹਾਂ ਮੁਲਕਾਂ 'ਚ ਰਹਿੰਦੇ ਪਰਵਾਸੀ ਭਿੰਨ ਰੁਝਾਨ ਦਿਖਾਉਂਦੇ ਹਨ। ਯੂਰਪ ਤੋਂ ਆਇਆ ਪਰਵਾਸੀ ਅਤੇ ਏਸ਼ੀਆ ਤੋਂ ਆਇਆ ਪਰਵਾਸੀ ਆਪਣੇ ਮਾਂ ਬਾਪ ਨੂੰ ਸੱਦਣ ਲਈ ਵੱਖਰਾ-ਵੱਖਰਾ ਰੁਝਾਨ ਰੱਖੇਗਾ। ਅਸੀਂ ਇਸ ਪੱਖ ਨੂੰ ਕੈਨੇਡਾ ਦੇ ਉਦਾਹਰਨ ਦੇ ਆਧਾਰ 'ਤੇ ਸਮਝਾ ਸਕਦੇ ਹਾਂ। ਜੇ ਆਪਾਂ ਭਾਰਤੀ ਪਰਵਾਸੀਆਂ ਨੂੰ ਧਿਆਨ ਵਿਚ ਰੱਖੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਵਿਚ ਦਸ ਪ੍ਰਤੀਸ਼ਤ ਪਰਵਾਸੀ ਬਜ਼ੁਰਗ ਰਹੇ ਹਨ। ਇਹ ਤੱਥ 1990 ਤੱਕ ਲਾਗੂ ਹੁੰਦਾ ਹੈ। ਉਸ ਤੋਂ ਬਾਅਦ ਬਜ਼ੁਰਗਾਂ ਦਾ ਅਨੁਪਾਤ ਵਧਣ ਦੇ ਸੰਕੇਤ ਹਨ। ਭਾਰਤੀਆਂ ਤੋਂ ਇਲਾਵਾ ਸਿਰਫ ਇਕ ਹੋਰ ਪਰਵਾਸੀ ਵਰਗ ਆਪਣੇ ਬਜ਼ੁਰਗ ਨੂੰ ਜ਼ਿਆਦਾ ਮੰਗਵਾਉਂਦਾ ਹੈ, ਉਹ ਚੀਨੀਆਂ ਦਾ ਵਰਗ। ਚੀਨ ਤੋਂ ਆਉਣ ਵਾਲੇ ਪਰਵਾਸੀਆਂ ਵਿਚੋਂ ਚੌਦਾਂ ਪ੍ਰਤੀਸ਼ਤ ਬਜ਼ੁਰਗ ਹਨ। 1991 ਦੀ ਮਰਦਮਸ਼ੁਮਾਰੀ ਅਨੁਸਾਰ ਕੈਨੇਡਾ 'ਚ ਰਹਿੰਦੇ ਭਾਰਤੀ ਪਰਵਾਸੀਆਂ ਵਿਚੋਂ 76 ਪ੍ਰਤੀਸ਼ਤ 25 ਤੋਂ 64 ਸਾਲ ਦੀ ਉਮਰ ਦੇ ਦਰਮਿਆਨ ਸਨ ਅਤੇ ਦਸ ਪ੍ਰਤੀਸ਼ਤ 65 ਸਾਲ ਦੀ ਉਮਰ ਤੋਂ ਉਪਰ ਸਨ। ਬਾਕੀ ਦੇ 25 ਸਾਲ ਦੀ ਉਮਰ ਤੋਂ ਥੱਲੇ ਸਨ। ਬਜ਼ੁਰਗਾਂ ਵਿਚੋਂ 53 ਪ੍ਰਤੀਸ਼ਤ ਔਰਤਾਂ ਸਨ।

ਇਨ੍ਹਾਂ ਅੰਕੜਿਆਂ ਦੇ ਦੋ ਪਹਿਲੂ ਹਨ। ਪਹਿਲੇ ਅਨੁਸਾਰ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬ ਤੋਂ ਕਾਫੀ ਗਿਣਤੀ ਵਿਚ ਬਜ਼ੁਰਗ ਔਰਤਾਂ ਅਤੇ ਮਰਦ ਪਰਵਾਸ ਕਰਦੇ ਹਨ। ਦੂਸਰਾ ਪਹਿਲੂ ਇਸ ਪਰਵਾਸ ਦੇ ਸਮਾਜ ਵਿਗਿਆਨ ਪ੍ਰਸੰਗ ਨਾਲ ਸਬੰਧ ਰੱਖਦਾ ਹੈ। ਜੇ ਯੂਰਪੀ ਪਿਛੋਕੜ ਦੇ ਪਰਵਾਸੀ ਉਤੇ ਝਾਤ ਮਾਰੀਏ ਤਾਂ ਪਤਾ ਲੱਗੇਗਾ ਕਿ ਉਨ੍ਹਾਂ ਦੀ ਆਪਣੇ ਬੁੱਢਿਆਂ ਨੂੰ ਸਦਵਾਉਣ ਦੀ ਪਰਵਿਰਤੀ ਕਾਫੀ ਘੱਟ ਹੈ। ਹਰਦੇਵ ਸਿੰਘ ਜੋ ਮਸ਼ਹੂਰ ਚਿਤਰਕਾਰ ਹੈ ਅਤੇ ਟੋਰਾਂਟੋ ਵਿਚ ਵਸਿਆ ਹੋਇਆ ਹੈ, ਦਾ ਕਹਿਣਾ ਹੈ ਕਿ ਯੂਰਪੀ ਪਿਛੋਕੜ ਦੇ ਪਰਵਾਸੀ ਜਾਂ ਤਾਂ ਛੁੱਟੀਆਂ ਵਿਚ ਆਪਣੇ ਮਾਂ ਬਾਪ ਨੂੰ ਜਾ ਕੇ ਮਿਲ ਆਉਂਦੇ ਹਨ ਅਤੇ ਜਾਂ ਉਨ੍ਹਾਂ ਨੂੰ ਦੋ ਕੁ ਮਹੀਨਿਆਂ ਲਈ ਕੈਨੇਡਾ ਸੱਦ ਲੈਂਦੇ ਹਨ। ਇਹ ਤੱਥ ਮੌਜੂਦਾ ਪ੍ਰਸੰਗ ਵਿਚ ਸਹੀ ਜਾਪਦਾ ਹੈ ਪਰ ਇਤਿਹਾਸਕ ਪੱਖੋਂ ਸਾਨੂੰ ਇਸ ਨੂੰ ਸਵੀਕਾਰ ਕਰਨ ਦੀ ਸਮੱਸਿਆ ਆਵੇਗੀ। ਉਦਾਹਰਨ ਦੇ ਤੌਰ 'ਤੇ ਕਾਫੀ ਵੱਡੇ ਪੈਮਾਨੇ 'ਤੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਤੋਂ ਸ਼ਰਨਾਰਥੀ ਅਮਰੀਕਾ ਅਤੇ ਕੈਨੇਡਾ ਵਿਚ ਜਾ ਕੇ ਵਸੇ। ਇਨ੍ਹਾਂ ਅੰਦਰ ਛੋਟੇ ਵੱਡੇ ਅਤੇ ਬੁੱਢੇ ਸਾਰੇ ਸ਼ਾਮਿਲ ਰਹੇ ਹਨ ਪਰ ਹਰਦੇਵ ਸਿੰਘ ਦੀ ਉਨ੍ਹਾਂ ਬਾਰੇ ਟਿੱਪਣੀ ਦੀ ਮਹੱਤਤਾ ਇਹ ਹੈ ਕਿ ਬਜ਼ੁਰਗਾਂ ਨੂੰ ਬਾਹਰ ਸੱਦਣ ਦਾ ਰੁਝਾਨ ਪੰਜਾਬੀਆਂ ਵਿਚ ਵਧ ਗਿਆ ਹੈ ਜਿਸ ਦੇ ਸਮਾਜਿਕ ਨਤੀਜੇ ਸਾਹਮਣੇ ਆ ਰਹੇ ਹਨ।

ਬਜ਼ੁਰਗਾਂ ਦੇ ਪਰਵਾਸ ਦੇ ਕੀ ਕਾਰਨ ਹਨ?

ਬਜ਼ੁਰਗਾਂ ਦੇ ਪਰਵਾਸ ਦੇ ਦੋ ਮੁੱਖ ਕਾਰਨ ਹਨ। ਪਹਿਲਾ ਕਾਰਨ ਇਨ੍ਹਾਂ ਬਜ਼ੁਰਗਾਂ ਦੇ ਪੁੱਤਾਂ ਧੀਆਂ ਦੇ ਮੰਤਵਾਂ ਅਤੇ ਹਿੱਤਾਂ ਨਾਲ ਸਬੰਧਿਤ ਹੈ। ਦੂਜਾ ਕਾਰਨ ਇਨ੍ਹਾਂ ਬਜ਼ੁਰਗਾਂ ਦੀ ਦਿਲਚਸਪੀ ਅਤੇ ਮਨੋਰਥ ਨਾਲ ਸਬੰਧ ਰੱਖਦਾ ਹੈ। ਪਹਿਲੇ ਦੇ ਹਿਸਾਬ ਨਾਲ ਬਜ਼ੁਰਗ ਸਾਧਨ ਹਨ; ਦੂਜੇ ਨਜ਼ਰੀਏ ਤੋਂ ਬਜ਼ੁਰਗ ਖਾਸ ਮੰਤਵ ਨਾਲ ਪਰਵਾਸ ਨੂੰ ਸਾਧਨ ਦੇ ਤੌਰ 'ਤੇ ਵਰਤਦੇ ਹਨ। ਮਾਂ ਬਾਪ ਨੂੰ ਸੱਦਣ ਦਾ ਅਮਲ ਪਰਵਾਸੀ ਦੇ ਆਰਥਿਕ ਹਿੱਤ 'ਚੋਂ ਨਿਕਲਦਾ ਹੈ। ਬੱਚੇ ਸੰਭਾਲਣ ਲਈ ਮਾਂ ਬਾਪ ਨੂੰ 'ਇਮੀਗ੍ਰੇਟ' ਕਰਵਾਇਆ ਜਾਂਦਾ ਹੈ। ਆਮ ਤੌਰ 'ਤੇ ਰੁਝਾਨ ਤਾਂ ਮਾਂ ਨੂੰ ਬੁਲਾਉਣਾ ਹੀ ਹੁੰਦਾ ਹੈ ਪਰ ਬਾਪ ਨੂੰ ਸੱਦਣਾ ਇਸ ਕਰ ਕੇ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਕੱਲਾ ਪਿੱਛੇ ਕੀ ਕਰੇਗਾ!

ਬਜ਼ੁਰਗਾਂ ਦੇ ਪਰਵਾਸ ਦੇ ਕਈ ਮੰਤਵ ਹੁੰਦੇ ਹਨ। ਸਭ ਤੋਂ ਪਹਿਲਾਂ ਤਾਂ ਆਪਣੇ ਨਾਬਾਲਗ ਮੁੰਡੇ ਕੁੜੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਹੁੰਦਾ ਹੈ। ਕੈਨੇਡਾ ਵਰਗੇ ਦੇਸ਼ਾਂ ਵਿਚ ਪਰਵਾਸ ਦਾ ਇਹੀ ਹਾਵੀ ਰੂਪ ਹੈ। ਇਸ ਦੇ ਉਲਟ ਅਮਰੀਕਾ ਜਾਣਾ ਪੂਰੇ ਪਰਿਵਾਰ ਦਾ ਕਾਰਜ ਹੁੰਦਾ ਹੈ ਜਿਸ ਦੇ ਨਤੀਜੇ ਵਜੋਂ ਉਹ ਸਾਰੇ ਇਕੱਠੇ ਚਲੇ ਜਾਂਦੇ ਹਨ। ਪਿੱਛੇ ਇਕੱਲੇ ਰਹਿ ਜਾਣਾ ਅਤੇ ਉਹ ਵੀ ਬੁੱਢੀ ਉਮਰੇ, ਸਮੱਸਿਆ ਦਾ ਹੀ ਮੁੱਦਾ ਹੈ।

ਇਹ ਆਮ ਦੇਖਣ ਵਿਚ ਆਇਆ ਹੈ ਕਿ ਪੰਜਾਬ ਦੇ ਦੋਆਬੇ ਅਤੇ ਮਾਲਵੇ ਦੇ ਕੁਝ ਜ਼ਿਲ੍ਹਿਆਂ ਵਿਚ ਬਾਹਰਲੇ ਪੱਛਮੀ ਦੇਸ਼ਾਂ ਬਾਰੇ ਕਈ ਕਿਸਮ ਦੀ ਚਰਚਾ ਹੁੰਦੀ ਹੈ। ਇਸ ਅਨੁਸਾਰ ਉਥੋਂ ਦੀ ਰਹਿਣੀ ਬਹਿਣੀ ਖਾਸ ਮੁੱਦਾ ਹੁੰਦੀ ਹੈ। ਇਹ ਗੱਲ ਵੀ ਆਮ ਕੀਤੀ ਜਾਂਦੀ ਹੈ ਕਿ ਪੱਛਮੀ ਸਮਾਜਾਂ ਨੇ ਬੁੱਢਿਆਂ ਲਈ ਪੈਨਸ਼ਨ ਦੀ ਵਿਵਸਥਾ ਕੀਤੀ ਹੋਈ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਬਜ਼ੁਰਗ ਉਸ ਪੈਨਸ਼ਨ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਨ। ਆਖਿਰਕਾਰ ਬਿਨਾਂ ਕੁਝ ਕੀਤਿਆਂ ਘਰ ਬੈਠੇ ਬਿਠਾਏ ਕੁਝ ਪੈਸੇ ਆ ਜਾਣ ਤਾਂ ਹਰਜ ਵੀ ਕੀ ਹੈ। ਇਹ ਤੱਥ ਕਿ ਪੱਛਮੀ ਦੇਸ਼ਾਂ ਨੇ ਬਜ਼ੁਰਗਾਂ ਨੂੰ ਕਈ ਸਹੂਲਤਾਂ ਦਿੱਤੀਆਂ ਹਨ, ਪਰਵਾਸ ਦਾ ਵਧੀਆ ਕਾਰਨ ਬਣਦਾ ਹੈ। ਪੈਨਸ਼ਨ, ਵਧੀਆ ਜ਼ਿੰਦਗੀ ਅਤੇ ਸਹੂਲਤਾਂ ਕੁਝ ਇਹੋ ਜਿਹੇ ਉਦੇਸ਼ ਹਨ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਪਰਵਾਸ ਸਾਧਨ ਬਣ ਜਾਂਦਾ ਹੈ। ਅਵਚੇਤਨ ਤੌਰ 'ਤੇ ਸ਼ਾਇਦ ਕੁਝ ਅਸੁਰੱਖਿਆ ਰਹੀ ਹੋਵੇ ਤਾਂ ਉਸ ਨੂੰ ਪ੍ਰਗਟ ਨਹੀਂ ਕੀਤਾ ਜਾਂਦਾ। ਕੁਝ ਬਜ਼ੁਰਗ ਵਾਪਿਸ ਆ ਕੇ ਕਦੀ ਨਾ ਜਾਣ ਦਾ ਫੈਸਲਾ ਕਰਦੇ ਹਨ। ਉਹ ਦੂਜੇ ਚਾਹਵਾਨ ਬਜ਼ੁਰਗਾਂ ਨੂੰ ਵੀ ਇਸ ਦੇ ਕਾਰਨ ਦੱਸਦੇ ਹਨ ਪਰ ਕੋਈ ਨਹੀਂ ਮੰਨਦਾ। ਜਿਸ ਨੂੰ ਵੀ ਮੌਕਾ ਮਿਲਦਾ ਹੈ, ਉਹ ਪਰਵਾਸ ਕਰਦਾ ਹੀ ਹੈ।

ਪੈਨਸ਼ਨ ਦੀ ਸਥਿਤੀ ਕੈਨੇਡਾ ਵਿਚ ਵੀ ਬਦਲ ਗਈ ਹੈ। ਹੁਣ ਸਿਰਫ ਉਹ ਬਜ਼ੁਰਗ ਹੀ 65 ਸਾਲ ਦੀ ਉਮਰ ਉਪਰੰਤ ਪੈਨਸ਼ਨ ਲੈ ਸਕਦਾ ਹੈ ਜਿਸ ਨੇ ਦਸ ਸਾਲ ਕੈਨੇਡਾ 'ਚ ਬਿਤਾਏ ਹੋਣ। ਇਕ ਢੰਗ ਨਾਲ ਪੈਨਸ਼ਨ ਦੇ ਪ੍ਰਸੰਗ ਵਿਚ ਦਿੱਲੀ ਦੂਰ ਹੀ ਰਹਿੰਦੀ ਹੈ। ਜਿਥੋਂ ਤਕ ਦੂਜੀਆਂ ਸਹੂਲਤਾਂ ਦੀ ਖਿੱਚ ਦਾ ਸਵਾਲ ਹੈ, ਉਨ੍ਹਾਂ ਨੂੰ ਮਾਨਣ ਲਈ ਉਹ ਆਪਣੇ ਪੁੱਤ ਜਾਂ ਜਵਾਈ ਅਤੇ ਜਾਂ ਧੀ 'ਤੇ ਨਿਰਭਰ ਹੋ ਜਾਂਦੇ ਹਨ।

# ਮੋਦੀ ਦੀ ਯੂਕਰੇਨ ਫੇਰੀ, ਰੂਸ ਅਤੇ ਅਮਰੀਕਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਯੂਕਰੇਨ ਦੀ ਰਾਜਧਾਨੀ ਕੀਵ ਵਿਚ ਮਹਾਤਮਾ ਗਾਂਧੀ ਦੇ ਬੁੱਤ ਉਪਰ ਸ਼ਰਧਾ ਦੇ ਫੁੱਲ ਭੇਟ ਕਰਨ ਜਾ ਰਹੇ ਸਨ ਤਾਂ ਸ਼ਾਂਤ ਮਾਹੌਲ ਵਿਚ ਕੁਝ ਉਤਸ਼ਾਹੀ ਭਾਰਤੀਆਂ ਵੱਲੋਂ ਲਾਏ ਜਾ ਰਹੇ 'ਹਰ ਹਰ ਮੋਦੀ' ਅਤੇ 'ਜੈ ਸ੍ਰੀ ਰਾਮ' ਦੇ ਨਆਰਿਆਂ ਦੀ ਰੜਕ ਮਹਿਸੂਸ ਹੋ ਰਹੀ ਸੀ। ਕੁਝ ਮਿੰਟਾਂ ਬਾਅਦ ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਹੀ ਜੰਗ ਦੌਰਾਨ ਮਾਰੇ ਗਏ ਲੋਕਾਂ ਦੀ ਯਾਦਗਾਰ ਸਾਹਮਣੇ ਮੋਦੀ ਅਤੇ ਵਲੋਦੀਮੀਰ ਜ਼ੇਲੈਂਸਕੀ ਵਿਚਕਾਰ ਹੋਈ ਮੁਲਾਕਾਤ ਦੇ ਮਾਹੌਲ ਤੋਂ ਸੰਕੇਤ ਮਿਲ ਰਹੇ ਸਨ ਕਿ ਇਸ ਜੰਗ ਨੂੰ ਲੈ ਕੇ ਭਾਰਤ ਨੂੰ ਮੱਧ ਮਾਰਗ ਅਪਣਾਉਣ ਵਿਚ ਕਿਹੋ ਜਿਹੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਹਿਲੀ ਨਜ਼ਰੇ ਦੇਖਿਆਂ ਇਹ ਮਾਮਲਾ ਸਿੱਧਾ ਜਾਪਦਾ ਹੈ। ਰੂਸ ਨੇ ਯੂਕਰੇਨ 'ਤੇ ਧਾਵਾ ਬੋਲ ਦਿੱਤਾ ਸੀ ਅਤੇ ਇਸ ਦੀ ਨਿੰਦਾ ਕੀਤੀ ਜਾਣੀ ਬਣਦੀ ਸੀ ਜਿਵੇਂ ਬਹੁਤ ਸਾਰੇ ਭਾਰਤੀਆਂ ਅਤੇ ਰੂਸੀਆਂ ਨੇ

ਜਯੋਤੀ ਮਲਹੋਤਰਾ

ਕੀਤੀ ਵੀ ਹੈ ਪਰ ਰਤਾ ਨੇੜਿਓਂ ਦੇਖਣ ਤੋਂ ਇਸ ਦਾ ਪ੍ਰਸੰਗ ਦਿਸਣ ਲੱਗ ਪੈਂਦਾ ਹੈ। ਦੋ ਸਾਲ ਪਹਿਲਾਂ ਰੂਸ ਨੇ ਜ਼ਾਹਿਰਾ ਤੌਰ 'ਤੇ ਇਸ ਕਰ ਕੇ ਹਮਲਾ ਵਿੱਢਿਆ ਸੀ ਕਿ ਆਪਣੀਆਂ ਸਰਹੱਦਾਂ 'ਤੇ ਨਾਟੋ ਦੇ ਹੋ ਰਹੇ ਵਿਸਤਾਰ ਤੋਂ ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਸੀ। ਕਿਸੇ ਵੇਲੇ ਖ਼ਿਆਲ ਅਤੇ ਇੱਕ ਧਰਮ ਦੇ ਪੈਰੋਕਾਰ ਰਹੇ ਰੂਸ ਅਤੇ ਯੂਕਰੇਨ ਵਿਚਕਾਰ ਹੁਣ ਜਿੱਤ ਜਾਂ ਹਾਰ ਦਾ ਮਸਲਾ ਨਹੀਂ ਰਿਹਾ ਸਗੋਂ ਰੂਸ ਅਤੇ ਅਮਰੀਕਾ ਵਿਚਕਾਰ ਬਹੁਤੀ ਚਰਚਾ ਇਸ ਗੱਲ 'ਤੇ ਹੋ ਰਹੀ ਹੈ ਕਿ ਦੁਨੀਆ ਵਿਚ ਰੂਸ ਦਾ ਕੀ ਮੁਕਾਮ ਹੋਵੇ।

ਹਰ ਕੋਈ, ਖ਼ਾਸਕਰ ਯੂਕਰੇਨੀ ਜਾਣਦੇ ਹਨ ਕਿ ਜੇ ਅਮਰੀਕਾ ਅਤੇ ਜ਼ਿਆਦਾਤਰ ਪੱਛਮੀ ਦੇਸ਼ਾਂ ਵੱਲੋਂ ਜ਼ੇਲੈਂਸਕੀ ਦੇ ਬੰਦਿਆਂ ਨੂੰ ਘਾਤਕ ਹਥਿਆਰ ਮੁਹੱਈਆ ਨਾ ਕਰਵਾਏ ਗਏ ਹੁੰਦੇ ਤਾਂ ਇਹ ਜੰਗ ਬਹੁਤ ਦੇਰ ਪਹਿਲਾਂ ਹੀ ਮੁੱਕ ਜਾਣੀ ਸੀ ਪਰ ਅਜਿਹਾ ਹੋਇਆ ਨਹੀਂ ਅਤੇ ਅਜੇ ਵੀ ਬੇਕਸੂਰ ਲੋਕਾਂ ਦਾ ਘਾਣ ਹੋ ਰਿਹਾ ਹੈ। ਵੱਡੀਆਂ ਤਾਕਤਾਂ ਦੀ ਰਾਜਨੀਤੀ ਹਾਵੀ ਹੋ ਗਈ ਹੈ। ਯੂਕਰੇਨੀ ਜੰਗ ਦਾ ਇਹੋ ਲੱਬੋ-ਲਬਾਬ ਹੈ: ਕੌਣ ਬਣੇਗਾ ਦੁਨੀਆ ਦਾ ਚੌਧਰੀ? 1991 ਵਿਚ ਜਦੋਂ ਸੋਵੀਅਤ ਸੰਘ ਖਿੰਡ-ਪੁੰਡ ਗਿਆ ਸੀ, ਉਦੋਂ ਤੋਂ ਹੀ ਅਮਰੀਕਾ ਟੀਸੀ ਦਾ ਮੁਕਾਮ ਛੱਡਣ ਲਈ ਤਿਆਰ ਨਹੀਂ। ਰੂਸੀ ਅਜੇ ਵੀ ਅਮਰੀਕੀਆਂ ਜਿੰਨੇ ਤਾਕਤਵਰ ਨਹੀਂ ਪਰ ਉਹ ਇਸ ਗੱਲ 'ਤੇ ਜ਼ੋਰ ਦੇ ਰਹੇ ਹਨ ਕਿ ਟੀਸੀ 'ਤੇ ਕੋਈ ਇੱਕ ਚੌਧਰੀ ਨਹੀਂ ਹੋਣਾ ਚਾਹੀਦਾ; ਤੇ ਚੀਨੀ ਹਮੇਸ਼ਾ 'ਦੇਖੋ ਤੇ ਉਡੀਕੋ' ਦੀ ਰਣਨੀਤੀ 'ਤੇ ਚਲਦੇ ਹਨ ਅਤੇ ਦੋਵਾਂ ਧਿਰਾਂ ਨੂੰ ਪ੍ਰਚਕਾਰ ਕੇ ਅਮਰੀਕਾ ਨਾਲ ਆਪਣਾ ਵਪਾਰ ਵਧਾ ਰਹੇ ਹਨ; ਦੂਜੇ ਪਾਸੇ ਉਹ ਘਰ ਅਤੇ ਬਾਹਰ ਵਲਾਦੀਮੀਰ ਪੂਤਿਨ ਦੇ ਪ੍ਰਸੰਗਕ ਬਣੇ ਰਹਿਣ ਦੀ ਲਾਚਾਰੀ ਦੀ ਪੂਰਤੀ ਵੀ ਕਰ ਰਹੇ ਹਨ।

**ਅਮਰੀਕਾ ਨੂੰ ਕਿਸੇ ਦੀ ਵੀ ਨਾਂਹ-ਨੁੱਕਰ ਪਸੰਦ ਨਹੀਂ। ਹੁਣ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਯੂਕਰੇਨ ਮੋਦੀ ਲਈ ਹੁਣ ਤੱਕ ਦੀ ਸਭ ਤੋਂ ਟੇਢੀ ਚੁਣੌਤੀ ਬਣ ਰਿਹਾ ਹੈ। ਯਾਦ ਰੱਖੋ ਕਿ ਯੂਕਰੇਨ ਮਹਿਜ਼ ਬਹਾਨਾ ਹੈ ਸਗੋਂ ਅਮਰੀਕੀਆਂ ਲਈ ਸਿਰਫ ਹੱਥਠੋਕਾ ਹੀ ਹੈ।**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਕੀ ਕਰ ਰਹੇ ਹਨ? ਇਸ ਮਹਾਂ ਖੇਡ ਵਿਚ ਭਾਰਤ ਕਿੱਥੇ ਖੜ੍ਹਾ ਹੈ? ਇਸ ਦਾ ਜਵਾਬ ਪੇਚੀਦਾ ਹੈ। ਮੋਦੀ ਦੁਨੀਆ ਦੇ ਸਭ ਤੋਂ ਸੋਹਣੇ ਸ਼ਹਿਰਾਂ ਵਿਚ ਸ਼ੁਮਾਰ ਕੀਵ ਵਿਚ ਰਾਸ਼ਟਰਪਤੀ ਜ਼ੇਲੈਂਸਕੀ ਨੂੰ ਦੱਸ ਰਹੇ ਹਨ ਕਿ ਭਾਰਤ "ਸ਼ਾਂਤੀ ਵੱਲ ਵਧਣ ਲਈ ਕਿਸੇ ਵੀ ਤਰ੍ਹਾਂ ਦੀ ਕੋਸ਼ਿਸ਼ ਵਿਚ ਸਰਗਰਮ ਭੂਮਿਕਾ ਨਿਭਾਉਣ ਲਈ ਤਿਆਰ ਹੈ।" ਇਸ ਤੋਂ ਪਹਿਲਾਂ, ਉਨ੍ਹਾਂ ਦੋਵਾਂ ਨੇ ਘੁੱਟ ਕੇ ਜੱਫੀ ਪਾਈ ਜਿਵੇਂ ਛੇ ਕੁ ਹਫ਼ਤੇ ਪਹਿਲਾਂ ਮਾਸਕੋ ਦੇ ਬਾਹਰਵਾਰ ਰਾਸ਼ਟਰਪਤੀ ਪੂਤਿਨ ਦੇ ਡਾਚੇ 'ਤੇ ਉਨ੍ਹਾਂ ਨਾਲ ਜੱਫੀ ਪਾਈ ਸੀ ਅਤੇ ਉਸ ਸਮੇਂ ਪੂਤਿਨ ਡਿੱਗ ਹੀ ਪਏ ਸਨ; ਇਹ ਗੱਲ ਵੱਖਰੀ ਹੈ ਕਿ ਮਾਸਕੋ ਵਾਲੀ ਉਸ ਜੱਫੀ 'ਤੇ ਜ਼ੇਲੈਂਸਕੀ ਨੇ ਤਿੱਖੀ ਨਾਰਾਜ਼ਗੀ ਜਤਾਈ ਸੀ। ਕੁਝ ਪਲ ਬਾਅਦ ਮੋਦੀ ਨੇ ਜ਼ੇਲੈਂਸਕੀ ਦੇ ਖੱਬੇ ਮੋਢੇ 'ਤੇ ਹੱਥ ਰੱਖਿਆ ਜਿਵੇਂ ਕੋਈ ਆਪਣੇ ਛੋਟੇ ਭਰਾ ਨੂੰ ਧਰਵਾਸ ਦੇਣ ਲਈ ਕਰਦਾ ਹੈ ਅਤੇ ਉਨ੍ਹਾਂ ਆਪਣਾ ਹੱਥ ਉਦੋਂ ਤੱਕ ਟਿਕਾ ਕੇ ਰੱਖਿਆ ਜਦੋਂ ਤੱਕ ਫੋਟੋਗ੍ਰਾਫਰਾਂ ਨੇ ਤਸਵੀਰਾਂ ਨਾ ਖਿੱਚ ਲਈਆਂ।

ਦੇਖਣ ਨੂੰ ਇਹੀ ਲਗਦਾ ਹੈ ਕਿ ਮੋਦੀ ਦਾ ਮਨ ਪਸੀਜ ਗਿਆ ਸੀ ਅਤੇ ਜੇ ਅਜਿਹਾ ਹੋਇਆ ਸੀ ਤਾਂ ਇਹ ਕੋਈ ਮਾੜੀ ਗੱਲ ਵੀ ਨਹੀਂ। ਭਾਰਤ ਅਮੂਮਨ ਕਮਜ਼ੋਰਾਂ ਨਾਲ ਖੜ੍ਹਦਾ ਰਿਹਾ ਹੈ; ਸਾਬਕਾ ਪੂਰਬੀ ਪਾਕਿਸਤਾਨ ਵਿਚ ਮੁਕਤੀ ਬਾਹਿਨੀ ਦੀ ਹਮਾਇਤ ਇਸ ਦੀ ਚੰਗੀ ਮਿਸਾਲ ਹੈ ਪਰ ਇਸ ਤੋਂ ਇਲਾਵਾ ਵੀ ਇੱਥੇ ਕਾਫ਼ੀ ਕੁਝ ਹੋ ਰਿਹਾ ਹੈ। ਜਾਪਦਾ ਹੈ ਕਿ ਮੋਦੀ ਨੂੰ ਇਸ ਲਈ ਕਾਫ਼ੀ ਹੱਦ ਤੱਕ ਰਾਜ਼ੀ ਕਰ ਲਿਆ ਗਿਆ ਹੈ ਕਿ ਉਹ ਯੂਕਰੇਨੀਆਂ ਨਾਲ ਖਲੋਤੇ ਨਜ਼ਰ ਆਉਣ ਅਤੇ ਇਵੇਂ ਅਮਰੀਕੀਆਂ ਨਾਲ ਵੀ। ਅਮਰੀਕੀਆਂ ਨੇ ਮੋਦੀ ਦੀ ਮਾਸਕੋ ਫੇਰੀ ਬਾਰੇ ਆਪਣੀ ਨਾਖੁਸ਼ੀ ਵਿਚ ਕੋਈ ਲੁਕੋਅ ਨਹੀਂ ਰੱਖਿਆ ਸੀ। ਪਿਛਲੇ ਦੋ ਸਾਲਾਂ ਦੌਰਾਨ ਭਾਵੇਂ ਨਵੀਂ ਦਿੱਲੀ ਵੱਲੋਂ ਰੂਸ ਤੋਂ ਰਿਆਇਤੀ ਤੇਲ ਖਰੀਦਣ ਕਰ ਕੇ ਵਪਾਰ ਵਿਚ ਕਾਫ਼ੀ ਇਜ਼ਾਫ਼ਾ ਦਰਸਾਇਆ ਜਾ ਰਿਹਾ ਹੈ ਪਰ ਤੱਥ ਇਹ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਅਜੇ ਵੀ ਭਾਰਤ ਅਤੇ ਰੂਸ ਵਿਚਾਲੇ ਹੋਣ ਵਾਲੇ ਵਪਾਰ ਨਾਲੋਂ ਦੁੱਗਣਾ ਹੈ।

ਪੱਛਮ ਵਿਚ ਜਿਹੜੇ ਲੋਕ ਯੂਕਰੇਨ 'ਤੇ ਰੂਸੀ ਹਮਲੇ ਦੀ ਭਾਰਤ ਵੱਲੋਂ ਨਿਖੇਧੀ ਨਾ ਕੀਤੇ ਜਾਣ ਨੂੰ ਲੈ ਕੇ ਭਾਰਤ ਦੀ ਆਲੋਚਨਾ ਕਰਦੇ ਹਨ, ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਅਤੇ ਝੱਖਲੀਆਂ ਮਾਰਨ ਦੇ ਦੋਸ਼ ਦਾ ਖ਼ਤਰਾ ਮੁੱਲ ਲੈਂਦਿਆਂ ਆਪਣੇ ਆਪ ਤੋਂ ਵੀ ਪੁੱਛਣਾ ਚਾਹੀਦਾ ਹੈ ਕਿ ਮਿਸਾਲ ਦੇ ਤੌਰ 'ਤੇ ਕੀ ਉਹ ਇਜ਼ਰਾਈਲ ਨੂੰ ਗਾਜ਼ਾ ਵਿਚ ਹਸਪਤਾਲਾਂ, ਸਕੂਲਾਂ ਅਤੇ ਯੂ.ਐਨ. ਅਹਾਤਿਆਂ 'ਤੇ ਬੰਬ ਸੁੱਟਣ ਤੋਂ ਰੋਕਣ ਲਈ ਕੁਝ ਕਰ ਰਹੇ ਹਨ? ਜਾਂ ਫਿਰ ਕੀ ਇਨ੍ਹਾਂ 'ਚੋਂ ਕੋਈ ਵੀ ਪੱਛਮੀ ਦੇਸ਼ ਜੋ ਜ਼ਿਆਦਾਤਰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਮੈਂਬਰ ਹਨ, ਨੇ ਉਦੋਂ ਮਾਮੂਲੀ ਜਿਹੀ ਅਸਹਿਮਤੀ ਪ੍ਰਗਟ ਕੀਤੀ ਸੀ ਜਦੋਂ 2003 ਵਿਚ ਅਮਰੀਕਾ ਨੇ ਇਰਾਕ 'ਤੇ ਬੰਬਾਰੀ ਕਰਨ ਦਾ ਫ਼ੈਸਲਾ ਕੀਤਾ ਸੀ ਕਿਉਂਕਿ ਉਨ੍ਹਾਂ ਨੂੰ ਸੱਦਾਮ ਹੁਸੈਨ ਕੋਲ ਜਨ ਤਬਾਹੀ ਦੇ ਹਥਿਆਰ ਹੋਣ ਦੀ ਸੂਚਨਾ ਮਿਲੀ ਸੀ। ਹੁਣ ਜ਼ਰਾ ਇੱਕ ਸਕਿੰਟ ਲਈ ਰੁਕੋ, ਸੱਦਾਮ ਕੋਲ ਅਜਿਹਾ ਕੋਈ ਹਥਿਆਰ ਨਹੀਂ ਸੀ।

ਮੋਦੀ ਜਦੋਂ ਯੂਕਰੇਨ ਸਨ ਤਾਂ ਐਨ ਉਸੇ ਵਕਤ ਰੱਖਿਆ ਮੰਤਰੀ ਰਾਜਨਾਥ ਸਿੰਘ ਵਾਸ਼ਿੰਗਟਨ ਡੀ.ਸੀ. ਪਹੁੰਚੇ ਹੋਏ ਸਨ। ਹੋ ਸਕਦਾ ਹੈ ਕਿ ਇਹ ਇਤਫ਼ਾਕ ਹੋਵੇ। ਅਮਰੀਕੀਆਂ ਨਾਲ ਇੱਕ-ਦੋ ਰੱਖਿਆ ਸੌਦੇ ਕਰਨ ਵਿਚ ਕੀ ਬੁਰਾਈ ਹੋਵੇਗੀ ਪਰ ਜੇ ਇਹ ਇਤਫ਼ਾਕ ਨਾ ਹੋਇਆ ਤਾਂ ਇਸ ਦੇ ਦੋ ਹੋਰ ਨਤੀਜੇ ਅਕਸ ਕੀਤੇ ਜਾ ਸਕਦੇ ਹਨ।

ਪਹਿਲਾ ਇਹ ਕਿ ਅਮਰੀਕਾ ਨੂੰ ਕਿਸੇ ਦੀ ਵੀ ਨਾਂਹ-ਨੁੱਕਰ ਪਸੰਦ ਨਹੀਂ, ਫਿਰ ਭਾਵੇਂ ਉਹਦੇ ਵਰਗੇ ਕਿਸੇ ਲੋਕਤੰਤਰੀ ਦੇਸ਼ ਵੱਲੋਂ ਹੀ ਕਿਉਂ ਨਾ ਕੀਤੀ ਗਈ ਹੋਵੇ। ਮੋਦੀ ਨੂੰ ਕੀਵ ਜਾ ਕੇ ਜ਼ੇਲੈਂਸਕੀ ਨੂੰ ਮਿਲਣ ਲਈ ਰਾਜ਼ੀ ਕਰਨ ਵਾਸਤੇ ਦਿੱਲੀ ਤੇ ਵਾਸ਼ਿੰਗਟਨ ਅਤੇ ਕਈ ਹੋਰ ਪੱਛਮੀ ਰਾਜਧਾਨੀਆਂ ਵਿਚ ਵੀ ਬਹੁਤ ਸਾਰੀਆਂ ਮੀਟਿੰਗਾਂ ਹੋਈਆਂ ਹੋਣਗੀਆਂ; ਤੇ ਦੂਜਾ ਨਤੀਜਾ ਇਹ ਹੈ ਕਿ ਇਹ ਸਪਸ਼ਟ ਹੋ ਗਿਆ ਹੈ ਕਿ ਯੂਕਰੇਨ ਮੋਦੀ ਲਈ ਹੁਣ ਤੱਕ ਦੀ ਸਭ ਤੋਂ ਟੇਢੀ ਚੁਣੌਤੀ ਬਣ ਰਿਹਾ ਹੈ। ਇੱਕ ਵਾਰ ਫਿਰ ਯਾਦ ਰੱਖੋ ਕਿ ਯੂਕਰੇਨ ਮਹਿਜ਼ ਬਹਾਨਾ ਹੈ ਸਗੋਂ ਅਮਰੀਕੀਆਂ ਲਈ ਸਿਰਫ ਹੱਥਠੋਕਾ ਹੀ ਹੈ। ਕੀਵ ਜਾਣ ਵਿਚ ਕੋਈ ਬੁਰਾਈ ਨਹੀਂ ਪਰ ਬਿਹਤਰ ਹੁੰਦਾ ਕਿ ਅਸੀਂ ਪੂਤਿਨ ਜਾਂ ਬਾਇਡਨ ਦੀਆਂ ਸੁਣਨ ਦੀ ਬਜਾਇ ਆਪ ਉਥੇ ਜਾ ਕੇ ਹਾਲਾਤ ਦਾ ਮੁਆਇਨਾ ਕਰਦੇ। ਜੇ ਪ੍ਰਧਾਨ ਮੰਤਰੀ ਹਥਠੋਕਿਆਂ ਦੀ ਇਸ ਖੇਡ ਨਾਲ ਨਜਿੱਠਣ ਵਿਚ ਕਾਮਯਾਬ ਹੋ ਜਾਂਦੇ ਹਨ ਜਿਵੇਂ ਉਨ੍ਹਾਂ ਦੇ ਕਈ ਪੂਰਬਵਰਤੀ ਪ੍ਰਧਾਨ ਮੰਤਰੀਆਂ ਨੇ ਕੀਤਾ ਸੀ ਤਾਂ ਉਹ ਦੁਨੀਆ ਅੰਦਰ ਭਾਰਤ ਦੀ ਅਨੂਠੀ ਥਾਂ ਬਣਾਉਣ ਵਿਚ ਸਫਲ ਹੋ ਜਾਣਗੇ।

# ਸੰਸਾਰ ਸ਼ਾਂਤੀ ਲਈ ਵੰਗਾਰ ਵਾਲਾ ਵੇਲਾ

ਯੂਕਰੇਨ ਦੇ ਜ਼ਪੋਰੀਅਜ਼ਾ ਪਰਮਾਣੂ ਪਲਾਂਟ ਵਿਚ ਅੱਗ ਲੱਗਣ ਦੀ ਖ਼ਬਰ ਨੇ ਦੁਨੀਆ ਭਰ ਦੇ ਲੋਕਾਂ ਦੇ ਮਨਾਂ ਵਿਚ ਕੰਬਣੀ ਛੇੜ ਦਿੱਤੀ। ਪਰਮਾਣੂ ਪਾਵਰ ਪਲਾਂਟਾਂ ਵਿਚ ਹਾਦਸਿਆਂ ਦੇ ਮਨੁੱਖਤਾ ਲਈ ਗੰਭੀਰ ਨਤੀਜੇ ਹੁੰਦੇ ਹਨ। ਇਹ ਥ੍ਰੀ ਮਾਈਲ ਆਈਲੈਂਡ, ਚੇਰਨੋਬਿਲ ਅਤੇ ਫੁਕੁਸ਼ੀਮਾ ਹਾਦਸਿਆਂ ਵੇਲੇ ਸਾਬਤ ਹੋ ਚੁੱਕਾ ਹੈ। ਦੋ ਸਾਲ ਪਹਿਲਾਂ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਸ਼ੁਰੂ ਹੋਣ ਤੋਂ ਬਾਅਦ ਸ਼ਾਂਤੀ ਅਤੇ ਪਰਮਾਣੂ ਨਿਸ਼ਸਤਰੀਕਰਨ ਦੀਆਂ

ਡਾ. ਅਰੁਣ ਮਿੱਤਰਾ

ਤਾਕਤਾਂ ਨੇ ਅਜਿਹੀ ਘਟਨਾ ਦੀ ਵਾਰ-ਵਾਰ ਚਿਤਾਵਨੀ ਦਿੱਤੀ ਹੈ। ਪਰਮਾਣੂ ਪਲਾਂਟ 2022 ਤੋਂ ਰੂਸ ਦੇ ਕੰਟਰੋਲ 'ਚ ਹੈ। ਹੁਣ ਇਸ ਅੱਗ ਲਈ ਰੂਸ ਅਤੇ ਯੂਕਰੇਨ ਦੋਵੇਂ ਇੱਕ-ਦੂਜੇ 'ਤੇ ਦੋਸ਼ ਲਗਾ ਰਹੇ ਹਨ।

ਹੁਣ ਇਹ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਨਹੀਂ ਜਾਪਦੀ ਸਗੋਂ ਅਮਰੀਕਾ, ਨਾਟੋ ਅਤੇ ਯੂਰਪੀ ਯੂਨੀਅਨ ਦੇ ਕਈ ਦੇਸ਼ਾਂ ਦੇ ਸਮਰਥਨ ਨਾਲ ਯੁੱਧ ਨੇ ਗੰਭੀਰ ਰੁਖ਼ ਲੈ ਲਿਆ ਹੈ। ਇਹ ਮੰਦਭਾਗਾ ਹੈ ਕਿ ਯੂ.ਐਨ.ਓ. ਅਤੇ ਸ਼ਾਂਤੀਪਸੰਦ ਤਾਕਤਾਂ ਦੇ ਕਈ ਯਤਨਾਂ ਦੇ ਬਾਵਜੂਦ ਜੰਗ ਖ਼ਤਮ ਨਹੀਂ ਹੋ ਰਹੀ। ਕੁਰਸਕ ਵਿਚ ਰੂਸੀ ਖੇਤਰ ਵਿਚ ਦਾਖ਼ਲ ਹੋਣ ਵਾਲੀਆਂ ਯੂਕਰੇਨੀ ਫ਼ੌਜਾਂ ਨੇ ਜੰਗ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਸ ਸਥਿਤੀ ਵਿਚ ਨੇੜ ਭਵਿੱਖ ਵਿਚ ਕੋਈ ਗੰਭੀਰ ਸ਼ਾਂਤੀ ਵਾਰਤਾ ਹੁੰਦੀ ਨਜ਼ਰ ਨਹੀਂ ਆ ਰਹੀ।

ਮੱਧ ਪੂਰਬ 'ਚ ਵੀ ਸਥਿਤੀ ਵਿਗੜਦੀ ਜਾ ਰਹੀ ਹੈ। ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ 'ਤੇ ਇਜ਼ਰਾਈਲ ਦੀ ਜੰਗ ਹੋਰ ਤੇਜ਼ ਹੋ ਗਈ ਹੈ ਕਿਉਂਕਿ ਮੱਧ ਗਾਜ਼ਾ ਵਿਚ ਤਬੀਨ ਸਕੂਲ (ਜਿਸ ਨੂੰ ਪਨਾਹਗਾਹ ਵਿਚ ਬਦਲਿਆ ਗਿਆ ਹੈ) ਤੇ ਆਈ.ਡੀ.ਐਫ. (ਇਜ਼ਰਾਇਲੀ ਸੁਰੱਖਿਆ ਦਸਤੇ) ਵੱਲੋਂ ਹਵਾਈ ਹਮਲੇ ਵਿਚ ਲਗਭਗ 100 ਲੋਕ ਮਾਰੇ ਗਏ। ਇਜ਼ਰਾਈਲ ਨੇ ਕਿਹਾ ਕਿ ਉਸ ਨੇ ਹਮਾਸ ਦੇ ਕਮਾਂਡ ਸੈਂਟਰ ਨੂੰ ਨਸ਼ਟ ਕਰਨ ਲਈ ਹਮਲਾ ਕੀਤਾ ਸੀ। ਉਨ੍ਹਾਂ ਦੇ ਇਸ ਦਾਅਵੇ ਦਾ ਹਮਾਸ ਨੇ ਖੰਡਨ ਕੀਤਾ ਹੈ। ਇਹ ਅਜੀਬ ਹੈ ਕਿ ਇਜ਼ਰਾਈਲ ਦਸਤੇ ਸਦੀ ਦੇ ਸਭ ਤੋਂ ਵਹਿਸ਼ੀ ਹਮਲੇ ਦੇ 10 ਮਹੀਨਿਆਂ ਬਾਅਦ ਵੀ ਹਮਾਸ ਨੂੰ ਤਬਾਹ ਨਹੀਂ ਕਰ ਸਕੇ। ਗਾਜ਼ਾ 'ਚ ਲਗਭਗ 80 ਫ਼ੀਸਦੀ ਬੁਨਿਆਦੀ ਢਾਂਚਾ ਮਲਬੇ ਵਿਚ ਬਦਲ ਗਿਆ ਹੈ। ਇੱਥੋਂ ਤੱਕ ਕਿ ਰਾਫਾਹ ਸ਼ਹਿਰ ਨੂੰ ਵੀ ਨੁਕਸਾਨ ਪਹੁੰਚਿਆ ਹੈ; ਵੱਡੀ ਗਿਣਤੀ ਲੋਕ ਮਾਰੇ ਗਏ ਅਤੇ ਸੈਂਕੜੇ ਹਜ਼ਾਰਾਂ ਬੇਘਰ ਹੋ ਗਏ ਹਨ। ਗਾਜ਼ਾ ਦੇ ਲੋਕ ਨਿਆਸਰੇ ਹੋਏ ਇਧਰ ਉਧਰ ਭੱਜਦੇ ਫਿਰਦੇ ਹਨ ਪਰ ਉਨ੍ਹਾਂ ਲਈ ਕੋਈ ਵੀ ਜਗ੍ਹਾ ਸੁਰੱਖਿਅਤ ਨਹੀਂ ਹੈ। ਭੋਜਨ ਸਮੇਤ ਮਨੁੱਖਤਾਵਾਦੀ ਸਹਾਇਤਾ ਬਹੁਤ ਸੀਮਤ ਮਾਤਰਾ ਵਿਚ ਪਹੁੰਚ ਰਹੀ ਹੈ। ਉਨ੍ਹਾਂ ਦੇ ਰਹਿਣ ਲਈ ਕੋਈ ਸਾਫ਼-ਸਫ਼ਾਈ ਵਾਲੀ ਥਾਂ ਨਹੀਂ ਹੈ; ਨਤੀਜੇ ਵਜੋਂ ਬਿਮਾਰੀਆਂ ਅਤੇ ਭੁੱਖਮਰੀ ਫੈਲ ਰਹੀ ਹੈ। ਇਜ਼ਰਾਈਲ ਦਾ ਇਰਾਦਾ ਫ਼ਲਸਤੀਨੀਆਂ ਦੇ ਖ਼ਾਤਮੇ ਦਾ ਜਾਪਦਾ ਹੈ।

ਇਰਾਨ 'ਚ ਹਮਾਸ ਦੇ ਨੇਤਾ ਇਸਮਾਈਲ ਹਨੀਆ ਦੀ ਹੱਤਿਆ ਤੋਂ ਬਾਅਦ ਮੱਧ ਪੂਰਬ ਵਿਚ ਸਥਿਤੀ ਗੰਭੀਰ ਹੋ ਗਈ ਹੈ। ਇਰਾਨ ਅਤੇ ਇਜ਼ਰਾਈਲ ਦੋਵੇਂ ਪਰਮਾਣੂ ਸ਼ਕਤੀ ਵਾਲੇ ਦੇਸ਼ ਅਤੇ ਇੱਕ-ਦੂਜੇ ਦੇ ਘਾਤਕ ਦੁਸ਼ਮਣ ਹਨ। ਇਰਾਨ ਨੇ ਹਮਲੇ ਦਾ ਬਦਲਾ ਲੈਣ ਦੀ ਸਹੁੰ ਖਾਧੀ ਹੈ। ਇਜ਼ਰਾਈਲ ਨੇ ਪੱਛਮੀ ਕੰਢੇ 'ਤੇ ਹਮਲਾ ਤੇਜ਼ ਕਰ ਦਿੱਤਾ ਹੈ ਅਤੇ ਲਿਬਨਾਨ ਤੇ ਹਿਜ਼ਬੁੱਲਾ ਜਵਾਬੀ ਕਾਰਵਾਈ ਕਰ ਰਹੇ ਹਨ। ਇਸ ਖੇਤਰ ਵਿਚ ਜੰਗ ਦਾ ਹੋਰ ਵਾਧਾ ਬਹੁਤ ਨੇੜੇ ਹੈ ਕਿਉਂਕਿ ਇਜ਼ਰਾਈਲ ਸਰਕਾਰ ਨੇ ਆਈ.ਸੀ.ਸੀ. ਅਤੇ ਆਈ.ਸੀ.ਜੇ. ਦੇ ਕਿਸੇ ਵੀ ਫ਼ੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਯੂ.ਐਨ.ਓ. ਅਤੇ ਕਈ ਦੇਸ਼ਾਂ ਦੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ।

ਦੋਵਾਂ ਖ਼ਿੱਤਿਆਂ ਵਿਚ ਸਥਿਤੀ ਵਿਗੜਨ ਨਾਲ ਦੁਨੀਆ 'ਚ ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਖ਼ਤਰਾ ਅਸਲ ਸੰਭਾਵਨਾ ਬਣ ਸਕਦਾ ਹੈ ਜਿਸ ਦੇ ਬਹੁਤ ਗੰਭੀਰ ਨਤੀਜੇ ਹੋਣਗੇ। ਸੀਤ ਯੁੱਧ ਤੋਂ ਬਾਅਦ ਦੁਨੀਆ ਉਪਰ ਪਰਮਾਣੂ ਹਥਿਆਰਾਂ ਦਾ ਖ਼ਤਰਾ ਇੰਨਾ ਕਦੇ ਵੀ ਨਹੀਂ ਸੀ ਜਿੰਨਾ ਅੱਜ ਹੈ। ਇਹ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਅਸੀਂ 6 ਅਤੇ 9 ਅਗਸਤ 1945 ਨੂੰ ਅਮਰੀਕੀ ਫ਼ੌਜ ਵੱਲੋਂ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਕੀਤੇ ਗਏ ਪਰਮਾਣੂ ਬੰਬ ਧਮਾਕੇ ਦੀ 79ਵੀਂ ਬਰਸੀ ਮੌਕੇ ਪੀੜਤਾਂ ਨੂੰ ਸ਼ਰਧਾਂਜਲੀ ਦਿੱਤੀ ਹੈ।

ਦੂਜੀ ਆਲਮੀ ਜੰਗ ਵਿਚ ਲਗਭਗ 1.5 ਕਰੋੜ ਫ਼ੌਜੀ ਅਤੇ 4.5 ਕਰੋੜ ਨਾਗਰਿਕਾਂ ਸਮੇਤ 6 ਕਰੋੜ ਤੋਂ ਵੱਧ ਲੋਕਾਂ ਦੀ ਮੌਤ ਹੋਈ। ਜਾਪਾਨ ਉਤੇ ਪਰਮਾਣੂ ਬੰਬ ਧਮਾਕੇ ਵਿਚ 2 ਲੱਖ 10 ਹਜ਼ਾਰ ਲੋਕ ਮਾਰੇ ਗਏ ਸਨ। ਜਾਪਾਨ 'ਤੇ ਪਰਮਾਣੂ ਬੰਬ ਧਮਾਕੇ ਨੇ ਪਰਮਾਣੂ ਹਥਿਆਰਾਂ ਦੀ ਦੌੜ ਸ਼ੁਰੂ ਕਰ ਦਿੱਤੀ। 1945 ਵਿਚ ਦੋ ਪਰਮਾਣੂ ਹਥਿਆਰਾਂ ਤੋਂ 1985 ਵਿਚ ਉਨ੍ਹਾਂ ਦੀ ਗਿਣਤੀ 61000 ਤੋਂ ਵੱਧ ਹੋ ਗਈ (ਅਮਰੀਕਾ 21392 ਅਤੇ ਯੂ.ਐੱਸ.ਐੱਸ.ਆਰ. 39197)। 1960 ਤੋਂ 1969 ਤੱਕ ਕੁੱਲ 706 ਪਰਮਾਣੂ ਹਥਿਆਰਾਂ ਦੇ ਪ੍ਰੀਖਣ ਕੀਤੇ ਗਏ ਸਨ ਜਿਨ੍ਹਾਂ ਵਿਚੋਂ 418 ਅਮਰੀਕਾ ਦੁਆਰਾ ਅਤੇ 232 ਯੂ.ਐੱਸ.ਐੱਸ.ਆਰ. ਦੁਆਰਾ ਕੀਤੇ ਗਏ ਸਨ। ਸਥਾਨਕ ਆਬਾਦੀ 'ਤੇ ਇਨ੍ਹਾਂ ਪ੍ਰੀਖਣਾਂ ਦੇ ਨੁਕਸਾਨਦੇਹ ਪ੍ਰਭਾਵਾਂ ਦੀਆਂ ਕਾਫ਼ੀ ਰਿਪੋਰਟਾਂ ਹਨ। 18 ਸਤੰਬਰ 2019 ਨੂੰ ਅਸਤਾਨਾ ਵਿਚ ਕਰਵਾਈ ਕੌਮਾਂਤਰੀ ਪਰਮਾਣੂ ਵਿਰੋਧੀ (ਆਈ.ਏ.ਐੱਮ.) 'ਨੇਵਾਦਾ-ਸੇਮੇ' ਦੀ 30ਵੀਂ ਵਰ੍ਹੇਗੰਢ ਨੂੰ ਸਮਰਪਿਤ ਕੌਮਾਂਤਰੀ ਵਿਗਿਆਨਕ-ਪ੍ਰੈਕਟੀਕਲ ਕਾਨਫਰੰਸ ਨੇ ਇਸ ਤੱਥ ਨੂੰ ਉਜਾਗਰ ਕੀਤਾ। ਮਾਰਸ਼ਲ ਆਈਲੈਂਡਜ਼ ਦੀਆਂ ਅਜਿਹੀਆਂ ਰਿਪੋਰਟਾਂ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦੀਆਂ ਹਨ।

ਇਹ ਉਹ ਸਮਾਂ ਵੀ ਸੀ ਜਦੋਂ ਲੋਕਾਂ ਨੇ ਨਿਸ਼ਸਤਰੀਕਰਨ ਖ਼ਾਸਕਰ ਪਰਮਾਣੂ ਨਿਸ਼ਸ਼ਤਰੀਕਰਨ ਲਈ ਆਪਣੀ ਆਵਾਜ਼ ਉਠਾਈ ਸੀ। ਸ਼ਾਂਤੀ ਸੰਗਠਨਾਂ ਦੁਆਰਾ ਵੱਡੇ ਪੱਧਰ 'ਤੇ ਸੂਚਨਾ ਦੇ ਪ੍ਰਵਾਹ ਨੇ ਹਥਿਆਰਾਂ ਦੀ ਦੌੜ ਦੇ ਖ਼ਤਰੇ ਅਤੇ ਪਰਮਾਣੂ ਹਥਿਆਰਾਂ ਦੇ ਮੁਕੰਮਲ ਖ਼ਾਤਮੇ ਦੀ ਜ਼ਰੂਰਤ ਦੇ ਸੰਦੇਸ਼ ਨੂੰ ਫੈਲਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਕਿਹਾ ਜਾਂਦਾ ਹੈ ਕਿ 1983 ਵਿਚ ਪੱਛਮੀ ਬਰਲਿਨ ਵਿਚ ਪਰਮਾਣੂ ਵਿਰੋਧੀ ਵਿਸ਼ਾਲ ਵਿਰੋਧ ਪ੍ਰਦਰਸ਼ਨ ਹੋਇਆ। ਅਕਤੂਬਰ 1983 ਵਿਚ ਪੱਛਮੀ ਯੂਰਪ ਵਿਚ ਲਗਭਗ 30 ਲੱਖ ਲੋਕਾਂ ਨੇ ਪਰਮਾਣੂ ਮਿਜ਼ਾਈਲਾਂ ਦੀ ਤਾਇਨਾਤੀ ਦਾ ਵਿਰੋਧ ਕੀਤਾ ਅਤੇ ਪਰਮਾਣੂ ਹਥਿਆਰਾਂ ਦੀ ਦੌੜ ਨੂੰ ਖ਼ਤਮ ਕਰਨ ਦੀ ਮੰਗ ਕੀਤੀ। ਮਈ 1979 ਵਿਚ ਵਾਸ਼ਿੰਗਟਨ ਡੀ.ਸੀ. ਵਿਚ ਵਿਸ਼ਾਲ ਪਰਮਾਣੂ ਵਿਰੋਧੀ ਪ੍ਰਦਰਸ਼ਨ ਕੀਤਾ ਗਿਆ ਸੀ, ਜਦੋਂ ਕੈਲੀਫੋਰਨੀਆ ਦੇ ਗਵਰਨਰ ਸਮੇਤ 65000 ਲੋਕਾਂ ਨੇ ਪਰਮਾਣੂ ਸ਼ਕਤੀ ਦੇ ਵਿਰੁੱਧ ਮਾਰਚ ਅਤੇ ਰੈਲੀ ਵਿਚ ਹਿੱਸਾ ਲਿਆ ਸੀ। ਨਿਊਯਾਰਕ ਸਿਟੀ ਵਿਚ 23 ਸਤੰਬਰ 1979 ਨੂੰ ਲਗਭਗ 2 ਲੱਖ ਲੋਕਾਂ ਨੇ ਪਰਮਾਣੂ ਸ਼ਕਤੀ ਖ਼ਿਲਾਫ ਪ੍ਰਦਰਸ਼ਨ ਵਿਚ ਹਿੱਸਾ ਲਿਆ। ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵੀ ਇਸੇ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ ਕੀਤੇ ਗਏ। ਖ਼ਤਰੇ ਅਤੇ ਜਨਤਕ ਦਬਾਅ ਨੂੰ ਸਮਝਦਿਆਂ ਪਰਮਾਣੂ ਹਥਿਆਰਾਂ ਵਾਲੇ ਪ੍ਰਮੁੱਖ ਦੇਸ਼ਾਂ ਅਮਰੀਕਾ ਅਤੇ ਯੂ.ਐੱਸ.ਐੱਸ.ਆਰ. ਨੇ ਪਰਮਾਣੂ ਹਥਿਆਰਾਂ ਦੀ ਗਿਣਤੀ ਘਟਾ ਦਿੱਤੀ। ਸੀਤ ਯੁੱਧ ਦੇ ਅੰਤ ਤੋਂ ਬਾਅਦ ਪਰਮਾਣੂ ਹਥਿਆਰਾਂ ਦੀ ਗਿਣਤੀ 1990 ਵਿਚ 51000 ਤੋਂ ਘਟ ਕੇ 2020 ਵਿਚ 13400 ਰਹਿ ਗਈ।

ਸਥਾਈ ਸ਼ਾਂਤੀ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਪਰਮਾਣੂ ਹਥਿਆਰਾਂ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਜਾਵੇ। ਹਥਿਆਰਾਂ ਦੀ ਦੌੜ 'ਤੇ ਖਰਚਾ ਘਟਾਇਆ ਜਾਣਾ ਚਾਹੀਦਾ ਹੈ ਅਤੇ ਵਿਵਾਦਾਂ ਨੂੰ ਸੁਲਝਾਉਣ ਲਈ ਆਪਸੀ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਉਲਟ ਹਥਿਆਰਾਂ 'ਤੇ ਖਰਚਾ ਵਧ ਰਿਹਾ ਹੈ। 2022 ਵਿਚ ਸੰਸਾਰ ਦਾ ਫ਼ੌਜੀ ਖਰਚ 2240 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਅਤੇ 82.9 ਬਿਲੀਅਨ ਡਾਲਰ ਸਿਰਫ ਪਰਮਾਣੂ ਹਥਿਆਰਾਂ ਉਤੇ ਖਰਚ ਕੀਤੇ ਗਏ। ਪਰਮਾਣੂ ਹਥਿਆਰਾਂ ਦੇ ਖ਼ਾਤਮੇ ਲਈ ਕੌਮਾਂਤਰੀ ਮੁਹਿੰਮ (ਆਈ.ਸੀ.ਏ.ਐਨ.) ਅਨੁਸਾਰ 2023 ਵਿਚ 9 ਪਰਮਾਣੂ ਹਥਿਆਰਬੰਦ ਰਾਜਾਂ ਨੇ ਸਾਲ ਪਹਿਲਾਂ ਨਾਲੋਂ ਆਪਣੇ ਪਰਮਾਣੂ ਹਥਿਆਰਾਂ 'ਤੇ 10.8 ਬਿਲੀਅਨ ਡਾਲਰ (13.4%) ਵੱਧ ਖਰਚ ਕੀਤੇ ਜਿਸ ਦਾ ਮਤਲਬ ਹੈ 2898 ਡਾਲਰ ਪ੍ਰਤੀ ਸਕਿੰਟ।

ਵੱਡੀਆਂ ਤਾਕਤਾਂ ਨੂੰ ਉਸਾਰੂ ਭੂਮਿਕਾ ਨਿਭਾਉਣੀ ਪਵੇਗੀ। ਅਮਰੀਕੀ ਪ੍ਰਸ਼ਾਸਨ ਨੂੰ ਦੂਹਰੇ ਮਾਪਦੰਡਾਂ ਦਾ ਪ੍ਰਦਰਸ਼ਨ ਨਹੀਂ ਕਰਨਾ ਚਾਹੀਦਾ। ਇਹ ਮੰਦਭਾਗਾ ਹੈ ਕਿ ਜੀ-7 ਨੇ ਨਾਗਾਸਾਕੀ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ ਜਾਪਾਨ ਦੁਆਰਾ ਕਰਵਾਏ ਸਮਾਗਮ ਵਿਚ ਹਿੱਸਾ ਨਹੀਂ ਲਿਆ ਕਿਉਂਕਿ ਇਜ਼ਰਾਈਲ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ। ਇਹ ਚੰਗਾ ਰੁਖ਼ ਨਹੀਂ। ਪਰਮਾਣੂ ਹਥਿਆਰਾਂ ਦੀ ਮਨਾਹੀ (ਟੀ.ਪੀ.ਐਨ.ਡਬਲਿਊ.) ਦੀ ਸੰਧੀ ਵਿਚ ਸ਼ਾਮਲ ਹੋ ਕੇ ਸ਼ਾਂਤੀ ਅਤੇ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਨੂੰ ਉਤਸ਼ਾਹਿਤ ਕਰਨ ਦਾ ਸਮਾਂ ਹੁਣ ਹੈ। ਪਰਮਾਣੂ ਹਥਿਆਰਾਂ ਦੇ ਖ਼ਾਤਮੇ ਦੇ ਟੀਚੇ ਨੂੰ ਹਾਸਲ ਕਰਨ ਲਈ 1980 ਦੇ ਦਹਾਕੇ ਨਾਲੋਂ ਬਹੁਤ ਜ਼ਿਆਦਾ ਸਰਗਰਮ ਅਤੇ ਸੰਗਠਿਤ ਸ਼ਾਂਤੀਪੂਰਵਕ ਢੰਗ ਨਾਲ ਅੰਦੋਲਨ ਚਲਾਉਣਾ ਚਾਹੀਦਾ ਹੈ।

ਕਹਾਣੀ

# ਲੱਲੂ ਕਰੇ ਕਵੱਲੀਆਂ

**ਅਵਤਾਰ ਐਸ. ਸੰਘਾ**

ਗੱਲ ਤਾਂ ਇਹ ਅੱਸੀਵਿਆਂ ਦੀ ਏ ਪਰੰਤੂ ਜੁੜ ਗਈ ਮੇਰੇ ਸਿਡਨੀ ਵਿਚ ਗਵਾਂਢੀ ਹਰਿਆਣੇ ਵਾਲੇ ਹੇਮ ਰਾਜ ਹਾਂਸੀ ਨਾਲ। ਹੇਮ ਰਾਜ ਨੇ ਅਜੇ ਪਿਛਲੇ ਮਹੀਨੇ ਹੀ ਮੇਰੀ ਗਲੀ ਵਿਚ ਮੇਰੇ ਘਰ ਦੇ ਉਲਟ ਮਕਾਨ ਖਰੀਦਿਆ ਹੈ। ਮੇਰੀ ਗਲੀ ਵਿਚ ਹੋਰ ਬਹੁਤੇ ਘਰ ਗੋਰਿਆਂ ਤੇ ਚੀਨਿਆਂ ਦੇ ਹੋਣ ਕਰਕੇ ਭਾਰਤੀ ਦੀ ਭਾਰਤੀ ਨਾਲ ਵੱਧ ਦਾਲ ਗਲਣੀ ਕੁਦਰਤੀ ਸੀ। ਹੇਮ ਰਾਜ ਮੈਨੂੰ ਤਕਰੀਬਨ ਹਰ ਰੋਜ਼ ਹੀ 'ਹੈਲੋ ਹੈਲੋ' ਜਾਂ 'ਸਤਿ ਸ੍ਰੀ ਅਕਾਲ' ਕਹਿਣ ਲੱਗ ਪਿਆ। ਇੰਜ ਨੇੜਤਾ ਵਧਣੀ ਗਈ। ਇੱਕ ਦਿਨ ਕੁਝ ਵੱਧ ਗੱਲਾਂ ਮਾਰਨ ਦਾ ਸਬੱਬ ਬਣ ਗਿਆ।

'ਚੌਧਰੀ ਸਾਹਿਬ, ਦਿੱਲੀ ਕੀ ਤਰਫ ਕੇ ਲਗਤੇ ਹੋ?'

'ਨਹੀਂ ਜੀ, ਮੈਂ ਹਰਿਆਣੇ ਦੇ ਹਾਂਸੀ ਦਾ ਹਾਂ,' ਉਹਨੇ ਪੂਰੀ ਪੰਜਾਬੀ ਹੀ ਬੋਲ ਦਿੱਤੀ। ਇੰਜ ਹੋਣ ਨਾਲ ਨੇੜਤਾ ਹੋਰ ਵਧ ਗਈ।

'ਕੀ ਤੁਸੀਂ ਅਧਿਆਪਨ ਦੇ ਕਿੱਤੇ ਵਿਚ ਸੀ?'

'ਮੈਂ ਇੱਕ ਦਿਹਾਤੀ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਸਾਂ। ਕੁਰੂਕਸ਼ੇਤਰ ਤੋਂ ਮੈਂ ਕਿਸੇ ਸਮੇਂ ਐਮ. ਏ. ਅੰਗਰੇਜ਼ੀ ਕੀਤੀ ਸੀ। ਸ਼ੁਰੂ ਸ਼ੁਰੂ ਵਿਚ ਐਮ. ਏ. ਦੇ ਘੱਟ ਨੰਬਰ ਸਨ। ਉਦੋਂ ਮੈਨੂੰ ਕਾਲਜ ਦੀਆਂ ਦੋ ਹੇਠਲੀਆਂ ਜਮਾਤਾਂ ਪੜ੍ਹਾਉਣ ਲਈ ਰੱਖਿਆ ਹੋਇਆ ਹੁੰਦਾ ਸੀ। ਫਿਰ ਮੈਂ ਐਮ. ਏ. ਨੂੰ ਸੁਧਾਰ ਕੇ ਦੂਜੇ ਦਰਜੇ ਦੇ ਨੰਬਰ ਪ੍ਰਾਪਤ ਕਰ ਗਿਆ ਸਾਂ। ਇਸ ਪ੍ਰਕਾਰ ਬੀ. ਏ. ਨੂੰ ਪੜ੍ਹਾਉਣ ਲੱਗ ਪਿਆ। ਉਸ ਕਾਲਜ ਵਿਚ ਸਾਇੰਸ ਅਤੇ ਕਾਮਰਸ ਅਜੇ ਨਹੀਂ ਹੋਇਆ ਕਰਦੇ ਸਨ। ਵੈਸੇ ਮੈਂ ਕਾਲਜ ਦਾ ਐਨ. ਸੀ. ਸੀ. ਅਫਸਰ ਵੀ ਸਾਂ।'

'ਐਨ. ਸੀ. ਸੀ. ਦਾ ਕੋਰਸ ਕਿਹੜੇ ਸਾਲ ਵਿਚ ਕੀਤਾ ਸੀ?'

'1985 ਵਿਚ।'

'ਮੈਂ 1986 ਵਿਚ ਇਹ ਕੋਰਸ ਕੀਤਾ ਸੀ, 'ਮੈਥੋਂ ਵੀ ਦੱਸਣੋਂ ਨਾ ਰਿਹਾ ਗਿਆ।

'ਇਸਦਾ ਮਤਲਬ ਇਹ ਕਿ ਤੁਸੀਂ ਵੀ ਕਿਸੇ ਕਾਲਜ ਵਿਚ ਸੀ?'

'ਹਾਂ, ਮੈਂ ਪੰਜਾਬ ਦੇ ਕਾਲਜ ਵਿਚ 25 ਸਾਲ ਪੜ੍ਹਾ ਕੇ ਸਿਡਨੀ ਆਇਆ ਸਾਂ। ਜਦ ਮੈਂ ਐਨ. ਸੀ. ਸੀ. ਓ. ਟੀ. ਐਸ. ਕਾਂਪਟੀ ਗਿਆ ਤਾਂ ਉੱਥੇ ਇੱਕ ਹੇਮ ਰਾਜ ਦੀ ਆਮ ਚਰਚਾ ਸੀ। ਕਹਿੰਦੇ ਇੱਥੇ ਪਿਛਲੇ ਸਾਲ ਇੱਕ ਹੇਮ ਰਾਜ ਹੁੰਦਾ ਸੀ। ਲੋਕ ਉਸਨੂੰ 'ਤਾਊ' ਕਿਹਾ ਕਰਦੇ ਸਨ। ਉਹ ਕਾਂਪਟੀ ਪਹੁੰਚਦੇ ਸਾਰ ਫੌਜ ਦੇ ਵਰਤਾਰੇ ਤੋਂ ਇੰਨਾ ਦੁਖੀ ਹੋਇਆ ਕਿ ਉਸ ਨੇ ਆਪਣੇ ਘਰੋਂ ਆਪਣੀ ਮਾਤਾ ਦੇ ਬਿਮਾਰ ਹੋਣ ਦੀ ਤਾਰ ਮੰਗਵਾ ਲਈ ਤਾਂ ਕਿ ਕੋਰਸ ਵਿਚੋਂ ਛੁੱਟੀ ਲੈ ਕੇ ਵਾਪਸ ਘਰ ਜਾ ਸਕੇ ਤੇ ਟ੍ਰੇਨਿੰਗ ਦੀ ਸਖਤਾਈ ਤੋਂ ਕੁਝ ਦਿਨਾਂ ਲਈ ਬਚ ਸਕੇ। ਕੀ ਉਹ ਤੁਸੀਂ ਹੀ ਸੀ ਜਾਂ ਕੋਈ ਹੋਰ?'

'ਭਾਜੀ, ਉਹ ਮੈਂ ਹੀ ਸਾਂ। 90 ਦਿਨ ਦਾ ਪ੍ਰੀ-ਕਮਿਸ਼ਨ ਕੋਰਸ ਸੀ। ਸਖ਼ਤੀ ਅੰਤਾਂ ਦੀ ਸੀ। ਮੈਂ ਹਫਤੇ ਵਿਚ ਹੀ ਦੁਖੀ ਹੋ ਗਿਆ। ਮੈਂ ਬਹਾਨਾ ਬਣਾ ਕੇ ਘਰੋਂ ਤਾਰ ਮੰਗਵਾ ਲਈ। 20 ਦਿਨ ਇਵੇਂ ਕੱਢ ਦਿੱਤੇ ਸੀ।'

'ਸੁਣਿਐ, ਬਾਅਦ ਵਿਚ ਤੁਹਾਡਾ ਅੱਧਾ-ਪਚੱਧਾ ਸਮਾਨ ਵੀ ਗੁੰਮ ਹੋ ਗਿਆ ਸੀ। ਫੌਜੀ ਅਚਾਨਕ ਬੈਰਕਾਂ ਬਦਲਣ ਦੇ ਆਰਡਰ ਪਾਸ ਕਰ ਦਿੰਦੇ ਹਨ। ਜੇ ਮੌਕੇ 'ਤੇ ਅਫਸਰ ਕੈਡੇਟ ਹਾਜ਼ਰ ਨਾ ਹੋਵੇ ਤਾਂ ਬਿਸਤਰਾ ਰੁਲ-ਖੁਲ ਜਾਂਦਾ ਏ। ਸਮਾਨ ਗਵਾਚ ਵੀ ਜਾਂਦਾ ਏ। ਸੁਣਿਐ, ਤੁਹਾਡਾ ਦੇਸੀ ਘਿਓ ਦਾ ਦੋ ਕਿਲੋ ਡੱਬਾ ਤੁਹਾਡੇ ਸਮਾਨ ਵਿਚੋਂ ਚੋਰੀ ਕਰ ਲਿਆ ਸੀ?'

'ਹਾਂ, ਇਵੇਂ ਹੀ ਹੋਇਆ ਸੀ। ਮੇਰੀ ਤਾਂ ਇੱਕ ਨਿੱਜੀ ਨਵੀਂ ਕੱਢੀ ਹੋਈ ਜੁੱਤੀ ਤੇ ਦੋ ਪੈਂਟਾਂ ਵੀ ਗੁੰਮ ਹੋ ਗਈਆਂ ਸਨ। ਜਦ 20 ਕੁ ਦਿਨ ਬਾਅਦ ਮੈਂ ਵਾਪਸ ਆਇਆ ਤਾਂ ਮੈਂ ਆਪਣਾ ਬਿਸਤਰਾ ਮੁਸ਼ਕਿਲ ਨਾਲ ਲੱਭਿਆ। ਤੁਹਾਨੂੰ ਇਹ ਤਾਂ ਪਤਾ ਹੀ ਏ ਕਿ ਉੱਥੇ ਬਹੁਤੇ ਐਕਸ਼ਨ ਅਚਾਨਕ ਹੁੰਦੇ ਹਨ। ਕੈਡਟਾਂ ਦੇ ਦਿਮਾਗਾਂ ਤੇ ਅਚਨਚੇਤੀ ਹਮਲੇ ਦੀ ਪੁੱਠ ਚਾੜ੍ਹੀ ਜਾਂਦੀ ਏ। ਹਰ ਸਮੇਂ ਤਿਆਰ ਬਰ ਤਿਆਰ ਰਹਿਣ ਦੀ ਸਿਖਲਾਈ ਦਿੱਤੀ ਜਾਂਦੀ ਏ। ਜੇ ਕੋਈ ਛੁੱਟੀ ਲੈ ਕੇ ਬੈਰਕ ਵਿਚ ਆਰਾਮ ਕਰਨਾ ਚਾਹੇ ਉਹ ਵੀ ਸਕੂਨ ਨਾਲ ਆਰਾਮ ਨਹੀਂ ਕਰ ਸਕਦਾ। ਬਾਹਰ ਚੱਲ ਰਹੀ ਸਿਖਲਾਈ ਦੀਆਂ ਖੌਫਨਾਕ ਆਵਾਜ਼ਾਂ ਬੈਰਕਾਂ ਅੰਦਰ ਵੀ ਗੂੰਜਦੀਆਂ ਰਹਿੰਦੀਆਂ ਹਨ। ਇਹ ਵੀ ਤੁਸੀਂ ਜਾਣਦੇ ਹੀ ਹੋ ਕਿ ਉਥੇ 90 ਦਿਨ ਪੂਰੇ ਕਰ ਜਾਣ ਵਾਲੇ ਕਿਸੇ ਵੀ ਅਫਸਰ ਕੈਡੇਟ ਨੂੰ ਫੇਲ੍ਹ ਨਹੀਂ ਕੀਤਾ ਜਾਂਦਾ। ਜੇ ਕਿਸੇ ਦੀ ਬਾਹਰ ਜਾਣ ਦੀ ਛੁੱਟੀ ਪਾਸ ਹੋ ਜਾਵੇ ਤਾਂ ਉਸਨੇ ਵੀ ਪਾਸ ਹੋਣਾ ਹੀ ਹੈ। ਮੈਨੂੰ ਵੀ ਬਾਕੀਆਂ ਵਾਂਗ ਸੈਕੰਡ ਲੈਫਟੀਨੈਂਟ ਦਾ ਪ੍ਰਮਾਣ ਪੱਤਰ ਮਿਲ ਗਿਆ ਸੀ। ਮੈਂ ਤਾਂ ਬਾਅਦ ਵਿਚ 1991 ਤੇ 1995 ਵਿਚ ਦੋ ਰਿਫਰੈਸ਼ਰ ਕੋਰਸ ਕਰਕੇ ਕੈਪਟਨ ਵੀ ਬਣ ਗਿਆ ਸੀ। ਉਸ ਅਕੈਡਮੀ ਵਿਚ ਰੈਂਕਾਂ ਤੇ ਅਹੁਦਿਆਂ ਦਾ ਬੜਾ ਬੋਲਬਾਲਾ ਹੋਇਆ ਕਰਦਾ ਸੀ। ਸਾਧਾਰਣ ਕਰਿੰਦੇ ਵੀ ਆਪਣੇ ਆਪ ਨੂੰ ਕੁਝ ਸਮਝਦੇ ਹੁੰਦੇ ਸਨ। ਨਾਈ, ਦਰਜੀ, ਮੋਚੀ ਆਦਿ ਸਭ ਉਨ੍ਹਾਂ ਦੇ ਆਪਣੇ ਹਨ। ਜੇ ਨਾਈ ਨੂੰ ਕਹਿਣਾ ਨੇੜਿਓਂ ਵਾਲ ਕੱਟ ਕੇ ਬਾਟੀ ਕੱਟ ਨਾ ਬਣਾ ਤਾਂ ਉਹ ਬਿਲਕੁਲ ਵੀ ਨਹੀਂ ਸੀ ਮੰਨਦਾ। ਆਪਣੀ ਮਰਜ਼ੀ ਕਰਦਾ ਸੀ। ਇਸੇ ਕਰਕੇ ਅਸੀਂ ਨਾਈ ਨੂੰ ਕਰਨਲ ਨਾਈ, ਮੋਚੀ ਨੂੰ ਕੈਪਟਨ ਕੌਬਲਰ ਤੇ ਦਰਜੀ ਨੂੰ ਮੇਜਰ ਟੇਲਰ ਕਿਹਾ ਕਰਦੇ ਸਾਂ।'

'ਗੱਲ ਤੁਹਾਡੀ ਬਿਲਕੁਲ ਠੀਕ ਏ। ਜਦ ਮੈਂ ਸਿਡਨੀ ਨੂੰ ਆਇਆ ਉਦੋਂ ਮੈਂ ਵੀ ਕਾਲਜ ਵਿਚ ਐਨ. ਸੀ. ਸੀ. ਦਾ ਕੈਪਟਨ ਸੀ। ਤੁਹਾਨੂੰ ਪਤਾ ਹੋਣਾ, ਅੱਜ ਕੱਲ ਐਨ. ਸੀ. ਸੀ.ਓ. ਟੀ.ਐਸ. (ਆਫਿਸਰਜ਼ ਟ੍ਰੇਨਿੰਗ ਸਕੂਲ) ਦਾ ਨਾਮ ਬਦਲ ਕੇ ਓ.ਟੀ.ਏ. (ਆਫਿਸਰਜ਼ ਟ੍ਰੇਨਿੰਗ ਅਕੈਡਮੀ) ਕਰ ਦਿੱਤਾ ਗਿਆ ਏ।'

'ਕੀ ਮਤਲਬ?'

'ਆਫਿਸਰਜ਼ ਟ੍ਰੇਨਿੰਗ ਅਕੈਡਮੀ, ਅੱਛਾ। ਤੁਹਾਡੇ ਵੇਲੇ ਦੀ ਕੋਈ ਹੋਰ ਯਾਦ?'

'ਸਾਡੇ ਵੇਲੇ ਅਫਸਰ ਕੈਡਟਾਂ ਨੇ ਇੱਕ ਗੀਤ ਜੋੜਿਆ ਸੀ। ਕੋਰਸ ਦੇ ਅੰਤ ਵਿਚ ਸੱਭਿਆਚਾਰਕ ਪ੍ਰੋਗਰਾਮ ਹੋਇਆ ਤਾਂ ਚਾਰ ਜਣਿਆਂ ਨੇ ਇਹ ਗੀਤ ਗਾਇਆ ਸੀ। ਗੀਤ ਦੇ ਬੋਲ ਸਨ:-

ਹਮੇ ਤੋਂ ਲੁਟ ਲੀਆ ਓ.ਟੀ.ਐਸ. ਵਾਲੋਂ ਨੇ,<br>ਦਾਏਂ ਚਲ, ਬਾਏਂ ਚਲ ਔਰ ਕਦਮ ਤਾਲੋਂ ਨੇ।

ਸਾਡਾ ਕੰਪਨੀ ਕਮਾਂਡਰ ਮੇਜਰ ਨਾਗਰਾ ਸੁਸਤ ਅਤੇ ਸਰੀਰ ਦੇ ਭਾਰੇ ਅਫਸਰ ਕੈਡਟਾਂ ਨੂੰ ਲੇਜ਼ੀ ਪ੍ਰੈਗਨੈਂਟ ਡਕਸ (lazy pregnent ducks) ਕਹਿ ਕੇ ਸ਼ਰਮਿੰਦੇ ਕਰਿਆ ਕਰਦਾ ਸੀ। ਜਿਹੜੇ ਸਿੱਖਿਅਕ ਡੰਗ ਟਪਾਈ ਕਰਦੇ ਸਨ, ਉਨ੍ਹਾਂ ਦਾ ਨਾਮ ਆਲ ਇੰਡੀਆ ਮਕਰਾ ਸੰਘ ਰੱਖਿਆ ਹੋਇਆ ਹੁੰਦਾ ਸੀ।

ਸਾਨੂੰ ਗੱਲਾਂ ਕਰਦਿਆਂ ਨੂੰ ਦੇਖ ਕੇ ਮੇਰੀ ਘਰਵਾਲੀ ਸਾਨੂੰ ਚਾਹ ਦੇ ਕੱਪ ਫੜ੍ਹਾ ਗਈ। ਮਾਹੌਲ ਪੰਜਾਬ ਹਰਿਆਣੇ ਜਿਹਾ ਬਣ ਗਿਆ।

'ਮੈਂ ਸੁਣਿਐ, ਆਪਣੇ ਇਲਾਕੇ ਵਿਚ ਪ੍ਰਾਈਵੇਟ ਕਾਲਜਾਂ ਦੀ ਹਾਲਤ ਕਾਫੀ ਮਾੜੀ ਹੋ ਗਈ ਏ। ਬਹੁਤ ਸਾਰੇ ਕਾਲਜ ਠੇਕੇ 'ਤੇ ਅਧਿਆਪਕ ਰੱਖਦੇ ਹਨ। ਯੂ.ਜੀ.ਸੀ. ਦੀ ਪੋਸਟ ਉੱਤੇ ਰੱਖੇ ਪ੍ਰੋਫੈਸਰ ਨੂੰ ਪੂਰਾ ਸਕੇਲ ਦੇਣਾ ਪੈਂਦਾ ਏ। ਕਿੱਥੇ ਪੂਰਾ ਸਕੇਲ 80-80 ਹਜ਼ਾਰ ਰੁਪਏ ਤੇ ਕਿੱਥੇ ਠੇਕੇ 'ਤੇ ਰੱਖੇ ਅਯੋਗ ਅਧਿਆਪਕ ਨੂੰ ਪੰਦਰਾਂ ਹਜ਼ਾਰ ਰੁਪਏ! ਮਾੜੇ ਅਧਿਆਪਕ ਘੱਟ ਪੈਸਿਆਂ 'ਤੇ ਰੱਖ ਕੇ ਸਿਲੇਬਸ 7-8 ਮਹੀਨਿਆਂ ਵਿਚ ਪੂਰੇ ਕਰਵਾ ਲਏ ਜਾਂਦੇ ਹਨ ਤੇ ਬਾਅਦ ਵਿਚ ਇਨ੍ਹਾਂ ਨੂੰ ਨੌਕਰੀ ਤੋਂ ਹਟਾ ਕੇ ਚਾਰ ਪੰਜ ਮਹੀਨੇ ਤਨਖਾਹ ਬਚਾ ਲਈ ਜਾਂਦੀ ਏ।'

'ਤੁਸੀਂ ਸੱਚ ਕਹਿ ਰਹੇ ਹੋ। ਮੈਂ ਪਤਾ ਕੀਤਾ, ਸਾਡੇ ਕਾਲਜ ਵਿਚ ਸਾਰਾ ਸਟਾਫ ਤੀਹ ਲੈਕਚਰਾਰ ਹਨ। ਇਨ੍ਹਾਂ ਵਿਚੋਂ ਵੀਹ ਲੈਕਚਰਾਰ ਠੇਕੇ 'ਤੇ ਹਨ। ਇੰਜ ਹੋਣ ਦੇ ਬਾਵਜੂਦ ਵੀ ਤਨਖਾਹਾਂ ਤਿੰਨ ਮਹੀਨੇ ਪਿੱਛੇ ਹਨ। ਚੰਗਾ ਹੋਇਆ, ਆਪਾਂ ਕਿਸੇ ਵੇਲੇ ਆਸਟਰੇਲੀਆ ਵੱਲ ਨੂੰ ਆ ਗਏ।'

'ਹੋਰ ਤੁਹਾਡਾ ਕੈਰੀਅਰ ਕਿਵੇਂ ਦਾ ਸੀ? ਤੁਸੀਂ ਅੰਗਰੇਜ਼ੀ ਦੀ ਐਮ. ਏ. ਕੀਤੀ। ਇਸ ਦਾ ਮਤਲਬ ਇਹ ਕਿ ਅੰਗਰੇਜ਼ੀ ਤੁਹਾਡੀ ਚੰਗੀ ਸੀ?'

'ਠੀਕ ਸੀ ਪਰ ਐਮ. ਏ. ਦਾ ਇੱਕ ਸਾਲ ਤਾਂ ਇੰਪਰੂਵ ਕਰਨਾ ਪਿਆ ਸੀ। ਹਿਸਾਬ ਵਿਚ ਮੈਂ ਪਹਿਲਾਂ ਤੋਂ ਮਾੜਾ ਸਾਂ। ਬੀ. ਏ. ਵਿਚ ਮੈਂ ਅਰਥ ਸ਼ਾਸਤਰ ਵੀ ਨਹੀਂ ਪੜ੍ਹਿਆ ਸੀ। ਪੈਸੇ ਧੇਲੇ ਬਾਰੇ ਜ਼ਿੰਦਗੀ ਭਰ ਮੈਂ ਅਵੇਸਲਾ ਹੀ ਰਿਹਾ। ਲੈਕਚਰਰ ਹੁੰਦੇ ਹੋਏ ਮੈਨੂੰ ਕਦੀ ਚੱਜ ਨਾਲ ਇਹ ਪਤਾ ਹੀ ਨਹੀਂ ਸੀ ਲਗਦਾ ਕਿ ਕਾਲਜ ਦਾ ਅਕਾਊਂਟੈਂਟ ਮੇਰੀ ਬੇਸਿਕ ਤਨਖਾਹ 700 ਹੁੰਦੇ ਸਮੇਂ ਮੈਨੂੰ ਮਿਲਣ ਵਾਲੇ ਪੈਸੇ 1100 ਬਣਾ ਦਿਆ ਕਰਦਾ ਸੀ। ਉਹ ਮਹਿੰਗਾਈ ਭੱਤੇ ਤੇ ਇੰਕਰੀਮੈਂਟਸ ਬੇਸਿਕ ਤਨਖਾਹ ਵਿਚ ਕਿਵੇਂ ਜੋੜਦਾ ਸੀ—ਇਹ ਮੈਨੂੰ ਪਤਾ ਹੀ ਨਹੀਂ ਸੀ ਲਗਦਾ ਹੁੰਦਾ। ਮੇਰੇ ਜਿਹੇ ਹੋਰ ਵੀ ਕਈ ਕਰਮਚਾਰੀ ਹੋਇਆ ਕਰਦੇ ਸਨ। ਅਕਾਊਂਟੈਂਟ ਚਾਹੁੰਦਾ ਤਾਂ ਉਹ ਸਾਡੇ ਨਾਲ ਆਰਾਮ ਨਾਲ ਮਾੜੀ ਮੋਟੀ ਹੇਰਾ ਫੇਰੀ ਕਰ ਸਕਦਾ ਸੀ ਪਰ ਉਸ ਨੂੰ ਸ਼ਾਇਦ ਆਪਣੀ ਆਡਟਿੰਗ ਦਾ ਡਰ ਹੁੰਦਾ ਸੀ ਜਾਂ ਕਦੀ ਕਦੀ ਕਾਲਜ ਦਾ ਬਰਸਰ ਵੀ ਕਾਲਜ ਵਿਚ ਚੱਲਦੇ ਵਿੱਤੀ ਵਰਤਾਰੇ ਤੇ ਨਜ਼ਰ ਪਾਉਂਦਾ ਹੁੰਦਾ ਸੀ। ਕੁਦਰਤ ਦੀ ਗੋਦ ਵਿਚ ਕਈ ਨਿੱਕੇ ਮੋਟੇ ਬੂਟਿਆਂ ਦੀ ਦੇਖਭਾਲ ਇਸ ਕਰਕੇ ਕੁਦਰਤੀ ਹੀ ਹੁੰਦੀ ਰਹਿੰਦੀ ਏ ਕਿਉਂਕਿ ਉਹ ਕਿਸੇ ਵੱਡੇ ਦਰਖਤ ਦੀ ਛਤਰ ਛਾਇਆ ਹੇਠ ਜੰਮਦੇ ਹਨ ਤੇ ਉੱਥੇ ਹੀ ਕੁਦਰਤੀ ਸੁਰੱਖਿਅਤ ਛਤਰੀ ਹੇਠ ਆਪਣਾ ਜੀਵਨ ਬਸਰ ਕਰਕੇ ਤੁਰਦੇ ਬਣਦੇ ਹਨ। ਜਨਵਰੀ ਮਹੀਨੇ ਤੋਂ ਕਾਲਜ ਵਿਚ ਆਮਦਨ ਕਰ ਵਾਲਾ ਵਕੀਲ ਗੇੜੇ ਮਾਰਨ ਲੱਗ ਜਾਂਦਾ ਸੀ। ਹਿਸਾਬ ਕਿਤਾਬ ਲਗਾ ਕੇ ਉਹ ਸਾਰੇ ਸਟਾਫ ਨੂੰ ਦੱਸਦਾ ਰਹਿੰਦਾ ਸੀ ਕਿ ਹਰੇਕ ਨੂੰ ਕਿੰਨਾ ਕਿੰਨਾ



ਟੈਕਸ ਦੇਣਾ ਪਵੇਗਾ। ਇਸ ਟੈਕਸ ਤੋਂ ਬਚਣ ਲਈ ਉਹ ਅਗਾਊਂ ਉਪਾਅ ਕਰਨ ਦੀਆਂ ਸਲਾਹਾਂ ਵੀ ਦਿੰਦਾ ਰਹਿੰਦਾ ਸੀ। ਸਭ ਤੋਂ ਵੱਧ ਜ਼ੋਰ ਬੀਮੇ ਕਰਵਾਉਣ ਤੇ ਡਾਕਖਾਨੇ ਦੀਆਂ ਬੱਚਤ ਸਕੀਮਾਂ ਤੇ ਦਿੱਤਾ ਜਾਂਦਾ ਸੀ। ਜਦ ਮੇਰਾ ਗ੍ਰੇਡ 3700-5700 ਦਾ ਹੋ ਗਿਆ ਤਾਂ ਵਕੀਲ ਕਹਿੰਦਾ, 'ਹੁਣ ਤਾਂ ਬੀਮੇ ਅਤੇ ਡਾਕਾਂ ਦੀਆਂ ਸਕੀਮਾਂ ਵੀ ਅਸਫਲ ਹੋ ਰਹੀਆਂ ਹਨ ਇੱਕ ਸ਼ੇਅਰਾਂ ਦੀ ਸਕੀਮ ਏ - ਮੈਪ (Master Equity Plan)। ਇਹਦੇ ਵਿਚ ਕੁਝ ਪੈਸੇ ਲਗਾ ਦਿਓ। ਟੈਕਸ ਵਿਚ ਕੁਝ ਛੋਟ ਮਿਲ ਸਕਦੀ ਏ। ਮੈਨੂੰ ਤਾਂ ਇਸ ਖੇਤਰ ਦਾ ਮੁੱਢਲਾ ਗਿਆਨ ਵੀ ਨਹੀਂ ਸੀ। ਮੈਂ ਵਕੀਲ ਨੂੰ ਕਿਹਾ ਜਿਵੇਂ ਉਹ ਚਾਹੁੰਦਾ ਹੈ ਕਰਵਾ ਲਏ। ਜੇ ਸਭ ਪ੍ਰਕਾਰ ਦੇ ਉਪਾਅ ਕਰਨ ਬਾਅਦ ਕੁਝ ਟੈਕਸ ਦੇਣਾ ਵੀ ਪਵੇ ਤਾਂ ਮੈਂ ਦੇ ਦੇਵਾਂਗਾ। ਇਸ ਸਕੀਮ ਵਿਚ ਲਗਾਏ ਪੈਸੇ ਕੁਝ ਸਾਲਾਂ 'ਚ ਦੁਗਣੇ ਵੀ ਹੋ ਸਕਦੇ ਸਨ, ਥੋੜ੍ਹੇ ਵੱਧ ਵੀ ਸਕਦੇ ਸਨ, ਵੱਧ ਨਹੀਂ ਵੀ ਸਨ ਸਕਦੇ। ਵਕੀਲ ਨੇ ਮੇਰੇ ਕੋਲੋਂ 10 ਹਜ਼ਾਰ ਰੁਪਏ ਦੇ ਮੈਪ ਨਾਮਕ ਸ਼ੇਅਰ ਖਰੀਦ ਕੇ ਮੈਨੂੰ ਦੇ ਦਿੱਤੇ। ਮੈਂ ਸ਼ੇਅਰਾਂ ਦਾ ਕੰਮ ਜਿੰਦਗੀ ਵਿਚ ਪਹਿਲੀ ਵਾਰ ਕੀਤਾ ਸੀ। ਮੇਰਾ ਇੱਕ ਸਾਥੀ ਲੈਕਚਰਾਰ ਮਨਚੰਦਾ ਇੰਨ੍ਹੇ ਜ਼ਿਆਦਾ ਪੈਸੇ ਸ਼ੇਅਰਾਂ ਵਿਚ ਲਗਾਉਂਦਾ ਸੀ ਕਿ ਉਹ ਰੋਜ਼ ਮਰਦਾ ਸੀ ਤੇ ਰੋਜ਼ ਨਵਾਂ ਜਨਮ ਲੈਂਦਾ ਸੀ। ਜਿਸ ਦਿਨ ਸ਼ੇਅਰ ਵੱਧ ਜਾਣ ਉਸ ਦਿਨ ਉਹ ਲੁੱਡੀਆਂ ਪਾਉਂਦਾ ਫਿਰਦਾ ਹੁੰਦਾ ਸੀ। ਜਿਸ ਦਿਨ ਸ਼ੇਅਰ ਬਾਜ਼ਾਰ ਮੰਦਾ ਹੋਵੇ ਉਸ ਦਿਨ ਅਫਸੋਸ ਵਿਚ ਉਹ ਅੱਧ ਮੋਇਆ ਲੱਗਦਾ ਹੁੰਦਾ ਸੀ। ਦੂਜੇ ਪਾਸੇ ਮੈਂ ਸਾਂ। ਜਦ ਦੋ ਕੁ ਸਾਲ ਬੀਤੇ ਤਾਂ ਮਨਚੰਦਾ ਸਟਾਫ ਰੂਮ ਵਿਚ ਖੜ੍ਹਾ ਲਲਕਾਰੇ ਮਾਰੇ- 'ਓਏ ਮੈਪ ਦੋ ਸਾਲ ਵਿਚ ਹੀ ਦੁਗਣੇ ਹੋ ਗਏ। ਮੈਪ ਖਰੀਦਣ ਵਾਲਿਆਂ ਦਾ ਤਾਂ ਸੋਨਾ ਬਣ ਗਿਐ। ਮੈਨੂੰ ਕਹਿੰਦਾ,'ਮੈਂ ਲੁੱਟਿਆ ਗਿਆ। ਤੂੰ ਮਾਲਾ ਮਾਲ ਹੋ ਗਿਆ। ਜਾ ਕੇ ਤੁੜਵਾ ਲੈ।' ਮੈਂ ਤਾਂ ਖਰੀਦ ਕੇ ਭੁੱਲ ਹੀ ਚੁੱਕਾ ਸਾਂ। ਜਦ ਪਤਾ ਕੀਤਾ ਤਾਂ ਮੇਰੇ 10 ਹਜ਼ਾਰ ਦੇ 20 ਹਜ਼ਾਰ ਬਣ ਗਏ ਸਨ। ਮੈਨੂੰ ਤਾਂ ਕੈਸ਼ ਕਰਵਾਉਣ ਦਾ ਤਰੀਕਾ ਵੀ ਨਹੀਂ ਪਤਾ ਸੀ। ਮੈਂ ਉਸਨੂੰ ਕਿਹਾ ਕਿ ਮੇਰੇ ਕੈਸ਼ ਕਰਵਾ ਦੇਵੇ। ਉਹ ਮਿੰਟ ਵਿਚ ਹੀ ਮੰਨ ਗਿਆ। ਮੈਂ ਘਰੋਂ ਲਿਆ ਕੇ ਉਸ ਨਾਲ ਜਾ ਕੇ ਵੀਹ ਹਜ਼ਾਰ ਰੁਪਏ ਲੈ ਆਇਆ। ਉਹ 20 ਹਜ਼ਾਰ ਦੇ ਆਪਣੇ ਲਈ ਖਰੀਦ ਲਿਆਇਆ। ਬਾਅਦ ਵਿਚ ਪਤਾ ਲੱਗਾ ਸੀ ਕਿ ਉਸਦੇ ਪੰਜ ਸਾਲਾਂ ਵਿਚ ਵੀ ਉਨੇ ਕੁ ਹੀ ਵਧੇ ਸਨ ਜਿੰਨੇ ਆਮ ਵੱਧਦੇ ਸਨ। ਭਾਵ ਜ਼ਿਆਦਾ ਨਹੀਂ। ਇਨ੍ਹਾਂ ਗੱਲਾਂ ਨੂੰ ਛੱਡੋ। ਤੁਸੀਂ ਹੋਰ ਕੋਈ ਸਿਡਨੀ ਨੂੰ ਆਉਣ ਬਾਰੇ ਦੱਸੋ। ਕਿਵੇਂ ਆਏ?'

ਮੈਂ ਕਿਹਾ, '1998 ਵਿਚ ਮੇਰੀ ਬੇਟੀ ਨੇ ਦਸਵੀਂ ਜਮਾਤ ਪਾਸ ਕਰ ਲਈ ਸੀ। ਮੇਰੀ ਘਰਵਾਲੀ ਉਸਦੀ ਅਗਲੀ ਪੜ੍ਹਾਈ ਬਾਰੇ ਸੋਚਾਂ ਵਿਚ ਪੈ ਗਈ। ਟਾਵੇਂ ਟਾਵੇਂ ਲੋਕਾਂ ਦੇ ਬੱਚੇ ਬਾਹਰ ਨੂੰ ਪੜ੍ਹਾਈ ਕਰਨ ਜਾਣ ਲੱਗ ਪਏ ਸਨ। ਪਹਿਲਾਂ ਅਸੀਂ ਸੋਚਿਆ ਕਿ ਲੜਕੀ ਨੂੰ ਆਸਟਰੇਲੀਆ ਪੜ੍ਹਨ ਵਾਸਤੇ ਭੇਜ ਦਈਏ। ਮੈਂ ਆਪਣੀ ਘਰਵਾਲੀ ਨੂੰ ਕਿਹਾ ਕਿ ਇਕੱਲਾ ਬੱਚਾ ਉਹ ਵੀ ਇੱਕ ਲੜਕੀ। ਕਿੱਥੇ ਖੱਜਲ ਖਵਾਰ ਹੁੰਦੀ ਫਿਰੂ। ਉਹ ਕਹਿੰਦੀ ਕਿ ਮੈਂ ਖੁਦ ਹੀ ਬਾਹਰ ਦੀ ਕੋਸ਼ਿਸ਼ ਕਿਉਂ ਨਾ ਕਰ ਲਵਾਂ। ਮੈਂ ਕਿਹਾ, 'ਮੇਰੀ ਉਮਰ ਤਾਂ ਦੇਖ ਡੇਢ ਮਹੀਨੇ ਨੂੰ 45 ਸਾਲ ਦਾ ਹੋ ਰਿਹਾ ਹਾਂ। ਇਸ ਉਮਰ ਵਿਚ ਮੈਂ ਕਿਹੜੀ ਸਕੀਮ ਤਹਿਤ ਅਰਜ਼ੀ ਪਾਵਾਂ। ਕਹਿੰਦੀ ਕੋਸ਼ਿਸ਼ ਕਰਕੇ ਦੇਖ ਲਓ। 28-30 ਹਜ਼ਾਰ ਪ੍ਰੋਸੈਸਿੰਗ ਫੀਸ ਹੀ ਏ। ਨਾ ਬਣੂ ਤਾਂ ਇੰਨਾ ਘਾਟਾ ਹੀ ਸਹੀ। ਕਿਸੇ ਕੰਸਲਟੈਂਸੀ ਨਾਲ ਮਸ਼ਵਰਾ ਕਰ ਲਓ।'

ਮੈਂ ਦੂਸਰੇ ਦਿਨ ਤਾਬਿਆਦਾਰ ਇਮੀਗ੍ਰੇਸ਼ਨ ਕੰਸਲਟੈਂਸੀ ਵਾਲੇ ਸੁਭਾਸ਼ ਪਾਸ ਗਿਆ। ਕੁਝ ਸਾਲ ਪਹਿਲਾਂ ਉਹ ਮੇਰਾ ਵਿਦਿਆਰਥੀ ਵੀ ਹੁੰਦਾ ਸੀ। 'ਸੁਭਾਸ਼, ਜੇ ਮੈਂ ਆਸਟਰੇਲੀਆ ਲਈ ਅਪਲਾਈ ਕਰਾਂ ਤਾਂ ਕਿਵੇਂ ਰਹੂ?' 'ਸਰ, ਉਮਰ ਕੀ ਏ?' 'ਡੇਢ ਮਹੀਨੇ ਤੱਕ 45 ਦਾ ਹੋ ਜਾਵਾਂਗਾ।' 'ਸਰ ਜੇ ਉਮਰ 40 ਤੋਂ 45 ਦੇ ਵਿਚਕਾਰ ਹੋਵੇ ਤਾਂ ਉਮਰ ਦੇ 15 ਪੁਆਇੰਟ ਹਨ। 45 ਦੀ ਉਮਰ ਤੋਂ ਬਾਅਦ ਸਿਰਫ 5 ਮਿਲਦੇ ਹਨ। 126-ਇੰਡੀਪੈਂਡੈਂਟ ਕੈਟੇਗਰੀ ਵਿਚ ਅਪਲਾਈ ਕਰਕੇ ਦੇਖ ਲਓ। ਵੈਸੇ ਅੱਜ ਕੱਲ ਲੋੜੀਂਦੇ ਪੁਆਇੰਟ 110 ਹਨ।' 'ਉਹ ਕਿਵੇਂ?' 'ਸਰ, 70 ਮਾਸਟਰ ਡਿਗਰੀ ਦੇ, 20 ਅੰਗਰੇਜ਼ੀ ਦੇ ਤੇ ਘੱਟ ਉਮਰ ਦੇ ਵੱਧ ਤੇ ਵੱਧ ਉਮਰ ਤੇ ਘੱਟ। ਸਰ, ਤੁਹਾਡਾ ਪਬਲਿਸ਼ਡ ਵਰਕ ਵੀ ਹੈ। ਸ਼ਾਇਦ ਕੋਈ ਲਾਭ ਹੋ ਜਾਵੇ। ਤੁਸੀਂ ਟ੍ਰਿਬਿਊਨ ਵਿਚ 83-84 ਵਿਚ ਛਪਦੇ ਹੁੰਦੇ ਸੀ।' ਮੈਂ ਅਰਜ਼ੀ ਪਾ ਦਿੱਤੀ। ਡੇਢ ਸਾਲ ਦੇ ਵਿਚ ਵਿਚ ਹੀ ਸਭ ਕੁਝ ਹੋ ਗਿਆ। ਕੇਸ ਵੀ ਐਡੀਲੇਡ ਦੇ ਆਨਸ਼ੋਰ ਵੀਜ਼ਾ ਪ੍ਰੋਸੈਸਿੰਗ ਦਫਤਰ ਨੇ ਪਾਸ ਕਰ ਦਿੱਤਾ ਸੀ। ਮੈਨੂੰ ਪਰਿਵਾਰ ਸਮੇਤ ਪੱਕੀ ਰਿਹਾਇਸ਼ ਪੰਜਾਬ ਬੈਠੇ ਨੂੰ ਹੀ ਮਿਲ ਗਈ। ਸਿਡਨੀ ਉੱਤਰਦੇ ਸਾਰ ਪਹਿਲੇ ਦਿਨ ਤੋਂ ਸਰਕਾਰ ਸੋਸ਼ਲ ਸਿਕਿਊਰਟੀ ਦੇ ਪੈਸੇ ਦੇਣ ਲੱਗ ਪਈ। ਇਹ ਪੈਸੇ ਕਿਰਾਏ ਤੇ ਛੋਟਾ ਘਰ ਲੈਣ ਅਤੇ ਸਾਧਾਰਨ ਗੁਜ਼ਾਰਾ ਕਰਨ ਲਈ ਕਾਫੀ ਸਨ। ਪੰਜਾਬ 'ਚੋਂ ਮੈਂ ਨੌਕਰੀ ਤੋਂ ਸਾਲ ਦੀ ਛੁੱਟੀ ਲੈ ਲਈ ਸੀ। ਦੋ ਕੁ ਮਹੀਨੇ ਵਿਚ ਮੈਨੂੰ ਤੇ ਮੇਰੀ ਪਤਨੀ ਨੂੰ ਸਾਧਾਰਨ ਨੌਕਰੀਆਂ ਮਿਲ ਗਈਆਂ। ਭਾਰਤ ਜਿਹੇ ਨਾ ਅੰਗਰੇਜ਼ੀ ਬੋਲਣ ਵਾਲੇ ਦੇਸ਼ਾਂ ਦੀ ਪੜ੍ਹਾਈ ਦੇ ਆਧਾਰ 'ਤੇ ਇੱਥੇ ਅੱਗੇ ਪੜ੍ਹਾਈ ਕਰਨ ਲਈ ਦਾਖਲਾ ਤਾਂ ਮਿਲ ਹੀ ਜਾਂਦਾ ਏ, ਉਸੇ ਖੇਤਰ ਵਿਚ ਨੌਕਰੀ ਨਹੀਂ ਮਿਲਦੀ। ਬੱਚੇ ਪੜ੍ਹਨ ਲੱਗ ਪਏ। ਤੁਸੀਂ ਜਾਣਦੇ ਹੀ ਹੋ, ਉਨ੍ਹਾਂ ਦੀ ਬਾਰ੍ਹਵੀਂ ਜਮਾਤ ਤੱਕ ਪੜ੍ਹਾਈ ਮੁਫਤ ਹੁੰਦੀ ਏ।'

'ਵੀਰ ਜੀ, ਕਈ ਲੋਕ ਇੱਥੇ ਪ੍ਰਾਈਵੇਟ ਸਕੂਲਾਂ ਦੀ ਮਹਿੰਗੀ ਪੜ੍ਹਾਈ ਨੂੰ ਜ਼ਿਆਦਾ ਵਧੀਆ ਸਮਝਦੇ ਹਨ। ਮੈਂ ਆਪਣਾ ਵੱਡਾ ਲੜਕਾ ਕੈਥੋਲਿਕ ਸਕੂਲ ਵਿਚ ਪੜ੍ਹਨ ਪਾਇਆ ਸੀ। ਚੰਗਾ ਖਰਚਾ ਆ ਗਿਆ ਸੀ। ਤੁਸੀਂ ਐਸਾ ਕੁਝ ਨਹੀਂ ਕੀਤਾ?'

'ਹੇਮ ਰਾਜ ਜੀ, ਤੁਸੀਂ ਗੱਲ ਕਿਸੇ ਹੱਦ ਤੱਕ ਠੀਕ ਕਰਦੇ ਹੋ। ਆਸਟ੍ਰੇਲੀਆ ਦੇ ਸਰਕਾਰੀ ਸਕੂਲ ਵੀ ਕਾਫੀ ਚੰਗੇ ਹਨ। ਇੱਥੇ ਸਰਕਾਰੀ ਅਧਿਆਪਕਾਂ ਵਿਚ ਵੀ ਕਿੱਤੇ ਪ੍ਰਤੀ ਇਮਾਨਦਾਰੀ ਅਤੇ ਲਗਨ ਏ। ਸਾਡੀ ਸਮੱਸਿਆ ਹੋਰ ਸੀ। ਸਾਡੇ ਬੱਚੇ ਵੱਡੇ ਹੋ ਕੇ ਇੱਧਰ ਪਹੁੰਚੇ ਸਨ। ਉਦੋਂ ਕੈਥੋਲਿਕ ਸਕੂਲਾਂ ਤੇ ਸਲੈਕਿਵ ਸਕੂਲਾਂ ਵਿਚ ਜਾਣਾ ਅਸੰਭਵ ਸੀ।'

'ਤੁਹਾਡਾ ਤੇ ਮੇਰਾ ਕੰਮ ਕਾਫੀ ਮੇਲ ਖਾਂਦੇ ਹਨ। ਮੇਰੇ ਨਾਲ ਵੀ ਤਕਰੀਬਨ ਇਵੇਂ ਹੀ ਹੋਇਆ ਸੀ। ਫਿਰ ਤੁਸੀਂ ਘਰ ਕਿਵੇਂ ਬੰਨ੍ਹਿਆ।'

'ਤੁਹਾਨੂੰ ਪਤਾ ਹੀ ਏ ਇੱਥੇ ਘਰ ਕਿਵੇਂ ਸ਼ੁਰੂ ਹੁੰਦਾ ਏ। ਸ਼ੁਰੂ ਤਾਂ ਆਪਾਂ ਗਰਾਜ ਸੇਲਾਂ ਤੋਂ ਹੀ ਕਰਦੇ ਹਾਂ। ਗੋਰੇ ਹਰ ਹਫਤੇ ਇਹ ਸੇਲਾਂ ਲਗਾਉਂਦੇ ਹਨ। ਘਰਾਂ 'ਚੋਂ ਪੁਰਾਣਾ ਮਾਲ ਗਰਾਜ ਵਿਚ ਰੱਖ ਕੇ ਵੇਚਣ ਲਈ ਲਗਾ ਦਿੰਦੇ ਹਨ। ਪਤਾ ਲੋਕਲ ਅਖਬਾਰਾਂ ਤੋਂ ਲੱਗ ਜਾਂਦਾ ਏ। ਦੁਨੀਆਂ ਟੁੱਟ ਕੇ ਪੈ ਜਾਂਦੀ ਏ। ਬਹੁਤ ਸੋਹਣੀਆਂ ਚੀਜ਼ਾਂ ਵਸਤਾਂ ਕੌਡੀਆਂ ਦੇ ਭਾਅ ਮਿਲ ਜਾਂਦੀਆਂ ਹਨ। 50 ਡਾਲਰ ਵਾਲਾ ਮੇਜ਼ 5 ਡਾਲਰ ਨੂੰ ਮਿਲ ਜਾਂਦਾ ਏ, 200 ਡਾਲਰ ਵਾਲੀ ਸਿਲਾਈ ਮਸ਼ੀਨ 15 ਡਾਲਰ ਦੀ ਮਿਲ ਜਾਂਦੀ ਏ ਤੇ 1000 ਡਾਲਰ ਵਾਲੀ ਵਾਸ਼ਿੰਗ ਮਸ਼ੀਨ 100 ਡਾਲਰ ਦੀ ਮਿਲ ਜਾਂਦੀ ਏ। ਸਾਡੇ ਇੱਕ ਗੁਆਂਢੀ ਨੇ ਤਾਂ ਘਰਾਂ ਦੇ ਮੂਹਰੇ ਕੱਢ ਕੇ ਰੱਖੇ ਸਮਾਨ 'ਚੋਂ ਚੰਗੀਆਂ ਚੰਗੀਆਂ ਚੀਜ਼ਾਂ ਚੁੱਕ ਕੇ ਘਰ ਬੰਨ੍ਹਿਆ ਸੀ। ਗੋਰੇ ਚੰਗੇ ਭਲੇ ਸੋਫੇ ਬਾਹਰ ਕੱਢ ਕੇ ਰੱਖ ਦਿੰਦੇ ਹਨ। ਨਵੇਂ ਪ੍ਰਵਾਸੀ ਚੁੱਕ ਕੇ ਲੈ ਜਾਂਦੇ ਹਨ। ਘਰ ਸੈਟ ਕਰਨ ਲਈ ਚੈਰਟੀਜ਼ ਵੀ ਮਦਦ ਕਰ ਦਿੰਦੀਆਂ ਹਨ। ਅਸੀਂ ਸ਼ੁਰੂ ਸ਼ੁਰੂ ਵਿਚ ਵਿਨਸੈਂਟ ਦੀ ਪਾਲ (Vincent de Paul) ਚੈਰਟੀ ਨੂੰ ਫੋਨ ਮਾਰਿਆ। ਦੋ ਬੁਢੇ ਆਏ। ਉਨ੍ਹਾਂ ਸਾਡੇ ਪਾਸਪੋਰਟ ਚੈੱਕ ਕੀਤੇ ਤੇ 50 ਡਾਲਰ ਦਾ ਚੈੱਕ ਕਿਸੇ ਗਰੌਸਰੀ ਸਟੋਰ ਦੇ ਨਾਮ ਕੱਟ ਕੇ ਦੇ ਗਏ। ਹਫਤੇ ਬਾਅਦ ਇੱਕ ਛੋਟਾ ਟਰੱਕ ਲੈ ਕੇ ਆਏ ਚਾਰ ਕੁਰਸੀਆਂ ਇੱਕ ਬੈਡ ਤੇ ਕਾਫੀ ਸਾਰੇ ਰਸੋਈ ਦੇ ਬਰਤਨ ਦੇ ਗਏ।'

'ਵੀਰ ਜੀ, ਸਾਨੂੰ ਤਾਂ ਕਈ ਗੱਲਾਂ ਦਾ ਪਤਾ ਹੀ ਨਹੀਂ ਸੀ। ਗਰਾਜ ਸੇਲਾਂ ਦਾ ਤਾਂ ਪਤਾ ਸੀ ਪਰ ਅਸੀਂ ਚੈਰਟੀਜ਼ ਤੋਂ ਕੁਝ ਵੀ ਨਹੀਂ ਲੈ ਸਕੇ ਸਾਂ। ਸ਼ੁਰੂ ਸ਼ੁਰੂ ਵਿਚ ਬੰਦਾ ਫੋਨ ਕਰਦਾ ਵੀ ਝਿਜਕਦਾ ਏ। ਗੋਰਿਆਂ ਦਾ ਤਲਫਜ਼ ਐਸਾ ਹੈ ਕਿ ਗੱਲ ਅੱਧੀ ਸਮਝ ਆਉਂਦੀ ਏ। ਭਾਰਤ ਜਿਹੇ ਦੇਸ਼ ਤੋਂ ਡਿਗਰੀਆਂ ਪਾਸ ਕਰਨਾ ਹੋਰ ਗੱਲ ਏ। ਅੰਗਰੇਜ਼ੀ ਬੋਲਚਾਲ ਨਾਲ ਲਬਰੇਜ਼ ਮਾਹੌਲ ਵਿਚ ਵਿਚਰਨਾ ਹੋਰ। ਹਰਿਆਣੇ ਵਿਚ ਸਾਡਾ ਇਲਾਕਾ ਤਾਂ ਜਮਾਂ ਪੱਛੜਿਆ ਹੋਇਆ ਏ। ਸਾਨੂੰ ਤਾਂ ਪੇਂਡੂ ਇਲਾਕੇ ਵਿਚ ਅੰਗਰੇਜ਼ੀ ਵੀ ਪੰਜਾਬੀ ਜਾਂ ਹਰਿਆਣੇ ਦੀ ਜ਼ੁਬਾਨ ਵਿਚ ਪੜ੍ਹਾਉਣੀ ਪੈਂਦੀ ਏ। ਤੁਹਾਡਾ ਇਲਾਕਾ ਤਾਂ ਪੰਜਾਬ ਵਿਚ ਅਗਾਂਹ ਵਧੂ ਹੋਵੇਗਾ?'

'ਨਹੀਂ ਯਾਰ, ਸਾਡੇ ਵੀ ਇਹੀ ਹਾਲ ਏ। ਮੈਂ ਚੰਡੀਗੜ੍ਹ ਤੋਂ ਐਮ. ਏ. ਕੀਤੀ। ਸਾਲ ਕੁ ਚੰਡੀਗੜ੍ਹ ਪੜ੍ਹਾਇਆ। ਜਦ ਨੂੰ ਐਮ. ਫਿਲ ਦੀ ਯੋਗਤਾ ਲਾਜ਼ਮੀ ਹੋ ਗਈ। ਮੈਂ ਸੋਚਿਆ ਕਿਤੇ ਵੀ ਪੱਕੇ ਹੋ ਜਾਈਏ। ਸੰਨ 77 ਤੋਂ ਸ਼ੁਰੂ ਵਿਚ ਹੀ ਮੈਂ ਤਾਂ ਚੰਡੀਗੜ੍ਹ ਤੋਂ ਅਸਤੀਫਾ ਦੇ ਕੇ ਪਿਛਲੇ ਪੇਂਡੂ ਕਾਲਜ ਵਿਚ ਚਲਾ ਗਿਆ। ਉਨ੍ਹਾਂ ਨੇ ਮੈਨੂੰ ਪਹਿਲੇ ਦਿਨ ਤੋਂ ਹੀ ਪੱਕੀ ਨੌਕਰੀ ਦੀ ਚਿੱਠੀ ਦੇ ਦਿੱਤੀ ਸੀ। ਇਸ ਪ੍ਰਕਾਰ ਮੈਂ ਐਮ. ਫਿਲ ਕਰਨ ਤੋਂ ਬਚ ਗਿਆ। ਇਸ ਪ੍ਰਕਾਰ ਉੱਥੇ ਲੰਬਾ ਸਮਾਂ ਦਿਹਾਤ ਵਿਚ ਹੀ ਪੜ੍ਹਾਉਣਾ ਪਿਆ। ਚੰਡੀਗੜ੍ਹ ਰਹਿੰਦਾ ਹੋਇਆ ਬੰਦਾ ਨਵੀਆਂ ਨਵੀਆਂ ਚੀਜ਼ਾਂ ਸਿੱਖਦਾ ਏ ਕਿਉਂਕਿ ਸਾਧਨ ਤੇ ਮਾਹੌਲ ਜ਼ਿਆਦਾ ਸੁਖਾਵੇਂ ਹਨ। ਦੇਹਾਤ ਵਿਚ ਜਾ ਕੇ ਬੰਦਾ ਹੋਰ ਪਛੜਿਆ ਬਣ ਜਾਂਦਾ ਏ।'

'ਚਲੋ ਇਹ ਗੱਲ ਤਾਂ ਛੱਡੋ। ਪਹਿਲਾ ਘਰ ਕਦੋਂ ਖਰੀਦਿਆ ਸੀ?'

'ਤੁਸੀਂ ਜਾਣਦੇ ਹੀ ਹੋ ਕਿ ਆਸਟਰੇਲੀਆ ਜਿਹੇ ਦੇਸ਼ਾਂ ਵਿਚ ਸਾਡੀਆਂ ਪੇਅ ਸਲਿਪਾਂ ਬੈਂਕਾਂ ਤੋਂ ਕਰਜ਼ਾ ਲੈਣ ਲਈ ਜਾਦੂ ਦਾ ਕੰਮ ਕਰਦੀਆਂ ਹਨ। ਇੱਥੇ ਦਾ ਤਾਂ ਸਫਾਈ ਕਰਮਚਾਰੀ ਵੀ ਮਾਣ ਨਾਲ ਕਹਿੰਦਾ ਹੈ ਕਿ ਉਹ ਕਲੀਨਰ ਏ। ਕਰਜ਼ਾ ਦਵਾਉਣ ਵਾਲੇ ਏਜੰਟ ਆਪਣਾ ਲੁੰਗਲਾਣਾ ਚੁੱਕ ਕੇ ਖੁਦ ਸਾਡੇ ਪਾਸ ਪਹੁੰਚ ਜਾਂਦੇ ਹਨ। ਇੱਕ ਗੋਰੇ ਸਾਈਮਨ ਨੂੰ ਜਦ ਪਤਾ ਲੱਗਾ ਕਿ ਮੈਂ ਤੇ ਮੇਰੀ ਪਤਨੀ ਜਾਬ ਤੇ ਸਾਂ ਸਾਡੇ ਪਾਸ ਆ ਢੁੱਕਿਆ। ਕਹਿੰਦਾ ਨਾਲ ਦੇ ਯੂਨਿਟ ਤੇ ਸੇਲ ਦਾ ਬੋਰਡ ਲੱਗ ਗਿਆ ਏ। ਖਰੀਦ ਲਓ। ਕਰਜ਼ਾ ਮੈਂ ਦੁਆ ਦਿੰਦਾ ਹਾਂ। ਬੀ ਮਿਸਟਰ ਓਨਰ, ਡੋਂਟ ਬੀ ਮਿਸਟਰ ਟੇਨੈਂਟ (Be Mr. Ofner, don't be Mr. Tenant)' ਅਸੀਂ ਮੰਨ ਗਏ। ਸਾਨੂੰ ਉਹ ਯੂਨਿਟ 95000 ਡਾਲਰ ਵਿਚ ਮਿਲ ਗਈ। ਅਸੀਂ ਹਰ ਐਤਵਾਰ ਗੁਰਦੁਆਰੇ ਜਾਇਆ ਕਰਦੇ ਸਾਂ। ਗੁਰਦੁਆਰਾ ਉੱਥੋਂ ਕੁਝ ਦੂਰ ਸੀ। ਫਿਰ ਅਸੀਂ ਗੁਰਦੁਆਰੇ ਦੇ ਨੇੜੇ ਘਰ ਲੱਭਣ ਲੱਗ ਪਏ। ਛੇ ਕੁ ਮਹੀਨੇ ਵਿਚ ਸਾਨੂੰ ਉੱਧਰ ਇੱਕ ਘਰ ਠੀਕ ਲੱਗਣ ਲੱਗ ਪਿਆ। ਅਸੀਂ ਇਹ ਲੈ ਲਿਆ। ਛੋਟਾ ਯੂਨਿਟ ਕਿਰਾਏ ਤੇ ਦੇ ਦਿੱਤਾ। ਬਾਅਦ

(ਬਾਕੀ ਅਗਲੇ ਸਫੇ 'ਤੇ)

# ਓਲੰਪੀਅਨਾਂ ਦੀ ਓਲੰਪੀਅਨ ਪਹਿਲਵਾਨ ਵਿਨੇਸ਼ ਫੋਗਾਟ

ਵਿਨੇਸ਼ ਫੋਗਾਟ ਓਲੰਪਿਕ ਚੈਂਪੀਅਨ ਬਣ ਰਹੀ ਸੀ। ਅਫਸੋਸ ਕਿ ਬਣਦੀ ਬਣਦੀ ਰਹਿ ਗਈ। ਸੈਮੀ ਫਾਈਨਲ ਜਿੱਤ ਕੇ ਵੀ ਉਸ ਨੂੰ ਕੋਈ ਮੈਡਲ ਨਾ ਮਿਲਿਆ। ਉਹਦੇ ਨਾਲ ਜੱਗੋਂ ਤੇਰ੍ਹਵੀਂ ਹੋਈ। ਦੇਸ਼ ਵਾਸੀ ਤਾਂ ਕੀ ਵਿਦੇਸ਼ੀ ਵੀ ਕਹਿੰਦੇ ਹਨ ਕਿ ਵਿਨੇਸ਼ ਨਾਲ ਡਾਢਾ ਅਨਿਆਂ ਹੋਇਆ। ਕੋਈ ਇਹਦੇ ਪਿੱਛੇ ਸਾਜ਼ਿਸ਼ ਦੱਸ ਰਿਹੈ, ਕੋਈ ਉਹਦੇ ਵੱਲੋਂ ਲੜੇ ਜੁਝਾਰੂ ਸੰਘਰਸ਼ ਦਾ ਬਦਲਾ। ਆਮ ਲੋਕਾਂ ਦੀਆਂ ਨਜ਼ਰਾਂ 'ਚ ਉਹ ਫਿਰ ਵੀ ਓਲੰਪੀਅਨਾਂ ਦੀ ਓਲੰਪੀਅਨ ਤੇ ਚੈਂਪੀਅਨਾਂ ਦੀ ਚੈਂਪੀਅਨ ਹੈ। ਇਹ ਵੱਖਰੀ ਗੱਲ ਹੈ ਕਿ 50 ਕਿਲੋ ਤੋਂ 100 ਗਰਾਮ ਵੱਧ ਨਹੀਂ, ਸਿਰਫ 50 ਗਰਾਮ ਵਾਧੂ ਵਜ਼ਨ ਨੇ ਉਸ ਨੂੰ ਓਲੰਪਿਕ ਖੇਡਾਂ ਦੇ ਮੈਡਲ ਤੋਂ ਮਹਿਰੂਮ ਕਰਵਾ ਦਿੱਤਾ! ਨਿਯਮਾਂ ਅਨੁਸਾਰ 50 ਗਰਾਮ ਤੱਕ ਵਧੇ ਵਜ਼ਨ ਦੀ ਛੋਟ ਸੀ।




**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**
principalsarwansingh@gmail.com


ਉਹ ਭਾਰਤ ਲਈ ਕੁਸ਼ਤੀ ਦਾ ਪਹਿਲਾ ਗੋਲਡ ਮੈਡਲ ਜਿੱਤਣ ਵਾਲੀ ਸੀ। ਚਾਰ ਵਾਰ ਦੀ ਵਿਸ਼ਵ ਜੇਤੂ, ਟੋਕੀਓ ਦੀ ਓਲੰਪਿਕ ਚੈਂਪੀਅਨ ਜਪਾਨ ਦੀ ਸਜ਼ੂਕੀ ਨੂੰ ਉਸ ਨੇ ਪ੍ਰੀ ਕੁਆਰਟਰ ਮੁਕਾਬਲੇ 'ਚ ਹਰਾ ਦਿੱਤਾ ਸੀ। ਪ੍ਰੀ ਕੁਆਰਟਰ, ਕੁਆਰਟਰ ਫਾਈਨਲ ਤੇ ਸੈਮੀ ਫਾਈਨਲ ਮੁਕਾਬਲਾ 49 ਕਿਲੋ 900 ਗਰਾਮ ਦੇ ਸਹੀ ਵਜ਼ਨ ਨਾਲ ਜਿੱਤ ਕੇ ਉਹ ਸਿਲਵਰ ਮੈਡਲ ਲਈ ਕੁਆਲੀਫਾਈ ਕਰ ਗਈ ਸੀ। ਪਰ ਫਾਈਨਲ ਮੁਕਾਬਲੇ ਤੋਂ ਪਹਿਲਾਂ ਜੋਖੇ ਵਜ਼ਨ ਵਿਚ 50 ਗਰਾਮ ਦੇ ਵਾਧੂ ਭਾਰ ਦੀ ਸਜ਼ਾ ਏਡੀ ਮਿਲੀ ਕਿ ਉਸ ਨੂੰ ਡਿਸਕੁਆਲੀਫਾਈ ਕਰ ਕੇ ਸਭ ਤੋਂ ਥੱਲੇ ਲਾ ਦਿੱਤਾ ਗਿਆ। ਜਿਸ ਪਹਿਲਵਾਨ ਨੂੰ ਉਸ ਨੇ ਸੈਮੀ ਫਾਈਨਲ ਵਿਚ ਹਰਾਇਆ ਸੀ ਉਸ ਨਾਲ ਹੀ ਸਿਲਵਰ ਮੈਡਲ ਸਾਂਝਾ ਕਰਨ ਲਈ ਕੀਤੀ ਉਸ ਦੀ ਅਪੀਲ ਵੀ ਰੱਦ ਕਰ ਦਿੱਤੀ ਗਈ। ਸੋਚੋ ਉਹਦੇ ਦਿਲ 'ਤੇ ਕੀ ਬੀਤੀ ਹੋਵੇਗੀ?

**ਉਸ ਨੇ ਆਪਣੀ ਮਾਂ ਨੂੰ ਲਿਖਿਆ, "ਮਾਂ, ਕੁਸ਼ਤੀ ਜਿੱਤ ਗਈ, ਮੈਂ ਹਾਰ ਗਈ। ਕ੍ਰਿਪਾ ਕਰ ਕੇ ਮੈਨੂੰ ਮੁਆਫ਼ ਕਰ ਦਿਓ। ਤੁਹਾਡੇ ਸੁਪਨੇ ਤੇ ਮੇਰੀ ਹਿੰਮਤ, ਸਭ ਕੁਝ ਟੁੱਟ ਗਿਆ। ਮੇਰੇ ਕੋਲ ਹੁਣ ਹੋਰ ਤਾਕਤ ਨਹੀਂ ਬਚੀ। ਕੁਸ਼ਤੀ 2001-2024 ਨੂੰ ਅਲਵਿਦਾ! ਮੈਂ ਤੁਹਾਡੀ ਸਾਰਿਆਂ ਦੀ ਸ਼ੁਕਰਗੁਜ਼ਾਰ ਰਹਾਂਗੀ। ਮੈਨੂੰ ਮੁਆਫ਼ ਕਰ ਦਿਓ।"**

ਏਧਰ ਮੀਡੀਆ ਖ਼ਬਰਾਂ ਪ੍ਰਸਾਰਿਤ ਕਰ ਰਿਹਾ ਸੀ: ਪੈਰਿਸ ਓਲੰਪਿਕ ਵਿਚ 7 ਅਗਸਤ ਨੂੰ ਜਦੋਂ ਕਰੋੜਾਂ ਭਾਰਤਵਾਸੀ ਕੁਸ਼ਤੀ 'ਚ ਪਹਿਲੇ ਗੋਲਡ ਮੈਡਲ ਦੀ ਉਡੀਕ ਕਰ ਰਹੇ ਸਨ ਤਾਂ ਭਾਰਤੀ ਖੇਡ ਇਤਿਹਾਸ ਦੀ ਸਭ ਤੋਂ ਸੰਵੇਦਨਸ਼ੀਲ ਤੇ ਸ਼ੱਕ ਭਰਪੂਰ ਘਟਨਾ ਨੇ ਪੂਰਾ ਦੇਸ਼ ਝੰਜੋੜ ਕੇ ਰੱਖ ਦਿੱਤਾ। 50 ਕਿਲੋ ਵਜ਼ਨ ਵਰਗ ਦੇ ਫਾਈਨਲ ਵਿਚ ਪੁੱਜੀ ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਨੂੰ 50 ਗਰਾਮ ਵਜ਼ਨ ਵੱਧ ਹੋਣ ਕਰਕੇ ਅਯੋਗ ਕਰਾਰ ਦੇ ਦਿੱਤਾ ਗਿਆ। ਵਿਨੇਸ਼ ਲਈ ਇਸ ਸਦਮੇ 'ਚੋਂ ਉਭਰਨਾ ਸੌਖਾ ਨਹੀਂ ਹੋਵੇਗਾ। ਰੀਓ ਦੀਆਂ ਓਲੰਪਿਕ ਖੇਡਾਂ-2016 ਵਿਚ ਵੀ ਉਹ ਮੈਡਲ ਜਿੱਤਦੀ ਜਿੱਤਦੀ ਸੱਟ ਖਾ ਬੈਠੀ ਸੀ ਜਿਸ ਕਰਕੇ ਮੁਕਾਬਲੇ ਤੋਂ ਬਾਹਰ ਹੋ ਗਈ ਸੀ। ਪਰ ਪੈਰਿਸ ਵਿਚ...।

ਭਾਰਤ ਪਰਤ ਕੇ ਕੁਝ ਸਮਾਂ ਉਹ ਕੁਝ ਵੀ ਨਹੀਂ ਸੀ ਬੋਲ ਸਕੀ। ਫਿਰ 'ਆਪਣਿਆਂ' ਨੂੰ ਆਇਆਂ ਵੇਖ ਕੇ ਉਹਦੀ ਹਿੱਕ 'ਚੋਂ ਨਿਕਲੇ ਹਉਕੇ ਤੇ ਅੱਖਾਂ 'ਚੋਂ ਡੁੱਲ੍ਹਦੇ ਹੰਝੂ ਹੀ ਉਹਦੀ ਜ਼ੁਬਾਨ ਬਣੇ ਜਿਨ੍ਹਾਂ ਨਾਲ ਉਹਦੇ ਸਵਾਗਤ ਲਈ ਆਏ ਲੋਕਾਂ ਦੀਆਂ ਅੱਖਾਂ ਵਿਚ ਵੀ ਅੱਥਰੂ ਛਲਕ ਪਏ। ਬਾਅਦ ਵਿਚ ਉਸ ਨੇ ਕੇਵਲ ਏਨਾ ਕਿਹਾ: ਠੀਕ ਸਮਾਂ ਆਇਆ ਤਾਂ ਮੈਂ ਜ਼ਰੂਰ ਬੋਲਾਂਗੀ। 6 ਅਗਸਤ ਦੀ ਰਾਤ ਤੇ 7 ਅਗਸਤ ਦੀ ਸਵੇਰ ਮੇਰੇ ਲਈ ਕਹਿਰ ਦਾ ਸਮਾਂ ਸੀ। ਮੈਂ ਇੰਨਾ ਹੀ ਆਖਾਂਗੀ ਕਿ ਮੈਂ ਹੌਸਲਾ ਨਹੀਂ ਛੱਡਿਆ। ਮੈਂ ਝੁਕੀ ਨਹੀਂ। ਨਾ ਹੀ ਡੋਲੀ ਹਾਂ। ਸਾਡੇ ਯਤਨ ਜਾਰੀ ਰਹਿਣਗੇ। ਪਰ ਘੜੀ ਹੀ ਰੁਕ ਗਈ ਸੀ ਤੇ ਸਮਾਂ ਮੇਰੇ ਨਾਲ ਨਹੀਂ ਸੀ। ਇਹੋ ਮੇਰੀ ਤਕਦੀਰ ਸੀ। ਮੇਰੀ ਟੀਮ, ਮੇਰੇ ਦੇਸ਼ ਵਾਸੀ ਤੇ ਮੇਰਾ ਪਰਿਵਾਰ, ਮੈਂ ਸਭਨਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਮੇਰਾ ਮਕਸਦ, ਮੇਰਾ ਨਿਸ਼ਾਨਾ, ਮੇਰੀ ਮੰਜ਼ਿਲ ਅਜੇ ਨਹੀਂ ਆਈ। ਹਾਲਾਤ ਹਰ ਸਮੇਂ ਇਕੋ ਜਿਹੇ ਨਹੀਂ ਰਹਿੰਦੇ। ਹਾਲਾਤ ਬਦਲੇ ਤਾਂ ਹੋ ਸਕਦੈ ਮੈਂ 2032 ਤੱਕ ਵੀ ਕੁਸ਼ਤੀ ਕਰ ਸਕਾਂ ਕਿਉਂਕਿ ਮੇਰੇ ਅੰਦਰ ਕੁਸ਼ਤੀ ਲਈ ਜੋ ਅੱਗ ਬਲਦੀ ਹੈ ਉਹ ਬੁਝਣ ਵਾਲੀ ਨਹੀਂ।

ਪਹਿਲਾਂ ਓਲੰਪਿਕ ਖੇਡਾਂ ਵਿਚ ਕੁਸ਼ਤੀਆਂ ਦੇ ਦਸ ਵਜ਼ਨ ਹੁੰਦੇ ਸਨ। ਇਕੋ ਵਾਰ ਵਜ਼ਨ ਤੁਲਵਾ ਕੇ ਫਾਈਨਲ ਤਕ ਕੁਸ਼ਤੀਆਂ ਕਰਵਾ ਲਈਆਂ ਜਾਂਦੀਆਂ ਸਨ। ਪਰ ਪੈਰਿਸ ਵਿਚ ਕੁਸ਼ਤੀਆਂ ਦੇ ਛੇ ਵਜ਼ਨ ਹੀ ਸਨ। 50, 53, 57, 62, 68 ਤੇ 76 ਕਿਲੋ। ਵਿਨੇਸ਼ ਨੇ 2014 ਦੀਆਂ ਏਸ਼ਿਆਈ ਖੇਡਾਂ ਵਿਚੋਂ 48 ਕਿਲੋ ਵਜ਼ਨ ਦਾ ਬਰਾਂਜ਼ ਮੈਡਲ ਜਿੱਤਿਆ ਸੀ। ਉਸੇ ਸਾਲ 48 ਕਿਲੋ ਵਜ਼ਨ 'ਚੋਂ ਕਾਮਨਵੈਲਥ ਖੇਡਾਂ ਦਾ ਗੋਲਡ ਮੈਡਲ ਜਿੱਤਿਆ। 48 ਕਿਲੋ ਵਿਚ ਹੀ ਦੋਹਾ ਦੀ ਏਸ਼ੀਅਨ ਚੈਂਪੀਅਨਸ਼ਿਪ ਜਿੱਤੀ। 50 ਕਿਲੋ ਵਜ਼ਨ ਵਿਚ ਜਕਾਰਤਾ-2018 ਦੀਆਂ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਿਆ। 50 ਕਿਲੋ ਵਿਚ ਹੀ ਗੋਲਡ ਕੋਸਟ ਦੀਆਂ ਕਾਮਨਵੈਲਥ ਖੇਡਾਂ ਦਾ ਗੋਲਡ ਮੈਡਲ ਮਾਹਿਆ।

ਪਰ ਵਿਨੇਸ਼ ਦੀਆਂ ਵਧੇਰੇ ਜਿੱਤਾਂ 53 ਕਿਲੋ ਵਜ਼ਨ ਵਰਗ ਦੀਆਂ ਹਨ। ਮਸਲਨ ਵਰਲਡ ਚੈਂਪੀਅਨਸ਼ਿਪ 2019 ਤੇ 2022 ਵਿਚੋਂ ਉਸ ਨੇ 53 ਕਿਲੋ ਵਜ਼ਨ ਦੇ ਦੋ ਬਰਾਂਜ਼ ਮੈਡਲ ਜਿੱਤੇ। 2022 ਵਿਚ ਬਰਮਿੰਘਮ ਦੀਆਂ ਕਾਮਨਵੈਲਥ ਖੇਡਾਂ ਵਿਚੋਂ 53 ਕਿਲੋ ਦਾ ਗੋਲਡ ਮੈਡਲ ਜਿੱਤਿਆ। 53 ਕਿਲੋ ਨਾਲ ਉਸ ਨੇ ਹੋਰ ਵੀ ਮਹਾਂਦੀਪੀ ਚੈਂਪੀਅਨਸ਼ਿਪਾਂ ਜਿੱਤੀਆਂ। ਟੋਕੀਓ ਓਲੰਪਿਕ ਖੇਡਾਂ-2021 ਵਿਚ ਵੀ ਉਸ ਨੇ 53 ਕਿਲੋ ਵਜ਼ਨ 'ਚ ਹੀ ਭਾਗ ਲਿਆ ਸੀ। ਇਸੇ ਕਰਕੇ ਉਹ ਪੈਰਿਸ ਦੀਆਂ ਓਲੰਪਿਕ ਖੇਡਾਂ ਵਿਚ ਵੀ 53 ਕਿਲੋ 'ਚ ਭਾਗ ਲੈਣਾ ਚਾਹੁੰਦੀ ਸੀ ਪਰ ਭਾਰਤੀ ਕੁਸ਼ਤੀ ਸੰਘ ਨੇ ਉਸ ਵਜ਼ਨ ਲਈ ਵਿਨੇਸ਼ ਦੇ ਟਰਾਇਲ ਨਾ ਲਏ। ਸੰਘ ਨੇ ਵਿਸ਼ਵ ਚੈਂਪੀਅਨਸ਼ਿਪ 'ਚੋਂ ਬਰਾਂਜ਼ ਮੈਡਲ ਜਿੱਤੀ ਅੰਤਮ ਪੰਗਾਲ ਨੂੰ ਹੀ 53 ਕਿਲੋ ਦੀ ਕੁਸ਼ਤੀ ਲਈ ਚੁਣ ਲਿਆ। ਪਰ ਪੰਗਾਲ ਉਮੀਦਾਂ 'ਤੇ ਖਰੀ ਨਾ ਉੱਤਰ ਸਕੀ। ਉਲਟਾ ਆਪਣਾ ਸ਼ਨਾਖ਼ਤੀ ਕਾਰਡ ਆਪਣੀ ਭੈਣ ਨੂੰ ਦੇਣ ਕਰਕੇ ਦੇਸ਼ ਦੀ ਬਦਨਾਮੀ ਦਾ ਕਾਰਨ ਬਣੀ।

ਵਿਨੇਸ਼ ਨੇ ਕੁਸ਼ਤੀ ਸੰਘ ਮੂਹਰੇ ਕੋਈ ਚਾਰਾ ਨਾ ਚਲਦਾ ਵੇਖ ਆਪਣਾ ਵਜ਼ਨ ਬੜੀ ਮੁਸ਼ਕਲ ਨਾਲ ਘਟਾਇਆ ਤੇ 50 ਕਿਲੋ ਦੇ ਟਰਾਇਲ ਜਿੱਤ ਕੇ ਓਲੰਪਿਕ ਲਈ ਭਾਰਤੀ ਟੀਮ ਵਿਚ ਥਾਂ ਬਣਾਈ। ਭਾਰ ਘਟਾਉਣ ਲਈ ਉਹ ਡਾ. ਤੇਜਿੰਦਰ ਕੌਰ ਦੀ ਧੰਨਵਾਦੀ ਹੈ। 53 ਕਿਲੋ 'ਚ ਅੰਤਮ ਪੰਗਾਲ ਪਹਿਲੀ ਕੁਸ਼ਤੀ ਵਿਚ ਹੀ 0-10 ਅੰਕਾਂ ਨਾਲ ਹਾਰ ਕੇ ਮੁਕਾਬਲੇ 'ਚੋਂ ਬਾਹਰ ਹੋ ਗਈ ਪਰ ਵਿਨੇਸ਼ ਮਜਬੂਰੀ ਵੱਸ ਚੁਣੇ 50 ਕਿਲੋ ਵਜ਼ਨ ਵਰਗ ਦੇ ਫਾਈਨਲ ਮੁਕਾਬਲੇ 'ਚ ਪੁੱਜ ਗਈ। ਵਿਨੇਸ਼ ਪੂਰੇ ਅਨੁਸ਼ਾਸਨ ਵਿਚ ਰਹੀ ਜਦ ਕਿ ਅੰਤਮ ਪੰਗਾਲ ਨੂੰ ਅਨੁਸ਼ਾਸਨ ਭੰਗ ਕਰਨ 'ਤੇ ਉਸੇ ਵੇਲੇ ਓਲੰਪਿਕ ਪਿੰਡ 'ਚੋਂ ਕੱਢ ਕੇ ਜਹਾਜ਼ ਚੜ੍ਹਾ ਦਿੱਤਾ ਗਿਆ। ਵਿਨੇਸ਼ ਦੀਆਂ ਕੁਸ਼ਤੀਆਂ ਬੇਸ਼ਕ 7 ਅਗਸਤ ਨੂੰ ਖ਼ਤਮ ਹੋ ਗਈਆਂ ਸਨ ਪਰ ਉਸ ਨੂੰ 16 ਅਗਸਤ ਤੋਂ ਪਹਿਲਾਂ ਜਹਾਜ਼ ਨਾ ਚੜ੍ਹਾਇਆ ਗਿਆ ਕਿ ਵਿਨੇਸ਼ ਦੇ ਸਵਾਗਤ ਦੀਆਂ ਖ਼ਬਰਾਂ ਨਾਲ ਕਿਤੇ 15 ਅਗਸਤ ਦੇ ਭਾਸ਼ਨ ਦੀਆਂ ਖ਼ਬਰਾਂ ਫਿੱਕੀਆਂ ਨਾ ਪੈ ਜਾਣ!

17 ਅਗਸਤ ਨੂੰ ਉਹ ਪੈਰਿਸ ਤੋਂ ਦਿੱਲੀ ਪਰਤੀ ਤਾਂ ਉਸ ਦਾ ਅਜਿਹਾ ਸਵਾਗਤ ਹੋਇਆ ਜਿਹੋ ਜਿਹਾ ਪਹਿਲਾਂ ਕਿਸੇ ਖਿਡਾਰੀ ਦਾ ਨਹੀਂ ਸੀ ਹੋਇਆ। ਲੋਕਾਂ ਨੇ ਉਸ ਨੂੰ ਓਲੰਪਿਕ ਖੇਡਾਂ ਦੇ ਗੋਲਡ ਮੈਡਲਿਸਟ ਤੋਂ ਵੀ ਵੱਧ ਕਰੋੜਾਂ ਰੁਪਈਆਂ ਦੇ 'ਲੋਕ ਸਨਮਾਨ' ਦਿੱਤੇ। 25 ਅਗਸਤ ਉਹਦਾ ਜਨਮ ਦਿਵਸ ਹੈ ਜਿਸ ਦੀਆਂ ਹਾਰਦਿਕ ਮੁਬਾਰਕਾਂ! ਹੋ ਸਕਦੈ ਭਾਰਤ ਦੀਆਂ ਜਾਈਆਂ 25 ਅਗਸਤ ਦਾ ਦਿਨ ਧੀਆਂ ਦੇ ਖੇਡ ਦਿਵਸ ਵਜੋਂ ਹੀ ਮਨਾਉਣ ਲੱਗ ਪੈਣ!

ਵਿਨੇਸ਼ ਫੋਗਾਟ ਹਰਿਆਣੇ ਦਾ ਮਾਣ ਤੇ ਭਾਰਤ ਦੀ ਸ਼ਾਨ ਹੈ। ਏਸ਼ਿਆਈ ਖੇਡਾਂ, ਕਾਮਨਵੈਲਥ ਖੇਡਾਂ, ਏਸ਼ਿਆਈ ਚੈਂਪੀਅਨਸ਼ਿਪਾਂ ਤੇ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ 5 ਗੋਲਡ, 3 ਸਿਲਵਰ ਤੇ 7 ਬਰਾਂਜ਼ ਮੈਡਲਾਂ ਸਣੇ ਭਾਰਤ ਲਈ 15 ਮੈਡਲ ਜਿੱਤਣ ਵਾਲੀ ਇਸ ਲੜਕੀ ਦਾ ਜਨਮ ਹਰਿਆਣੇ ਦੇ ਪਿੰਡ ਬਲਾਲੀ ਵਿਚ 25 ਅਗਸਤ 1994 ਨੂੰ ਕਿਸਾਨ ਪਰਿਵਾਰ 'ਚ ਹੋਇਆ ਸੀ। ਰੀਓ-2016, ਟੋਕੀਓ-2021 ਤੇ ਪੈਰਿਸ-2024 ਦੀਆਂ ਓਲੰਪਿਕ ਖੇਡਾਂ 'ਚੋਂ ਭਾਵੇਂ ਉਸ ਨੂੰ ਕੋਈ ਮੈਡਲ ਨਹੀਂ ਮਿਲ ਸਕਿਆ ਫਿਰ ਵੀ ਉਹ ਸਭ ਤੋਂ ਵੱਧ ਚਰਚਿਤ ਓਲੰਪੀਅਨ ਹੈ।






ਵਿਨੇਸ਼ ਦੇ ਸਿਰੜੀ ਸੰਘਰਸ਼ ਦੀ ਗਾਥਾ ਜੱਗੋਂ ਨਿਆਰੀ ਹੈ। ਉਸ ਦਾ ਪਿਤਾ ਰਾਜਪਾਲ ਨਿਮਨ ਕਿਸਾਨ ਸੀ ਜੋ ਹਰਿਆਣਾ ਰੋਡਵੇਜ਼ ਦਾ ਬੱਸ ਡਰਾਈਵਰ ਬਣਿਆ। ਉਸ ਦੀ ਮਾਂ ਪ੍ਰੇਮ ਲਤਾ ਘਰੇਲੂ ਸੁਆਣੀ ਰਹੀ। ਫੋਗਾਟ ਜੋੜੇ ਦੇ ਤਿੰਨ ਧੀਆਂ ਪੁੱਤਰ ਹਨ, ਪ੍ਰਿਅੰਕਾ, ਹਰਵਿੰਦਰ ਤੇ ਵਿਨੇਸ਼। ਬਚਪਨ 'ਚ ਵਿਨੇਸ਼ ਦੀ ਰੀਝ ਸੀ ਕਿ ਮੇਰੇ ਵਾਲ਼ ਲੰਮੇ ਹੋਣ, ਹੱਥ 'ਚ ਮੋਬਾਈਲ ਹੋਵੇ ਤੇ ਮੈਂ ਹਵਾਈ ਜਹਾਜ਼ਾਂ ਦੀ ਸਵਾਰ ਬਣਾਂ। ਹੋਣੀ ਦੀ ਮਾਰ ਕਿ ਉਹ ਨੌਂ ਸਾਲਾਂ ਦੀ ਹੀ ਸੀ ਕਿ ਉਸ ਦਾ ਪਿਤਾ ਵੱਟ-ਬੰਨੇ ਦੇ ਝਗੜੇ 'ਚ ਮਾਰਿਆ ਗਿਆ। ਵਿਧਵਾ ਮਾਂ ਤਿੰਨ ਬੱਚਿਆਂ ਦੀ ਪਾਲਣਾ ਦਾ ਭਾਰ ਚੁੱਕੀ ਕੈਂਸਰ ਦੀ ਤੀਜੀ ਸਟੇਜ ਨੂੰ ਜਾ ਢੁੱਕੀ। ਬੱਚਿਆਂ ਦੇ ਤਾਊ ਮਹਾਵੀਰ ਸਿੰਘ ਤੇ ਉਹਦੀ ਪਤਨੀ ਦਇਆ ਕੌਰ ਦੇ ਆਪਣੇ ਪੰਜ ਬੱਚੇ ਸਨ, ਚਾਰ ਧੀਆਂ ਤੇ ਇੱਕ ਪੁੱਤਰ। ਮਹਾਵੀਰ ਸਿੰਘ ਨੂੰ ਹੀ ਆਪਣੇ ਛੋਟੇ ਭਰਾ ਦੀਆਂ ਦੋ ਧੀਆਂ ਤੇ ਇਕ ਪੁੱਤਰ ਦਾ ਆਸਰਾ ਬਣਨਾ ਪਿਆ।

ਮਹਾਵੀਰ ਨੇ ਆਪਣੀਆਂ ਧੀਆਂ ਨਾਲ ਭਤੀਜੀਆਂ ਨੂੰ ਵੀ ਪਹਿਲਵਾਨੀ ਦੀ ਸਿਖਲਾਈ ਦੇਣੀ ਸ਼ੁਰੂ ਕੀਤੀ। ਇਹ ਬੇਹੱਦ ਕਠਨ ਕਾਰਜ ਸੀ। ਹਰਿਆਣੇ ਦਾ ਜਾਟ ਸਭਿਆਚਾਰ ਮਰਦਾਂ ਦੀ ਕੁਸ਼ਤੀ ਨੂੰ ਤਾਂ ਸਲਾਹੁੰਦਾ ਸੀ ਪਰ ਔਰਤਾਂ ਦੀ ਕੁਸ਼ਤੀ ਨੂੰ ਉੱਕਾ ਨਹੀਂ ਸੀ ਜਰਦਾ। ਉਲਟਾ ਤਾਅਨੇ ਮਿਹਣੇ ਮਾਰਦਾ ਸੀ। ਪਰ ਭਾਈਚਾਰੇ ਦੇ ਬੋਲ ਕਬੋਲ ਸੁਣਦਿਆਂ ਵੀ ਮਹਾਵੀਰ ਸਿੰਘ ਨੇ ਕੁੜੀਆਂ ਨੂੰ ਕੁਸ਼ਤੀਆਂ ਦੀ ਸਿਖਲਾਈ ਦੇਣ ਦਾ ਧਰਮ ਨਿਭਾਇਆ ਤੇ ਫੋਗਾਟ ਧੀਆਂ ਨੂੰ ਦੇਸ਼ ਵਿਦੇਸ਼ ਦੇ ਕੁਸ਼ਤੀ ਅਖਾੜਿਆਂ ਵਿਚ ਘੁਲਣ ਜੋਗੀਆਂ ਬਣਾਇਆ। ਗੀਤਾ, ਬਬੀਤਾ, ਪ੍ਰਿਅੰਕਾ ਤੇ ਵਿਨੇਸ਼ ਨੇ ਅਨੇਕ ਅੰਤਰਰਾਸ਼ਟਰੀ ਕੁਸ਼ਤੀ ਮੁਕਾਬਲੇ ਜਿੱਤੇ ਜਿਨ੍ਹਾਂ ਨਾਲ ਦੇਸ਼ ਦਾ ਮਾਣ ਵਧਿਆ। ਉਨ੍ਹਾਂ ਦੀ ਰੀਸ ਨਾਲ ਹੋਰ ਲੜਕੀਆਂ ਵੀ ਕੁਸ਼ਤੀਆਂ ਦੇ ਰਾਹ ਪਈਆਂ। ਪਹਿਲਾਂ ਏਸ਼ੀਆ ਦਾ ਚੈਂਪੀਅਨ ਪਹਿਲਵਾਨ ਚੰਦਗੀ ਰਾਮ ਵੀ ਆਪਣੀਆਂ ਧੀਆਂ ਨੂੰ ਕੁਸ਼ਤੀ ਦੇ ਅਖਾੜਿਆਂ ਵਿਚ ਲਿਆਇਆ ਸੀ। ਫਿਰ ਫੋਗਾਟ ਭੈਣਾਂ ਦੇ ਕੁਸ਼ਤੀ 'ਚ ਆਉਣ ਨਾਲ ਹਰਿਆਣਾ ਔਰਤਾਂ ਦੀਆਂ ਕੁਸ਼ਤੀਆਂ ਦੀ ਹੱਬ ਬਣ ਗਿਆ। ਹੁਣ ਹਰਿਆਣਾ ਤੇ ਪੰਜਾਬ ਹੀ ਹਨ ਜੋ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ 'ਚੋਂ ਭਾਰਤ ਲਈ ਵਧੇਰੇ ਮੈਡਲ ਜਿੱਤਦੇ ਹਨ। ਇਹ ਦੱਸਣਾ ਵੀ ਵਾਜਬ ਹੋਵੇਗਾ ਕਿ ਵਧੇਰੇ ਖਿਡਾਰੀ ਕਿਰਤੀਆਂ ਤੇ ਕਿਸਾਨ ਘਰਾਂ ਦੇ ਜਾਏ ਹੁੰਦੇ ਹਨ।

ਹੁਣ ਫੇਰ ਵਿਨੇਸ਼ ਨਾਲ ਹਮਦਰਦੀ ਦੀ ਲੋਕ ਲਹਿਰ ਚੱਲ ਪਈ ਹੈ। ਭਾਰਤ ਦੇ ਕਰੋੜਾਂ ਲੋਕ ਉਸ ਨਾਲ ਆ ਖੜ੍ਹੇ ਹਨ। ਭਾਰਤੀ ਕੁਸ਼ਤੀ ਸੰਘ ਦੇ ਹੰਕਾਰੀ ਪ੍ਰਧਾਨ ਵੱਲੋਂ ਪਹਿਲਵਾਨ ਬੀਬੀਆਂ ਨਾਲ ਕੀਤੇ ਦੁਰਵਿਹਾਰ ਵਿਰੁੱਧ ਵਿਨੇਸ਼ ਤੇ ਉਹਦੇ ਸਾਥੀਆਂ ਵੱਲੋਂ ਲੜੇ ਜੁਝਾਰੂ ਸੰਘਰਸ਼ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਵਾਰਦਾਤਾਂ ਮੁੜ ਯਾਦ ਆ ਗਈਆਂ ਹਨ। ਕਿਵੇਂ ਉਸ ਨੂੰ ਤੇ ਉਹਦੀਆਂ ਸਾਥਣਾਂ ਨੂੰ ਜੰਤਰ ਮੰਤਰ 'ਤੇ ਖੱਜਲ ਖੁਆਰ ਕੀਤਾ ਗਿਆ ਤੇ ਮਰਦਾਨਾ ਪੁਲਿਸ ਨੇ ਉਸ ਨੂੰ ਤੇ ਓਲੰਪਿਕ ਖੇਡਾਂ ਦੀ ਤਗ਼ਮਾ ਜੇਤੂ ਸਾਕਸ਼ੀ ਮਲਕ ਨੂੰ ਦਿੱਲੀ ਦੀਆਂ ਸੜਕਾਂ 'ਤੇ ਘੜੀਸਿਆ। ਧੱਕੜਾਂ ਦੇ ਧੱਕੇ ਵਿਰੁੱਧ ਆਮ ਲੋਕਾਂ ਦੀ ਦੱਬਿਆਂ ਲਤਾੜਿਆਂ ਨਾਲ ਹਮਦਰਦੀ ਹੋਣੀ ਹੀ ਸੀ। ਹਮਦਰਦੀ ਦੀ ਇਸ ਲਹਿਰ ਵਿਚ ਵਿਨੇਸ਼ ਫੋਗਾਟ ਨੂੰ ਲੋਕਾਂ ਵੱਲੋਂ ਮਿਲ ਰਹੇ ਮਾਨ ਸਨਮਾਨਾਂ ਦਾ ਸੱਚੀਓਂ ਕੋਈ ਹੱਦ ਬੰਨਾ ਨਹੀਂ ਰਿਹਾ। ਖ਼ਬਰਾਂ ਹਨ ਕਿ ਦੇਸੀ ਘਿਓ ਦੇ ਪੀਪੇ, ਡਰਾਈ ਫਰੂਟਾਂ ਦੇ ਬੋਰੇ, ਪਗੜੀਆਂ, ਗੁਰਜਾਂ, ਸੋਨ ਮੈਡਲ, ਦੋ ਏਕੜ ਜ਼ਮੀਨ ਤੇ ਕਰੋੜਾਂ ਰੁਪਏ ਦੇ ਨਕਦ ਸਨਮਾਨ ਤਾਂ ਮਿਲ ਵੀ ਚੁੱਕੇ ਹਨ। ਅਜੇ ਕਿਹੜਾ ਬੱਸ ਹੈ?

ਬੇਸ਼ਕ ਸੋਨੇ, ਜ਼ਮੀਨ ਤੇ ਰੁਪਿਆਂ ਦੀ ਹੁਣ ਸਾਡੀ ਧੀ ਨੂੰ ਲੋੜ ਨਹੀਂ, ਸਿਰ 'ਤੇ ਅਸ਼ੀਰਵਾਦੀ ਹੱਥ ਰੱਖਣ ਦੀ ਹੈ। ਫਿਰ ਵੀ ਪਰਵਾਸੀ ਪੰਜਾਬੀ ਖੇਡ ਪ੍ਰਮੋਟਰ ਸਿਰ 'ਤੇ ਹੱਥ ਰੱਖਦੇ ਹੋਏ, ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਨੇੜੇ ਮਨਾਏ ਜਾਂਦੇ 'ਪੁਰੇਵਾਲ ਖੇਡ ਮੇਲੇ' ਵਿਚ ਬੀਬੀ ਵਿਨੇਸ਼ ਦਾ ਵਿਲੱਖਣ ਸਨਮਾਨ ਕਰਨਗੇ। ਉਸ ਵਿਚ ਮੈਨੂੰ ਮਿਲਿਆ 'ਖੇਡ ਰਤਨ ਅਵਾਰਡ' ਦਾ ਗੋਲਡ ਮੈਡਲ ਵੀ ਜੁਝਾਰੂ ਧੀ ਨੂੰ ਅਰਪਿਤ ਹੋਵੇਗਾ। 'ਪੇਂਡੂ ਓਲੰਪਿਕ' ਵਜੋਂ ਜਾਣੇ ਜਾਂਦੇ ਪੁਰੇਵਾਲ ਖੇਡ ਮੇਲੇ 'ਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਪਹਿਲਾਂ ਤੋਂ ਹੁੰਦੀਆਂ ਆ ਰਹੀਆਂ ਹਨ। ਓਲੰਪਿਕ ਚੈਂਪੀਅਨ ਡੇਨੀਅਲ ਇਗਾਲੀ, ਓਲੰਪਿਕ ਮੈਡਲਿਸਟ ਸੁਸ਼ੀਲ ਕੁਮਾਰ, ਕਾਮਨਵੈਲਥ ਤੇ ਏਸ਼ਿਆਈ ਖੇਡਾਂ ਦੇ ਚੈਂਪੀਅਨ ਅਤੇ ਅਨੇਕ ਨੈਸ਼ਨਲ ਚੈਂਪੀਅਨ ਪਹਿਲਵਾਨ ਇਥੇ ਘੁਲਦੇ ਆ ਰਹੇ ਹਨ। ਵਿਨੇਸ਼ ਦੇ ਤਾਊ ਪਹਿਲਵਾਨ ਮਹਾਵੀਰ ਸਿੰਘ ਵੀ ਬਤੌਰ ਕੋਚ ਆਪਣੇ ਸ਼ਾਗਿਰਦਾਂ ਤੇ ਫੋਗਾਟ ਧੀਆਂ ਨੂੰ ਕੁਸ਼ਤੀਆਂ ਲੜਾਉਣ ਲਈ ਹਕੀਮਪੁਰ ਦੇ ਪੁਰੇਵਾਲ ਖੇਡ ਮੇਲੇ 'ਚ ਲਿਆਉਂਦੇ ਰਹੇ ਹਨ। ਇਹ ਖੇਡ ਮੇਲਾ ਹਰ ਸਾਲ ਜਗਤਪੁਰ ਦੇ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਵਿਚ ਭਰਦਾ ਹੈ ਜਿਸ ਵਿਚ ਹਜ਼ਾਰਾਂ ਦਰਸ਼ਕਾਂ ਨੂੰ ਸਮਾਉਣ ਦੀ ਸਮਰੱਥਾ ਹੈ। ਵਿਨੇਸ਼ ਦੀ ਇੱਛਾ ਅਨੁਸਾਰ ਉਸ ਨੂੰ ਸ਼ਹੀਦ ਭਗਤ ਸਿੰਘ-ਰਾਜਗੁਰੂ-ਸੁਖਦੇਵ ਦੀ ਯਾਦਗਾਰ ਦੇ ਦਰਸ਼ਨ ਵੀ ਕਰਾਏ ਜਾਣਗੇ।

ਕਾਸ਼! ਵਿਨੇਸ਼ ਆਪਣੇ ਸਹੀ ਵਜ਼ਨ 53 ਕਿਲੋ ਲਈ ਚੁਣੀ ਹੁੰਦੀ। ਨਾ ਉਸ ਨੂੰ 50 ਗਰਾਮ ਵਜ਼ਨ ਵਧਣ ਕਰਕੇ ਕੁਸ਼ਤੀ ਦੇ ਫਾਈਨਲ ਮੁਕਾਬਲੇ 'ਚੋਂ ਬਾਹਰ ਹੋਣਾ ਪੈਂਦਾ, ਨਾ ਓਲੰਪਿਕ ਮੈਡਲ ਖੁੱਸਦਾ ਤੇ ਨਾ ਪੰਗਾਲ ਨੂੰ ਅਨੁਸ਼ਾਸਨ ਭੰਗ ਕਰਨ ਬਦਲੇ ਓਲੰਪਿਕ ਖੇਡਾਂ 'ਚੋਂ ਅਗਾਊਂ ਕੱਢਣਾ ਪੈਂਦਾ। ਸਰਕਾਰ ਨੂੰ ਭਾਰਤੀ ਕੁਸ਼ਤੀ ਸੰਘ ਦੀਆਂ ਕਾਰਵਾਈਆਂ ਦੀ ਨਿਰਪੱਖ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਜਾ ਸਕੇ। ਕੀ ਕਾਰਨ ਸਨ ਕਿ ਵਿਨੇਸ਼ ਦੀ ਅਪੀਲ ਦਾ ਫੈਸਲਾ ਵਾਰ ਵਾਰ ਲਮਕਾਇਆ ਗਿਆ? ਆਖ਼ਰ 15 ਅਗਸਤ ਨੂੰ ਅਪੀਲ ਖਾਰਜ ਕਰਨ ਦਾ ਫੈਸਲਾ ਸੁਣਾਇਆ ਤਾਂ ਪੰਜਾਬੀ ਦੇ 'ਵਰਿਆਮ' ਲੇਖਕ ਵਰਿਆਮ ਸਿੰਘ ਸੰਧੂ ਨੇ ਵਿਨੇਸ਼ ਨੂੰ 'ਔਰਤ ਦੀ ਆਜ਼ਾਦੀ ਦੀ ਸ਼ਹੀਦ' ਆਖਿਆ। ਉਸ ਨੇ ਆਪਣੀ ਪੋਸਟ ਵਿਚ ਲਿਖਿਆ:

ਸਾਡੀ ਵਿਨੇਸ਼ ਔਰਤ ਦੀ ਇੱਜ਼ਤ ਤੇ ਮਾਣ-ਸਨਮਾਨ ਦੀ ਬਹਾਲੀ ਲਈ ਬੇਖ਼ੌਫ਼ ਹੋ ਕੇ ਰਣਤੱਤੇ ਵਿਚ ਜੂਝੀ ਹੈ। ਧੌਣ ਉੱਚੀ ਚੁੱਕ ਕੇ ਲੜੀ ਹੈ ਤਾਂ ਕਿ ਔਰਤ-ਜ਼ਾਤ ਦੀ ਧੌਣ ਉੱਚੀ ਰਹਿ ਸਕੇ। ਉਸ ਨੇ ਕੇਵਲ ਅਖਾੜੇ ਤੇ ਅਖਾੜੇ ਤੋਂ ਬਾਹਰ ਹੀ ਕੁਸ਼ਤੀ ਲੜਨ ਦੀ ਜਾਚ ਨਹੀਂ ਦੱਸੀ, ਸਗੋਂ ਔਰਤ ਦੀ ਇੱਜ਼ਤ ਆਬਰੂ ਤੇ ਅਜ਼ਮਤ ਦੀ ਰਾਖੀ ਲਈ ਲੜਨ ਦੀ ਜਾਚ ਵੀ ਦੱਸੀ ਹੈ। ਸੱਚ ਲਈ ਅੜਨਾ ਤੇ ਲੜਨਾ ਦੱਸਿਆ ਹੈ।

ਸੱਤਾ ਨੇ ਵਿਨੇਸ਼ ਦਾ ਮਾਣ ਸਨਮਾਨ ਹੀ ਨਹੀਂ ਖੋਹਿਆ, ਓਲੰਪਿਕ ਖੇਡਾਂ ਦੀ ਤਿਆਰੀ ਲਈ ਉਹਦਾ ਸਮਾਂ ਵੀ ਖੋਹਿਆ ਤੇ ਉਹਦੀ ਕੁਸ਼ਤੀ ਵਾਲੀ ਭਾਰ ਸ਼੍ਰੇਣੀ ਵੀ ਖੋਹੀ...।

ਅਖ਼ੀਰ ਵਿਚ ਵਿਨੇਸ਼ ਨੂੰ ਹੌਂਸਲਾ ਦਿੰਦਿਆਂ ਲਿਖਿਆ: ਉਦਾਸ ਤੇ ਨਿਰਾਸ਼ ਨਾ ਹੋਵੀਂ ਧੀ ਰਾਣੀਏਂ! ਤੂੰ ਹੱਕ ਸੱਚ ਲਈ ਲੜਨ ਦੇ ਜਜ਼ਬੇ ਨੂੰ ਜੁੰਬਿਸ਼ ਦਿੱਤੀ ਹੈ ਤੇ ਕਈਆਂ ਨੂੰ ਇਹ ਕਹਿਣ ਦੀ ਜ਼ੁਬਾਨ ਵੀ ਦਿੱਤੀ ਹੈ:

ਅਸੀਂ ਲੜਾਂਗੇ ਸਾਥੀ
ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ 'ਤੇ ਪਏ ਰੱਟਣਾਂ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ, ਕਿਉਂਕਿ ਲੜਨ ਬਿਨਾਂ ਕੁਝ ਨਹੀਂ ਮਿਲਦਾ।

***(ਪਿਛਲੇ ਸਫੇ ਦੀ ਬਾਕੀ)***

ਵਿਚ ਤਾਂ ਕਮਾਲ ਹੀ ਹੋ ਗਈ।'

'ਸੱਚੀਂ? ਕੀ ਹੋ ਗਿਆ?'

ਹਰ ਦੋ ਕੁ ਮਹੀਨਿਆਂ ਬਾਅਦ ਮੇਰੀ ਘਰਵਾਲੀ ਨੇ ਕਹਿਣਾ— 'ਜੀ, ਘਰਾਂ ਦੀਆਂ ਕੀਮਤਾਂ ਬਹੁਤ ਤੇਜ਼ੀ ਨਾਲ ਵਧ ਰਹੀਆਂ ਹਨ। ਆਪਣੇ ਕਿਰਾਏ ਵਾਲੇ ਘਰ ਦੀ ਕੀਮਤ ਡੇਢ ਲੱਖ ਡਾਲਰ ਹੋ ਗਈ।' ਮੈਂ ਸੋਚਣਾ ਐਵੇਂ ਭਕਾਈ ਮਾਰ ਰਹੀ ਏ। ਇੱਕ ਦਿਨ ਮੇਰੇ ਕੰਮ 'ਤੇ ਮੈਨੂੰ ਇੱਕ ਸਾਥੀ ਕਹਿੰਦਾ, 'ਮਕਾਨਾਂ ਦੀਆਂ ਕੀਮਤਾਂ ਅਸਮਾਨਾਂ ਨੂੰ ਛੂਹਣ ਲੱਗ ਪਈਆਂ ਹਨ।' ਫਿਰ ਇੱਕ ਦਿਨ ਮੇਰੀ ਲੜਕੀ ਮੈਨੂੰ ਇੰਟਰਨੈਟ 'ਤੇ ਘਰਾਂ ਦੀਆਂ ਕੀਮਤਾਂ ਦਿਖਾਉਣ ਲੱਗ ਪਈ। ਮੈਨੂੰ ਯਕੀਨ ਆਉਣ ਲੱਗ ਪਿਆ ਕਿ ਜਦ ਮੈਂ ਆਪਣੇ ਕਿਰਾਏ 'ਤੇ ਦਿੱਤੇ ਘਰ ਦੀ ਕੀਮਤ ਪਤਾ ਕੀਤੀ ਤਾਂ ਨੇੜੇ ਦੇ ਬੰਦੇ ਕਹਿੰਦੇ ਹੁਣ ਇਹ ਹਿਸਾਬ ਯੂਨਿਟਾਂ ਪੌਣੇ ਦੋ ਦੋ ਲੱਖ ਦੀਆਂ ਹੋ ਗਈਆਂ ਹਨ। ਅਸੀਂ ਘਰ ਵਿਚਾਰ ਕੀਤਾ ਤੇ ਰੀਅਲ ਅਸਟੇਟ ਦੇ ਇੱਕ ਏਜੰਟ ਨਾਲ ਸੰਪਰਕ ਕੀਤਾ। ਉਹ ਕਹਿੰਦਾ- 'ਮੌਕਾ ਏ ਸੇਲ 'ਤੇ ਲਗਵਾ ਦਿਓ।' ਫੋਰ ਸੇਲ ਦਾ ਬੋਰਡ ਮੂਹਰੇ ਲੱਗ ਗਿਆ। ਅਸੀਂ ਦੋ ਮਹੀਨੇ ਹੋਰ ਉਡੀਕਦੇ ਰਹੇ। ਫਿਰ ਏਜੰਟ ਮੈਨੂੰ ਮਿਲਿਆ।

'ਹੁਣ ਕੱਢ ਦਿਓ। ਸੁਨਹਿਰੀ ਮੌਕਾ ਏ।'

'ਕੀ ਮਿਲ ਸਕਦਾ ਏ?'

'ਇਕ ਲੱਖ ਪਚਾਨਵੇਂ ਹਜ਼ਾਰ ਦਾ ਗਾਹਕ ਮੇਰੇ ਪਾਸ ਹੈ। ਫਿਲੀਪੀਨਾ ਏ।'

ਮੈਂ ਕਿਹਾ, 'ਕੱਢ ਦਿਓ।'

ਦੋ ਸਾਲ ਪਹਿਲਾਂ ਖਰੀਦੀ ਯੂਨਿਟ ਇਕ ਲੱਖ ਡਾਲਰ ਦਾ ਮੁਨਾਫਾ ਦੇ ਗਈ। ਇਹ ਇੱਕ ਲੱਖ ਲਿਜਾ ਕੇ ਮੈਂ ਆਪਣੇ ਗੁਰੂ ਘਰ ਦੇ ਨੇੜੇ ਲਏ ਦੋ ਸਫਾ 26 ਦੀ ਬਾਕੀ

ਲੱਖ 80 ਹਜ਼ਾਰ ਦੇ ਘਰ ਵਿਚ ਪਾ ਦਿੱਤਾ। ਮੇਰਾ ਇਹ ਕਰਜ਼ਾ ਇਕ ਲੱਖ ਘਟ ਗਿਆ। ਇਸ ਇਕ ਲੱਖ ਨੇ ਮੇਰੀ ਨਵੀਂ ਪ੍ਰਵਾਸੀ ਜ਼ਿੰਦਗੀ ਸੌਖੀ ਕਰ ਦਿੱਤੀ।'

ਮੇਰੀ ਕਹਾਣੀ ਸੁਣ ਕੇ ਜਾਟ ਭਾਈ ਕਹਿਣ ਲੱਗਾ, 'ਤੁਹਾਡੀ ਕਹਾਣੀ ਸੱਚਮੁੱਚ ਹੀ ਬੜੀ ਰੋਚਕ ਏ। ਸਾਡਾ ਮਜਮੂਨ ਦੋਹਾਂ ਦਾ ਇੱਕ ਏ। ਚੰਗਾ ਹੋਇਆ ਮੈਨੂੰ ਸੋਹਣਾ ਗੁਆਂਢ ਮਿਲ ਗਿਆ। ਹੁਣ ਆਪਾਂ ਮਿਲਦੇ ਰਿਹਾ ਕਰਾਂਗੇ'

'ਚੰਗਾ, ਵੀਰ ਜੀ। ਇਨ੍ਹਾਂ ਬਾਹਰਲੇ ਮੁਲਕਾਂ ਵਿਚ ਹਮਖਿਆਲ ਤੇ ਹਮਭਾਸ਼ਾ ਬੰਦਾ ਨਸੀਬ ਨਾਲ ਹੀ ਮਿਲਦਾ ਏ।'

# ਹਰਿਆਣਾ, ਜੰਮੂ-ਕਸ਼ਮੀਰ ਚੋਣਾਂ - ਭਾਜਪਾ ਦਾ ਅਕਸ ਦਾਅ 'ਤੇ



**ਗੁਰਮੀਤ ਸਿੰਘ ਪਲਾਹੀ**
**ਫੋਨ: +91-98158-02070**

ਇਹ ਸਪਸ਼ਟ ਹੈ ਕਿ ਹਰਿਆਣਾ ਅਤੇ ਜੰਮੂ-ਕਸ਼ਮੀਰ ਦੋਨਾਂ ਹੀ ਸੂਬਿਆਂ ਵਿਚ ਹੋਣ ਜਾ ਰਹੀਆਂ ਚੋਣਾਂ ਭਾਰਤੀ ਜਨਤਾ ਪਾਰਟੀ ਲਈ ਸੌਖੀਆਂ ਨਹੀਂ ਹੋਣਗੀਆਂ। ਉਥੇ ਭਾਜਪਾ ਅਤੇ ਕਾਂਗਰਸ/ਇੰਡੀਅਨ ਗੱਠਜੋੜ ਵਿਚ ਸਖ਼ਤ ਟੱਕਰ ਹੋਣ ਵਾਲੀ ਹੈ। ਇਹ ਚੋਣਾਂ ਸਤੰਬਰ/ ਅਕਤੂਬਰ 2024 ਵਿਚ ਹੋ ਰਹੀਆਂ ਹਨ।

ਆਮ ਤੌਰ 'ਤੇ ਹਰਿਆਣਾ ਅਤੇ ਮਹਾਂਰਾਸ਼ਟਰ ਵਿਚ ਚੋਣਾਂ ਹੋਣ ਦਾ ਵੇਲਾ ਇਹੋ ਜਿਹਾ ਰਿਹਾ ਹੈ ਪਰ ਹਾਰ ਦੇ ਅਣਜਾਣੇ ਡਰ ਕਾਰਨ ਭਾਜਪਾ ਹਕੂਮਤ ਨੇ ਇਹ ਚੋਣਾਂ ਹਰਿਆਣਾ ਅਤੇ ਜੰਮੂ ਕਸ਼ਮੀਰ ਦੀਆਂ ਚੋਣਾਂ ਤੋਂ ਬਾਅਦ ਕਰਵਾਉਣ ਦਾ ਫੈਸਲਾ ਭਾਰਤੀ ਚੋਣ ਕਮਿਸ਼ਨ ਤੋਂ ਕਰਵਾਇਆ ਹੈ। ਇਥੋਂ ਭਾਜਪਾ ਨੂੰ ਸ਼ਿਵ ਸੈਨਾ (ਯੂ.ਬੀ.ਟੀ.), ਨੈਸ਼ਨਲਿਸਟ ਕਾਂਗਰਸ ਪਾਰਟੀ (ਐਸ.ਸੀ.) ਕਾਂਗਰਸ ਅਤੇ ਹੋਰ ਪਾਰਟੀਆਂ ਦੀ ਆਪਸੀ ਸਾਂਝ ਇੰਡੀਆ ਗੱਠਜੋੜ ਦਾ ਏਕਾ ਪ੍ਰੇਸ਼ਾਨ ਕਰ ਰਿਹਾ ਹੈ, ਕਿਉਂਕਿ ਇੰਡੀਆ ਗੱਠਜੋੜ ਦੇ ਆਗੂ ਸ਼ਰਦ ਪਵਾਰ ਦਾ ਬਿਆਨ ਹੈ ਕਿ ਉਨ੍ਹਾਂ ਦਾ ਪੂਰਾ ਜ਼ੋਰ ਮਹਾਰਾਸ਼ਟਰ 'ਚ ਸਰਕਾਰ ਬਦਲਣ 'ਤੇ ਕੇਂਦਰਿਤ ਹੈ।

ਉਧਰ ਜੰਮੂ-ਕਸ਼ਮੀਰ 'ਚ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਵਿਚਾਲੇ ਗੱਠਜੋੜ ਹੋ ਰਿਹਾ ਹੈ। ਜਿਥੇ 90 ਸੀਟਾਂ ਉਤੇ ਗੱਠਜੋੜ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਇਥੇ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਅਰਥਾਤ ਇੰਡੀਆ ਗੱਠਜੋੜ ਦੀ ਤਰਜੀਹ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਕਰਨ ਦੀ ਹੈ। ਉਨ੍ਹਾਂ ਦੀ ਤਰਜੀਹ ਲੋਕਾਂ ਦੇ ਖੋਹੇ ਹੋਏ ਹੱਕ ਬਹਾਲ ਕਰਨ ਦੀ ਵੀ ਹੈ। ਇਸ ਗੱਠਜੋੜ ਤੋਂ ਬਾਅਦ ਭਾਜਪਾ ਅਤੇ ਇੰਡੀਆ ਗੱਠਜੋੜ ਦੀ ਟੱਕਰ ਜ਼ਬਰਦਸਤ ਹੋ ਜਾਏਗੀ। ਜੰਮੂ ਕਸ਼ਮੀਰ ਵਿਚ ਭਾਜਪਾ ਦੀ ਸਫ਼ਲਤਾ ਦਾ ਅਰਥ ਉਥੇ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਵੀ ਹੋਏਗਾ, ਜਿਸ ਵਿਚ 370 ਧਾਰਾ ਨੂੰ ਹਟਾਉਣਾ ਵੀ ਸ਼ਾਮਲ ਹੈ। ਪਰ ਇਸ ਗੱਲ ਦੀ ਸ਼ੰਕਾ ਹੈ ਕਿ ਭਾਜਪਾ ਜੰਮੂ ਕਸ਼ਮੀਰ ਵਿਚ ਇੱਕ ਮਜ਼ਬੂਤ ਤਾਕਤ ਦੇ ਰੂਪ ਵਿਚ ਉੱਭਰ ਪਾਏਗੀ।

2024 ਵਿਚ ਭਾਜਪਾ ਨੇ ਜੰਮੂ ਵਿਚ ਦੋ ਲੋਕ ਸਭਾ ਸੀਟਾਂ ਜਿੱਤੀਆਂ ਅਤੇ 24.4% ਵੋਟਾਂ ਪ੍ਰਾਪਤ ਕੀਤੀਆਂ, ਪਰ ਇਹ ਵੀ ਸੱਚਾਈ ਹੈ ਕਿ ਭਾਜਪਾ ਨੇ ਸਾਰੀਆਂ 6 ਲੋਕ ਸਭਾ ਸੀਟਾਂ ਉਤੇ ਲੋਕ ਸਭਾ ਚੋਣਾਂ ਨਹੀਂ ਸਨ ਲੜੀਆਂ। ਇਹ ਭਾਜਪਾ ਦੀ ਕਮਜ਼ੋਰੀ ਦਾ ਸਬੂਤ ਹੈ। ਇਥੇ ਇਹ ਵੀ ਵਰਣਨਯੋਗ ਹੈ ਕਿ ਜੰਮੂ ਕਸ਼ਮੀਰ ਵਿਚ 35 ਫ਼ੀਸਦੀ ਲੋਕ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਅਤੇ 27 ਫ਼ੀਸਦੀ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਵੇਖਣਾ ਪਸੰਦ ਕਰਦੇ ਸਨ।

2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਹਰਿਆਣਾ ਅਤੇ ਜੰਮੂ ਕਸ਼ਮੀਰ ਵਿਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਸੀ। ਹਰਿਆਣਾ 'ਚ ਭਾਜਪਾ ਨੇ 46.1 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 10 ਸੀਟਾਂ ਵਿਚ 5 ਲੋਕ ਸਭਾ ਸੀਟਾਂ ਜਿੱਤੀਆਂ ਜਦਕਿ ਕਾਂਗਰਸ ਨੇ ਬਾਕੀ 5 ਸੀਟਾਂ 'ਤੇ ਸਫਲਤਾ ਪ੍ਰਾਪਤ ਕੀਤੀ ਅਤੇ 43.7 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ। ਭਾਜਪਾ ਨੇ 2019 ਚੋਣਾਂ 'ਚ 58 ਫ਼ੀਸਦੀ ਵੋਟਾਂ ਲਈਆਂ ਸਨ ਅਤੇ ਇਸ ਵੇਰ 12 ਫ਼ੀਸਦੀ ਦੀ ਗਿਰਾਵਟ ਇਨ੍ਹਾਂ ਚੋਣਾਂ 'ਚ ਵੇਖੀ ਗਈ। ਜਦਕਿ ਕਾਂਗਰਸ ਨੇ 2019 'ਚ 28.4 ਫੀਸਦੀ ਵੋਟ ਲਏ ਅਤੇ ਇਸ ਵੇਰ 15.3 ਫ਼ੀਸਦੀ ਦਾ ਵਾਧਾ ਵੋਟਾਂ 'ਚ ਕੀਤਾ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਵੇਰ ਹਵਾ ਕਿਸ ਪਾਸੇ ਵਗ ਰਹੀ ਹੈ।

ਸਾਲ 2019 'ਚ ਜਦੋਂ ਹਰਿਆਣਾ 'ਚ ਵਿਧਾਨ ਸਭਾ ਚੋਣਾਂ ਹੋਈਆਂ ਸਨ ਤਾਂ ਭਾਜਪਾ ਨੂੰ 36.5 ਫ਼ੀਸਦੀ ਵੋਟ ਮਿਲੇ ਸਨ ਤੇ 40 ਸੀਟਾਂ ਪ੍ਰਾਪਤ ਹੋਈਆਂ। ਇਹ ਲੋਕ ਸਭਾ 2019 ਦੀਆਂ ਭਾਜਪਾ ਨੂੰ ਪ੍ਰਾਪਤ ਵੋਟਾਂ ਤੋਂ ਕਾਫ਼ੀ ਘੱਟ ਸਨ। ਇਸ ਵਾਰ ਦੇਖਣਾ ਹੋਏਗਾ ਕਿ ਹਰਿਆਣਾ ਦੇ ਲੋਕ ਇਸੇ ਕਿਸਮ ਦੇ ਫ਼ੈਸਲੇ ਨੂੰ ਦੁਹਰਾਉਂਦੇ ਹਨ ਜਾਂ ਕੋਈ ਅਲੱਗ ਫ਼ੈਸਲਾ ਕਰਦੇ ਹਨ।

ਹਰਿਆਣਾ ਵਿਚ 2019 'ਚ ਭਾਜਪਾ ਨੇ ਗੱਠਜੋੜ ਸਰਕਾਰ ਬਣਾਈ। ਇਸ ਸਮੇਂ ਦੌਰਾਨ ਕਿਸਾਨ ਅੰਦੋਲਨ ਹੋਇਆ। ਇਸ ਅੰਦੋਲਨ 'ਚ ਹਰਿਆਣਾ ਭਾਜਪਾ ਤੇ ਸਰਕਾਰ ਦੀ ਭੂਮਿਕਾ ਬੇਹੱਦ ਇੱਕ ਪਾਸੜ ਰਹੀ। ਕਿਸਾਨਾਂ ਦਾ ਗੁੱਸਾ ਸਰਕਾਰ ਨੂੰ ਝੱਲਣਾ ਪਿਆ। ਪੰਜ ਸਾਲ ਬਾਅਦ 2019 'ਚ ਵੀ ਸਰਕਾਰ ਨੂੰ ਰੋਸ ਦਾ ਸਾਹਮਣਾ ਕਰਨਾ ਪਿਆ ਤੇ ਇਹ ਗੁੱਸਾ, ਰੋਸ, ਹੋਰ ਵੀ ਵਧਿਆ ਹੈ। ਮਨੋਹਰ ਲਾਲ ਖੱਟੜ ਵਲੋਂ ਵਿਚ ਵਿਚਾਲੇ ਬਦਲੇ ਗਏ, ਨੈਬ ਸਿੰਘ ਸੈਣੀ ਨੂੰ ਲਿਆਂਦਾ ਗਿਆ ਹੈ। ਪਰ ਲੋਕਾਂ 'ਚ ਨਾਰਾਜ਼ਗੀ ਬਰਕਰਾਰ ਹੈ। ਸਰਕਾਰ ਬਦਲਣ ਨਾਲ ਜਨਤਾ ਦੇ ਮੂਡ ਵਿਚ ਕੋਈ ਬਦਲਾਅ ਨਹੀਂ ਹੈ।

ਸੰਭਵ ਹੈ ਕਿ ਰਾਜ ਵਿਚ ਨਰੇਂਦਰ ਮੋਦੀ ਦੇ ਅਕਸ ਦਾ ਪੱਤਾ ਖੇਡਿਆ ਜਾਏ। ਭਾਜਪਾ ਲੋਕ ਸਭਾ ਚੋਣਾਂ 'ਚ ਤਾਂ ਮੋਦੀ ਪੱਤੇ ਨਾਲ ਵੋਟਾਂ ਪ੍ਰਾਪਤ ਕਰਨ 'ਚ ਕਾਮਯਾਬ ਰਹਿੰਦੀ ਹੈ, ਪਰ ਵਿਧਾਨ ਸਭਾਵਾਂ 'ਚ ਇਹ ਮੋਦੀ ਪੱਤਾ ਕਾਰਗਰ ਨਹੀਂ ਰਹਿੰਦਾ। ਉਂਜ ਵੀ 2019 ਦੇ ਮੋਦੀ ਦੇ ਅਕਸ ਦੇ ਮੁਕਾਬਲੇ 2024 'ਚ ਵਿਰੋਧੀ ਆਗੂ ਰਾਹੁਲ ਗਾਂਧੀ ਦੀ ਲੋਕ ਪ੍ਰਿਯਤਾ ਵਧੀ ਹੈ। ਲੋਕ ਸਭਾ ਚੋਣਾਂ 'ਚ ਰਾਹੁਲ ਗਾਂਧੀ ਨੂੰ ਹਰਿਆਣਾ 'ਚ 30 ਫ਼ੀਸਦੀ ਲੋਕ ਪ੍ਰਧਾਨ ਮੰਤਰੀ ਵਜੋਂ ਵੇਖਣਾ ਚਾਹੁੰਦੇ ਸਨ, ਜਦਕਿ 2019 'ਚ ਇਹ 15 ਫ਼ੀਸਦੀ ਸੀ ਤੇ ਮੋਦੀ ਦੀ ਲੋਕ ਪ੍ਰਿਯਤਾ 32 ਫ਼ੀਸਦੀ ਸੀ।

ਜਿਥੇ ਜੰਮੂ ਕਸ਼ਮੀਰ ਵਿਚ ਭਾਜਪਾ ਦੇ ਜਿੱਤਣ ਦੀਆਂ ਸੰਭਾਵਨਾਵਾਂ ਕਾਫੀ ਘਟਦੀਆਂ ਜਾ ਰਹੀਆਂ ਹਨ, ਉਥੇ ਹਰਿਆਣਾ ਵਿਚ ਵੀ ਭਾਜਪਾ ਦੇ ਜਿੱਤਣ ਦੀ ਆਸ ਮੱਧਮ ਹੈ। ਸ਼ਾਇਦ ਇਹ ਗੱਲ ਹਰਿਆਣਾ ਭਾਜਪਾ ਨੇ ਭਾਂਪ ਲਈ ਹੈ। ਹਰਿਆਣਾ ਭਾਜਪਾ ਵਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਦੀ ਮੰਗ ਸਰਕਾਰੀ ਛੁੱਟੀਆਂ ਦਾ ਹਵਾਲਾ ਦੇ ਕੇ ਚੋਣ ਅਧਿਕਾਰੀ ਨੂੰ ਲਿਖੇ ਇੱਕ ਪੱਤਰ ਵਿਚ ਕੀਤੀ ਗਈ ਹੈ। ਜਦਕਿ ਕਾਂਗਰਸ ਨੇ ਕਿਹਾ ਹੈ ਕਿ ਹਾਰ ਦੇ ਡਰੋਂ ਛੁੱਟੀਆਂ ਦਾ ਬਹਾਨਾ ਬਣਾ ਕੇ ਭਾਜਪਾ ਚੋਣਾਂ ਮੁਲਤਵੀ ਕਰਵਾਉਣਾ ਚਾਹੁੰਦੀ ਹੈ।



ਜੰਮੂ ਕਸ਼ਮੀਰ ਨੈਸ਼ਨਲ ਕਾਨਫਰੰਸ, ਇੰਡੀਅਨ ਨੈਸ਼ਨਲ ਕਾਂਗਰਸ, ਭਾਜਪਾ, ਕਮਿਊਨਿਸਟ ਪਾਰਟੀ (ਮਾਰਕਸੀ) ਪੀਡੀਪੀ (ਮੁਫਤੀ ਮਹਿਬੂਬਾ) ਵਰਗੀਆਂ ਪਾਰਟੀਆਂ ਚੋਣ ਮੈਦਾਨ ਵਿਚ ਹਨ। ਭਾਜਪਾ ਨੂੰ ਛੱਡ ਕੇ ਬਾਕੀ ਲਗਭਗ ਸਾਰੀਆਂ ਪਾਰਟੀਆਂ 370 ਧਾਰਾ ਖ਼ਤਮ ਕਰਨ ਦੇ ਹੱਕ 'ਚ ਹਨ ਅਤੇ ਇਸੇ ਮੁੱਦੇ 'ਤੇ ਚੋਣ ਲੜਨਗੀਆਂ।

ਹਰਿਆਣਾ ਵਿਚ ਭਾਵੇਂ ਮੁੱਖ ਮੁਕਾਬਲਾ ਭਾਜਪਾ ਅਤੇ ਕਾਂਗਰਸ ਦਰਮਿਆਨ ਹੈ ਪਰ ਭਾਜਪਾ ਦੀ ਭਾਈਵਾਲ ਜੇ.ਜੇ.ਪੀ. ਜੋ ਕੁਝ ਸਮਾਂ ਪਹਿਲਾਂ ਗੱਠਜੋੜ ਤੋਂ ਵੱਖ ਹੋ ਗਈ, ਕਮਿਊਨਿਸਟ ਪਾਰਟੀ, ਆਈ.ਐਸ. ਐਲ.ਡੀ., ਬੀ.ਐਸ.ਪੀ. ਵੀ ਚੋਣਾਂ 'ਚ ਭਾਗ ਲੈਣਗੀਆਂ। ਪਰ ਕਿਉਂਕਿ ਕਿਸਾਨਾਂ ਦਾ ਵੀ ਇਥੇ ਜ਼ੋਰ ਹੈ, ਇਸ ਲਈ ਚਰਚਾ ਹੈ ਕਿ ਗੁਰਨਾਮ ਸਿੰਘ ਚੜੂਨੀ ਪ੍ਰਧਾਨ ਬੀ.ਕੇ.ਯੂ. ਹਰਿਆਣਾ ਦੀ ਅਗਵਾਈ 'ਚ ਕਿਸਾਨ ਵੀ ਚੋਣ ਲੜ ਸਕਦੇ ਹਨ। ਇਨ੍ਹਾਂ ਦਿਨਾਂ 'ਚ ਬਹੁਤ ਹੀ ਹਰਮਨ ਪਿਆਰੀ ਹੋਈ ਪਹਿਲਵਾਨ ਵਿਨੇਸ਼ ਫੋਗਾਟ ਨੂੰ ਜਿਸ ਢੰਗ ਨਾਲ ਪ੍ਰਦੇਸ਼ ਕਾਂਗਰਸ ਹਰਿਆਣਾ ਵਲੋਂ ਜੀ ਆਇਆਂ ਆਖਿਆ ਗਿਆ, ਉਸ ਤੋਂ ਵੀ ਜਾਪਦਾ ਹੈ ਕਿ ਹਰਿਆਣਾ ਦੇ ਖਿਡਾਰੀ ਵੀ ਭਾਜਪਾ ਦੇ ਉਲਟ ਪਰ ਕਾਂਗਰਸ ਦੇ ਹੱਕ 'ਚ ਭੁਗਤਣਗੇ।

ਇਸ ਵੇਲੇ ਹਾਲਾਤ ਇਹ ਵੀ ਹੈ ਕਿ ਕਾਂਗਰਸ ਵਿਚ ਦੋ ਧੜਿਆਂ 'ਚ ਆਪਸੀ ਫੁੱਟ ਹੈ ਅਤੇ ਇਸਦਾ ਨੁਕਸਾਨ ਚੋਣ ਵੇਲੇ ਕਾਂਗਰਸ ਨੂੰ ਹੋ ਸਕਦਾ ਹੈ। ਪਰ ਇਥੇ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਹਰਿਆਣਾ ਦੇ ਕਿਸਾਨ ਕਿਸ ਧਿਰ ਨਾਲ ਖੜਨਗੇ। ਭਾਵੇਂ ਕਿ ਲੋਕ ਸਭਾ 'ਚ ਬਹੁ ਗਿਣਤੀ ਖਾਪ ਪੰਚਾਇਤਾਂ ਕਾਂਗਰਸ ਲਈ ਖੜੀਆਂ। ਇਥੋਂ ਦੇ ਹੀ ਨਹੀਂ, ਸਗੋਂ ਦੇਸ਼ ਭਰ ਦੇ ਕਿਸਾਨ ਆਗੂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਮਿਲੇ ਸਨ ਅਤੇ ਆਪਣੀਆਂ ਮੰਗਾਂ ਦੇ ਹੱਕ 'ਚ ਸਮਰਥਨ ਮੰਗਿਆ ਸੀ। ਰਾਹੁਲ ਗਾਂਧੀ ਵਲੋਂ ਕਿਸਾਨਾਂ ਦੇ ਹੱਕ 'ਚ ਪੂਰੀ ਤਰ੍ਹਾਂ ਖੜਿਆ ਜਾ ਰਿਹਾ ਹੈ ਅਤੇ ਫ਼ਸਲਾਂ ਦੇ ਸਮਰਥਨ ਮੁੱਲ ਵਾਲੀ ਮੰਗ ਤੇ ਹੋਰ ਮੰਗਾਂ ਦਾ ਪੂਰੇ ਜ਼ੋਰ ਨਾਲ ਸਮਰਥਨ ਹੋ ਰਿਹਾ ਹੈ।

ਆਰ.ਐੱਸ.ਐੱਸ ਭਾਜਪਾ ਅਤੇ ਦੇਸ਼ ਦੀ ਹਾਕਮ ਧਿਰ ਇਨ੍ਹਾਂ ਦੋਨਾਂ ਰਾਜਾਂ ਵਿਚ ਜਿੱਤ ਦੀ ਪ੍ਰਾਪਤੀ ਲਈ ਹਰ ਹੀਲਾ ਵਰਤੇਗੀ। ਖ਼ਾਸ ਕਰਕੇ ਨਰੇਂਦਰ ਮੋਦੀ, ਜਿਹੜੇ ਲੋਕ ਸਭਾ ਚੋਣਾਂ 'ਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ ਅਤੇ ਜਿਨ੍ਹਾਂ ਦੀ ਸਿਆਸੀ ਅਤੇ ਸ਼ਖ਼ਸੀ ਤਾਕਤ ਨੂੰ ਵੱਡਾ ਖੋਰਾ ਲੱਗਾ ਹੈ, ਉਹ ਆਪਣਾ ਅਕਸ ਸੁਧਾਰਨ ਲਈ ਚੋਣਾਂ ਜਿੱਤਣ ਲਈ ਹਰ ਹੀਲਾ ਵਰਤਣਗੇ। ਦੂਜੇ ਪਾਸੇ ਇੰਡੀਆ ਗੱਠਜੋੜ, (ਵਿਰੋਧੀ ਧਿਰ) ਵੀ ਇਨ੍ਹਾਂ ਮਹੱਤਵਪੂਰਨ ਸੂਬਿਆਂ 'ਚ ਆਪਣੀ ਤਾਕਤ ਵਧਾਉਣ ਲਈ ਯਤਨਸ਼ੀਲ ਰਹੇਗਾ।

ਵਿਰੋਧੀ ਧਿਰ ਵਲੋਂ ਮੌਜੂਦਾ ਸਰਕਾਰ ਦੇ ਪੁੱਟੇ ਗਲਤ ਕਦਮਾਂ, ਜਿਨ੍ਹਾਂ ਵਿਚ ਰਿਜ਼ਰਵੇਸ਼ਨ, ਲੈਟਰਲ ਐਂਟਰੀ ਨਾਲ ਵੱਡੇ ਅਫ਼ਸਰਾ ਦੀ ਭਰਤੀ, ਬੇਰੁਜ਼ਗਾਰੀ, ਵਧਦੀ ਭੁੱਖਮਰੀ, ਜਿਹੇ ਮੁੱਦਿਆਂ ਨੂੰ ਗੰਭੀਰਤਾ ਨਾਲ ਚੁੱਕਿਆ ਜਾ ਰਿਹਾ ਹੈ, ਉਸ ਨਾਲ ਲੋਕਾਂ ਵਿਚ ਸਰਕਾਰ ਦੀਆਂ ਨੀਤੀਆਂ ਦੀ ਅਸਲੀਅਤ ਉੱਘੜ ਰਹੀ ਹੈ ਅਤੇ ਲੋਕਾਂ 'ਚ ਰੋਸ ਅਤੇ ਨਾਰਾਜ਼ਗੀ ਵਧ ਰਹੀ ਹੈ।

ਬਿਨਾਂ ਸ਼ੱਕ ਵਿਧਾਨ ਸਭਾ ਚੋਣਾਂ 'ਚ ਸਥਾਨਕ ਮੁੱਦੇ ਵੀ ਚਰਚਾ 'ਚ ਆਉਂਦੇ ਹਨ, ਪਰ ਦੇਸ਼ 'ਚ ਵਾਪਰ ਰਹੀਆਂ ਘਟਨਾਵਾਂ, ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਆਦਿ ਵੀ ਇਨ੍ਹਾਂ ਚੋਣਾਂ 'ਚ ਵੋਟਰਾਂ 'ਤੇ ਪ੍ਰਭਾਵ ਪਾਏਗੀ।

ਉਂਜ ਹਰਿਆਣਾ ਅਤੇ ਜੰਮੂ ਕਸ਼ਮੀਰ ਵਿਚ ਚੋਣਾਂ ਨੂੰ ਦੋ ਸੂਬਿਆਂ ਦੀਆਂ ਚੋਣਾਂ ਵਜੋਂ ਹੀ ਨਹੀਂ ਵੇਖਣਾ ਚਾਹੀਦਾ। ਉਸ ਦੇ ਨਤੀਜਿਆਂ ਦਾ ਅਸਰ ਦੇਸ਼ ਦੀ ਰਾਜਨੀਤੀ ਉੱਤੇ ਵੱਡਾ ਪਏਗਾ। ਇਹ ਭਾਜਪਾ ਦੀ ਇਨ੍ਹਾਂ ਸੂਬਿਆਂ 'ਚ ਤਾਕਤ ਦੀ ਇਮਤਿਹਾਨੀ ਘੜੀ ਹੈ। ਇਸਦਾ ਅਸਰ ਮਹਾਂਰਾਸ਼ਟਰ ਦੀਆਂ ਚੋਣਾਂ ਉੱਤੇ ਵੀ ਪਵੇਗਾ। ਜਿਥੇ ਆਉਣ ਵਾਲੇ ਮਹੀਨਿਆਂ 'ਚ ਚੋਣਾਂ ਹੋਣੀਆਂ ਹਨ। ਅਸਲ 'ਚ ਮਹਾਂਰਾਸ਼ਟਰ ਦੀਆਂ ਚੋਣਾਂ 'ਚ ਵੋਟਰਾਂ ਦਾ ਸਿਆਸੀ ਮੂਡ ਇਨ੍ਹਾਂ ਸੂਬਿਆਂ ਦੇ ਚੋਣ ਨਤੀਜਿਆਂ ਉੱਤੇ ਵੀ ਨਿਰਭਰ ਕਰੇਗਾ।

## ਕਾਵਿ-ਕਿਆਰੀ

### ਸੰਜਮ

ਲੂਛ ਲੂਛ ਨਾ ਕਰਿਆ ਕਰ ਤੂੰ,
ਜੱਗ ਤੋਂ ਯਾਰਾ ਡਰਿਆ ਕਰ ਤੂੰ।

ਫੁਕਰੀਆਂ ਨੂੰ ਦੁਨੀਆਂ ਪਛਾਣੇ,
ਗੱਲ ਸੋਚ ਕੇ ਕਰਿਆ ਕਰ ਤੂੰ।

ਹਉਮੈਂ 'ਚ ਆਫ਼ਰਿਆ ਫਿਰਦੈਂ,
ਦਮ ਸੱਚੇ ਦਾ ਭਰਿਆ ਕਰ ਤੂੰ।

ਬੋਲ ਕੇ ਝੂਠ ਦਾ ਨਿੱਤ ਪੁਲੰਦਾ,
ਮਨ ਵਿੱਚੋਂ ਨ ਡਰਿਆ ਕਰ ਤੂੰ।

ਪਲ ਪਲ ਸਾਹ ਦਾ ਕੀ ਭਰੋਸਾ,
ਖੁਸ਼ ਰਹੁ, ਖੁਸ਼ ਕਰਿਆ ਕਰ ਤੂੰ।

ਜਗਤ ਜਲੰਦਾ ਤੱਕ ਕੇ ਸੱਜਣਾਂ,
ਬਿਨ ਮੌਤੋਂ ਨ ਮਰਿਆ ਕਰ ਤੂੰ।

ਔਖੀ ਦੋਜ਼ਖ ਨਦੀ ਹੈ ਤਰਨੀ,
ਸੰਗ ਨੇਕੀਆਂ ਤਰਿਆ ਕਰ ਤੂੰ।

ਪਾਪਾਂ ਬਾਝ ਨਾ ਇਕੱਠਾ ਹੁੰਦਾ,
ਧਨ ਧਨ ਨਾ ਕਰਿਆ ਕਰ ਤੂੰ।
***-ਸੇਵਾ ਸਿੰਘ 'ਨੂਰਪੁਰੀ'***

---

### ਧੀ ਵਲੋਂ ਦਰਦਾਂ ਭਰਿਆ ਗੀਤ

ਅੱਜ ਮੈਨੂੰ ਯਾਦ ਮੇਰੇ, ਬਾਪ ਦੀ ਸਤਾਏ ਨੀ।
ਸੁਰਗਾਂ 'ਚ ਬੈਠੀ ਅੱਜ, ਮਾਂ ਵੀ ਯਾਦ ਆਏ ਨੀ।

ਵਿਹੜੇ ਵਿਚ ਬੈਠਾ ਬਾਪੂ, ਮੰਜੇ ਉੱਤੇ ਫੱਬਦਾ।
ਘਰ ਸਾਰਾ ਓਸ ਨਾਲ, ਭਰਿਆ ਸੀ ਲੱਗਦਾ।
ਉੱਠ ਗਏ ਅੱਜ ਸਿਰੋਂ, ਮਾਪਿਆਂ ਦੇ ਸਾਏ ਨੀ।
ਅੱਜ...

ਸਿਰ ਉੱਤੇ ਹੱਥ ਧਰ, ਸੀਨੇ ਨਾਲ ਲਾਂਵਦਾ।
ਅਸੀਸ ਉਹਦੀ ਸੁਣ ਸੀ, ਕਲੇਜਾ ਠਰ ਜਾਂਵਦਾ।
ਦੁੱਖ ਸੁੱਖ ਪੁੱਛਦਾ ਤੇ ਆਪਣਾ ਸੁਣਾਏ ਨੀ।
ਅੱਜ...

ਪੇਕਿਆਂ ਦੇ ਮਹਿਲ ਹੁਣ, ਦਿਲ ਨੂੰ ਨਾ ਭਾਂਵਦੇ।
ਹੁਸਨ, ਜਵਾਨੀ, ਮਾਪੇ, ਮੁੜ ਨਹੀਉਂ ਆਂਵਦੇ।
ਮਾਪਿਆਂ ਦੀ ਦੇਣ ਕਦੇ, ਭੁੱਲੇ ਨਾ ਭੁਲਾਏ ਨੀ।
ਅੱਜ...

ਪੁੱਤਾਂ ਸਾਂਭ ਲੈਣੀਆਂ, ਜ਼ਮੀਨਾਂ ਜਾਇਦਾਦਾਂ ਨੀ।
ਧੀਆਂ ਕੋਲ ਰਹਿਣਗੀਆਂ, ਮਿੱਠੀਆਂ ਤਾਂ ਯਾਦਾਂ ਨੀ।
'ਦੀਸ਼' ਨੇ ਤਾਂ ਮਾਪੇ ਸਦਾ, ਦਿਲ 'ਚ ਵਸਾਏ ਨੀ।
ਅੱਜ...
***-ਗੁਰਦੀਸ਼ ਕੌਰ ਗਰੇਵਾਲ***
***ਫੋਨ: +1 403-404-1450***

---

### ਐ ਭਾਰਤ ਦੀਏ ਧੀਏ

ਜੁੜਦੇ ਨਾ ਮੈਥੋਂ ਬੋਲ ਕੋਈ,
ਤੇਰੀ ਲਿਖਣ ਨੂੰ ਦਰਦ ਕਹਾਣੀ।
ਐ ਭਾਰਤ ਦੀਏ ਧੀਏ,
ਬਣੀ ਸ਼ੈਤਾਨ ਇਨਸਾਨਾਂ ਦੀ ਢਾਣੀ।

ਦਿੱਲੀ ਦੀਆਂ ਗਲੀਆਂ ਵਿਚ ਗੂੰਜਣ,
ਤੇਰੇ ਵੈਣ ਅਜੇ ਤਾਈਂ।
ਕਲਕੱਤਾ, ਹਾਥਰਸ ਦੀਆਂ ਘਟਨਾਵਾਂ,
ਸਿਰ ਤੋਂ ਲੰਘਿਆ ਪਾਣੀ।

ਮਾਨਸਿਕ ਰੋਗੀਆਂ ਦੇ ਏਹੋ ਟੋਲੇ,
ਫਿਰਦੇ ਹਰ ਇਕ ਗਲੀਏ।
ਹਵਸ ਦੇ ਅੰਨ੍ਹਿਆਂ ਨੂੰ ਨਾ ਦਿਸਦੀ,
ਕਿਸੇ ਦੀ ਧੀ ਧਿਆਣੀ।
ਤੇਰੀਆਂ ਚੀਕਾਂ ਦੱਬ ਹੋ ਜਾਵਣ,
ਵਿਚ ਪੁਲਿਸ ਦੀਆਂ ਫਾਈਲਾਂ।
ਮਿਲੀਆਂ-ਭੁਗਤਾਂ ਦੇ ਵਿਚ ਸ਼ਾਮਿਲ,
ਸਭ ਏਹੋ ਖੱਬੀ-ਖਾਣੀ।

ਸ਼ਰੇਆਮ ਨੇ ਘੁੰਮਦੇ ਫਿਰਦੇ,
ਉਮਰ ਕੈਦ ਕੱਟ ਜੇਲ੍ਹਾਂ।
ਵਿਚ ਕਾਨੂੰਨੀ ਚੋਰੀਆਂ ਮੋਰੀਆਂ,
ਉਲਝੀ ਹੈ ਸਭ ਤਾਣੀ।

ਰਾਤ ਵੀ ਰੋਵੇ ਲੈ ਹਟਕੋਰੇ,
ਚਾਨਣ ਵੀ ਪਛਤਾਵੇ।
ਕਿਹੜੇ ਘਰੇ ਲਕੋਈਏ ਤੈਨੂੰ,
ਸਮਝ ਨਾ ਆਵੇ ਜਾਣੀ।

ਇੱਜ਼ਤਾਂ ਲੁੱਟਣ ਲੱਗ ਪਏ ਜਦ ਹੀ,
ਇੱਜ਼ਤਾਂ ਦੇ ਰਖਵਾਲੇ।
ਬੋਦਲਾਂ ਦਾ ਸੁੱਖਵਿੰਦਰ ਆਖੇ,
ਖੁਦ ਬਣ ਝਾਂਸੀ ਦੀ ਰਾਣੀ।
***-ਸੁੱਖਵਿੰਦਰ ਬੋਦਲਾਂਵਾਲਾ***
***360-281-2624***

---

### ਪੰਜਾਬ ਕਿੱਦਾਂ ਭੁੱਲੀਏ

ਪਿੰਡ ਵਾਲਾ ਖੂਹ ਅਤੇ ਬਾਗ ਕਿੱਦਾਂ ਭੁੱਲੀਏ
ਰੋ ਰੋ ਕੇ ਛੱਡਿਆ ਪੰਜਾਬ ਕਿੱਦਾਂ ਭੁੱਲੀਏ।
ਬੋਹੜ ਥੱਲੇ ਬੈਠ ਕੇ ਸੀ ਤਾਸ਼ਾਂ ਕੁੱਟਦੇ
ਫਿਕਰ ਨਾ ਫਾਕੇ ਸੀ ਨਜ਼ਾਰੇ ਲੁੱਟਦੇ।

ਕੱਠੇ ਹੋ ਕੇ ਸਾਰਿਆਂ ਨੇ ਵੀ ਸੀ ਆਰ ਦੇਖਣਾ
ਸਾਰੀ ਸਾਰੀ ਰਾਤ ਫਿਰ ਦਰੀਆਂ 'ਤੇ ਲੇਟਣਾ।
ਹੈੱਡ ਜਦੋਂ ਹੁੰਦਾ ਸੀ ਖਰਾਬ ਕਿੱਦਾਂ ਭੁੱਲੀਏ
ਜਾਨ ਤੋਂ ਪਿਆਰਾ ਜੀ ਪੰਜਾਬ ਕਿੱਦਾਂ ਭੁੱਲੀਏ।

ਤੜਕੇ ਨੂੰ ਉੱਠ ਜਦੋਂ ਪਾਠੀ ਸਿਗਾ ਬੋਲਦਾ
ਜਪੁਜੀ ਦਾ ਪਾਠ ਕੰਨੀਂ, ਰਸ ਸਿਗਾ ਘੋਲਦਾ
ਮਿੱਠੀ ਮਿੱਠੀ ਬਾਣੀ ਦੀ ਅਵਾਜ਼ ਕਿੱਦਾਂ ਭੁੱਲੀਏ
ਪਿੰਡ ਦੇ ਨਜ਼ਾਰੇ ਤੇ ਪੰਜਾਬ ਕਿੱਦਾਂ ਭੁੱਲੀਏ।

ਸ਼ਾਹ ਵੇਲਾ ਲੈ ਕੇ ਬੇਬੇ, ਖੇਤਾਂ ਵੱਲ ਆਉਂਦੀ ਸੀ
ਮੱਕੀ ਦੀਆਂ ਰੋਟੀਆਂ 'ਤੇ ਘਿਓ ਤਾਜ਼ਾ ਪਾਉਂਦੀ ਸੀ
ਗੰਢੇ ਅਤੇ ਮੂਲੀ ਦਾ ਸਲਾਦ ਕਿੱਦਾਂ ਭੁੱਲੀਏ
ਪਿੰਡ ਦੇ ਨਜ਼ਾਰੇ ਤੇ ਪੰਜਾਬ ਕਿੱਦਾਂ ਭੁੱਲੀਏ।

ਭੁੱਲਦੇ ਨੀ ਦਿਨ ਤੇ ਨਜ਼ਾਰੇ ਮੌਜਾਂ ਲੁੱਟੀਆਂ
ਗੁੜ ਵਾਲੀ ਚਾਹ ਅਤੇ ਪੀਪੇ ਦੀਆਂ ਕੁੱਕੀਆ
ਨਾਨਕੇ ਦਾ ਪਿੰਡ ਤੇ ਸਕੂਲੋਂ ਹੋਈਆਂ ਛੁੱਟੀਆਂ
ਤਾਜ਼ੇ ਤਾਜ਼ੇ ਗੁੜ ਦਾ ਸਵਾਦ ਕਿੱਦਾਂ ਭੁੱਲੀਏ
ਪਿੰਡ ਦੇ ਨਜ਼ਾਰੇ ਤੇ ਪੰਜਾਬ ਕਿੱਦਾਂ ਭੁੱਲੀਏ।

ਸੱਟ ਲੱਗ ਜਾਣੀ ਤਾਂ ਕੁਆਰ ਬੰਨ੍ਹ ਲੈਂਦੇ ਸੀ
ਤੇਲ ਲਾ ਕੇ ਹਲਦੀ ਬਸਾਰ ਬੰਨ੍ਹ ਲੈਂਦੇ ਸੀ
ਦੇਸੀਆਂ ਦਾ ਸਿੱਧੜਾ ਇਲਾਜ ਕਿੱਦਾਂ ਭੁੱਲੀਏ
ਰੋ ਰੋ ਕੇ ਛੱਡਿਆ ਪੰਜਾਬ ਕਿੱਦਾਂ ਭੁੱਲੀਏ।

ਨੀਲੇ ਨੈਣਾਂ ਵਾਲੀ ਮੁਟਿਆਰ ਨਹੀਓਂ ਭੁੱਲਦੀ
ਕੰਧ ਉੱਤੋਂ ਹੋਈ ਪੱਬਾਂ ਭਾਰ ਨਹੀਓਂ ਭੁੱਲਦੀ
ਆਣ ਵੇਲੇ ਫਤਹਿ ਦਾ ਜਵਾਬ ਕਿੱਦਾਂ ਭੁੱਲੀਏ
ਦੱਸ ਕੁਲਵੀਰ ਉਹਦੀ ਯਾਦ ਕਿੱਦਾਂ ਭੁੱਲੀਏ
ਰੋ ਰੋ ਕੇ ਛੱਡਿਆ ਪੰਜਾਬ ਕਿੱਦਾਂ ਭੁੱਲੀਏ।
***-ਕੁਲਵੀਰ ਸਿੰਘ ਡਾਨਸੀਵਾਲ***

# ਰੋਗੀ ਮਾਨਸਿਕਤਾ ਤੇ ਬਲਾਤਕਾਰ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਦਿਨ ਪਰ ਦਿਨ ਭਾਰਤ ਵਿਚ ਵਧ ਰਹੇ ਕੁਕਰਮ ਚਿੰਤਾਂ ਦਾ ਵਿਸ਼ਾ ਹਨ। ਸੋਮਵਾਰ 19 ਅਗਸਤ ਵਾਲੇ ਤਿੰਨ ਪੰਜਾਬੀ ਸਮਾਚਾਰ ਪੱਤਰਾਂ 'ਅਜੀਤ', 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਅਤੇ ਦੋ ਅੰਗਰੇਜ਼ੀ ਭਾਸ਼ਾ ਵਾਲੇ ਪੱਤਰਾਂ 'ਟਾਈਮਜ਼ ਆਫ ਇੰਡੀਅ' ਤੇ 'ਦਿ ਟ੍ਰਿਬਿਊਨ' ਨੇ ਕੋਲਕਾਤਾ ਬਲਾਤਕਾਰ ਤੇ ਕਤਲ ਦੇ ਮਾਮਲੇ ਸਮੇਤ ਚਾਰ ਬਲਾਤਕਾਰਾਂ ਦੀ ਖਬਰ ਲਾਈ ਹੈ। ਇਨ੍ਹਾਂ ਵਿਚ ਦੇਹਰਾਦੂਨ ਦੇ ਬੱਸ ਅੱਡੇ ਉੱਤੇ ਪੰਜ ਬੰਦਿਆਂ ਵਲੋਂ ਇਕ ਨਾਬਾਲਗ ਲੜਕੀ ਨਾਲ ਬਲਾਤਕਾਰ, ਬੈਂਗਲੁਰੂ ਵਿਚ ਮੋਟਰਸਾਈਕਲ ਸਵਾਰ ਕੋਲੋਂ ਲਿਫਟ ਲੈਣ ਵਾਲੀ ਵਿਦਿਆਰਥਣ ਦੀ ਕੁੱਟਮਾਰ ਪਿੱਛੋਂ ਬਲਾਤਕਾਰ ਤੇ ਜੋਧਪੁਰ ਦੀ ਤਿੰਨ ਸਾਲਾ ਬੱਚੀ ਨਾਲ ਵਹਿਸ਼ੀ ਬਲਾਤਕਾਰ ਦੇ ਸਮਾਚਾਰ ਸ਼ਾਮਲ ਹਨ।

ਇਨ੍ਹਾਂ ਬਲਾਤਕਾਰੀਆਂ ਦੇ ਬੀਜ ਰੋਗੀ ਮਾਨਸਿਕਤਾ ਵਿਚ ਹਨ ਜਿਹੜੀ ਉਨ੍ਹਾਂ ਨੂੰ ਪਾਲਣ ਵਾਲਿਆਂ ਦੀ ਅਣਗਹਿਲੀ ਕਾਰਨ ਹੋਈ। ਨਿਸ਼ਚੇ ਹੀ ਉਨ੍ਹਾਂ ਦੇ ਬਚਪਨ ਵਿਚ ਉਨ੍ਹਾਂ ਦੇ ਮਾਪੇ ਰੋਜ਼ੀ ਰੋਟੀ ਲਈ ਕੰਮ ਉੱਤੇ ਜਾਣ ਸਮੇਂ ਉਨ੍ਹਾਂ ਨੂੰ ਇਕੱਲੇ ਛਡਦੇ ਰਹੇ ਤੇ ਮਾੜਾ ਚੌਗਿਰਦਾ ਉਨ੍ਹਾਂ ਦੀ ਖਿੱਚ ਦਾ ਕੇਂਦਰ ਬਣਦਾ ਰਿਹਾ ਹੈ। ਫੜੇ ਜਾਣ ਉਪ੍ਰੰਤ ਉਨ੍ਹਾਂ ਨੂੰ ਕਿਹੋ ਜਿਹੀ ਸਜ਼ਾ ਮਿਲਣੀ ਚਾਹੀਦੀ ਹੈ ਇਹ ਤਾਂ ਮਨੋਵਿਗਿਆਨੀ ਹੀ ਦੱਸ ਸਕਦੇ ਹਨ ਪਰ ਸਾਰੇ ਅਮੀਰ ਤੇ ਗਰੀਬ ਮਾਪਿਆਂ ਨੂੰ ਏਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ ਕਿ ਜੇ ਉਹ ਆਪਣੀ ਔਲਾਦ ਦਾ ਪਾਲਣ ਪੋਸ਼ਣ ਲੋੜੀਂਦੇ ਢੰਗ ਨਾਲ ਨਹੀਂ ਕਰ ਸਕਦੇ ਤਾਂ ਕੇਵਲ ਓਨੇ ਹੀ ਬੱਚੇ ਪੈਦਾ ਕਰਨ ਜਿੰਨਿਆਂ ਨੂੰ ਸਾਂਭ ਸਕਦੇ ਹਨ।

ਇੱਕ ਨਾਬਾਲਗ ਬੱਚੀ ਦਾ ਬਲਾਤਕਾਰ, ਖਾਸ ਕਰਕੇ ਬੱਸ ਅੱਡੇ ਵਰਗੇ ਜਨਤਕ ਸਥਾਨ ਉੱਤੇ, ਉਸਦੇ ਮਨ ਉੱਤੇ ਕਿਹੋ ਜਿਹਾ ਪ੍ਰਭਾਵ ਪਾਉਂਦਾ ਹੈ ਤੇ ਸਮਾਜ ਪ੍ਰਤੀ ਕਿਸ ਤਰ੍ਹਾਂ ਦੀ ਧਾਰਨਾ ਬਣਾਉਂਦਾ ਹੈ ਇਹ ਵੀ ਸੋਚਣ ਵਾਲੀ ਗੱਲ ਹੈ। ਵਿਸ਼ਾ ਵੱਡਾ ਹੈ ਤੇ ਗੰਭੀਰ ਮੰਥਨ ਦੀ ਮੰਗ ਕਰਦਾ ਹੈ।

**ਭਾਰਤ ਮਾਲਦੀਵ ਏਕਤਾ**

ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੀ ਸੱਜਰੀ ਮਾਲਦੀਵ ਫੇਰੀ ਨੇ ਮੈਨੂੰ 1976 ਦਾ ਮਾਲਦੀਵ ਯਾਦ ਕਰਵਾ ਦਿੱਤੀ ਹੈ ਜਦੋਂ ਮੈਂ ਡੇਢ ਮਹੀਨਾ ਉਥੇ ਰਿਹਾ ਸੀ। ਜਿਸ ਸੜਕ ਨੂੰ ਭਾਰਤੀ ਸਹਾਇਤਾ ਨਾਲ 4 ਲੇਨ ਕਰਨ ਦੇ ਉਦਘਾਟਨ ਲਈ ਵਿਦੇਸ਼ੀ ਮੰਤਰੀ ਉਥੇ ਗਏ ਸਨ ਮੈਂ ਸਵੇਰੇ ਸੈਰ ਕਰਦਿਆਂ ਉਸ ਉੱਤੇ ਸਾਗਰ ਦੀਆਂ ਛੱਲਾਂ ਨਾਲ ਸੜਕ 'ਤੇ ਡਿੱਗੀਆਂ ਮੱਛੀਆਂ ਵੇਖਦਾ ਹੁੰਦਾ ਸਾਂ। ਮਾਲਦੀਵ ਦੇ ਵਸਨੀਕਾਂ ਦੀ ਮੂਲ ਖੁਰਾਕ ਮੱਛੀ ਹੈ ਤੇ ਮੈਂ ਉਥੋਂ ਦੇ ਬੱਚਿਆਂ ਬੁੱਢਿਆਂ ਨੂੰ ਇਹ ਮੱਛੀਆਂ ਚੁੱਕ ਕੇ ਖੁਸ਼ੀ ਖੁਸ਼ੀ ਘਰ ਲਿਜਾਂਦੇ ਤੱਕਿਆ। ਕੁਝ ਏਸ ਤਰ੍ਹਾਂ ਜਿਵੇਂ ਹੁਸ਼ਿਆਰਪੁਰ ਤੇ ਅੰਬਾਲਾ ਜ਼ਿਲ੍ਹਿਆਂ ਦੇ ਵਸਨੀਕ ਸੜਕਾਂ ਦੇ ਕੰਢੇ ਵਾਲੇ ਅੰਬਾਂ ਦੇ ਰੁੱਖਾਂ ਤੋਂ ਹਨੇਰੀ ਨਾਲ ਝੜੇ ਅੰਬ ਚੁੱਕਿਆ ਕਰਦੇ ਸਨ। ਮੈਨੂੰ ਇਹ ਜਾਣ ਕੇ ਵਿਸ਼ੇਸ਼ ਪ੍ਰਸੰਨਤਾ ਹੋਈ ਕਿ ਭਾਰਤ ਨੇ ਪਿਛਲੇ ਕੁਝ ਸਾਲਾਂ ਵਿਚ ਮਾਲਦੀਵ ਲਈ 22 ਕਰੋੜ ਅਮਰੀਕਨ ਡਾਲਰ ਦਾ ਨਿਵੇਸ਼ ਕੀਤਾ ਹੈ। ਵਿਦੇਸ਼ ਮੰਤਰੀ ਦੇ ਇਹ ਵੀ ਕਿਹਾ ਕਿ ਭਾਰਤ ਉਥੇ ਸੈਰ ਸਪਾਟੇ ਦੇ ਵਸੀਲੇ ਪੈਦਾ ਕਰਨ ਲਈ ਵਧੇਰੇ ਨਿਵੇਸ਼ ਦਾ ਰਾਹ ਲਭ ਰਿਹਾ ਹੈ। ਮਾਲਦੀਵ ਸਮੁੰਦਰ ਦੀ ਸਤਾਹ ਤੋਂ ਕੇਵਲ ਅੱਠ ਫੁੱਟ ਉੱਚਾ ਹੈ ਪਰ ਇਸਨੇ



*ਵਿਦੇਸ਼ ਮੰਤਰੀ ਐਸ ਜੈਸ਼ੰਕਰ ਮਾਲਦੀਵ ਦੇ ਰਾਸ਼ਟਰਪਤੀ ਡਾ. ਮੁਹੰਮਦ ਮੁੱਈਜ਼ੂ ਨਾਲ ਗੱਲਬਾਤ ਕਰਦੇ ਹੋਏ। -ਫੋਟੋ: ਏਜੰਸੀ*

ਅੱਜ ਤੱਕ ਉਹ ਘੜੀ ਨਹੀਂ ਵੇਖੀ ਜਦ ਸਾਗਰ ਦੀਆਂ ਛੱਲਾਂ ਨੇ ਇਸਨੂੰ ਕੋਈ ਨੁਕਸਾਨ ਪਹੁੰਚਾਇਆ ਹੋਵੇ। ਸਗੋਂ ਮੱਛੀਆਂ ਦਾਨ ਕਰਦਾ ਹੈ ਜਿਹੜੀਆਂ ਵਸੋਂ ਦਾ ਖਾਣਾ ਬਣਦੀਆਂ ਹਨ।

ਇਹ ਜਾਣ ਕੇ ਹੈਰਾਨ ਨਾ ਹੋਣਾ ਕਿ ਏਥੋਂ ਦੀ ਪੁਲੀਸ ਤੇ ਸੇਨਾ ਕੋਲ ਡੰਡੇ ਤੋਂ ਵੱਡਾ ਕੋਈ ਹਥਿਆਰ ਨਹੀਂ। ਰਸਮ ਰਿਵਾਜ ਵੀ ਅੰਤਾਂ ਦੇ ਅਜੀਬ ਹਨ। ਕੋਈ ਬੰਦਾ ਜਿੰਨੇ ਮਰਜ਼ੀ ਵਿਆਹ ਕਰ ਲਵੇ ਪਰ ਇੱਕ ਸਮੇਂ ਇੱਕ ਤੋਂ ਵੱਧ ਨਹੀਂ। ਇਹ ਵੀ ਕਿ ਜੇ ਕੋਈ ਬੰਦਾ ਆਪਣੀ ਤਲਾਕਸ਼ੁਦਾ ਬੀਬੀ ਨੂੰ ਮੁੜ ਵਿਆਹੁਣਾ ਚਾਹੇ ਤਾਂ ਉਸ ਬੀਵੀ ਨੂੰ ਉਥੋਂ ਦੇ ਕਾਨੂੰਨ ਅਨੁਸਾਰ ਆਪਣੇ ਪਤੀ ਨਾਲ ਸੰਭੋਗ ਤੋਂ ਪਹਿਲਾਂ ਕਿਸੇ ਹੋਰ ਦੀ ਦੁਲਹਨ ਹੋਣਾ ਪੈਂਦਾ ਸੀ ਭਾਵੇਂ ਇੱਕ ਦੋ ਦਿਨਾਂ ਵਾਸਤੇ ਹੀ। ਉਥੇ ਅਜਿਹੀ ਸ਼ਾਦੀ ਕਰਨ ਵਾਲੇ ਮਰਦ ਵੀ ਮਿਲ ਜਾਂਦੇ ਹਨ ਪਰ ਉਨ੍ਹਾਂ ਨੂੰ ਮਾਲਦੀਵ ਭਾਈਚਾਰਾ ਏਦਾਂ ਹੀ ਨਫਰਤ ਕਰਦਾ ਸੀ ਜਿਵੇਂ ਸਾਡੇ ਦੇਸ਼ਵਾਸੀ ਦੱਲਿਆਂ ਨੂੰ ਕਰਦੇ ਹਨ।

ਇਸ ਨਿਕਚੂ ਦੇਸ਼ ਦੇ ਰਸਮ ਰਿਵਾਜ ਕਿਹੋ ਜਿਹੇ ਵੀ ਹੋਣ ਭਾਰਤ ਨੂੰ ਇਹਦੇ ਨਾਲ ਬਣਾ ਕੇ ਰੱਖਣੀ ਪੈਂਦੀ ਹੈ। ਸਮੁੰਦਰ ਵਿਚ ਇਸਦੀ ਰਣਨੀਤਕ ਅਹਿਮੀਅਤ ਸਦਕਾ ਦਿੱਲੀ ਵਲੋਂ ਮਾਲਦੀਵ ਦਾ ਪੰਜ ਕਰੋੜ ਡਾਲਰ ਦਾ ਖਜ਼ਾਨਾ ਬਿੱਲ ਅਗਾਂਹ ਪਾ ਕੇ ਇਸਦੀ ਮਿਆਦ ਵਿਚ ਇੱਕ ਸਾਲ ਦਾ ਵਾਧਾ ਕਰਨਾ ਵੀ ਇਸੇ ਭਾਵਨਾ ਦਾ ਹਿੱਸਾ ਹੈ। ਭਾਵੇਂ ਚੀਨ ਵੀ ਮਾਲਦੀਵ ਵਲ ਮਿੱਤਰਤਾ ਦਾ ਹੱਥ ਵਧਾ ਰਿਹਾ ਹੈ ਪਰ ਮਾਲਦੀਵ ਦਾ ਆਰਥਕ ਵਿਕਾਸ ਮੰਤਰੀ ਮੁਹੰਮਦ ਸਈਅਦ ਚੀਨ ਦੇ ਇਕ ਦੌਰੇ ਵਿਚ ਉਥੋਂ ਦੇ ਟੀਵੀ ਚੈਨਲ 'ਤੇ ਆਪਣੇ ਦੇਸ਼ ਦੇ ਆਰਥਿਕ ਵਿਕਾਸ ਲਈ ਭਾਰਤ ਦੀ ਅਹਿਮੀਅਤ ਦਰਸਾ ਚੁੱਕਿਆ ਹੈ। ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੀ ਸੱਜਰੀ ਮਾਲਦੀਵ ਫੇਰੀ ਨੂੰ ਇਸ ਪ੍ਰਸੰਗ ਵਿਚ ਦੇਖਣ ਦੀ ਲੋੜ ਹੈ।

**ਸੁਰਿੰਦਰ ਗਿੱਲ ਦਾ ਉੱਚਾ ਨੀਵਾਂ ਜੀਵਨ ਦਰਪਣ**

ਮੈਂ ਸੁਰਿੰਦਰ ਗਿੱਲ ਨੂੰ ਕਵੀ ਵਜੋਂ ਜਾਣਿਆ ਹੈ। ਕਿਸੇ ਵੇਲੇ ਉਹਦੇ ਵਲੋਂ ਗਾ ਕੇ ਸੁਣਾਈ ਕਵਿਤਾ 'ਛੱਟਾ ਚਾਨਣ ਦਾ ਦੇਈ ਜਾਣਾ।' ਮੇਰੇ ਮਨ ਵਿਚ ਹਾਲੀ ਤੱਕ ਵੱਸੀ ਹੋਈ ਹੈ। ਉਹ ਰਘਬੀਰ ਸਿੰਘ ਸਿਰਜਣਾ ਤੇ ਸੁਲੇਖਾ ਜੋੜੀ ਦੇ ਨੇੜੇ ਰਿਹਾ ਹੈ ਤੇ ਮੈਂ ਉਸਦੇ ਬਚਪਨ ਤੇ ਜਵਾਨੀ ਨੂੰ ਉਨ੍ਹਾਂ ਰਾਹੀਂ ਜਾਣਿਆ ਹੈ। ਅਸਲੀਅਤ ਕਿੰਨੀ ਦਿਲ-ਚੀਰਵੀਂ ਸੀ ਹੁਣੇ ਹੁਣੇ ਛਪੀ ਉਸਦੀ ਪੁਸਤਕ ਦੋਸਤੀ ਦੀ ਸੂਹੀ ਲਾਟ ਦੇ ਵਰਕੇ ਫਰੋਲਦਿਆਂ ਪਤਾ ਲੱਗੀ ਹੈ। ਖਾਸ ਕਰਕੇ ਚਾਰ ਕੁ ਵਰ੍ਹੇ ਦੀ ਉਮਰੇ ਉਸ ਘੜੀ ਜਦੋਂ ਉਸਦੀ ਮਾਂ ਪਰਲੋਕ ਸਿਧਾਰ ਗਈ। ਉਪਰ ਵਾਲਾ ਰੱਬ ਮਾਵਾਂ ਤਾਂ ਕਈ ਬੱਚਿਆਂ ਤੋਂ ਖੋਹੰਦਾ ਰਿਹਾ ਹੈ ਪਰ ਹਰ ਕਿਸੇ ਨੇ ਉਹ ਘੜੀ ਨਹੀਂ ਤੱਕੀ ਹੋਣੀ ਜਦੋਂ ਇਹ ਕਾਰਾ ਅਣਭੋਲ ਤੇ ਅਚੇਤ ਹੀ ਵਾਪਰ ਗਿਆ, ਤੇ ਉਹ ਵੀ ਬਾਲਕ ਉਮਰੇ। ਗਿੱਲ ਉਸ ਵਿਚੋਂ ਲੰਘਿਆ ਹੈ।



*ਸੁਰਿੰਦਰ ਗਿੱਲ*

ਉਸਨੇ ਮੁਢਲੀ ਤੇ ਐਮ ਏ ਤੱਕ ਦੀ ਵਿਦਿਆ ਦੇ ਏਨੇ ਵਰ੍ਹੇ ਕਿਵੇਂ ਕੱਟੇ ਹੋਣਗੇ ਇਸਦਾ ਤਾਂ ਅੰਦਾਜ਼ਾ ਲਾਉਣਾ ਵੀ ਸੌਖਾ ਨਹੀਂ ਪਰ ਵਿਦਿਆ ਪ੍ਰਾਪਤੀ ਤੋਂ ਪਿੱਛੋਂ ਅਚਾਨਕ ਟੀ.ਬੀ. ਮੈਨੇਜਾਈਟਸ ਦੀ ਲਪੇਟ ਵਿਚ ਆ ਕੇ ਦਇਆਨੰਦ ਹਸਪਤਾਲ ਵਿਚ ਦਾਖਲ ਹੋਣਾ ਤੇ ਆਏ ਗਏ ਨੂੰ ਨਾ ਪਹਿਚਾਨਣਾ ਬੜਾ ਦੁਖਦਾਈ ਬਿਰਤਾਂਤ ਹੈ। ਹਥਲੀ ਪੁਸਤਕ ਵਿਚ ਲੇਖਕ ਨੇ ਇਹ ਕੁਝ ਲਿਖਿਆ ਹੈ। ਉਸਦੇ ਆਪਣੇ ਸ਼ਬਦਾਂ ਵਿਚ ਇਸ ਪੁਸਤਕ ਵਿਚਲੇ ਲੇਖ ਕਿਸੇ ਗਿਣੀ-ਮਿੱਥੀ ਯੋਜਨਾ ਜਾਂ ਉਦੇਸ਼ ਨੂੰ ਮੁੱਖ ਰੱਖ ਕੇ ਨਹੀਂ ਲਿਖੇ; ਅਖਬਾਰਾਂ ਦੇ ਕਹਿਣ ਉੱਤੇ ਗਾਹੇ-ਬਗਾਹੇ ਲਿਖੇ ਸਨ। ਉਸਦੇ ਜੀਵਨ ਤੇ ਨਿੱਜ ਨਾਲ ਬੀਤੀਆਂ ਘਟਨਾਵਾਂ ਸਮੇਤ; ਜਿਸ ਵਿਚ ਮੋਹਨ ਸਿੰਘ, ਸ਼ਿਵ ਬਟਾਲਵੀ, ਡਾਕਟਰ ਸੀਤਾ ਤੇ ਖੱਬੇ ਪੱਖੀ ਪੰਡਤ ਕਿਸ਼ੋਰੀ ਲਾਲ ਨੂੰ ਪਹਿਲ ਦਿੱਤੀ ਹੈ।

ਇਸ ਵਿਚ ਲੋਪ ਹੋ ਰਿਹਾ ਪਿੰਡ ਹੀ ਨਹੀਂ, ਪਿੰਡ ਦੇ ਲੋਕ ਵੀ ਹਨ। ਉਨ੍ਹਾਂ ਦੇ ਗੀਤ ਮ੍ਰਿਤੂ, ਸਿਆਪਾ ਤੇ ਸਭਿਆਚਾਰਕ ਟੋਟਕੇ ਵੀ। ਨਮੂਨਾ ਪੇਸ਼ ਹੈ।

ਬਜ਼ੁਰਗ ਬਾਬਾ ਘਰ ਦੇ ਦਰਾਂ ਅੰਦਰ, ਮੰਜਾ ਡਾਹ ਕੇ ਬੈਠਾ ਜਾ ਲੰਮਾ ਪਿਆ ਰਹਿੰਦਾ। ਪਾਸ ਹੀ ਪਿਆ ਹੁੰਦਾ ਉਸਦਾ ਖੂੰਡਾ ਤੇ ਪਾਣੀ ਦੀ ਗੜਬੀ; ਮੱਛਰ ਮੱਖੀ ਦੀ ਰੋਕ ਲਈ ਕੌਲ ਨਾਲ ਢਕੀ ਹੋਈ। ਉਹ ਹਰ ਆਏ ਗਏ ਨੂੰ 'ਕੌਣ, ਕਿਹੜਾ' ਪੁੱਛਦਾ ਤੇ ਲੰਘਾ ਦਿੰਦਾ। ਘਰਾਂ ਮੂਹਰੇ ਧੁੱਪ ਸੇਕਦੇ ਪੋਤੇ ਪੋਤੀਆਂ ਨੂੰ ਆਵਾਜ਼ਾਂ ਮਾਰ ਕੇ ਬੁਲਾਉਂਦਾ ਤੇ ਪੂਰੀ ਖ਼ਬਰ ਸਾਰ ਰਖਦਾ। ਸਿਆਲ ਦੀਆਂ ਰਾਤਾਂ ਨੂੰ ਉਸਦਾ ਕੰਮ ਇਨ੍ਹਾਂ ਬਾਲਕਾਂ ਨੂੰ ਅਨੋਖੀਆਂ ਤੇ ਰੋਚਕ ਕਹਾਣੀਆਂ ਸੁਣਾ ਕੇ ਹਸਾਉਣਾ ਹੁੰਦਾ।

ਉਂਝ ਸ਼ਾਮ ਹੁੰਦੀ ਤਾਂ ਸਾਰੇ ਪਿੰਡ ਵਾਲੇ ਘਰਾਂ ਨੇੜਲੀ ਸੱਥ ਵਿਚ ਜਾ ਬੈਠਦੇ। ਇਹ ਸੱਥ ਇੱਕ-ਇੱਕ, ਦੋ-ਦੋ ਕਰਕੇ ਭਰਦੀ ਜਾਂਦੀ ਤੇ ਰੌਣਕ ਲੱਗ ਜਾਂਦੀ। ਏਥੇ ਸਧਾਰਨ ਦੁਖ-ਸੁਖ ਤੋਂ ਤੁਰਦੀ ਗੱਲ ਕਿਤੇ ਦੀ ਕਿਤੇ ਪੁੱਜ ਜਾਂਦੀ। ਪਿੰਡ ਦੀ ਕੋਈ ਘਟਨਾ; ਖੇਡ, ਪੈਲੀਆਂ, ਮੌਸਮ, ਨਵੀਂ ਵਾਰਦਾਤ ਗੁਆਂਢੀ ਪਿੰਡ ਤੋਂ ਆਈ ਕਨਸੋਅ। ਸੱਥ ਕਈ ਰੂਪ ਬਦਲਦੀ। ਕਦੇ ਸੁਧਾਰ ਸਭਾ, ਕਦੇ ਸਤਿਸੰਗ, ਕਦੇ ਕਾਰਜ ਕਾਰਨੀ ਤੇ ਕਦੇ ਚੁਗਲ ਦਰਬਾਰ। ਸਭ ਕੁਝ ਸਾਦ ਮੁਰਾਦਾ, ਸਾਫ ਤੇ ਸਪੱਸ਼ਟ। ਏਥੇ ਝੂਠ ਬੋਲਣਾ ਪਾਪ ਸੀ। ਇੱਕ ਨਾ ਬਖਸ਼ਿਆ ਜਾਣ ਵਾਲਾ ਗੁਨਾਹ। ਜੇ ਨਿਯਮ ਟੁਟਦੇ ਤਾਂ ਭਾਈਚਾਰੇ ਵਿਚ ਹੀ ਨਜਿੱਠ ਲਏ ਜਾਂਦੇ। ਪੰਚਾਇਤ ਦਾ ਫੈਸਲਾ ਸਤਿ ਕਰਕੇ ਮੰਨਿਆ ਜਾਂਦਾ। ਇਹ ਪਿੰਡ ਦੀ ਵਿਧਾਨ ਸਭਾ ਵੀ ਹੁੰਦੀ ਤੇ ਸੰਸਦ ਵੀ।

**ਅੰਤਿਕਾ**

ਨੂਰ ਮੁਹੰਮਦ ਨੂਰ॥
ਵਿਚ ਗੁਦਾਮਾ ਥਾਂ ਨਾ ਲੱਭੇ, ਦਾਣਾ ਫੱਕਾ ਸਾਂਭਣ ਨੂੰ,
ਸੀਰੀ ਦੇ ਘਰ ਖਾਲੀ ਭਾਂਡੇ-ਟੀਡੇਂ ਦੀ ਕੰਗਾਲੀ ਵੇਖ।

# "ਖੁਦਾ ਬਚਾਏ ਖਬਰ ਲੈਣ ਆਲਿਆਂ ਤੋਂ"

## ਵਿਅੰਗ

ਮੁਨਸ਼ੀ ਨੌਬਤ ਰਾਇ ਨਜ਼ਰ ਲਖਨਵੀ ਦਾ ਸ਼ੇਅਰ ਹੈ-
'ਆਪ ਨੇ ਬੀਮਾਰ-ਪੁਰਸੀ ਕੀ ਤੋ ਜੀਨਾ ਹੈ ਬਵਾਲ,
ਵਰਨਾ ਮਰਨੇ ਕੀ ਮੁਝੇ ਹਸਰਤ ਕਭੀ ਐਸੀ ਨਾ ਥੀ"।

ਬੀਮਾਰ-ਪੁਰਸੀ ਫਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਮਰੀਜ਼ ਦੀ ਇਆਦਤ, ਰੋਗੀ ਦਾ ਹਾਲ-ਚਾਲ ਪੁੱਛਣਾ, ਬੀਮਾਰ ਨੂੰ ਦੇਖਣ ਜਾਣਾ। ਖੁਦਾ ਵੀ ਫਾਰਸੀ ਦਾ ਹੀ ਸ਼ਬਦ ਹੈ ਜਿਸ ਦਾ ਅਰਥ ਹੈ ਪਰਮ-ਪਿਤਾ ਪ੍ਰਮਾਤਮਾ।

ਤੀਮਾਰਦਾਰੀ ਅਤੇ ਬੀਮਾਰ-ਪੁਰਸੀ ਵਿਚ ਫਰਕ ਹੁੰਦਾ ਹੈ। ਤੀਮਾਰਦਾਰੀ ਦਾ ਅਰਥ ਖਿਦਮਤ ਜਾਂ ਟਹਿਲ ਸੇਵਾ ਕਰਨਾ।



ਬੀਮਾਰ-ਪੁਰਸੀ ਨੂੰ ਆਪਾਂ 'ਖਬਰ ਲੈਣ ਜਾਣਾ' ਕਹਿੰਦੇ ਹਾਂ। ਖਬਰ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਮਹਾਨਕੋਸ਼ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ-ਸੁਧ, ਸਮਾਚਾਰ, ਹਾਲ 2. ਗਯਾਨ, ਸਮਝ, ਬੋਧ 3. ਇਤਲਾਹ, ਸੂਚਨਾ, 'ਮਤ ਘਾਲਹੁ ਜਮਕੀ ਖਬਰੀ'(ਕਬੀਰ), ਪੂਰੀ ਟੂਕ ਹੈ 'ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ'॥ ਸ.ਗ.ਗ.ਸ ਅੰਗ 856) 4. ਨਿਗਹਬਾਨੀ, ਨਿਗਰਾਨੀ 'ਸਿੰਚਨਹਾਰੈ ਏਕੈ ਮਾਲੀ॥ਖਬਰਿ ਕਰਤੁ ਹੈ ਪਾਤ ਪਤ ਡਾਲੀ'॥(ਅੰਗ 385)

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91-98766-55055

ਗੁਰਬਾਣੀ ਵਿਚ ਖਬਰ ਸ਼ਬਦ 'ਖਬਰੁ' ਅਤੇ 'ਖਬਰਿ' ਦੇ ਰੂਪ ਵਿਚ ਵੀ ਆਉਂਦਾ ਹੈ।

ਖਬਰ, ਖਬਰ (ਨਿਊਜ਼) ਨੂੰ ਵੀ ਕਿਹਾ ਜਾਂਦੈ। ਇਸ ਦਾ ਅਰਥ ਕਿਸੇ ਨੂੰ ਤਾੜਨਾ ਕਰਨਾ ਵੀ ਹੁੰਦੈ ਜਿਵੇਂ ਮਾਂ ਆਮ ਤੌਰ 'ਤੇ ਸ਼ਰਾਰਤੀ ਬੱਚੇ ਨੂੰ ਕਹਿ ਦਿੰਦੀ ਹੈ ਕਿ 'ਠਹਿਰ ਜਾ, ਮੈਂ ਤੇਰੀ ਖਬਰ ਲੈਂਦੀ ਹਾਂ!'

ਕਈਆਂ ਨੂੰ ਹਰ ਕਿਸਮ ਅਤੇ ਹਰ ਕਿਸੇ ਦੀ ਖਬਰ ਰੱਖਣ ਦਾ ਚਸਕਾ ਹੁੰਦੈ; ਕੁਝ ਕੁ ਨੂੰ ਕੁਝ ਕੁ ਦੀ ਖਬਰ ਲੈਣ ਦਾ! ਪਹਿਲਾਂ ਅਜਿਹੇ ਲੋਕਾਂ ਨੂੰ ਬੀ.ਬੀ.ਸੀ., ਜਾਂ ਚਲਦਾ ਫਿਰਦਾ/ ਦੀ ਰੇਡੀਓ/ ਅਖਬਾਰ ਕਿਹਾ ਜਾਂਦਾ ਸੀ। ਅੱਜ ਕੱਲ੍ਹ ਇਸ ਪ੍ਰਜਾਤੀ ਨੂੰ ਸਰਬ-ਵਿਆਪੀ ਸੋਸ਼ਲ ਮੀਡੀਆ ਹੈਂਡਲ ਜਾਂ ਸੀ.ਸੀ.ਟੀ.ਵੀ. ਕੈਮਰੇ ਕਹਿੰਦੇ ਹਨ।

ਪਰ ਆਪਾਂ ਇਥੇ ਖਬਰ ਨੂੰ ਬੀਮਾਰ-ਪੁਰਸੀ ਵਾਲੇ ਪੱਖ ਤੋਂ ਹੀ ਲੈ ਰਹੇ ਹਾਂ। ਸਾਡੇ ਸਮਾਜ ਵਿਚ ਜੇ ਕੋਈ ਬੀਮਾਰ ਦੀ ਖਬਰ ਨਾ ਲੈਣ ਆਏ ਤਾਂ ਗੁੱਸਾ ਕੀਤਾ ਜਾਂਦੈ। ਇਸ ਲਈ ਬੀਮਾਰੀ-ਠਮਾਰੀ ਵੇਲੇ ਹਾਲ-ਚਾਲ ਪੁੱਛਣ ਜਾਣਾ ਆਮ ਸਮਾਜਿਕ ਵਰਤਾਰਾ ਹੈ।

ਵੈਸੇ ਵੀ ਕੋਈ ਕਿਸੇ ਦਾ ਹੋਊ ਤਾਂ ਕਿਸੇ ਦੇ ਜਾਊ ਪਰ ਜਿਹਦਾ ਕੋਈ ਨਾ ਹੋਊ ਉਹਦੇ ਕੌਣ ਆਊ? ਕਹਿੰਦੇ ਹਨ ਕਿ 'ਯਾਰਾਂ ਨੂੰ ਯਾਰ ਰੋਣਗੇ, ਕੁੱਤੇ ਰੋਣਗੇ ਤਲੰਗਿਆ ਤੈਨੂੰ!' ਕੋਈ ਆਪਣਾ ਖਬਰ ਲੈਣ ਆਵੇ ਤਾਂ ਚੰਗਾ ਲਗਦੈ। ਜੇ ਕਿਤੇ ਮਹਿਬੂਬਾ ਖਬਰ ਲੈਣ ਆ ਜਾਏ ਤਾਂ ਬੰਦਾ ਕਹਿੰਦਾ ਕਿ ਉਹ ਬੀਮਾਰ ਹੀ ਠੀਕ ਹੈ! ਪਿਆਰੇ/ਪਿਆਰੀ ਨੂੰ ਦੇਖ ਕੇ ਹੀ ਬੰਦਾ/ ਬੰਦੀ ਅੱਧੇ ਠੀਕ ਹੋ ਜਾਂਦੇ ਹਨ।

ਮਿਰਜ਼ਾ ਗਾਲਿਬ ਦਾ ਇਕ ਸ਼ੇਅਰ ਹੈ-
'ਉਨ ਕੇ ਦੇਖੇ ਸੇ ਜੋ ਆ ਜਾਤੀ ਹੈ ਮੂੰਹ ਪਰ ਰੌਨਕ,
ਵੋ ਸਮਝਤੇ ਹੈਂ ਕਿ ਬੀਮਾਰ ਕਾ ਹਾਲ ਅੱਛਾ ਹੈ।'

ਕੁਝ ਲੋਕਾਂ ਦਾ ਆਉਣਾ ਚੰਗਾ ਲਗਦੈ ਅਤੇ ਕੁਝ ਦਾ ਜਾਣਾ! 'ਆਪ ਆਏ ਬਹਾਰ ਆਈ' ਪਰ ਕਈਆਂ ਬਾਰੇ ਇਹ ਸਤਰਾਂ ਹੀ ਵਧੇਰੇ ਢੁਕਦੀਆਂ ਹਨ ਕਿ 'ਆਪ ਆਏ ਹਵਾੜ ਆਈ' ਜਾਂ 'ਆਪ ਗਏ ਬਹਾਰ ਆਈ।'

ਖਬਰ ਵੀ ਸਭ ਨੂੰ ਨਹੀਂ ਲੈਣੀ ਆਉਂਦੀ। ਮਰੀਜ਼ ਨੂੰ ਹੌਸਲਾ ਦੇਣਾ ਬਣਦੈ ਨਾ ਕਿ ਨਿਰ-ਉਤਸ਼ਾਹਤ ਕਰਨਾ। ਉਹ ਭਾਵੇਂ ਕਮਜ਼ੋਰ ਲਗੇ ਪਰ ਉਸ ਦੇ ਮੂੰਹ 'ਤੇ ਇਹ ਕਦੀ ਨਹੀਂ ਕਹਿਣਾ ਚਾਹੀਦਾ। ਸਿਆਣੇ ਲੋਕ ਅਜਿਹਾ ਹੀ ਕਰਦੇ ਹਨ। ਪਰ ਕੁਝ ਕੁ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਬਾਰੇ ਕਿਹਾ ਜਾ ਸਕਦੈ ਕਿ ਮੁਰਦਾ ਬੋਲੂ ਤਾਂ ਖੱਫਣ ਹੀ ਪਾੜੂ! ਬੀਮਾਰ ਤਾਂ ਪਹਿਲਾਂ ਹੀ ਢਹਿੰਦੀ ਕਲਾ 'ਚ ਹੁੰਦੈ ਤੇ ਅਜਿਹੇ ਲੋਕ ਉਸ ਨੂੰ ਹੋਰ ਢਹਿੰਦੀ ਅਵਸਥਾ ਵਿਚ ਧਕੇਲ ਦੇਣਗੇ।

ਪੀਲੀਏ ਦੇ ਰੋਗ 'ਚ ਆਮ ਕਰਕੇ ਚਿਹਰੇ, ਖਾਸ ਕਰਕੇ ਅੱਖਾਂ ਦਾ ਰੰਗ ਪੀਲਾ ਪੈ ਜਾਂਦੈ। ਇਸ ਬੀਮਾਰੀ ਨਾਲ ਗ੍ਰਸਤ ਮਰੀਜ਼ ਦਾ ਹਾਲ ਪੁੱਛਣ ਆਏ 'ਚਾਚਾ ਚਤਰੂ' ਦੀ ਗੱਲ ਸੁਣੋ-

'ਲੈ ਵਈ ਫਲਾਨਾ ਸਿਆਂ, ਤੇਰੀਆਂ ਅੱਖਾਂ ਤਾਂ ਨਿੰਬੂਆਂ ਤੋਂ ਵੀ ਪੀਲੀਆਂ ਹੋ ਗਈਆਂ, ਬਸ ਸਾਰੇ ਚਿਹਰੇ 'ਤੇ ਹੀ ਪਿਲੱਤਣ ਛਾ ਗਈ ਸਮਝੋ, ਮੂੰਹ ਬਸਾਰ ਵਰਗਾ ਪੀਲਾ ਹੋ ਗਿਐ। ਇਹ ਬੀਮਾਰੀ ਬੜੀ ਨਾਮੁਰਾਦ ਐ, ਸਿੱਧਾ ਫੇਫੜਿਆਂ 'ਤੇ ਅਸਰ ਕਰਦੀ ਐ, ਕਈ ਵਾਰ ਤਾਂ ਬੰਦੇ ਦੀ ਬਸ ਕਰਵਾ ਛਡਦੀ ਐ। ਜਿਥੋਂ ਇਲਾਜ ਕਰਵਾ ਰਹੇ ਹੋ, ਇਹਦੀ ਸਾਖ ਵੀ ਕੋਈ ਖਾਸ



ਨਹੀਂ, ਫਲਾਣੇ ਡਾਕਟਰ ਕੋਲ ਲੈ ਜਾਓ, ਢਿਮਕਾਨੇ ਹਸਪਤਾਲ ਦਾਖਲ ਕਰਵਾਓ, ਨਹੀਂ ਤਾਂ...।'

ਇਹ ਸਭ ਸੁਣ ਕੇ ਸ਼ੇਰ ਵਰਗਾ ਬੰਦਾ ਵੀ ਬੌਂਦਲ ਜਾਂਦੈ, ਬੀਮਾਰ ਨੇ ਤਾਂ ਭੌਂਚੱਕ ਹੋਣਾ ਹੀ ਹੋਇਆ!

ਐਵੇਂ ਤਾਂ ਨਹੀਂ ਰਾਹਤ ਇੰਦੌਰੀ ਕਹਿੰਦਾ-
'ਅਫਵਾਹ ਥੀ ਕਿ ਮੇਰੀ ਤਬੀਅਤ ਖਰਾਬ ਹੈ,
ਲੋਗੋਂ ਨੇ ਪੂਛ ਪੂਛ ਕੇ ਬੀਮਾਰ ਕਰ ਦੀਆ।'

'ਤਾਈ ਤੂਫਾਨੀ' ਤਾਂ ਗੱਲ ਦਾ ਗਲੈਣ, ਰਾਈ ਦਾ ਪਹਾੜ ਅਤੇ ਤਿਲ ਦਾ ਤਾੜ ਬਣਾਉਣ ਵਿਚ ਗੋਦੀ ਮੀਡੀਆ ਨੂੰ ਵੀ ਮਾਤ ਪਾਉਂਦੀ ਹੈ। ਸੂਹਾਂ ਲੈਣ ਅਤੇ ਖਬਰਾਂ/ਅਫਵਾਹਾਂ ਫੈਲਾਉਣ ਵਿਚ ਉਹ ਬਹੁਤੇ ਯੂ-ਟਿਊਬ ਚੈਨਲਾਂ ਨੂੰ ਵੀ ਪਿਛੇ ਛਡ ਜਾਂਦੀ ਹੈ। ਕਿਸੇ ਦੀ ਚੀਚੀ ਉਪਰ ਭੋਰਾ ਜਿੰਨੀ ਸੱਟ ਲਗ ਜਾਏ ਤਾਂ ਉਹ ਸਾਰੇ ਪਿੰਡ ਵਿਚ ਹਾਲ-ਦੁਹਾਈ ਪਾ ਦਊ-'ਫਲਾਣੇ ਦੇ ਮੁੰਡੇ ਦੇ ਬਹੁਤ ਸੱਟ ਲਗੀ ਐ, ਹਸਪਤਾਲ ਲੈ ਗਏ ਆ, ਖਬਰ-ਸਾਰ ਲੈ ਆਓ, ਪਤਾ ਨਹੀਂ ਬਚੂ ਕਿ ਨਹੀਂ।' ਤੇ ਮੁੰਡਾ ਸ਼ਾਮ ਨੂੰ ਸਾਥੀਆਂ ਨਾਲ ਖਿੱਦੋ-ਖੂੰਡੀ ਖੇਲ ਰਿਹਾ ਹੋਊ!

ਜੌਨ ਏਲੀਆ ਦਾ ਸ਼ੇਅਰ ਯਾਦ ਆ ਜਾਂਦੈ-
'ਉਸ ਕੀ ਗਲੀ ਸੇ ਉਠ ਕੇ ਮੈਂ ਆਨ ਪੜਾ ਥਾ ਅਪਨੇ ਘਰ,
ਏਕ ਗਲੀ ਕੀ ਬਾਤ ਥੀ ਔਰ ਗਲੀ ਗਲੀ ਗਈ।'

ਮੌਲਾ ਮਿਹਰ ਕਰੇ ਤੇ ਅਜਿਹੇ 'ਖਬਰੀਆਂ' ਤੋਂ ਖਬਰਦਾਰ ਰਖੇ! (ਮੁਖਬਰਾਂ/ਮੁਖਬਰੀ ਪ੍ਰਤੀ ਵੀ ਖਬਰਦਾਰੀ ਬਣਾਈ ਰਖੇ)।

ਖਬਰ ਲੈਣ ਬਾਰੇ ਇੱਕ ਗੱਲ ਹੋਰ ਸੁਣ ਲਓ-

ਦੁਰਘਟਨਾ ਉਪਰੰਤ ਲੱਤ-ਬਾਂਹ ਤੁੜਵਾ ਕੇ ਇਕ ਜਣਾ ਹਸਪਤਾਲ ਵਿਚ ਦਾਖਲ ਸੀ। ਜਾਣ-ਪਛਾਣ ਵਾਹਵਾ ਸੀ, ਸੋ ਹਾਲ-ਚਾਲ ਪਤਾ ਕਰਨ ਵਾਲਿਆਂ ਦਾ ਤਾਂਤਾ ਲਗ ਗਿਆ। ਬਹੁਤਿਆਂ ਨੇ ਹੌਸਲਾ ਦਿਤਾ, ਹਿੰਮਤ ਵਧਾਈ ਅਤੇ ਹੱਲਾ-ਸ਼ੇਰੀ ਦਿਤੀ। ਇੱਕਾ-ਦੁੱਕਾ ਨੇ ਖੀਰ 'ਚ ਖੇਹ ਰਲਾ ਦਿਤੀ। ਸਿਰਫ ਇੱਕ ਜਣੇ ਦਾ ਹਾਲ-ਚਾਲ ਪੁੱਛਣ ਦਾ ਬਾ-ਕਮਾਲ ਅੰਦਾਜ਼ ਦੇਖ ਲਓ-

'ਆ ਜਿਹੜੀ ਤੇਰੀ ਲੱਤ ਟੁੱਟੀ ਐ ਇਹ ਕਿਤੇ ਪੂਰੀ ਤਰ੍ਹਾਂ ਠੀਕ ਹੋਣੀ ਆਂ। ਡਾਕਟਰਾਂ ਦਾ ਕੀ ਆ, ਪੈਸੇ ਬਟੋਰਨ ਲਈ ਉਨ੍ਹਾਂ ਨੇ ਤਾਂ ਚੀਰ-ਫਾੜ ਕਰੀ ਜਾਣੀ ਆਂ। ਲੱਤ ਜੁੜ ਕੇ ਵੀ ਦੂਸਰੀ ਲੱਤ ਨਾਲੋਂ ਇੰਚ/ਅੱਧਾ ਇੰਚ ਛੋਟੀ ਰਹਿ ਜਾਣੀ ਆਂ। ਲੰਗ ਮਾਰ ਮਾਰ ਤੁਰਿਆ ਕਰੂੰ। ਮੇਰੇ ਆਪਣੇ ਇੱਕ ਰਿਸ਼ਤੇਦਾਰ ਦੀ ਬਾਂਹ ਟੁੱਟ ਗਈ ਸੀ, ਵਿੰਗੀ ਹੀ ਜੁੜੀ।'

ਬੀਮਾਰ-ਪੁਰਸੀ ਕਰਨ ਵਾਲਾ ਜਦ ਬਾਹਰ ਗਿਆ ਤਾਂ ਹਾਦਸਾ-ਗ੍ਰਸਤ ਬੰਦਾ ਇਉਂ ਮਹਿਸੂਸ ਕਰਨ ਲਗ ਪਿਆ ਜਿਵੇਂ ਉਸ ਨਾਲ ਇੱਕ ਹੋਰ ਹਾਦਸਾ ਹੋ ਗਿਆ ਹੋਵੇ! ਤਾਂ ਹੀ ਤਾਂ ਕਹਿੰਦੇ ਐ 'ਖੁਦਾ ਬਚਾਏ ਖਬਰ ਲੈਣ ਆਲਿਆਂ ਤੋਂ!'

# 'ਆ ਗਿਆ 'ਪੰਨੂੰ ਵੈਦ' ਕੰਪਿਊਟਰ-ਰੋਗੀਆਂ ਦਾ ...'

ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਪਿੰਡ ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਬੀਬੀਆਂ ਵੱਲੋਂ ਢੋਲਕੀ ਦੀ ਸਿੱਧ-ਪੱਧਰੀ ਜਿਹੀ ਤਾਲ 'ਤੇ ਗਾਏ ਜਾਣ ਵਾਲੇ ਧਾਰਨਾ ਵਾਲੇ ਕਈ 'ਸ਼ਬਦ' ਸੁਣਦੇ ਹੁੰਦੇ ਸੀ। ਉਨ੍ਹਾਂ ਵਿਚ ਇਕ 'ਸ਼ਬਦ' ਵਿਸ਼ੇਸ਼ ਤੌਰ 'ਤੇ ਸ਼ਾਮਲ ਹੁੰਦਾ ਸੀ ਜਿਸ ਨੂੰ ਉਹ ਪੂਰੀ ਹੇਕ ਲਾ ਕੇ ਗਾਉਂਦੀਆਂ ਸਨ:

"ਆ ਗਿਆ ਜੀ ਬਾਬਾ ਵੈਦ ਰੋਗੀਆਂ ਦਾ ...!"

ਉਨ੍ਹਾਂ ਵੱਲੋਂ ਗਾਏ ਜਾਣ ਵਾਲੇ ਇਸ ਸ਼ਬਦ ਵਿਚਲਾ 'ਵੈਦ' ਬਾਬਾ ਨਾਨਕ ਹੀ ਹੁੰਦਾ ਸੀ ਜਿਸ ਦਾ ਉਸ ਦਿਨ ਗੁਰਪੁਰਬ ਮਨਾਇਆ ਜਾ ਰਿਹਾ ਹੁੰਦਾ ਸੀ। ਉਨ੍ਹਾਂ ਵੱਲੋਂ ਗਾਏ ਗਏ ਇਸ ਸ਼ਬਦ ਅਨੁਸਾਰ ਬਾਬਾ ਨਾਨਕ ਹਰੇਕ ਤਰ੍ਹਾਂ ਦੇ ਰੋਗਾਂ ਨੂੰ ਦੂਰ ਕਰਨ ਵਾਲਾ 'ਵੈਦ' ਸੀ ਪਰ ਉਦੋਂ ਮੇਰੇ ਵਰਗਿਆਂ ਦੇ ਬਾਲ-ਮਨਾਂ ਨੂੰ ਇਹ ਗੱਲ ਸਮਝ ਨਾ ਪੈਂਦੀ। ਮੇਰੀ ਸੀਮਤ ਜਿਹੀ ਸੋਚ ਅਨੁਸਾਰ ਤਾਂ ਗੁਰੂ ਨਾਨਕ ਦੇਵ ਜੀ 'ਗੁਰੂ' ਹੀ ਹਨ। ਉਹ 'ਵੈਦ' ਕਿਵੇਂ ਬਣ ਗਏ? ਵੈਦ ਤਾਂ ਡਾਕਟਰਾਂ ਵਾਂਗ ਬੀਮਾਰੀਆਂ ਦਾ ਇਲਾਜ ਕਰਦੇ ਹਨ। ਫਿਰ ਜਦ ਥੋੜ੍ਹਾ ਵੱਡਾ ਹੋਇਆ ਤਾਂ ਸਮਝ ਪਈ ਕਿ ਬੀਮਾਰੀਆਂ ਕੇਵਲ ਸਰੀਰਕ ਹੀ ਨਹੀਂ ਹੁੰਦੀਆਂ, ਇਹ ਮਾਨਸਿਕ ਵੀ ਹੁੰਦੀਆਂ ਹਨ ਤੇ ਇਨ੍ਹਾਂ ਮਾਨਸਿਕ-ਬੀਮਾਰੀਆਂ ਦੇ ਇਲਾਜ ਵਾਲੇ 'ਵੈਦ' ਹੋਰ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਮਾਨਸਿਕ ਰੋਗੀਆਂ ਦੇ ਵੈਦ ਹਨ। ਉਹ ਉਸ ਮਾਲਕ 'ਪ੍ਰਮਾਤਮਾ' ਤੋਂ ਦੂਰ ਹੋ ਗਏ ਲੋਕਾਂ ਦਾ ਇਲਾਜ ਕਰਨ ਵਾਲੇ ਵੈਦ ਹਨ।

ਡਾ. ਸੁਖਦੇਵ ਸਿੰਘ ਝੰਡ
ਫ਼ੋਨ : 647-567-9128

... ਤੇ ਏਧਰ ਸਾਡੇ ਕਿਰਪਾਲ ਸਿੰਘ ਪੰਨੂੰ ਹਨ ਜੋ ਕੰਪਿਊਟਰ ਦੇ ਮਾਹਿਰ ਹਨ। ਕੰਪਿਊਟਰ ਦੇ ਨਾਲ ਜੁੜੀ ਹਰੇਕ 'ਬੀਮਾਰੀ' ਦਾ ਇਲਾਜ ਉਨ੍ਹਾਂ ਦੇ ਕੋਲ ਹੈ। ਵੀਹਵੀਂ ਸਦੀ ਦੀ ਇਸ 'ਮਹਾਨ ਕਾਢ' ਕੰਪਿਊਟਰ ਨੂੰ ਵੀ ਕਈ 'ਬੀਮਾਰੀਆਂ' ਚੰਬੜੀਆਂ ਹੋਈਆਂ ਹਨ। ਇਸ ਨੂੰ 'ਵਰਤਣ ਵਾਲੇ'( ਯੂਜ਼ਰ) ਵੀ ਇਸ ਦੀਆਂ ਕਈ 'ਬੀਮਾਰੀਆਂ' ਦੇ 'ਮਰੀਜ਼' ਹਨ। ਚਾਹੇ ਇਹ ਉਨ੍ਹਾਂ ਨੂੰ ਪੰਜਾਬੀ ਦੇ ਸੈਂਕੜੇ ਫੌਂਟਾਂ ਵਿਚੋਂ ਕਿਸੇ ਵੀ ਫੌਂਟ ਵਿਚ ਟਾਈਪ ਕਰਦਿਆਂ ਆਈ ਹੋਈ ਮੁਸ਼ਕਲ ਹੋਵੇ, ਚਾਹੇ ਕੋਈ ਹੋਰ ਦਿੱਕਤ ਟਾਈਪ ਕੀਤੇ ਹੋਏ 'ਮੈਟਰ' ਨੂੰ ਇਕ ਫੌਂਟ ਤੋਂ ਦੂਸਰੇ ਵਿਚ ਬਦਲਣ ਦੀ ਹੋਵੇ ਤੇ ਚਾਹੇ ਕਿਸੇ 'ਮੈਟਰ' ਨੂੰ ਗੁਰਮੁਖੀ ਲਿਪੀ ਤੋਂ ਸ਼ਾਹਮੁਖੀ ਜਾਂ ਸ਼ਾਹਮੁਖੀ ਲਿਪੀ ਤੋਂ ਗੁਰਮੁਖੀ ਲਿਪੀ ਵਿਚ ਕਰਨ ਦੀ ਹੋਵੇ। ਇਸ ਦੇ ਨਾਲ ਹੀ ਜੇਕਰ ਤੁਹਾਡਾ ਕੰਪਿਊਟਰ ਚੰਗਾ ਭਲਾ ਚੱਲਦਾ-ਚੱਲਦਾ 'ਖੋਤੇ ਵਾਲੀ ਅੜੀ' ਕਰ ਬੈਠਾ ਹੈ ਤਾਂ ਇਸ ਦਾ ਇਲਾਜ ਵੀ ਪੰਨੂੰ ਸਾਹਿਬ ਕੋਲ ਹੈ। ਉਹ ਉਸ ਨੂੰ ਵੀ 'ਹੱਲਾਸ਼ੇਰੀ' ਦੇ ਕੇ ਤੋਰਨ ਲਾ ਦਿੰਦੇ ਹਨ। ਕੰਪਿਊਟਰਾਂ ਅੰਦਰ ਕਈ ਵਾਰ ਕੋਈ ਏਧਰੋਂ-ਓਧਰੋਂ ਆਈਆਂ 'ਬਲਾਵਾਂ' (ਵਾਇਰਸਾਂ) ਵੀ ਆ ਵੜਦੀਆਂ ਹਨ ਜੋ ਇਸ ਦੇ ਪ੍ਰੋਗਰਾਮਾਂ ਦਾ ਸੱਤਿਆਨਾਸ ਕਰ ਦਿੰਦੀਆਂ ਹਨ ਤੇ ਕੰਪਿਊਟਰ ਨੂੰ ਲਗਭਗ 'ਨਕਾਰਾ' ਹੀ ਕਰ ਦਿੰਦੀਆਂ ਹਨ। ਪੰਨੂੰ ਸਾਹਿਬ ਕੋਲ ਇਹ 'ਬੀਮਾਰੀ' ਦੂਰ ਕਰਨ ਦਾ ਨੁਸਖ਼ਾ ਵੀ ਹੈ। ਉਹ ਇਨ੍ਹਾਂ 'ਬਲਾਵਾਂ' ਨੂੰ ਦੂਰ ਭਜਾ ਕੇ ਕੰਪਿਊਟਰ ਨੂੰ ਮੁੜ 'ਨੌਂ-ਬਰ-ਨੌਂ' ਕਰ ਦਿੰਦੇ ਹਨ।

ਆਯੁਰਵੇਦ-ਪ੍ਰਣਾਲੀ ਵਿਚ 'ਧਨੰਤਰ ਵੈਦ' ਦਾ ਸਥਾਨ ਸਭ ਤੋਂ ਸਿਖ਼ਰ 'ਤੇ ਹੈ। ਕਿਹਾ ਜਾਂਦਾ ਹੈ ਕਿ ਉਸ ਦੇ ਕੋਲ ਹਰੇਕ ਸਰੀਰਕ ਬੀਮਾਰੀ ਦਾ ਇਲਾਜ ਮੌਜੂਦ ਸੀ। ਜੰਗਲੀ ਬੂਟੀਆਂ ਤੋਂ ਤਿਆਰ ਕੀਤੀਆਂ ਦਵਾਈਆਂ ਨਾਲ ਉਸ ਨੇ ਮਨੁੱਖੀ ਸਰੀਰ ਦੀ ਹਰੇਕ ਬੀਮਾਰੀ ਦਾ ਇਲਾਜ ਲੱਭ ਲਿਆ ਸੀ। ਉਸ ਦੇ ਨਾਲ ਜੁੜੀ ਹੋਈ 'ਮਿਥਿਹਾਸਕ ਸਾਖੀ' ਵਿਚ ਤਾਂ ਹੋਰ ਵੀ ਬੜਾ ਕੁਝ ਕਿਹਾ ਗਿਆ ਹੈ ਜੋ ਆਮ ਇਨਸਾਨ ਦੇ ਮੰਨਣ ਵਿਚ ਨਹੀਂ ਆਉਂਦਾ, ਜਿਵੇਂ ਕਿ 'ਕਸ਼ਿਅਪ' ਰੂਪੀ 'ਸੱਪ' ਨੇ ਡੰਗ ਮਾਰ ਕੇ ਬੋਹੜ ਦੇ ਇਕ ਦਰਖ਼ਤ ਨੂੰ ਬਿਲਕੁਲ ਸੁਕਾ ਦਿੱਤਾ ਸੀ ਅਤੇ ਧਨੰਤਰ ਵੈਦ ਨੇ ਉਸ ਰੁੱਖ ਦੇ ਸਾਹਮਣੇ ਖੜੋ ਕੇ ਕੁਝ 'ਮੰਤਰ' ਉਚਾਰਨ ਤੋਂ ਬਾਅਦ ਉਸ ਦੇ ਉਪਰ 'ਜਲ' ਦਾ ਤਰੌਂਕਾ ਦੇ ਕੇ ਉਸ ਨੂੰ ਮੁੜ ਹਰਿਆ-ਭਰਿਆ ਕਰ ਦਿੱਤਾ ਸੀ। ਅਜਿਹੀਆਂ 'ਕਥਾਵਾਂ' ਤਾਂ ਮੰਨਣ ਯੋਗ ਨਹੀਂ ਹਨ ਪਰ 'ਧਨੰਤਰ' ਦੇ ਨਾਂ 'ਤੇ ਚੱਲੀ ਆਯੁਰਵੇਦ-ਪ੍ਰਣਾਲੀ ਵਿਚ ਮੇਰੇ ਸਮੇਤ ਬਹੁਤ ਸਾਰੇ ਲੋਕਾਂ ਦਾ ਦ੍ਰਿੜ ਵਿਸ਼ਵਾਸ ਹੈ।

ਧਨੰਤਰ ਵੈਦ ਸਰੀਰਕ ਬੀਮਾਰੀਆਂ ਦਾ ਇਲਾਜ ਕਰਦਾ ਸੀ ਅਤੇ 'ਸਾਡੇ ਵੈਦ' ਪੰਨੂੰ ਸਾਹਿਬ ਕੰਪਿਊਟਰ ਨਾਲ ਸਬੰਧਿਤ ਬੀਮਾਰੀਆਂ ਦਾ ਇਲਾਜ ਕਰਦੇ ਹਨ। ਏਸੇ ਲਈ ਉਨ੍ਹਾਂ ਨੂੰ "ਕੰਪਿਊਟਰ ਦਾ ਧਨੰਤਰ" ਕਿਹਾ ਜਾਂਦਾ ਹੈ। ਇਹ 'ਲਕਬ' ਉਨ੍ਹਾਂ ਦੇ ਨਾਂ ਦੇ ਨਾਲ ਪ੍ਰਿੰਸੀਪਲ ਸਰਵਣ ਸਿੰਘ ਦੀ ਸੰਪਾਦਨਾ ਹੇਠ 2011 ਵਿਚ ਛਪੀ ਪੁਸਤਕ "ਕੰਪਿਊਟਰ ਦਾ ਧਨੰਤਰ : ਕਿਰਪਾਲ ਸਿੰਘ ਪੰਨੂੰ" ਦੇ ਆਉਣ ਨਾਲ ਜੁੜਿਆ। 2011 ਵਿਚ ਜਦੋਂ ਪੰਨੂੰ ਸਾਹਿਬ ਨੇ ਆਪਣੇ ਜੀਵਨ ਪੰਧ ਦੀ 'ਪੌਣੀ ਸਦੀ' ਪਾਰ ਕੀਤੀ ਤਾਂ ਇਹ ਪੁਸਤਕ ਉਨ੍ਹਾਂ ਨੂੰ "ਅਭਿਨੰਦਨ ਗ੍ਰੰਥ" ਦੇ ਰੂਪ ਵਿਚ ਭੇਟ ਕੀਤੀ ਗਈ। ਇਸ ਪੁਸਤਕ ਵਿਚ ਪ੍ਰਿੰਸੀਪਲ ਸਰਵਣ ਸਿੰਘ ਹੋਰਾਂ ਵੱਲੋਂ ਪੰਨੂੰ ਸਾਹਿਬ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਬਾਰੇ 47 ਵੱਖ-ਵੱਖ ਲੇਖਕਾਂ ਦੇ ਆਰਟੀਕਲ ਸ਼ਾਮਲ ਕੀਤੇ ਗਏ ਜਿਨ੍ਹਾਂ ਦੀ ਲੰਬਾਈ ਨਵਤੇਜ ਭਾਰਤੀ ਦੇ ਇੱਕ ਪੰਨੇ ਦੇ ਸੰਖੇਪ ਆਰਟੀਕਲ ਤੋਂ ਲੈ ਕੇ ਡਾ. ਵਰਿਆਮ ਸਿੰਘ ਸੰਧੂ ਦੇ 17 ਪੰਨਿਆਂ ਦੇ ਲੰਮੇ ਲੇਖ ਤੱਕ ਹੈ। ਕਿਸੇ ਨੇ ਉਨ੍ਹਾਂ ਨੂੰ "ਕੰਪਿਊਟਰ ਦਾ ਧਨੰਤਰ ਵੈਦ" ਤੇ ਕਿਸੇ ਨੇ "ਕੰਪਿਊਟਰ ਦਾ ਧੰਨਾ ਜੱਟ" ਆਖਿਆ ਹੈ। ਕਿਸੇ ਨੇ "ਕੰਪਿਊਟਰ ਦਾ ਭਾਈ ਘਨੱਈਆ" ਤੇ ਕਿਸੇ ਨੇ "ਕੰਪਿਊਟਰ ਦੀਆਂ ਘੁੰਡੀਆਂ ਖੋਲਣ ਵਾਲਾ" ਕਿਹਾ ਹੈ। ਕਈ ਹੋਰਨਾਂ ਨੇ ਉਨ੍ਹਾਂ ਨੂੰ "ਦਰਿਆ ਦਿਲ ਪੰਨੂੰ", "ਯਾਰ ਅਣਮੁੱਲਾ, ਹਵਾ ਦਾ ਬੁੱਲਾ", "ਪੰਜਾਬੀਅਤ ਦਾ ਚਾਨਣ-ਮੁਨਾਰਾ", "ਕੰਪਿਊਟਰੀ-ਮੰਡਲਾਂ ਦਾ ਖੋਜਕਾਰ" ਤੇ 'ਕੰਪਿਊਟਰ ਪਾਇਲਟ" ਵੀ ਕਿਹਾ ਹੈ। ਕਿਸੇ ਲਈ ਉਹ "ਸੁਹਿਰਦ ਇਨਸਾਨ" ਹੈ ਤੇ ਕਿਸੇ ਲਈ ਪੰਜਾਬ ਪੋਲੀਸ ਤੇ ਬੀ.ਐਸ.ਐਫ਼. ਵਿਚ 35 ਸਾਲ ਕੀਤੀ ਗਈ ਨੌਕਰੀ ਤੋਂ ਬਾਅਦ ਹੋਈ 'ਸੇਵਾ-ਮੁਕਤੀ' ਸਮੇਂ ਆਪਣਾ ਦਿਮਾਗ ਆਪਣੇ ਨਾਲ ਸਹੀ ਸਲਾਮਤ 'ਚੋਰੀ' ਵਾਪਸ ਆਪਣੇ ਨਾਲ ਲਿਆਉਣ ਵਾਲਾ "ਪੰਨੂੰ ਚੋਰ" ਹੈ, ਕਿਉਂਕਿ ਇਹ ਵੀ ਤਾਂ ਕਿਹਾ ਜਾਂਦਾ ਹੈ ਕਿ ਫ਼ੌਜੀਆਂ ਨੂੰ ਸੇਵਾ-ਮੁਕਤੀ ਸਮੇਂ ਪੈਨਸ਼ਨ 'ਤੇ ਭੇਜਣ ਲੱਗਿਆਂ ਉਨ੍ਹਾਂ ਦਾ ਦਿਮਾਗ ਉਥੇ ਹੀ ਰੱਖ ਲਿਆ ਜਾਂਦਾ ਹੈ।

ਪੰਨੂੰ ਸਾਹਿਬ ਦੀ ਸ਼ਖ਼ਸੀਅਤ ਦਾ ਇੱਕ ਅਹਿਮ ਪੱਖ ਹੋਰ ਵੀ ਹੈ ਤੇ ਉਹ ਹੈ, ਇੱਥੇ 'ਸੀਨੀਅਰਜ਼' ਕਹੇ ਜਾਂਦੇ ਬਜ਼ੁਰਗਾਂ ਨੂੰ ਕੰਪਿਊਟਰ ਦੇ 'ਲੜ ਲਾਉਣ' ਦਾ। ਪੰਨੂ ਸਾਹਿਬ ਨੇ ਸੈਂਕੜੇ



ਸੀਨੀਅਰਜ਼ ਨੂੰ ਪ੍ਰੇਰਨਾ ਦੇ ਕੇ ਕੰਪਿਊਟਰ ਸਿੱਖਣ ਲਈ ਰਾਜ਼ੀ ਕੀਤਾ ਅਤੇ ਫਿਰ ਉਨ੍ਹਾਂ ਨੂੰ ਕੰਪਿਊਟਰ ਦੀ ਸਿਖਲਾਈ ਦੇਣ ਲਈ ਕੰਪਿਊਟਰ ਦੀ ਖ਼੍ਰੀਦੋ-ਫ਼ਰੋਖ਼ਤ ਤੇ ਮੁਰੰਮਤ ਕਰਨ ਵਾਲੀਆਂ ਕਈ ਫ਼ਰਮਾਂ ਦੇ ਸਹਿਯੋਗ ਨਾਲ ਗਰਮੀਆਂ ਦੇ ਹਰੇਕ ਸੀਜ਼ਨ ਵਿਚ ਦੋ-ਦੋ, ਤਿੰਨ-ਤਿੰਨ ਕੈਂਪ ਲਾਏ। ਇਨ੍ਹਾਂ ਕੈਂਪਾਂ ਵਿਚ ਉਨ੍ਹਾਂ ਬਜ਼ੁਰਗਾਂ ਦੀਆਂ ਸਖ਼ਤ ਉਂਗਲਾਂ ਨੂੰ 'ਕੀ-ਬੋਰਡ' ਉਪਰ ਹੌਲੀ-ਹੌਲੀ ਫੇਰਨ ਦੀ ਜਾਚ ਦੱਸੀ। ਉਨ੍ਹਾਂ ਨੂੰ 'ਮਾਊਸ' ਦੀ ਵਰਤੋਂ ਕਰਨੀ ਸਿਖਾਈ। ਚਾਰ-ਪੰਜ ਹਫ਼ਤਿਆਂ ਦੇ ਇਸ ਕੋਰਸ ਨਾਲ ਉਹ ਮਾੜੀ ਮੋਟੀ ਟਾਈਪ ਕਰਨ ਤੇ 'ਈ-ਮੇਲ' ਕਰਨ ਅਤੇ ਆਈਆਂ ਹੋਈਆਂ 'ਈ-ਮੇਲਾਂ' ਵੇਖਣ ਤੇ ਉਨ੍ਹਾਂ ਦੇ ਜੁਆਬ ਦੇਣ ਦੇ ਯੋਗ ਤਾਂ ਹੋ ਹੀ ਜਾਂਦੇ ਸਨ। ਇਸ ਤੋਂ ਵਧੇਰੇ ਸਿੱਖਣ ਵਾਲੇ ਪੰਨੂੰ ਸਾਹਿਬ ਦੇ ਅਗਲੇਰੇ 'ਹਾਇਰ ਕੋਰਸ' ਲਈ ਵੀ ਆਪਣੇ ਨਾਂ ਲਿਖਵਾ ਦਿੰਦੇ ਸਨ। ਅਖ਼ਬਾਰ ਵਿਚ ਕੰਮ ਕਰਦਿਆਂ ਅਜਿਹੇ ਇਕ ਕੈਂਪ ਦੀ ਚੱਲ ਰਹੀ ਕਾਰਵਾਈ 'ਲਾਈਵ' ਵੇਖਣ ਦਾ ਵੀ ਮੌਕਾ ਮਿਲਿਆ। ਪੰਨੂੰ ਸਾਹਿਬ ਨੇ ਸਿਖਿਆਰਥੀਆਂ ਨੂੰ ਪਹਿਲਾਂ ਦਸ ਕੁ ਮਿੰਟ ਉਸ ਦਿਨ ਦੇ ਸਬਕ ਬਾਰੇ ਸੰਖੇਪ ਲੈਕਚਰ ਦਿੱਤਾ ਅਤੇ ਫਿਰ ਉਨ੍ਹਾਂ ਨੂੰ ਆਪਣੇ ਲੈਪਟੌਪਾਂ 'ਤੇ ਉਸ 'ਸਬਕ' ਨੂੰ 'ਹੱਥੀਂ ਕਰਨ' ਲਈ ਆਖਿਆ ਜੋ ਉਹ ਬੜੇ ਆਰਾਮ ਨਾਲ ਕਰ ਰਹੇ ਸਨ।

ਇਸ ਕੈਂਪ ਦੇ ਉਸ ਦਿਨ ਦੀ ਪੂਰੀ ਕਾਰਵਾਈ ਵਿਸਤ੍ਰਿਤ ਖ਼ਬਰ ਦੇ ਰੂਪ ਵਿਚ ਆਪਣੇ ਅਖ਼ਬਾਰ 'ਸਿੱਖ ਸਪੋਕਸਮੈਨ' ਨੂੰ ਭੇਜਣ ਦੇ ਨਾਲ ਨਾਲ ਹੋਰ ਵੀ ਤਿੰਨ-ਚਾਰ ਅਖ਼ਬਾਰਾਂ ਨੂੰ ਵੀ ਤਸਵੀਰਾਂ ਸਮੇਤ ਭੇਜ ਦਿੱਤੀ ਜਿਸ ਨੂੰ ਅਖ਼ਬਾਰਾਂ ਨੇ ਬੜੇ ਉਤਸ਼ਾਹ ਨਾਲ ਛਾਪਿਆ। ਪੰਨੂੰ ਸਾਹਿਬ ਦੇ 'ਮੁੱਢਲੇ ਕੰਪਿਊਟਰ ਸ਼ਾਗਿਰਦਾਂ' ਵਿਚ ਉਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਉਘੇ ਸਿੱਖਿਆ-ਸ਼ਾਸਤਰੀ ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ, ਉਘੇ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ ਤੇ ਬਰੈਂਪਟਨ ਦੇ ਕਈ ਹੋਰ ਅਹਿਮ ਵਿਅਕਤੀ ਸ਼ਾਮਲ ਸਨ ਜੋ ਪੰਜਾਬ ਵਿਚ ਚੰਗੀਆਂ ਨੌਕਰੀਆਂ ਤੋਂ ਸੇਵਾ-ਮੁਕਤ ਹੋ ਕੇ ਇੱਥੇ ਆਏ ਸਨ ਪਰ ਉਥੇ ਕੰਪਿਊਟਰ ਨਾਲ ਵਾ-ਬਸਤਾ ਨਾ ਹੋਣ ਕਾਰਨ ਉਹ ਇਸ ਤੋਂ ਬਿਲਕੁਲ 'ਅਣਭਿੱਜ' ਸਨ। ਉਨ੍ਹਾਂ ਵਿਚੋਂ ਬਹੁਤੇ ਤਾਂ ਇਸ ਨੂੰ ਸਿੱਖਣ ਤੋਂ ਇਸ ਗੱਲੋਂ ਵੀ ਡਰਦੇ ਸਨ ਕਿ ਇਸ ਉਮਰ ਵਿਚ ਇਹ ਸਿੱਖਣਾ ਉਨ੍ਹਾਂ ਲਈ ਅਤੀ ਮੁਸ਼ਕਲ ਹੋਵੇਗਾ, ਪਰ ਪੰਨੂੰ ਸਾਹਿਬ ਨੇ ਉਨ੍ਹਾਂ ਦਾ ਡਰ ਇਹ ਕਹਿ ਕੇ ਦੂਰ ਕਰ ਦਿੱਤਾ, "ਮੈਂ ਵੀ ਤਾਂ ਇਹ ਸੇਵਾ-ਮੁਕਤੀ ਤੋਂ ਬਾਅਦ ਹੀ ਇੱਥੇ ਆਣ ਕੇ ਸਿੱਖਿਆ ਏ।" ਇਸ ਤਰ੍ਹਾਂ ਬਰੈਂਪਟਨ ਵਿਚ ਬਜ਼ੁਰਗਾਂ ਨੂੰ ਕੰਪਿਊਟਰ ਦੀ ਸਿਖਲਾਈ ਦੇਣਾ ਪੰਨੂੰ ਸਾਹਿਬ ਲਈ 'ਬੁੱਢੇ ਤੋਤੇ ਪੜ੍ਹਾਉਣ' ਵਾਲੀ ਗੱਲ ਸੀ ਜਿਸ ਵਿਚ ਉਹ ਪੂਰੇ ਕਾਮਯਾਬ ਹੋਏ।

ਪੰਨੂੰ ਸਾਹਿਬ ਬਾਰੇ ਹਰੇਕ ਦਾ ਆਪੋ-ਆਪਣਾ ਨਜ਼ਰੀਆ ਹੈ ਪਰ ਮੇਰੀ ਨਜ਼ਰ ਵਿਚ ਕਿਰਪਾਲ ਸਿੰਘ ਪੰਨੂੰ ਕੰਪਿਊਟਰ ਦੀ 'ਨਾੜ-ਨਾੜ' ਦੇ ਵਾਕਿਫ਼ ਹਨ ਅਤੇ ਉਹ ਉਸ ਦੀ 'ਨਬਜ਼' ਟੋਹ ਕੇ ਹੀ ਬੀਮਾਰੀ ਲੱਭਣ ਤੇ ਉਸ ਨੂੰ ਠੀਕ ਕਰਨ ਵਾਲੇ 'ਵੈਦ' ਹਨ। ਉਨ੍ਹਾਂ ਦੀ ਇਸ ਤਕਨੀਕੀ ਵਿਦਵਤਾ ਦਾ ਮੈਂ ਕਈ ਵਾਰ ਫ਼ਾਇਦਾ ਉਠਾ ਚੁੱਕਾ ਹਾਂ। ਇੱਥੇ ਮੈਂ ਇਹ ਦੱਸਣਾ ਚਾਹਾਂਗਾ ਕਿ ਗੁਰਬਾਣੀ ਦੀ ਕਿਸੇ 'ਤੁਕ' ਜਾਂ 'ਸ਼ਬਦ' ਬਾਰੇ ਜਦੋਂ ਮੈਨੂੰ ਕੋਈ ਮੁਸ਼ਕਲ ਪੇਸ਼ ਆਏ ਤਾਂ ਮੈਂ ਗੁਰਬਾਣੀ ਦੇ ਗਿਆਤਾ ਤੇ ਖੋਜੀ ਵਿਦਵਾਨ ਪੂਰਨ ਸਿੰਘ ਪਾਂਧੀ ਹੋਰਾਂ ਨੂੰ ਫ਼ੋਨ ਕਰ ਕੇ ਉਸ ਦਾ ਹੱਲ ਪੁੱਛਦਾ ਹਾਂ ਅਤੇ ਜਦੋਂ ਮੇਰੇ ਲੈਪਟੌਪ ਦੀ ਕੋਈ 'ਕੁੰਜੀ' ਢਿੱਲੀ ਹੋ ਜਾਏ ਤਾਂ ਝੱਟਪਟ ਪੰਨੂੰ ਸਾਹਿਬ ਦੇ ਫ਼ੋਨ ਦੀ ਘੰਟੀ ਖੜਕਾਉਂਦਾ ਹਾਂ। ਬਹੁਤੀ ਵਾਰ ਤਾਂ ਮੇਰਾ ਮਸਲਾ ਫ਼ੋਨ 'ਤੇ ਹੀ ਹੱਲ ਹੋ ਜਾਂਦਾ ਹੈ, ਕਿਉਂਕਿ ਪੰਨੂੰ ਸਾਹਿਬ ਮੇਰਾ ਲੈਪਟੌਪ ਇੰਟਰਨੈੱਟ ਰਾਹੀਂ ਆਪਣੇ ਕੰਪਿਊਟਰ ਨਾਲ ਜੋੜ ਲੈਂਦੇ ਹਨ ਅਤੇ ਕਹਿੰਦੇ ਹਨ, "ਝੰਡ, ਤੂੰ ਹੁਣ ਏਥੇ ਜਾਹ। ਏਥੋਂ ਤੈਨੂੰ ਆਹ 'ਡੱਬੀ ਜਿਹੀ' ਦਿਸੇਗੀ ਤੇ ਇਸ ਵਿਚੋਂ ਇਸ ਲਾਈਨ ਨੂੰ 'ਕਾਪੀ' ਕਰ ਕੇ ਫਲਾਣੀ ਥਾਂ 'ਤੇ 'ਪੇਸਟ' ਕਰ ਦੇ। ਤੇਰਾ ਮਸਲਾ ਆਪਣੇ ਆਪ ਹੱਲ ਹੋ ਜਾਏਗਾ।" ... ਤੇ ਇਹ 'ਹੱਲ' ਵੀ ਹੋ ਜਾਂਦਾ ਹੈ। ਪਰ ਕਦੇ ਕਦੇ ਕੋਈ ਮਸਲਾ 'ਵੱਡਾ' ਹੋਣ ਕਰਕੇ 'ਰੋਗੀ' ਨੂੰ ਨਿੱਜੀ ਤੌਰ 'ਤੇ ਵੀ 'ਵੈਦ' ਕੋਲ ਜਾਣਾ ਪੈਂਦਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ 'ਭਾਈ ਗੁਰਦਾਸ ਲਾਇਬ੍ਰੇਰੀ' ਵਿਚ 32 ਸਾਲ ਸੇਵਾ ਨਿਭਾਉਣ ਤੋਂ ਬਾਅਦ 2010 ਦੇ ਅਕਤੂਬਰ ਮਹੀਨੇ ਦੇ ਅਖ਼ੀਰ ਵਿਚ ਮੈਂ ਇੱਥੇ ਬਰੈਂਪਟਨ ਆਪਣੇ ਬੇਟੇ ਕੋਲ ਆਇਆ। ਨੌਕਰੀ ਦੌਰਾਨ ਕੰਪਿਊਟਰ 'ਤੇ ਅੰਗਰੇਜ਼ੀ ਵਿਚ ਟਾਈਪ ਕਰਨ, ਈ-ਮੇਲ ਤੇ ਇਸ ਉਪਰ ਹੋਰ ਛੋਟੇ-ਮੋਟੇ ਕੰਮ ਕਰਨ ਦਾ ਤਜਰਬਾ ਤਾਂ ਪਹਿਲਾਂ ਹੀ ਹਾਸਲ ਸੀ ਪਰ ਪੰਜਾਬੀ ਵਿਚ ਟਾਈਪ ਕਰਨਾ ਮੈਨੂੰ ਬਿਲਕੁਲ ਨਹੀਂ ਆਉਂਦਾ ਸੀ। ਦਰਅਸਲ, ਇਸ ਦੀ ਉਦੋਂ ਉਥੇ ਲੋੜ ਹੀ ਨਾ ਪਈ, ਕਿਉਂਕਿ ਦਫ਼ਤਰ ਵਿਚ ਦੋ ਪੰਜਾਬੀ ਟਾਈਪਿਸਟ ਮੌਜੂਦ ਸਨ ਜਿਨ੍ਹਾਂ ਨੇ ਬੜੀ ਆਸਾਨੀ ਨਾਲ ਕੰਪਿਊਟਰ 'ਤੇ ਟਾਈਪ ਕਰਨਾ ਸਿੱਖ ਲਿਆ ਸੀ ਤੇ ਮੇਰੇ ਵੱਲੋਂ ਪੰਜਾਬੀ ਵਾਲਾ ਕੰਮ-ਕਾਜ ਉਨ੍ਹਾਂ ਕੋਲੋਂ ਹੀ ਕਰਵਾ ਲਿਆ ਜਾਂਦਾ ਸੀ। ਅਪ੍ਰੈਲ 2011 ਵਿਚ ਪੰਜਾਬੀ ਲੇਖਕ ਬਲਬੀਰ ਸਿੰਘ ਮੋਮੀ ਹੋਰਾਂ ਦੀ ਵਾਕਫ਼ੀਅਤ ਸਦਕਾ ਇੱਥੇ 'ਸਿੱਖ ਸਪੋਕਸਮੈਨ' ਅਖ਼ਬਾਰ ਵਿਚ ਕੰਮ ਕਰਨ ਦਾ ਅਵਸਰ ਮਿਲ ਗਿਆ ਪਰ ਇੱਥੇ ਪੰਜਾਬੀ ਵਿਚ ਟਾਈਪਿੰਗ ਤੋਂ ਬਿਨਾਂ ਕੰਮ ਚੱਲਣਾ ਮੁਸ਼ਕਲ ਸੀ। ਮੋਮੀ ਸਾਹਿਬ ਦੀ ਅਗਵਾਈ ਹੇਠ ਹਫ਼ਤੇ ਵਿਚ ਮੈਂ ਪੰਜਾਬੀ ਵਿਚ ਹੌਲੀ-ਹੌਲੀ ਡੀ.ਆਰ. ਚਾਤ੍ਰਿਕ ਫ਼ੌਂਟਸ ਵਿਚ ਟਾਈਪ ਕਰਨ ਲੱਗ ਪਿਆ। ਦੋ-ਤਿੰਨ ਹਫ਼ਤਿਆਂ ਵਿਚ ਹੱਥ ਵਾਹਵਾ ਈ ਰਵਾਂ ਹੋ ਗਿਆ ਤੇ ਮੈਂ ਆਪਣੇ ਲੈਪਟੌਪ 'ਤੇ ਆਪਣੇ ਆਰਟੀਕਲ ਤੇ ਖ਼ਬਰਾਂ ਸਿੱਧੀਆਂ ਹੀ ਟਾਈਪ ਕਰ ਕੇ ਆਪਣੇ ਅਖ਼ਬਾਰ ਦੇ ਸੰਪਾਦਕ ਨੂੰ ਭੇਜਣ ਲੱਗ ਪਿਆ।

ਇਸ ਵਿਚਾਲੇ ਫ਼ੇਸਬੁੱਕ 'ਤੇ ਵੀ ਕਿਸੇ ਦੋਸਤ ਕੋਲੋਂ ਆਪਣਾ ਅਕਾਊਂਟ ਖੁਲ੍ਹਵਾ ਲਿਆ। ਇੱਥੇ ਅੰਗਰੇਜ਼ੀ ਵਿਚ ਤਾਂ 'ਕੁਮੈਂਟ-ਸ਼ਮੈਂਟ' ਆਰਾਮ ਨਾਲ ਚੱਲਦੇ ਰਹੇ ਪਰ ਪੰਜਾਬੀ ਵਿਚ ਟਾਈਪ ਕਰਨ 'ਤੇ 'ਲੈਪਟੌਪ' ਇਹ ਮੰਨਣ ਤੋਂ ਪੂਰੀ ਤਰ੍ਹਾਂ ਸਿਰ ਫੇਰ ਗਿਆ। ਕਿਸੇ ਦੋਸਤ ਦੇ ਮਸ਼ਵਰੇ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 'ਗੁਰਮੁਖੀ ਅੰਗਰੇਜ਼ੀ ਕਨਵਰਟਰ' ਦੀ ਸਹਾਇਤਾ ਨਾਲ ਡੀ.ਆਰ. ਚਾਤ੍ਰਿਕ ਫ਼ੌਂਟਸ 'ਚ ਲਿਖੇ ਕੁਮੈਂਟਾਂ ਨੂੰ 'ਕਨਵਰਟਰ' 'ਤੇ ਚਾੜ੍ਹ ਕੇ 'ਯੂਨੀਕੋਡ' ਵਿਚ ਬਦਲਣ ਤੋਂ ਬਾਅਦ ਇਹ ਕੁਮੈਂਟ ਫੇਸਬੁੱਕ 'ਤੇ ਪਾਉਂਦਾ ਜਿਸ ਦੇ ਲਈ ਕਾਫ਼ੀ ਮਿਹਨਤ ਕਰਨੀ ਪੈਂਦੀ ਤੇ ਇਸ ਦੇ ਲਈ ਸਮਾਂ ਵੀ ਲੱਗਦਾ। ਫਿਰ ਅਚਾਨਕ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਇਹ 'ਕਨਵਰਟਰ' ਇੰਟਰਨੈੱਟ ਤੋਂ ਗਾਇਬ ਹੋ ਗਿਆ। ਆਪਣੀ ਮੁਸ਼ਕਲ ਮੈਂ ਪੰਨੂੰ ਸਾਹਿਬ ਨਾਲ ਸਾਂਝੀ ਕੀਤੀ ਤਾਂ ਉਨ੍ਹਾਂ ਅੱਗੋਂ ਫ਼ਰਮਾਇਆ, "ਝੰਡ ਯਾਰ, ਤੂੰ ਸਿਆਣਾ-ਬਿਆਣਾ ਬੰਦਾ ਕਿਹੜੇ ਯੱਬ 'ਚ ਫਸਿਆ ਫਿਰਦਾਂ। ਛੱਡ ਖਹਿੜਾ ਹੁਣ ਡੀ.ਆਰ. ਚਾਤ੍ਰਿਕ ਫ਼ੌਂਟਸ ਦਾ ਤੇ ਸਿੱਧਾ 'ਯੂਨੀਕੋਡ' ਵੱਲ ਆ।" ਉਨ੍ਹਾਂ ਮੇਰੇ ਲੈਪਟੌਪ 'ਤੇ ਯੂਨੀਕੋਡ ਵਾਲਾ ਆਪਣਾ ਪ੍ਰੋਗਰਾਮ 'ਡਾਊਨਲੋਡ' ਕਰ ਦਿੱਤਾ ਅਤੇ ਇਸ ਨੂੰ ਚਲਾਉਣ ਦਾ 'ਵੱਲ' ਵੀ ਸਿਖਾ ਦਿੱਤਾ। ਇਸ ਪ੍ਰੋਗਰਾਮ ਵਿਚ ਟਾਈਪ ਕਰਨਾ ਮੁਸ਼ਕਲ ਤਾਂ ਨਹੀਂ ਸੀ ਪਰ ਇਸ ਵਿਚ ਪਹਿਲਾਂ ਵਾਲੇ ਡੀ.ਆਰ. ਫ਼ੌਂਟਸ ਨਾਲੋਂ ਕੁਝ ਵੱਖਰੇਵੇਂ ਵੀ ਸਨ ਜੋ ਹੌਲੀ-ਹੌਲੀ ਸਮਝ ਵਿਚ ਆ ਗਏ। ਬਾਕੀ ਅੱਖਰ ਤਾਂ ਆਰਾਮ ਨਾਲ ਹੀ ਟਾਈਪ ਹੋ ਜਾਂਦੇ ਸਨ ਪਰ ਊੜਾ, ਐੜਾ ਤੇ ਈੜੀ ਟਾਈਪ ਕਰਨ ਵਿਚ ਦਿੱਕਤ ਆਈ ਤੇ ਖ਼ਾਸ ਕਰਕੇ ਈੜੀ ਨੂੰ ਸਿਹਾਰੀ ਤੇ ਬਿਹਾਰੀ ਲਾਉਣ ਵਿਚ ਹੋਰ ਵੀ ਮੁਸ਼ਕਲ ਆਈ ਜੋ ਪੰਨੂੰ ਸਾਹਿਬ ਨੇ ਬਾਅਦ ਵਿਚ ਹੱਲ ਕੀਤੀ।

ਹੁਣ 'ਯੂਨੀਕੋਡ' ਵਿਚ ਬੜੇ ਆਰਾਮ ਨਾਲ ਟਾਈਪ ਕਰ ਲਈਦਾ ਹੈ ਤੇ ਕੋਈ ਪ੍ਰੇਸ਼ਾਨੀ ਨਹੀਂ ਹੈ। ਜੇਕਰ ਕੋਈ ਮੁਸ਼ਕਲ ਆ ਵੀ ਜਾਏ ਤਾਂ ਪੰਨੂੰ ਸਾਹਿਬ ਹੈਗੇ ਆ, ਉਸ ਨੂੰ ਹੱਲ ਕਰਨ ਲਈ। ਇਸ ਤਰ੍ਹਾਂ ਉਹ ਕੰਪਿਊਟਰ ਸਬੰਧੀ ਆਉਣ ਵਾਲੀ ਮੇਰੀ ਹਰੇਕ ਅੜਚਣ ਨੂੰ ਦੂਰ ਕਰਦੇ ਹਨ। ਕੇਵਲ ਮੇਰੀ ਹੀ ਨਹੀਂ, ਉਹ ਹਰੇਕ ਦੀ ਕੰਪਿਊਟਰ ਸਬੰਧੀ ਹਰੇਕ 'ਬੀਮਾਰੀ' ਦੇ 'ਵੈਦ' ਹਨ।

ਏਸੇ ਲਈ ਤਾਂ ਮੈਂ ਕਹਿੰਦਾ ਹਾਂ :

"ਆ ਗਿਆ 'ਪੰਨੂੰ ਵੈਦ' ਕੰਪਿਊਟਰ ਰੋਗੀਆਂ ਦਾ ...!"

---

ਸੱਚੀ ਘਟਨਾ

# ਜਦੋਂ 10 ਰੁਪਏ ਦੇ ਨੋਟ ਨੇ ਮੈਨੂੰ ਮੇਰੀ ਔਕਾਤ ਦਿਖਾ ਦਿੱਤੀ ...

ਗਰੀਬੀ ਕਿਸੇ ਇਨਸਾਨ ਲਈ ਕੀ ਮਾਇਨੇ ਰੱਖਦੀ ਹੈ, ਇਹ ਤਾਂ ਗਰੀਬੀ ਦਾ ਸੰਤਾਪ ਝੱਲ ਚੁੱਕੇ ਇਨਸਾਨ ਨੂੰ ਹੀ ਪਤਾ ਹੁੰਦੈ। ਗਰੀਬੀ ਇਨਸਾਨ ਨੂੰ ਜ਼ਲਾਲਤ, ਘ੍ਰਿਣਾ, ਸੰਤਾਪ ਤੇ ਲਾਚਾਰੀ ਦੀ ਡੂੰਘੀ ਖਾਈ ਵਿਚ ਲੈ ਜਾਂਦੀ ਹੈ। ਸਿੱਟੇ ਵਜੋਂ ਕਈ ਟੁੱਟ ਜਾਂਦੇ, ਕਈ ਥਿੜਕ ਜਾਂਦੇ


ਸੰਜੀਵ ਧਰਮਾਣੀ

ਤੇ ਕਈ ਮੌਤ ਨੂੰ ਵੀ ਅਪਨਾ ਲੈਂਦੇ। ਗਰੀਬੀ ਦੇ ਵੇਗ ਦਾ ਪ੍ਰਭਾਵ ਮਾਨਸਿਕ ਤੌਰ 'ਤੇ ਇਨਸਾਨ ਨੂੰ ਚਕਨਾਚੂਰ ਕਰਨ ਦੀ ਸਮਰੱਥਾ ਰੱਖਦਾ ਹੈ, ਪਰ ਜੋ ਇਸਦੀ ਮਾਰ ਖਾ ਕੇ ਦ੍ਰਿੜ੍ਹਤਾ ਨਾਲ ਸਮਾਂ ਕੱਢ ਗਿਆ ਉਹ ਫਿਰ ਛੇਤੀ ਕਿਤੇ ਤਾਬੇ ਨਹੀਂ ਆਉਂਦਾ। ਰੱਬ ਕਰੇ! ਕਿਸੇ ਇਨਸਾਨ 'ਤੇ ਵੀ ਗਰੀਬੀ ਤੇ ਸੰਤਾਪ ਦੀ ਮਾਰ ਨਾ ਪਵੇ; ਕਿਉਂਕਿ ਬਹੁਤੇ ਇਸਨੂੰ ਸਹਿ ਨਹੀਂ ਸਕਦੇ।

ਮੇਰੇ ਘਰ ਦੇ ਹਾਲਾਤ ਵੀ ਘੋਰ ਗਰੀਬੀ ਤੇ ਲਾਚਾਰੀ ਵਾਲੇ ਸਨ ਤੇ ਮੇਰੇ ਬਹੁਤੇ ਆਪਣਿਆਂ ਨੇ ਮਦਦ ਕਰਨ ਦੀ ਥਾਂ ਉਸ ਵੇਲੇ ਮੇਰੀ ਗਰੀਬੀ ਦਾ ਦੂਰੋਂ ਤਮਾਸ਼ਾ ਦੇਖਿਆ ਤੇ ਮੇਰੀ ਖਿੱਲੀ ਹੀ ਉਡਾਈ; ਕਿਉਂਕਿ ਉਸ ਸਮੇਂ ਕਈਆਂ ਦੇ ਅੰਦਰੋਂ ਮਾਨਵਤਾ/ ਇਨਸਾਨੀਅਤ ਕਿੱਧਰੇ ਖੰਭ ਲਾ ਕੇ ਉੱਡ ਗਈ ਸੀ। ਗੱਲ ਸੰਨ 2000 ਦੀ ਹੈ, ਜਦੋਂ ਮੈਂ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਨੌਰਾ (ਸ਼ਹੀਦ ਭਗਤ ਸਿੰਘ ਨਗਰ/ਨਵਾਂ ਸ਼ਹਿਰ) ਵਿਖੇ ਦੋ ਸਾਲਾ ਈ.ਟੀ.ਟੀ. ਅਧਿਆਪਕ ਦਾ ਕੋਰਸ ਕਰ ਰਿਹਾ ਸੀ। ਘਰ ਵਿਚ ਆਮਦਨ ਦਾ ਕੋਈ ਸਾਧਨ ਨਹੀਂ ਸੀ ਤੇ ਮੇਰੀ ਮਾਂ ਵੀ ਟੀ.ਬੀ. ਦੀ ਜਾਨਲੇਵਾ ਬਿਮਾਰੀ ਕਰਕੇ ਮੌਤ ਦੇ ਮੂੰਹ ਵਿਚ ਪਈ ਹੋਈ ਸੀ, ਉਪਰੋਂ ਰੋਟੀ-ਰਾਗ ਅਤੇ ਪੜ੍ਹਾਈ ਦੇ ਖਰਚੇ ਦੇ ਵੀ ਮੈਨੂੰ ਲਾਲੇ ਪਏ ਹੋਏ ਸਨ।

ਇੱਕ ਦਿਨ ਬੱਸ ਕਿਰਾਏ ਲਈ ਨੌਰੇ ਜਾਣ ਵਾਸਤੇ ਮੇਰੇ ਕੋਲ ਪੈਸਿਆਂ ਦਾ ਕੋਈ ਪ੍ਰਬੰਧ ਨਹੀਂ ਸੀ ਹੋਇਆ। ਮੇਰੇ ਕੋਲ ਸ੍ਰੀ ਅਨੰਦਪੁਰ ਸਾਹਿਬ ਤੋਂ ਨੌਰੇ ਤੱਕ ਦਾ ਸਰਕਾਰੀ ਬੱਸ ਪਾਸ ਤਾਂ ਸੀ, ਪਰ ਇਸ ਰੂਟ 'ਤੇ ਜ਼ਰੂਰਤ ਤੇ ਸਮੇਂ ਅਨੁਸਾਰ ਜ਼ਿਆਦਾਤਰ ਪ੍ਰਾਈਵੇਟ ਬੱਸਾਂ ਦੀ ਹੀ ਸਹੂਲਤ ਸੀ। ਇਸ ਲਈ ਮੈਨੂੰ ਮਿੰਨਤ-ਤਰਲਾ ਕਰ ਕੇ ਅੱਧੀ-ਪਚੱਧੀ ਟਿਕਟ ਵੀ ਆਣ-ਜਾਣ ਸਮੇਂ ਲੈਣੀ ਹੀ ਪੈਂਦੀ ਸੀ। ਜਿਸ ਲਈ ਮੈਨੂੰ 10 ਰੁਪਏ ਦੀ ਹੋਰ ਲੋੜ ਸੀ। ਦੋ ਕੁ ਦਿਨਾਂ ਬਾਅਦ ਮੇਰਾ ਪੇਪਰ ਹੋਣਾ ਸੀ। ਮੈਂ ਕਈ ਜਾਣਕਾਰਾਂ ਕੋਲ ਬੜੀ ਆਸ ਲਗਾ ਕੇ 10 ਰੁਪਏ ਦੀ ਮੰਗ ਕੀਤੀ ਪਰ ਬਹੁਤਿਆਂ ਪਾਸੋਂ ਲਾਰਾ-ਲੱਪਾ ਤੇ ਸਲਾਹਾਂ ਹੀ ਮਿਲੀਆਂ। ਪਿੰਡ ਦੇ ਇਕ ਜਾਣਕਾਰ ਨੇ ਮੈਨੂੰ 10 ਰੁਪਏ ਇੱਕ-ਦੋ ਦਿਨਾਂ ਤੱਕ ਦੇਣ ਦੀ ਗੱਲ ਕਹਿ ਕੇ ਮੇਰੀ ਆਸ ਜਗਾ ਦਿੱਤੀ। ਦੂਸਰੇ ਦਿਨ ਉਹ ਵਿਅਕਤੀ ਮੇਰੇ ਘਰ ਦੇ ਗੇਟ 'ਤੇ ਆ ਗਿਆ ਤੇ ਉਥੋਂ ਹੀ ਮੈਨੂੰ ਪੁਕਾਰਨ ਲੱਗ ਪਿਆ। ਮੈਂ ਉਸ ਦੇ ਪੈਰੀਂ ਪੈ ਕੇ ਉਸਦਾ ਸਤਿਕਾਰ ਕੀਤਾ ਤੇ ਉਸਨੂੰ ਘਰ ਅੰਦਰ ਆਉਣ ਲਈ ਕਿਹਾ, ਪਰ ਉਹ ਨਹੀਂ ਮੰਨਿਆ। ਉਸ ਭੱਦਰਪੁਰਸ਼ ਨੇ ਪੈਂਟ ਦੀ ਜੇਬ ਵਿਚੋਂ ਹੱਥ ਬਾਹਰ ਕੱਢਿਆ, ਜਿਸ ਵਿਚ 10 ਰੁਪਏ ਦਾ ਨੋਟ ਸੀ। ਇਹ ਦੇਖ ਕੇ ਮੈਂ ਖ਼ੁਸ਼ ਹੋ ਗਿਆ ਕਿ ਰੱਬ ਨੇ ਮੇਰੀ ਸੁਣ ਲਈ। ਫਿਰ ਉਸਨੇ ਮੈਨੂੰ ਕਿਹਾ, "ਤੈਨੂੰ ਮੈਂ 10 ਰੁਪਏ ਦੇ ਦੇਵਾਂਗਾ, ਪਰ ਤੂੰ ਮੇਰੇ ਇਹ 10 ਰੁਪਏ ਕਦੋਂ ਵਾਪਸ ਕਰੇਂਗਾ?" ਮੈਂ ਉਸੇ ਦਿਨ ਤੇਰੇ ਘਰ ਆ ਕੇ ਆਪਣੇ ਪੈਸੇ ਲੈ ਜਾਵਾਂਗਾ, ਤੂੰ ਪੱਕੀ ਜ਼ਬਾਨ ਕਰ ਲੈ...!" ਇੰਨਾ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਤੇ ਮੇਰੀ ਆਸ ਵੀ ਟੁੱਟ ਗਈ ਤੇ ਉਸਦੀ ਅਨੋਖੀ ਸ਼ਰਤ ਤੇ ਉੱਚੀ ਆਵਾਜ਼ ਨੇ ਮੈਨੂੰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ, ਪਰ ਮੇਰੇ ਕੋਲ ਉਸ ਦੇ ਪੁੱਛੇ ਪ੍ਰਸ਼ਨ ਦਾ ਕੋਈ ਸੌਖਾ ਤੇ ਸਪੱਸ਼ਟ ਜਵਾਬ ਨਹੀਂ ਸੀ। ਇਸ 'ਤੇ ਉਸਨੇ ਆਪਣੇ 10 ਰੁਪਏ ਵਾਪਸ ਜੇਬ ਵਿਚ ਪਾ ਲਏ ਤੇ ਮੇਰੇ ਘਰ ਦੇ ਗੇਟ ਤੋਂ ਹੀ ਮੁੜ ਗਿਆ। ਅੱਜ ਜਦੋਂ ਵੀ ਮੈਨੂੰ ਇਹ ਘਟਨਾ, ਇਹ ਮਜਬੂਰੀ ਤੇ ਜ਼ਲਾਲਤ ਭਰੇ ਦਿਨ ਯਾਦ ਆਉਂਦੇ ਨੇ ਤਾਂ ਮੈਂ ਮਨ ਹੀ ਮਨ ਵਿਆਕੁਲ ਹੋ ਜਾਂਦਾ ਹਾਂ ਕਿ ਉਹ ਵੀ ਦਿਨ ਸਨ ਤੇ ਉਸ ਇਨਸਾਨ ਦੀ ਗੈਰ - ਇਨਸਾਨੀਅਤ ਵੀ ਯਾਦ ਆ ਜਾਂਦੀ ਹੈ, ਪਰ ਧੰਨਵਾਦ ਹੈ ਤੇਰਾ ਐ ਜ਼ਿੰਦਗੀ, ਤੂੰ ਆਪਣੇ ਹਰ ਰੰਗ ਮੈਨੂੰ ਦਿਖਾਏ। ਇੱਕ ਗੱਲ ਜ਼ਰੂਰ ਹੈ ਕਿ ਕਿਸੇ ਦੀ ਗਰੀਬੀ ਦਾ ਕਦੇ ਉਪਹਾਸ ਨਹੀਂ ਬਣਾਉਣਾ ਚਾਹੀਦਾ; ਕਿਉਂਕਿ ਰੱਬ ਦੇ ਰੰਗ ਨਿਆਰੇ ਨੇ, ਪਤਾ ਨਹੀਂ! ਉਹ ਕਦੋਂ, ਕਿੱਧਰੇ ਕੀ ਖੇਡ ਵਰਤਾ ਦੇਵੇ...!

ਸਿਆਣੇ ਕਹਿ ਗਏ ਨੇ,
"ਸਮਾਂ - ਸਮਾਂ ਸਮਰੱਥ,
ਓਹੀ ਬਾਣ, ਓਹੀ ਅਰਜਨ ਦੇ ਹੱਥ...!"



ਫਿਲਮ 'ਗਰਲਜ਼ ਵਿੱਲ ਬੀ ਗਰਲਜ਼' ਦੀ ਇਕ ਝਲਕ।

# ਰਿਚਾ ਚੱਢਾ ਤੇ ਅਲੀ ਫ਼ਜ਼ਲ ਦਾ ਜਲਵਾ

**ਆਮਨਾ ਕੌਰ**

ਰਿਚਾ ਚੱਢਾ ਅਤੇ ਅਲੀ ਫ਼ਜ਼ਲ ਦੀ ਪ੍ਰੋਡਿਊਸਰ ਵਜੋਂ ਪਹਿਲੀ ਫਿਲਮ 'ਗਰਲਜ਼ ਵਿੱਲ ਬੀ ਗਰਲਜ਼' 25 ਅਗਸਤ ਨੂੰ ਇੰਡੀਅਨ ਫਿਲਮ ਫੈਸਟੀਵਲ ਆਫ ਮੈਲਬਰਨ (ਆਸਟਰੇਲੀਆ)-2024 ਦੇ ਸਮਾਪਤੀ ਸਮਾਰੋਹ ਮੌਕੇ ਦਿਖਾਈ ਗਈ। ਫਿਲਮ ਦਾ ਨਿਰਦੇਸ਼ਨ ਸ਼ੁਚੀ ਤਲਾਟੀ ਨੇ ਕੀਤਾ ਹੈ। ਦੱਸਣਾ ਬਣਦਾ ਹੈ ਕਿ ਇਸ ਫਿਲਮ ਦਾ ਵਰਲਡ ਪ੍ਰੀਮੀਅਰ ਸਨਡਾਂਸ ਫਿਲਮ ਫੈਸਟੀਵਲ ਵਿਚ ਹੋਇਆ ਸੀ ਜਿੱਥੇ ਇਸ ਨੂੰ ਸਿਖਰਲੇ ਦੋ ਐਵਾਰਡ ਵੀ ਮਿਲੇ ਸਨ। ਇਹ ਫਿਲਮ ਕਾਨ (ਫਰਾਂਸ) ਵਿਚ ਵੀ ਦਿਖਾਈ ਜਾ ਚੁੱਕੀ ਹੈ। ਫਿਲਮ 'ਗਰਲਜ਼ ਵਿੱਲ ਬੀ ਗਰਲਜ਼' ਦੀ ਸ਼ੂਟਿੰਗ ਜ਼ਿਆਦਾਤਰ ਉੱਤਰੀ ਭਾਰਤ ਦੇ ਛੋਟੇ ਜਿਹੇ ਪਹਾੜੀ ਸ਼ਹਿਰ ਦੇ ਬੋਰਡਿੰਗ ਸਕੂਲ ਵਿਚ ਕੀਤੀ ਗਈ ਹੈ। ਇਹ 16 ਸਾਲ ਦੀ ਲੜਕੀ ਮੀਰਾ ਦੇ ਸਫਰ ਦੀ ਕਹਾਣੀ ਹੈ। ਫਿਲਮ ਵਿਚ ਪ੍ਰੀਤੀ ਪਾਨਾਗ੍ਰਾਹੀ ਅਤੇ ਕਾਨੀ ਕੁਸਰੁਤੀ ਨੇ ਮੁੱਖ ਕਿਰਦਾਰ ਨਿਭਾਏ ਹਨ।

ਅਲੀ ਫਜ਼ਲ ਅਤੇ ਰਿਚਾ ਚੱਢਾ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦੀ ਫਿਲਮ 'ਗਰਲਜ਼ ਵਿੱਲ ਬੀ ਗਰਲਜ਼' ਨੂੰ ਅਜਿਹੇ ਵੱਕਾਰੀ ਫਿਲਮ ਮੇਲੇ ਦੇ ਸਮਾਪਤੀ ਸਮਾਗਮ ਲਈ ਚੁਣਿਆ ਗਿਆ। ਉਨ੍ਹਾਂ ਕਿਹਾ, "ਇਸ ਫਿਲਮ ਦਾ ਸਫਰ ਕਮਾਲ ਦਾ ਰਿਹਾ ਹੈ। ਅਸੀਂ ਬਹੁਤ ਖੁਸ਼ ਹਾਂ ਕਿ ਇਹ ਫਿਲਮ ਆਸਟਰੇਲਿਆਈ ਦਰਸ਼ਕਾਂ ਨਾਲ ਸਾਂਝੀ ਕੀਤੀ ਗਈ।

ਰਿਚਾ ਚੱਢਾ ਅਨੁਸਾਰ, ਫਿਲਮ ਨੇ ਕੌਮਾਂਤਰੀ ਪੱਧਰ 'ਤੇ ਸ਼ਾਨਦਾਰ ਸਫ਼ਰ ਤੈਅ ਕੀਤਾ ਅਤੇ ਉਨ੍ਹਾਂ ਨੂੰ ਇਸ 'ਤੇ ਮਾਣ ਹੈ। ਆਪਣੇ ਅਗਲੇ ਪ੍ਰੋਜੈਕਟਾਂ ਬਾਰੇ ਰਿਚਾ ਚੱਢਾ ਦਾ ਕਹਿਣਾ ਸੀ ਕਿ ਇਹ ਬਿਨਾਂ ਸ਼ੱਕ, 'ਗਰਲਜ਼ ਵਿੱਲ ਬੀ ਗਰਲਜ਼' ਨਾਲੋਂ ਅਗਲਾ ਕਦਮ ਹੋਣਗੇ।


# ਪ੍ਰਿਯੰਕਾ ਚੋਪੜਾ ਦੀ ਫਿਲਮ 'ਪਾਨੀ' ਦੀ ਕਹਾਣੀ

ਪ੍ਰਿਯੰਕਾ ਚੋਪੜਾ ਜੋਨਸ ਨੇ ਮਰਾਠੀ ਫਿਲਮ 'ਪਾਨੀ' ਰਿਲੀਜ਼ ਕਰਨ ਲਈ ਤਰੀਕ ਦਾ ਐਲਾਨ ਕਰ ਦਿੱਤਾ ਹੈ। ਇਹ ਫਿਲਮ ਪ੍ਰਿਯੰਕਾ ਨੇ ਆਪਣੀ ਮਾਂ ਮਧੂ ਚੋਪੜਾ ਨਾਲ ਮਿਲ ਕੇ ਆਪਣੇ ਪ੍ਰੋਡਕਸ਼ਨ 'ਪਰਪਲ ਪੈਬਲ ਪਿਕਚਰਜ਼' ਦੇ ਬੈਨਰ ਹੇਠ ਤਿਆਰ ਕੀਤੀ ਹੈ। ਫਿਲਮ ਨੇ 2019 ਵਿਚ ਵਾਤਾਵਰਨ ਸੰਭਾਲ ਵਜੋਂ 'ਸਰਵੋਤਮ ਫਿਲਮ' ਕੌਮੀ ਪੁਰਸਕਾਰ ਹਾਸਲ ਕੀਤਾ ਸੀ। ਫਿਲਮ 18 ਅਕਤੂਬਰ ਨੂੰ ਰਿਲੀਜ਼ ਹੋਵੇਗੀ। 42 ਸਾਲਾ ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਫਿਲਮ ਦਾ ਟੀਜ਼ਰ ਸਾਂਝਾ ਕਰਦਿਆਂ ਲਿਖਿਆ ਹੈ: "ਸਾਡੀ ਮਰਾਠੀ ਫਿਲਮ 'ਪਾਨੀ' ਰਿਲੀਜ਼ ਲਈ ਤਿਆਰ ਹੈ ਜੋ 18 ਅਕਤੂਬਰ ਨੂੰ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ।" 'ਪਾਨੀ' ਦੇ ਨਿਰਦੇਸ਼ਨ ਰਾਹੀਂ ਆਦਿਨਾਥ ਐੱਮ. ਕੋਠਾਰੇ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਹੈ।

ਆਦਿਨਾਥ ਨੇ ਇਸ ਤੋਂ ਪਹਿਲਾਂ ਰੁਚਾ ਵੈਦਿਆ, ਸੁਬੋਧ ਭਵੇ, ਰਜਿਤ ਕਪੂਰ, ਕਿਸ਼ੋਰ ਕਦਮ, ਸਚਿਨ ਗੋਸਵਾਮੀ, ਮੋਹਨਾਬਾਈ, ਸ੍ਰੀਪਦ ਜੋਸ਼ੀ ਅਤੇ ਵਿਕਾਸ ਪਾਂਡੁਰੰਗ ਪਾਟਿਲ ਨਾਲ ਫਿਲਮਾਂ ਵਿਚ ਵੀ ਕੰਮ ਕੀਤਾ ਹੈ। ਇਸ ਫਿਲਮ ਦੀ ਕਹਾਣੀ ਨਿਤਿਨ ਦੀਕਸ਼ਿਤ ਨੇ ਲਿਖੀ ਹੈ। ਇਸ ਵਿਚ ਸੋਕੇ ਦੀ ਮਾਰ ਝੱਲ ਰਹੇ ਪਿੰਡ ਵਿਚ ਰਹਿਣ ਵਾਲੇ ਆਮ ਆਦਮੀ ਦੀ ਕਹਾਣੀ ਬਿਆਨੀ ਗਈ ਹੈ।-**ਕੁਦਰਤ ਕੌਰ**



ਫਿਲਮ ਅਦਾਕਾਰਾ ਅਤੇ ਨਿਰਮਾਤਾ ਪ੍ਰਿਯੰਕਾ ਚੋਪੜਾ।




ਫਿਲਮ 'ਪਾਨੀ' ਦਾ ਪੋਸਟਰ।

# ਅਦਾਕਾਰ ਜ਼ੀਸ਼ਾਨ ਅਯੂਬ ਨੂੰ ਇਨਾਮ

**ਜਗਜੀਤ ਸਿੰਘ ਸੇਖੋਂ**

ਨੈਦਰਲੈਂਡਜ਼ ਵਿਚ ਕਰਵਾਏ ਗਏ ਸੈਪਟੀਮਿਅਸ ਐਵਾਰਡਜ਼-2024 ਵਿਚ ਕਰਾਈਮ ਡਰਾਮਾ ਸੀਰੀਜ਼ 'ਸਕੂਪ' ਦੇ ਅਦਾਕਾਰ ਮੁਹੰਮਦ ਜ਼ੀਸ਼ਾਨ ਅਯੂਬ ਨੂੰ ਏਸ਼ੀਆ ਦਾ ਬਿਹਤਰੀਨ ਅਦਾਕਾਰ ਅਤੇ ਅਜੇ ਦੇਵਗਨ ਦੀ ਫਿਲਮ 'ਮੈਦਾਨ' ਨੂੰ ਸਰਵੋਤਮ ਏਸ਼ੀਅਨ ਫਿਲਮ ਦਾ ਐਵਾਰਡ ਦਿੱਤਾ ਗਿਆ।

ਇਸ ਮੌਕੇ 'ਸਕੂਪ' ਵਿਚ ਅਖ਼ਬਾਰ ਦੇ ਪ੍ਰਿੰਸੀਪਲ ਐਡੀਟਰ ਇਮਰਾਨ ਸਿੱਦੀਕੀ ਦੇ ਕਿਰਦਾਰ ਲਈ ਜ਼ੀਸ਼ਾਨ ਨੂੰ ਦਰਸ਼ਕਾਂ ਤੋਂ ਖਾਸਾ ਹੁੰਗਾਰਾ ਮਿਲਿਆ। 'ਸਕੂਪ' ਦੇ ਨਿਰਦੇਸ਼ਕ ਹੰਸਲ ਮਹਿਤਾ ਨੇ ਇਸ ਮਾਅਰਕੇ 'ਤੇ ਮੁਹੰਮਦ ਜ਼ੀਸ਼ਾਨ ਅਯੂਬ ਅਦਾਕਾਰ ਨੂੰ ਵਧਾਈ ਦਿੱਤੀ। ਉਨ੍ਹਾਂ ਸੋਸ਼ਲ ਮੀਡੀਆ 'ਤੇ ਪੋਸਟ ਪਾਉਂਦਿਆਂ ਉਸ ਦੀ ਤੁਲਨਾ ਵਧੀਆ ਇਨਸਾਨ ਨਾਲ ਕੀਤੀ ਹੈ। ਇਸ ਤੋਂ ਬਾਅਦ ਮੁਹੰਮਦ ਜ਼ੀਸ਼ਾਨ ਅਯੂਬ ਨੇ ਨਿਰਦੇਸ਼ਕ ਦਾ ਧੰਨਵਾਦ ਕੀਤਾ ਹੈ।

ਸਾਲ 1984 ਵਿਚ ਜਨਮੇ ਮੁਹੰਮਦ ਜ਼ੀਸ਼ਾਨ ਅਯੂਬ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 2011 ਵਿਚ ਫਿਲਮ 'ਨੋ ਵੰਨ ਕਿਲਡ ਜੈਸਿਕਾ' ਨਾਲ ਕੀਤੀ ਸੀ। ਇਸ ਫਿਲਮ ਵਿਚ ਉਸ ਦਾ ਰੋਲ ਖਲਨਾਇਕ ਵਾਲਾ ਸੀ ਪਰ ਇਸ ਫਿਲਮ ਲਈ ਉਸ ਨੂੰ ਫਿਲਮਫੇਅਰ ਦਾ ਸਰਵੋਤਮ ਡੈਬਿਊ ਇਨਾਮ ਮਿਲਿਆ। ਹੁਣ ਤੱਕ ਉਹ 25 ਤੋਂ ਉਪਰ ਫਿਲਮਾਂ ਵਿਚ ਸਹਾਇਕ ਅਦਾਕਾਰ ਕਿਰਦਾਰ ਨਿਭਾਅ ਚੁੱਕਿਆ ਹੈ। ਇਨ੍ਹਾਂ ਵਿਚ 'ਤਨੂ ਵੈੱਡਸ ਮਨੂ', 'ਰਾਂਝਣਾ', 'ਸ਼ਾਹਿਦ', 'ਡੌਲੀ ਕੀ ਡੋਲੀ', 'ਤਨੂ ਵੈੱਡਸ ਮਨੂ ਰਿਟਰਨਜ਼', 'ਰਈਸ', 'ਠੱਗਜ਼ ਆਫ ਹਿੰਦੋਸਤਾਨ', 'ਮਣੀਕਰਨਾ: ਦਿ ਕੁਈਨ ਆਫ ਝਾਂਸੀ', 'ਆਰਟੀਕਲ 15', 'ਛਲਾਂਗ', 'ਜੋਗੀ', 'ਹੱਡੀ', 'ਸੈਮ ਬਹਾਦੁਰ', 'ਜ਼ੋਰਮ' ਆਦਿ ਸ਼ਾਮਿਲ ਹਨ। ਇਸ ਤੋਂ ਇਲਾਵਾ ਉਸ ਨੇ ਛੇ ਵੈੱਬ ਸੀਰੀਜ਼ ਵਿਚ ਵੀ ਕੰਮ ਕੀਤਾ।



ਮੁਹੰਮਦ ਜ਼ੀਸ਼ਾਨ ਅਯੂਬ ਦਿੱਲੀ ਦਾ ਜੰਮਪਲ ਹੈ। ਉਸ ਨੇ ਕਰੋੜੀ ਮੱਲ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਫਿਰ 2006 ਵਿਚ ਦਿੱਲੀ ਦੇ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਥੀਏਟਰ ਸਿਖਲਾਈ ਹਾਸਲ ਕੀਤੀ। 2007 ਵਿਚ ਉਸ ਦਾ ਵਿਆਹ ਰਸਿਕਾ ਅਗਾਸ਼ੇ ਨਾਲ ਹੋਇਆ। ਦੋਵੇਂ ਧੀ ਦੇ ਮਾਂ-ਬਾਪ ਹਨ। ਮੁਹੰਮਦ ਜ਼ੀਸ਼ਾਨ ਅਯੂਬ ਉਨ੍ਹਾਂ ਸ਼ਖਸਾਂ ਵਿਚ ਸ਼ਾਮਿਲ ਹੈ ਜਿਸ ਨੇ ਫਿਰਕੂ ਕੱਟੜਤਾ ਖਿਲਾਫ ਡਟ ਕੇ ਆਵਾਜ਼ ਬੁਲੰਦ ਕੀਤੀ ਹੈ।

ਫਿਲਮ 'ਮੈਦਾਨ' ਭਾਰਤੀ ਫੁਟਬਾਲ ਦੇ ਸੁਨਹਿਰੀ ਯੁੱਗ ਦੀ ਦਾਸਤਾਂ ਬਿਆਨਦੀ ਹੈ। ਇਹ ਫਿਲਮ ਫੁਟਬਾਲਰ ਸਈਦ ਅਬਦੁਲ ਰਹੀਮ ਦੀ ਸੱਚੀ ਕਹਾਣੀ 'ਤੇ ਆਧਾਰਿਤ ਹੈ ਜਿਸ ਵਿਚ ਉਸ ਦਾ ਕਿਰਦਾਰ ਅਜੈ ਦੇਵਗਨ ਨੇ ਨਿਭਾਇਆ ਹੈ। ਸਈਦ ਅਬਦੁਲ ਰਹੀਮ ਨੇ 1950 ਤੋਂ 1963 ਵਿਚ ਆਪਣੀ ਮੌਤ ਤੱਕ ਭਾਰਤੀ ਫੁਟਬਾਲ ਟੀਮ ਦੇ ਕੋਚ ਅਤੇ ਮੈਨੇਜਰ ਵਜੋਂ ਕੰਮ ਕੀਤਾ। ਇਹ ਫਿਲਮ ਅਪਰੈਲ ਵਿਚ ਈਦ ਮੌਕੇ ਰਿਲੀਜ਼ ਹੋਈ ਸੀ।

# ਹੁਣ ਯੁਵਰਾਜ ਸਿੰਘ ਦੀ ਵਾਰੀ, ਫਿਲਮ ਬਣੇਗੀ

ਭੂਸ਼ਨ ਕੁਮਾਰ ਦੀ ਪ੍ਰੋਡਕਸ਼ਨ ਕੰਪਨੀ ਟੀ-ਸੀਰੀਜ਼ ਨੇ ਭਾਰਤ ਦੇ ਸਾਬਕਾ ਕ੍ਰਿਕਟ ਖਿਡਾਰੀ ਯੁਵਰਾਜ ਸਿੰਘ ਦੇ ਜੀਵਨ ਬਾਰੇ ਫਿਲਮ ਬਣਾਉਣ ਦਾ ਐਲਾਨ ਕੀਤਾ ਹੈ। ਫਿਲਹਾਲ ਇਸ ਫਿਲਮ ਦਾ ਨਾਮ ਨਹੀਂ ਰੱਖਿਆ ਗਿਆ।

ਫਿਲਮ ਯੁਵਰਾਜ ਸਿੰਘ ਦੇ ਕ੍ਰਿਕਟ ਕਰੀਅਰ ਅਤੇ ਨਿੱਜੀ ਜ਼ਿੰਦਗੀ ਦੇ ਅਹਿਮ ਪਲਾਂ ਬਾਰੇ ਹੋਵੇਗੀ। ਇਸ ਦੀ ਕਹਾਣੀ 2007 ਦੇ ਟੀ-20 ਵਿਸ਼ਵ ਕੱਪ 'ਚ ਇੱਕ ਓਵਰ ਵਿਚ ਛੇ ਛੱਕੇ ਮਾਰਨ, ਕੈਂਸਰ ਨਾਲ ਲੜਾਈ ਅਤੇ ਫਿਰ ਕ੍ਰਿਕਟ ਦੀ ਦੁਨੀਆ 'ਚ ਪਰਤਣ ਦੁਆਲੇ ਘੁੰਮੇਗੀ। 13 ਸਾਲ ਦੀ ਉਮਰ ਵਿਚ ਆਪਣਾ ਕਰੀਅਰ ਸ਼ੁਰੂ ਕਰਨ ਵਾਲੇ ਯੁਵਰਾਜ ਸਿੰਘ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਉਸ ਦੀ ਜੀਵਨ ਕਹਾਣੀ ਲੋਕਾਂ ਨੂੰ ਚੁਣੌਤੀਆਂ ਪਾਰ ਕਰਨ ਲਈ ਪ੍ਰੇਰੇਗੀ।

'ਐਨੀਮਲ', 'ਭੂਲ ਭੁਲੱਈਆ 2', 'ਕਬੀਰ ਸਿੰਘ' ਅਤੇ 'ਤਾਨ੍ਹਾਜੀ' ਵਰਗੀਆਂ ਫਿਲਮਾਂ ਲਈ ਜਾਣੇ ਜਾਂਦੇ ਭੂਸ਼ਨ ਕੁਮਾਰ ਨੇ ਕਿਹਾ ਕਿ ਉਹ ਯੁਵਰਾਜ ਦੀ ਪ੍ਰੇਰਨਾਦਾਇਕ ਯਾਤਰਾ ਸਾਰਿਆਂ ਸਾਹਮਣੇ ਲਿਆਉਣ ਲਈ ਉਤਾਵਲਾ ਹੈ। -**ਗੁਰਜੰਟ ਸਿੰਘ**




PUNJAB FC
MELA 2024
PUNJAB FC
9TH ANNUAL KHED MELA
Free PARKING & FOOD AVAILABLE
Live EVENING CONCERT
SEPTEMBER 7TH 2024
HERITAGE PARK CANTON
1150 CANTON CENTER RD, CANTON, MI
GAME CATEGORIES INCLUDE:
GOLF COMPETITION
SEEP COMPETITION
VOLLEYBALL
KABADDI
SOCCER
CRICKET
ATHLETICS
SOCCER
GURINDER DHANOA 734-674-3813
KABADDI
KEEPA TANDA: +1(214) 973-2233
PARAMJIT S SAGINAW: 989-928-1125
JASWINDER SANDHU: 734-931-2313
VOLLEYBALL
SMASHING & SHOOTING
HARSH GILL: 734-674-0427
CRICKET
SUPER 6 MATCHES
GURINDER MANGAT 734-447-6159
SPONSORSHIPS
GOLDY DHILLON: 734-444-9625 | RUSTY SEKHON: 734-233-8464
DAVINDER GREWAL: 734-560-2886
GENERAL INQUIRIES CONTACT: 734-377-8845
VISIT OUR WEBSITE WWW.PUNJABFCMI.COM


SEPTEMBER 7TH 2024
PUNJAB FC
MELA 2024
PUNJAB FC 9TH ANNUAL KHED MELA 2024
HERITAGE PARK CANTON 1150 S CANTON CENTER RD, CANTON, MI 48188
RAUNAK Maan
Live Evening Concert
FREE FOOD AND DIFFERENT VENDOOR STALL
FREE MELA
FREE FOOD
OPEN TO PUBLIC
FREE PARKING
FOR SPONSORSHIP AND EVENT INFO VISIT OUR WEBSITE:
WWW.PUNJABFCMI.COM


PUNJAB FC
MELA 2024
PUNJAB FC 9TH ANNUAL KHED MELA 2024
PUNJAB FC
KABADDI CUP 2024
SATURDAY 7TH SEPTEMBER 2024
HERITAGE PARK 1150 S CANTON CENTER RD, CANTON, MI 48188
DESIGN BY BALJIT RURKA
HARSHDEEP SINGH GILL
RANJIT SINGH
CHARNJIT SEKHON
GOLDY DHILLON
DAVINDER SINGH GREWAL
PARDIP SINGH SANGHA
GURINDER SINGH DHANOA
ARWINDER BADESHA
GURINDER SINGH MANGAT
KEEPA TANDA
PARMJIT SINGH SAGINAW
JASWINDER SANDHU
NAVDEEP SINGH GILL
LALI MANGAT
MAIN ORGANIZERS